ਵੀਰਵਾਰ, 6 ਜੁਲਾਈ, 2023
22 ਹਾੜ੍ਹ { ਨਾਨਕਸ਼ਾਹੀ 555 / ਬਿਕ੍ਰਮੀ 2080
ਜਿਲਦ/VOL. : 72
ਅੰਕ/NO. : 35

# ਨਵਾਂ ਜ਼ਮਾਨਾ

DAILY NAWAN ZAMANA • THURSDAY, 6 JULY, 2023 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਵਕੀਲਾਂ ਦੇ ਝਗੜੇ 'ਚ ਫਾਇਰਿੰਗ



**ਨਵੀਂ ਦਿੱਲੀ** : ਇੱਥੇ ਤੀਸ ਹਜ਼ਾਰੀ ਅਦਾਲਤ 'ਚ ਬੁੱਧਵਾਰ ਵਕੀਲਾਂ ਦੇ ਦੋ ਧੜਿਆਂ ਵਿਚਾਲੇ ਝੜਪ ਦੌਰਾਨ ਗੋਲੀ ਚੱਲ ਗਈ। ਪੁਲਸ ਦੇ ਡਿਪਟੀ ਕਮਿਸ਼ਨਰ (ਉੱਤਰੀ) ਸਾਗਰ ਸਿੰਘ ਕਲਸੀ ਨੇ ਦੱਸਿਆ ਕਿ ਬਾਅਦ ਦੁਪਹਿਰ 1.35 ਵਜੇ ਦੇ ਕਰੀਬ ਗੋਲੀਬਾਰੀ ਦੀ ਸੂਚਨਾ ਮਿਲੀ। ਮੌਕੇ 'ਤੇ ਪਤਾ ਲੱਗਾ ਕਿ ਵਕੀਲਾਂ ਦੇ ਦੋ ਗਰੁੱਪਾਂ, ਜਿਨ੍ਹਾਂ 'ਚ ਤੀਸ ਹਜ਼ਾਰੀ ਕੋਰਟ ਬਾਰ ਐਸੋਸੀਏਸ਼ਨ ਦੇ ਅਹੁਦੇਦਾਰ ਸ਼ਾਮਲ ਸਨ, ਨੇ ਹਵਾ 'ਚ ਗੋਲੀਬਾਰੀ ਕੀਤੀ ਅਤੇ ਕੋਈ ਜ਼ਖ਼ਮੀ ਨਹੀਂ ਹੋਇਆ। ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।

## ਭਾਰਤੀ ਜੋੜੇ ਦੇ ਕਾਤਲ ਦੀ ਮੌਤ ਦੀ ਸਜ਼ਾ ਖਿਲਾਫ ਅਪੀਲ ਰੱਦ

**ਦੁਬਈ** : 2020 'ਚ ਡਕੈਤੀ ਦੀ ਕੋਸ਼ਿਸ਼ ਦੌਰਾਨ ਭਾਰਤੀ ਜੋੜੇ ਦੀ ਹੱਤਿਆ ਕਰਨ ਦੇ ਦੋਸ਼ੀ ਪਾਕਿਸਤਾਨੀ ਵਿਅਕਤੀ ਵੱਲੋਂ ਮੌਤ ਦੀ ਸਜ਼ਾ ਖਿਲਾਫ ਦਾਇਰ ਪਟੀਸ਼ਨ ਸੁਪਰੀਮ ਕੋਰਟ ਨੇ ਰੱਦ ਕਰ ਦਿੱਤੀ। 28 ਸਾਲਾ ਉਸਾਰੀ ਮਜ਼ਦੂਰ ਨੂੰ ਪਿਛਲੇ ਸਾਲ ਅਪਰੈਲ 'ਚ ਦੁਬਈ ਦੀ ਅਦਾਲਤ ਨੇ 40 ਸਾਲਾ ਕਾਰੋਬਾਰੀ ਹਿਰੇਨ ਅਧੀਆ ਅਤੇ ਉਸ ਦੀ ਪਤਨੀ ਵਿਧੀ ਦੀ ਹੱਤਿਆ ਦਾ ਦੋਸ਼ੀ ਕਰਾਰ ਦਿੰਦਿਆਂ ਸਜ਼ਾ-ਏ-ਮੌਤ ਸੁਣਾਈ ਸੀ। ਫੋਰੈਂਸਿਕ ਰਿਪੋਰਟਾਂ ਮੁਤਾਬਕ ਹਿਰੇਨ ਦੇ ਸਿਰ, ਛਾਤੀ, ਪੇਟ ਅਤੇ ਖੱਬੇ ਮੋਢੇ 'ਤੇ 10 ਵਾਰ ਚਾਕੂ ਮਾਰੇ ਗਏ ਸਨ। ਉਸ ਦੀ ਪਤਨੀ ਦੇ ਸਿਰ, ਗਰਦਨ, ਛਾਤੀ, ਚਿਹਰੇ, ਕੰਨ ਅਤੇ ਸੱਜੀ ਬਾਂਹ ਵਿੱਚ 14 ਵਾਰ ਚਾਕੂ ਮਾਰੇ ਗਏ। ਉਨ੍ਹਾਂ ਦੀ ਵੱਡੀ ਧੀ, ਜਿਸ ਨੂੰ ਮਾਮੂਲੀ ਸੱਟਾਂ ਲੱਗੀਆਂ, ਨੇ ਦੁਬਈ ਪੁਲਸ ਨੂੰ ਬੁਲਾਇਆ, ਜਿਸ ਨੇ ਸ਼ਾਰਜਾਹ 'ਚ 24 ਘੰਟਿਆਂ ਤੋਂ ਵੀ ਘੱਟ ਸਮੇਂ 'ਚ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ।

## ਸੀਤਲਵਾੜ ਨੂੰ ਹੋਰ ਰਾਹਤ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਸਾਲ 2002 ਦੀ ਗੋਧਰਾ ਰੇਲ ਤ੍ਰਾਸਦੀ ਤੋਂ ਬਾਅਦ ਦੇ ਦੰਗਿਆਂ ਨਾਲ ਸੰਬੰਧਤ ਮਾਮਲੇ 'ਚ ਕਾਰਕੁੰਨ ਤੀਸਤਾ ਸੀਤਲਵਾੜ ਦੀ ਗ੍ਰਿਫਤਾਰੀ 'ਤੇ ਰੋਕ ਵਧਾ ਦਿੱਤੀ ਹੈ। ਮਾਮਲੇ ਦੀ ਅਗਲੀ ਸੁਣਵਾਈ 19 ਜੁਲਾਈ ਨੂੰ ਹੋਵੇਗੀ। ਜਸਟਿਸ ਬੀ ਆਰ ਗਵਈ, ਜਸਟਿਸ ਏ ਐੱਸ ਬੋਪੰਨਾ ਅਤੇ ਜਸਟਿਸ ਦੀਪਾਂਕਰ ਦੱਤਾ ਦੀ ਬੈਂਚ ਨੇ ਗੁਜਰਾਤ ਹਾਈ ਕੋਰਟ ਦੇ ਹੁਕਮਾਂ ਨੂੰ ਚੁਣੌਤੀ ਦੇਣ ਵਾਲੀ ਸੀਤਲਵਾੜ ਦੀ ਪਟੀਸ਼ਨ 'ਤੇ ਗੁਜਰਾਤ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ।

## ਮੋਦੀ ਸਰਕਾਰ ਦੀ ਲੁੱਟ ਕਾਰਨ ਮਹਿੰਗਾਈ ਵਧ ਰਹੀ : ਖੜਗੇ

**ਨਵੀਂ ਦਿੱਲੀ** : ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਸਬਜ਼ੀਆਂ ਅਤੇ ਕੁਝ ਹੋਰ ਖਾਣ-ਪੀਣ ਦੀਆਂ ਵਸਤਾਂ ਦੀਆਂ ਕੀਮਤਾਂ 'ਚ ਵਾਧੇ ਨੂੰ ਲੈ ਕੇ ਬੁੱਧਵਾਰ ਕਿਹਾ ਕਿ ਦੇਸ਼ ਦੇ ਲੋਕ ਭਾਜਪਾ ਨੂੰ ਸੱਤਾ ਤੋਂ ਲਾਂਭੇ ਕਰ ਦੇਣਗੇ। ਖੜਗੇ ਨੇ ਟਵੀਟ ਕੀਤਾ-ਮੋਦੀ ਸਰਕਾਰ ਦੀ ਲੁੱਟ ਕਾਰਨ ਮਹਿੰਗਾਈ ਅਤੇ ਬੇਰੁਜ਼ਗਾਰੀ ਲਗਾਤਾਰ ਵਧ ਰਹੀ ਹੈ, ਪਰ ਭਾਜਪਾ ਸੱਤਾ ਦੇ ਲਾਲਚ 'ਚ ਡੁੱਬੀ ਹੋਈ ਹੈ। ਸਬਜ਼ੀਆਂ ਦੀਆਂ ਕੀਮਤਾਂ ਅਸਮਾਨ ਛੂਹ ਰਹੀਆਂ ਹਨ। ਦੇਸ਼ 'ਚ ਕੁੱਲ ਬੇਰੁਜ਼ਗਾਰੀ ਦਰ 8.45 ਫੀਸਦੀ ਤੱਕ ਪਹੁੰਚ ਗਈ ਹੈ ਤੇ ਪੇਂਡੂ ਖੇਤਰਾਂ 'ਚ ਇਹ ਦਰ 8.73 ਫੀਸਦੀ ਹੈ।

## ਬੈਂਸ ਦੀ ਜ਼ਮਾਨਤ ਬਰਕਰਾਰ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਪੰਜਾਬ ਦੇ ਸਾਬਕਾ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੂੰ 2021 ਦੇ ਬਲਾਤਕਾਰ ਦੇ ਕੇਸ 'ਚ ਮਿਲੀ ਜ਼ਮਾਨਤ ਰੱਦ ਕਰਨ ਤੋਂ ਬੁੱਧਵਾਰ ਇਨਕਾਰ ਕਰ ਦਿੱਤਾ। ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਜਨਵਰੀ 'ਚ ਲੋਕ ਇਨਸਾਫ ਪਾਰਟੀ ਦੇ ਨੇਤਾ ਨੂੰ ਜ਼ਮਾਨਤ ਦਿੱਤੀ ਸੀ।

## ਵੈਨ ਖੱਡ 'ਚ, 4 ਮੌਤਾਂ

**ਜੰਮੂ** : ਜੰਮੂ-ਕਸ਼ਮੀਰ ਦੇ ਰਾਜੌਰੀ ਜ਼ਿਲ੍ਹੇ 'ਚ ਬੁੱਧਵਾਰ ਸਵੇਰੇ ਵੈਨ ਡੂੰਘੀ ਖੱਡ 'ਚ ਡਿੱਗਣ ਕਾਰਨ 4 ਵਿਅਕਤੀਆਂ ਦੀ ਮੌਤ ਹੋ ਗਈ ਅਤੇ 8 ਗੰਭੀਰ ਜ਼ਖਮੀ ਹੋ ਗਏ। ਇਹ ਹਾਦਸਾ ਥਾਨਮੰਡੀ ਸਬ-ਡਵੀਜ਼ਨ 'ਚ ਵਾਪਰਿਆ, ਜਦੋਂ ਵੈਨ ਪੁਣਛ ਤੋਂ ਭੰਗਈ ਪਿੰਡ ਨੂੰ ਪਰਤ ਰਹੀ ਸੀ। ਦੱਸਿਆ ਗਿਆ ਹੈ ਕਿ ਡਰਾਈਵਰ ਕੰਟਰੋਲ ਗੁਆ ਬੈਠਾ ਸੀ।

## ਪ੍ਰੀਖਿਆ ਫਾਰਮ ਭਰਨ ਦੀ ਤਰੀਕ 11 ਤੱਕ ਵਧੀ

**ਐੱਸ ਏ ਐੱਸ ਨਗਰ, (ਗੁਰਜੀਤ ਬਿੱਲਾ)**-ਸਿੱਖਿਆ ਬੋਰਡ ਦੇ ਕੰਟਰੋਲਰ ਪ੍ਰੀਖਿਆਵਾਂ ਜੇ ਆਰ ਮਹਿਰੋਕ ਨੇ ਦੱਸਿਆ ਕਿ ਅਗਸਤ/ਸਤੰਬਰ 2023 ਵਿੱਚ ਕਰਵਾਈ ਜਾਣ ਵਾਲੀ ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀਆਂ (ਸਮੇਤ ਓਪਨ ਸਕੂਲ) ਦੀ ਕੰਪਾਰਟਮੈਂਟ, ਰੀ-ਅਪੀਅਰ ਵਿਸ਼ਿਆਂ ਦੀ ਅਨੁਪੂਰਕ ਪ੍ਰੀਖਿਆ ਅਤੇ ਵਾਧੂ ਵਿਸ਼ੇ ਦੀ ਪ੍ਰੀਖਿਆ ਲਈ ਆਨਲਾਈਨ ਪ੍ਰੀਖਿਆ ਫ਼ਾਰਮ ਅਤੇ ਪ੍ਰੀਖਿਆ ਫ਼ੀਸ ਹੁਣ 11 ਜੁਲਾਈ ਤੱਕ ਬਿਨਾਂ ਕਿਸੇ ਲੇਟ ਫ਼ੀਸ ਦੇ ਭਰੇ ਜਾ ਸਕਣਗੇ।

# ਅਜੀਤ ਪਵਾਰ ਅਕਾਲੀ ਦਲ ਦਾ ਹਾਲ ਦੇਖ ਲੈਂਦਾ : ਸ਼ਰਦ ਪਵਾਰ

**ਮੁੰਬਈ** : ਨੈਸ਼ਨਲਿਸਟ ਕਾਂਗਰਸ ਪਾਰਟੀ ਦੇ ਪ੍ਰਧਾਨ ਸ਼ਰਦ ਪਵਾਰ ਨੇ ਬੁੱਧਵਾਰ ਕਿਹਾ ਕਿ ਜੇ ਅਜੀਤ ਪਵਾਰ ਨੂੰ ਕੋਈ ਸਮੱਸਿਆ ਸੀ ਤਾਂ ਉਨ੍ਹਾ ਨਾਲ ਗੱਲ ਕਰ ਸਕਦੇ ਸਨ। ਇਹ ਬਿਆਨ ਉਨ੍ਹਾ ਅਜੀਤ ਪਵਾਰ ਵੱਲੋਂ ਇਹ ਕਹਿਣ 'ਤੇ ਦਿੱਤਾ ਕਿ ਤੁਹਾਡਾ (ਪਵਾਰ ਦੀ) ਰਿਟਾਇਰ ਹੋਣ ਦਾ ਵੇਲਾ ਹੈ ਤੇ ਉਹ ਹੁਣ ਐੱਨ ਸੀ ਪੀ ਦੀ ਕਮਾਨ ਉਨ੍ਹਾ (ਅਜੀਤ) ਨੂੰ ਸੌਂਪ ਦੇਣ।

ਐੱਨ ਸੀ ਪੀ ਆਗੂਆਂ ਨੂੰ ਸੰਬੋਧਨ ਕਰਦਿਆਂ ਸ਼ਰਦ ਪਵਾਰ ਨੇ ਕਿਹਾ—ਪਾਰਟੀ ਦਾ ਚੋਣ ਨਿਸ਼ਾਨ ਉਨ੍ਹਾ ਕੋਲ ਹੈ ਤੇ ਕਿਤੇ ਨਹੀਂ ਚੱਲਿਆ। ਫਿਰ ਵੀ ਮੈਂ ਇਹ ਸਪੱਸ਼ਟ ਕਰ ਦੇਵਾਂ ਕਿ ਮੈਂ ਕਈ ਨਿਸ਼ਾਨਾਂ 'ਤੇ ਚੋਣਾਂ ਲੜੀਆਂ। ਜੇ ਤੁਸੀਂ ਲੋਕਾਂ ਦੇ ਦਿਲਾਂ ਵਿਚ ਨਹੀਂ ਤਾਂ ਨਿਸ਼ਾਨ ਨਾਲ ਕੋਈ ਫਰਕ ਨਹੀਂ ਪੈਂਦਾ। ਤੁਸੀਂ ਲੋਕਾਂ ਵੱਲੋਂ ਲਾਏ ਪੋਸਟਰ ਤੇ ਬੈਨਰ ਦੇਖੇ? ਮੇਰੀ ਫੋਟੋ ਸਭ ਤੋਂ ਵੱਡੀ ਹੈ, ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਉਹ ਮੇਰੇ ਤੋਂ ਇਲਾਵਾ ਕਿਸੇ 'ਤੇ ਭਰੋਸਾ ਨਹੀਂ ਕਰ ਸਕਦੇ।

ਪਤਾ ਲੱਗਿਆ ਹੈ ਕਿ ਅਜੀਤ ਪਵਾਰ ਨੇ ਚੋਣ ਕਮਿਸ਼ਨ ਕੋਲ ਪਹੁੰਚ ਕਰਕੇ ਕਿਹਾ ਹੈ ਕਿ ਪਾਰਟੀ ਦਾ ਨਿਸ਼ਾਨ ਉਨ੍ਹਾ ਨੂੰ ਦਿੱਤਾ ਜਾਵੇ। ਸ਼ਰਦ ਪਵਾਰ ਦੇ ਸੂਬਾ ਪ੍ਰਧਾਨ ਜਯੰਤ ਪਾਟਿਲ ਨੇ ਵੀ ਚੋਣ ਕਮਿਸ਼ਨ ਨੂੰ ਜਾਣੂੰ ਕਰਾਇਆ ਕਰਾਇਆ ਹੈ ਕਿ ਏਕਨਾਥ ਸ਼ਿੰਦੇ ਤੇ ਭਾਜਪਾ ਦੀ ਸਰਕਾਰ ਵਿਚ ਸ਼ਾਮਲ ਹੋਣ ਵਾਲੇ ਪਾਰਟੀ ਆਗੂਆਂ ਖਿਲਾਫ ਉਨ੍ਹਾ ਅਯੋਗਤਾ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ ਤੇ ਉਹ ਕੋਈ ਫੈਸਲਾ ਕਰਨ ਤੋਂ ਪਹਿਲਾਂ ਉਨ੍ਹਾ ਦੀ ਗੱਲ ਵੀ ਸੁਣੇ।

ਸ਼ਰਦ ਪਵਾਰ ਤੇ ਅਜੀਤ ਪਵਾਰ ਨੇ ਵੱਖਰੀਆਂ-ਵੱਖਰੀਆਂ ਮੀਟਿੰਗਾਂ ਕੀਤੀਆਂ। ਸ਼ਰਦ ਪਵਾਰ ਨੇ ਕਿਹਾ—ਸਾਨੂੰ ਸੱਤਾ ਵਿਚ ਲਿਆਉਣ ਵਾਲੇ ਲੋਕ ਤੇ ਵਰਕਰ ਸਾਡੇ ਨਾਲ ਹਨ। ਅਸੀਂ ਸੱਤਾ ਦੇ ਭੁੱਖੇ ਨਹੀਂ ਤੇ ਲੋਕਾਂ ਲਈ ਕੰਮ ਕਰਨਾ ਜਾਰੀ ਰੱਖਾਂਗੇ। ਸਾਥ ਛੱਡਣ ਵਾਲਿਆਂ ਨੇ ਉਨ੍ਹਾ ਨਾਲ ਗੱਲ ਨਹੀਂ ਕੀਤੀ। ਅਜੀਤ ਧੜੇ ਨੇ ਕਿਸੇ ਪ੍ਰਕਿਰਿਆ ਦੀ ਪਾਲਣਾ ਨਹੀਂ ਕੀਤੀ।

ਭਾਜਪਾ 'ਤੇ ਟਾਂਚ ਕਰਦਿਆਂ ਸ਼ਰਦ ਪਵਾਰ ਨੇ ● ਬਾਕੀ ਸਫ਼ਾ 2 'ਤੇ

## ਭਾਜਪਾ ਨੇ ਇਤਿਹਾਦੀਆਂ ਨੂੰ ਤਬਾਹ ਹੀ ਕੀਤੈ



ਸ਼ਰਦ ਪਵਾਰ ਦੇ ਹਮਾਇਤੀਆਂ ਵੱਲੋਂ ਚੁੱਕੇ ਪੋਸਟਰਾਂ ਵਿੱਚ ਇਕ ਇਹ ਵੀ ਸੀ, ਜਿਸ 'ਤੇ ਲਿਖਿਆ ਸੀ—ਸਿਰਫ ਇਕ ਬੰਦਾ ਕਾਫੀ ਹੈ!

## ਗਿਣਤੀਆਂ-ਮਿਣਤੀਆਂ

**ਮੁੰਬਈ** : ਚਾਚੇ-ਭਤੀਜੇ ਦੀ ਲੜਾਈ 'ਚ ਮਹਾਰਾਸ਼ਟਰ ਦੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਦੀ ਗੱਦੀ ਖਤਰੇ 'ਚ ਪੈ ਗਈ ਹੈ। ਸ਼ਰਦ ਪਵਾਰ ਦਾ ਸਾਥ ਛੱਡ ਕੇ ਆਏ ਐੱਨ ਸੀ ਪੀ ਦੇ ਅਜੀਤ ਪਵਾਰ ਤੇ 8 ਹੋਰਨਾਂ ਦੇ ਮੰਤਰੀ ਵਜੋਂ ਸਹੁੰ ਚੁੱਕਣ ਤੋਂ ਬਾਅਦ ਊਧਵ ਠਾਕਰੇ ਦਾ ਸਾਥ ਛੱਡ ਕੇ ਭਾਜਪਾ ਨਾਲ ਆੜੀ ਪਾ ਕੇ ਮੁੱਖ ਮੰਤਰੀ ਬਣਨ ਵਾਲੇ ਏਕਨਾਥ ਸ਼ਿੰਦੇ ਦੇ ਸਾਥੀ ਵਿਧਾਇਕ ਇਸ ਗੱਲੋਂ ਨਾਰਾਜ਼ ਹਨ ਕਿ ਜਿਹੜੇ ਅਜੀਤ ਪਵਾਰ ਦੇ ਵਿੱਤ ਮੰਤਰੀ ਵਜੋਂ ਰਵੱਈਏ ਤੋਂ ਦੁਖੀ ਹੋ ਕੇ ਉਨ੍ਹਾਂ ਮਾਂ ਪਾਰਟੀ ਛੱਡੀ ਸੀ, ਉਹ ਫਿਰ ਉਨ੍ਹਾਂ ਦੇ ਉੱਤੇ ਆ ਬੈਠਾ ਹੈ। ਉਹ ਇਸ ਗੱਲੋਂ ਵੀ ਦੁਖੀ ਹਨ ਕਿ ਵਜ਼ਾਰਤ 'ਚ ਵਾਧੇ ਵੇਲੇ ਉਨ੍ਹਾਂ ਨੂੰ ਵਜ਼ੀਰੀਆਂ ਮਿਲਣੀਆਂ ਸਨ, ਪਰ ਹੁਣ ਆਸ ਖਤਮ ਹੋ ਗਈ। ਉਹ ਅਜੀਤ ਪਵਾਰ ਵੱਲੋਂ ਖੁੱਲ੍ਹੇਆਮ ਮੁੱਖ ਮੰਤਰੀ ਬਣਨ ਦੀ ਇੱਛਾ ਪ੍ਰਗਟਾਉਣ ਤੋਂ ਵੀ ਖਾਸੇ ਪ੍ਰੇਸ਼ਾਨ ਹੋਏ ਹਨ। ਇਸ ਨੂੰ ਭਾਂਪਦਿਆਂ ਸ਼ਿੰਦੇ ਨੇ ਬੁੱਧਵਾਰ ਸ਼ਾਮੀਂ ਵਿਧਾਇਕਾਂ ਦੀ ਮੀਟਿੰਗ ਸੱਦੀ, ਤਾਂ ਕਿ ਉਨ੍ਹਾਂ ਨੂੰ ਕਿਸੇ ਪਾਸੇ ਖਿਸਕਣ ਤੋਂ ਰੋਕ ਸਕੇ। ਮੀਟਿੰਗ ਲਈ ਸ਼ਿੰਦੇ ਨੇ ਰਾਸ਼ਟਰਪਤੀ ਨਾਲ ਮੁਲਾਕਾਤ ਦਾ ਪ੍ਰੋਗਰਾਮ ਵੀ ਰੱਦ ਕਰ ਦਿੱਤਾ।

ਉਧਰ 53 ਵਿੱਚੋਂ 40 ਵਿਧਾਇਕਾਂ ਦਾ ਦਾਅਵਾ ਕਰਨ ਵਾਲੇ ਅਜੀਤ ਧੜੇ ਦੀ ਮੀਟਿੰਗ ਵਿਚ 29 ਹੀ ਪੁੱਜੇ। ਉਸ ਦੇ ਆਗੂ ਛਗਨ ਭੁਜਬਲ ਨੇ ਬਾਕੀਆਂ ਬਾਰੇ ਇਹ ਕਹਿ ਕੇ ਗੱਲ ਟਾਲੀ ਕਿ ਕੁਝ ਹਸਪਤਾਲ ਗਏ ਹਨ, ਕੁਝ ਰਾਹ ਵਿਚ ਫਸ ਗਏ ਤੇ ਕੁਝ ਬਾਹਰ ਹਨ। ਇਸ ਧੜੇ ਨੂੰ ਦਲਬਦਲੀ ਕਾਨੂੰਨ ਤੋਂ ਬਚਣ ਲਈ ਦੋ-ਤਿਹਾਈ (36) ਵਿਧਾਇਕ ਸ਼ੋਅ ਕਰਨੇ ਪੈਣੇ ਹਨ। ਸ਼ਰਦ ਪਵਾਰ ਦੀ ਮੀਟਿੰਗ ਵਿਚ 17 ਵਿਧਾਇਕ ਸਨ। ਜੇ ਕੁਝ ਹੋਰ ਉਸ ਨਾਲ ਆ ਗਏ ਤਾਂ ਅਜੀਤ ਧੜੇ ਦੀ ਗੇਮ ਪੁੱਠੀ ਪੈ ਸਕਦੀ ਹੈ। ਸ਼ਿੰਦੇ, ਅਜੀਤ ਤੇ ਸ਼ਰਦ ਪਵਾਰ ਦਾ ਸਾਰਾ ਜ਼ੋਰ ਬਟੇਰੇ ਸਾਂਭਣ 'ਤੇ ਲੱਗ ਚੁੱਕਾ ਹੈ। ਸਿਆਸਤ ਕੋਈ ਵੀ ਰੰਗ ਦਿਖਾ ਸਕਦੀ ਹੈ।

# ਮੁੱਖ ਮੰਤਰੀ ਨੇ 10ਵਾਂ ਟੋਲ ਪਲਾਜ਼ਾ ਬੰਦ ਕਰਵਾਇਆ



**ਮੋਗਾ/ਬਾਘਾ ਪੁਰਾਣਾ (ਅਮਰਜੀਤ ਬਬਰੀ, ਮਨੀ ਸਿੰਗਲਾ)** -ਮੁੱਖ ਮੰਤਰੀ ਭਗਵੰਤ ਮਾਨ ਨੇ ਬੁੱਧਵਾਰ ਪਿੰਡ ਚੰਦਪੁਰਾਣਾ ਨੇੜੇ ਮੋਗਾ-ਕੋਟਕਪੂਰਾ ਰੋਡ ਉਤੇ ਸੂਬੇ ਵਿਚ 10ਵਾਂ ਟੋਲ ਪਲਾਜ਼ਾ ਬੰਦ ਕਰਵਾ ਦਿੱਤਾ। ਪੰਜਾਬ ਵਿਚ ਹੁਣ ਤੱਕ 10 ਟੋਲ ਪਲਾਜ਼ੇ ਬੰਦ ਹੋਣ ਨਾਲ ਆਮ ਲੋਕਾਂ ਦੀ ਰੋਜ਼ਾਨਾ 44.43 ਲੱਖ ਰੁਪਏ ਦੀ ਬੱਚਤ ਹੋ ਰਹੀ ਹੈ।

ਸਿੰਘਾਂਵਾਲਾ ਟੋਲ ਪਲਾਜ਼ਾ ਬੰਦ ਕਰਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ 10 ਟੋਲ ਪਲਾਜ਼ਿਆਂ ਤੋਂ ਲੰਘਣ ਮੌਕੇ ਲੋਕਾਂ ਨੂੰ ਰੋਜ਼ਾਨਾ 44.43 ਲੱਖ ਰੁਪਏ ਟੋਲ ਵਜੋਂ ਅਦਾ ਕਰਨੇ ਪੈਂਦੇ ਸਨ। ਸਿੰਘਾਵਾਲਾ ਟੋਲ ਪਲਾਜ਼ੇ ਤੋਂ ਲੰਘਣ ਮੌਕੇ ਲੋਕਾਂ ਨੂੰ ਰੋਜ਼ਾਨਾ 4.68 ਲੱਖ ਰੁਪਏ ਟੋਲ ਦੇਣਾ ਪੈਂਦਾ ਸੀ।

ਮੁੱਖ ਮੰਤਰੀ ਨੇ ਦੁੱਖ ਜ਼ਾਹਰ ਕੀਤਾ ਕਿ ਅਸਲ ਵਿਚ ਇਹ ਟੋਲ ਪਲਾਜ਼ੇ ਆਮ ਲੋਕਾਂ ਨੂੰ ਲੁੱਟਣ ਵਾਲੀਆਂ ਦੁਕਾਨਾਂ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਟੋਲ ਪਲਾਜ਼ਿਆਂ ਨੇ ਲੋਕਾਂ ਦਾ ਆਰਥਿਕ ਸ਼ੋਸ਼ਣ ਕਰਨ ਲਈ ਸਰਕਾਰ ਨਾਲ ਹੋਏ ਸਮਝੌਤਿਆਂ ਦੇ ਨਿਯਮਾਂ ਦੀਆਂ ਰੱਜ ਕੇ ਧੱਜੀਆਂ ਉਡਾਈਆਂ ਹਨ। ਭਗਵੰਤ ਮਾਨ ਨੇ ਕਿਹਾ ਕਿ ਇਹ ਬਹੁਤ ਹੈਰਾਨੀ ਵਾਲੀ ਗੱਲ ਹੈ ਕਿ ਪਿਛਲੀਆਂ ਸਰਕਾਰਾਂ ਨੇ ਲੋਕਾਂ ਦੇ ਹਿੱਤ ਵਿਚ ਟੋਲ ਪ੍ਰਬੰਧਕਾਂ ਉਤੇ ਕੋਈ ਕਾਰਵਾਈ ਕਰਨ ਦੀ ਬਜਾਏ ਉਲਟਾ ਇਨ੍ਹਾਂ ਦੀ ਪੁਸ਼ਤਪਨਾਹੀ ਕੀਤੀ ਅਤੇ ਲੋਕਾਂ ਦੀ ਹੁੰਦੀ ਲੁੱਟ ਵੱਲ ਜਾਣਬੁੱਝ ਕੇ ਕੋਈ ਧਿਆਨ ਨਹੀਂ ਦਿੱਤਾ।

ਭਗਵੰਤ ਮਾਨ ਨੇ ਕਿਹਾ ਕਿ ਹੁਣ ਤੱਕ ਬੰਦ ਕੀਤੇ ਗਏ ਕਿਸੇ ਵੀ ਟੋਲ ਪਲਾਜ਼ੇ 'ਤੇ ਸਮਝੌਤੇ ਵਿਚ ਵਿਵਸਥਾ ਹੋਣ ਦੇ ਬਾਵਜੂਦ ਐਂਬੂਲੈਂਸ ਜਾਂ ਰਿਕਵਰੀ ਵੈਨ ਦੀ ਸਹੂਲਤ ਨਜ਼ਰ ਨਹੀਂ ਆਈ।

ਮੁੱਖ ਮੰਤਰੀ ਨੇ ਕਿਹਾ ਕਿ ਸਿੰਘਾਂਵਾਲਾ ਟੋਲ ਪਲਾਜ਼ੇ ਦਾ ਸਮਝੌਤਾ ਕੈਪਟਨ ਸਰਕਾਰ ਵੇਲੇ 25 ਸਤੰਬਰ, 2006 ਨੂੰ ਹੋਇਆ ਸੀ ਅਤੇ ਸਾਢੇ ਸੋਲਾਂ ਸਾਲਾਂ ਲਈ ਟੋਲ ਲਾਇਆ ਗਿਆ ਸੀ। ਉਨ੍ਹਾ ਕਿਹਾ ਕਿ ਕੰਪਨੀ ਵੱਲੋਂ ਸੜਕ ਉਤੇ ਪਹਿਲੀ ਵਾਰ ਲੁੱਕ ਪਾਉਣ ਦੇ ਕੰਮ ਵਿਚ 158 ਦਿਨ ਦੀ ਦੇਰੀ ਕੀਤੀ ਗਈ ਸੀ, ਜਿਸ ਕਰਕੇ ਕੰਪਨੀ ਨੂੰ 2.48 ਕਰੋੜ ਰੁਪਏ ਦਾ ਜੁਰਮਾਨਾ ਕੀਤਾ ਗਿਆ। ਭਗਵੰਤ ਮਾਨ ਨੇ ਕਿਹਾ ਕਿ ਉਸ ਮੌਕੇ ਦੀ ਸਰਕਾਰ ਵੱਲੋਂ ਕੰਪਨੀ ਤੋਂ ਇਹ ਜੁਰਮਾਨਾ ਕਦੇ ਵੀ ਵਸੂਲ ਨਹੀਂ ਕੀਤਾ ਗਿਆ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਸਮਝੌਤੇ ਦੇ ਤਹਿਤ ਇਹ ਟੋਲ 10 ਨਵੰਬਰ, 2019 ਨੂੰ ਬੰਦ ਕੀਤਾ ਜਾ ਸਕਦਾ ਸੀ, ਕਿਉਂਕਿ ਜਦੋਂ ਦੂਜੀ ਵਾਰ ਲੁੱਕ ਪਾਉਣ ਦੇ ਕੰਮ ਵਿਚ ਮੁੜ ਦੇਰੀ ਕੀਤੀ ਗਈ ਸੀ ਅਤੇ ਇਸ ਗਲਤੀ ਲਈ ਕੰਪਨੀ 'ਤੇ 3.89 ਕਰੋੜ ਰੁਪਏ ਦਾ ਜੁਰਮਾਨਾ ਲਗਾਇਆ ਗਿਆ ਸੀ। ਉਨ੍ਹਾ ਕਿਹਾ ਕਿ ਇਹ ਸਮਝੌਤੇ ਦੀ ਸਰਕਾਰ ਉਲੰਘਣਾ ਸੀ ਕਿਉਂਕਿ ਜੇਕਰ ਜੁਰਮਾਨੇ ਦੀ ਰਕਮ 3.11 ਕਰੋੜ ਰੁਪਏ ਤੋਂ ਵੱਧ ਹੁੰਦੀ ਹੈ ਤਾਂ ਸਰਕਾਰ ਵੱਲੋਂ ਸਮਝੌਤਾ ਖਤਮ ਕੀਤਾ ਜਾ ਸਕਦਾ ਸੀ।

ਟੋਲ ਪਲਾਜ਼ੇ ਬੰਦ ਕਰਨ ਬਾਰੇ ਗੁੰਮਰਾਹਕੁੰਨ ਬਿਆਨ ਦੇਣ ਲਈ ਕਾਂਗਰਸੀ ਆਗੂਆਂ 'ਤੇ ਵਰ੍ਹਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਕਾਂਗਰਸੀ ਆਗੂ ਲੋਕਾਂ ਨੂੰ ਇਹ ਸਪੱਸ਼ਟ ਕਰਨ ਕਿ ਉਨ੍ਹਾਂ ਦੇ ਕਾਰਜਕਾਲ ਦੌਰਾਨ ਇਨ੍ਹਾਂ ਟੋਲ ਪਲਾਜ਼ਿਆਂ ਨੂੰ ਬੰਦ ਕਿਉਂ ਨਹੀਂ ਕੀਤਾ ਗਿਆ ਸੀ। ਭਗਵੰਤ ਮਾਨ ਨੇ ਕਿਹਾ ਕਿ ਅਸਲ ਵਿੱਚ ਕਾਂਗਰਸ ਨੇ ਇਨ੍ਹਾਂ ਟੋਲ ਪਲਾਜ਼ਿਆਂ ਦੀ ਸਰਪ੍ਰਸਤੀ ਕੀਤੀ ਸੀ, ਜਿਸ ਕਾਰਨ ਉਨ੍ਹਾਂ ਨੇ ਕਦੇ ਵੀ ਕਸੂਰਵਾਰ ਟੋਲ ਕੰਪਨੀਆਂ ਵਿਰੁੱਧ ਕਾਰਵਾਈ ਨਹੀਂ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਟੋਲ ਬੰਦ ਕਰਵਾਉਣ ਦਾ ਉਦੇਸ਼ ਸ਼ੋਹਰਤ ਖੱਟਣਾ ਨਹੀਂ ਹੈ, ਸਗੋਂ ਇਸ ਦਾ ਮਨੋਰਥ ਲੋਕਾਂ ਨੂੰ ਰਾਹਤ ਦੇਣਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਟੋਲ ਚਲਾਉਣ ਵਾਲੀ ਕੰਪਨੀ ਕਿਸਾਨ ਅੰਦੋਲਨ ਅਤੇ ਕੋਵਿਡ ਮਹਾਂਮਾਰੀ ਦੇ ਬਹਾਨੇ ਮਿਆਦ ਵਧਾਉਣ ਦੀ ਮੰਗ ਕਰ ਰਹੀ ਸੀ, ਪਰ ਉਨ੍ਹਾਂ ਦੀ ਸਰਕਾਰ ਨੇ ਇਸ ਤੋਂ ਸਾਫ ਇਨਕਾਰ ਕਰ ਦਿੱਤਾ। ਉਨ੍ਹਾ ਕਿਹਾ ਕਿ ਕੰਪਨੀ ਨੂੰ 60 ਦਿਨ ਪਹਿਲਾਂ ਨੋਟਿਸ ਦੇਣਾ ਜ਼ਰੂਰੀ ਹੁੰਦਾ ਹੈ, ਜਿਸ ਕਾਰਨ ਉਨ੍ਹਾਂ ਨੇ ਕੰਪਨੀ ਨੂੰ ਨੋਟਿਸ ਦੇ ਕੇ ਅੱਜ ਟੋਲ ਪਲਾਜ਼ਾ ਬੰਦ ਕਰ ਦਿੱਤਾ ਹੈ।

ਮੁੱਖ ਮੰਤਰੀ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਲੋਕਾਂ ਤੋਂ ਲੁੱਟਿਆ ਗਿਆ ਇਕ-ਇਕ ਪੈਸਾ ਇਨ੍ਹਾਂ ਕੰਪਨੀਆਂ ਤੋਂ ਵਸੂਲ ਕੀਤਾ ਜਾਵੇਗਾ ਅਤੇ ਕਾਨੂੰਨੀ ਰਾਹ ਅਖਤਿਆਰ ਕਰਕੇ ਇਨ੍ਹਾਂ ਕੰਪਨੀਆਂ ਤੋਂ ਬਕਾਇਆ ਰਾਸ਼ੀ ਵੀ ਭਰਵਾਈ ਜਾਵੇਗੀ। ਉਨ੍ਹਾ ਕਿਹਾ ਕਿ ਲੋਕਾਂ ਨੂੰ ਰਾਹਤ ਦੇਣ ਲਈ ਆਉਣ ਵਾਲੇ ਦਿਨਾਂ ਵਿੱਚ ਅਜਿਹੇ ਹੋਰ ਟੋਲ ਪਲਾਜ਼ੇ ਬੰਦ ਕਰਵਾਏ ਜਾਣਗੇ।

## ਬਿਜਲੀ ਕਾਮਿਆਂ ਦੇ ਜ਼ਬਰਦਸਤ ਪ੍ਰਦਰਸ਼ਨ ਦਰਮਿਆਨ ਭਲਕੇ ਮੀਟਿੰਗ ਦਾ ਸੱਦਾ



**ਸਮਰਾਲਾ, (ਸੁਰਜੀਤ ਸਿੰਘ)** -ਪੀ ਐੱਸ ਈ ਬੀ ਇੰਪਲਾਈਜ਼ ਜਾਇੰਟ ਫੋਰਮ ਦੇ ਸੱਦੇ 'ਤੇ ਵੱਡੀ ਗਿਣਤੀ ਵਿੱਚ ਬਿਜਲੀ ਕਾਮਿਆਂ ਨੇ ਬੁੱਧਵਾਰ ਬਿਜਲੀ ਨਿਗਮ ਦੇ ਮੁੱਖ ਦਫਤਰ ਦੇ ਗੇਟਾਂ ਅੱਗੇ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ, ਜਿਸ ਵਿੱਚ ਹਜ਼ਾਰਾਂ ਬਿਜਲੀ ਕਾਮਿਆਂ ਨੇ ਭਾਗ ਲਿਆ। ਇਸ ਮੌਕੇ ਪਟਿਆਲਾ ਦੇ ਪ੍ਰਸ਼ਾਸਨ ਨੇ ਜਾਇੰਟ ਫੋਰਮ ਦੇ ਆਗੂਆਂ ਨੂੰ ਬਿਜਲੀ ਮੰਤਰੀ ਨਾਲ 7 ਜੁਲਾਈ ਨੂੰ ਮੀਟਿੰਗ ਦਾ ਪੱਤਰ ਸੌਂਪਿਆ। ਬਿਜਲੀ ਮੁਲਾਜ਼ਮਾਂ ਦੀਆਂ ਪ੍ਰਮੁੱਖ ਜਥੇਬੰਦੀਆਂ ਦੇ ਆਗੂਆਂ ਰਤਨ ਸਿੰਘ ਮਜਾਰੀ, ਬਲਦੇਵ ਸਿੰਘ ਮੰਢਾਲੀ, ਕਰਮ ਚੰਦ ਭਾਰਦਵਾਜ, ਹਰਪਾਲ ਸਿੰਘ, ਕੁਲਵਿੰਦਰ ਸਿੰਘ ਢਿੱਲੋਂ, ਜਗਜੀਤ ਸਿੰਘ ਕੋਟਲੀ, ਸਿਕੰਦਰ ਨਾਥ, ਜਗਰੂਪ ਸਿੰਘ ਮਹਿਮਦਪੁਰ, ਗੁਰਚਰਨ ਸਿੰਘ, ਰਵੇਲ ਸਿੰਘ ਸਹਾਏਪੁਰ, ਕਮਲਜੀਤ ਸਿੰਘ, ਕੌਰ ਸਿੰਘ ਸੋਹੀ, ਬਲਵਿੰਦਰ ਸਿੰਘ ਸੰਧੂ, ਬਰਜਿੰਦਰ ਕੁਮਾਰ ਸ਼ਰਮਾ, ਸੁਖਵਿੰਦਰ ਸਿੰਘ ਚਹਿਲ, ਰਘਬੀਰ ਸਿੰਘ ਰਾਮਗੜ੍ਹ, ਸੁਖਵਿੰਦਰ ਸਿੰਘ ਦੁੰਮਨਾ, ਲਖਵੰਤ ਸਿੰਘ ਦਿਓਲ, ਸਰਬਜੀਤ ਸਿੰਘ ਭਾਣਾ, ਬਲਜੀਤ ਸਿੰਘ ਮੋਦਲਾ ਤੇ ਰਾਮ ਸਿੰਘ ਸੈਣੀ ਆਦਿ ਨੇ ਦੱਸਿਆ ਕਿ ਜੁਲਾਈ ਦੇ ਚੌਥੇ ਹਫਤੇ ਸੂਬਾ ਪੱਧਰ 'ਤੇ ਇੱਕ ਰੋਜ਼ਾ ਮੁਕੰਮਲ ਹੜਤਾਲ ਕਰਨਗੇ। ਇਸ ਤੋਂ ਇਲਾਵਾ 20 ਜੁਲਾਈ ਨੂੰ ਬਿਜਲੀ ਮੰਤਰੀ ਦੇ ਘਰ ਅੱਗੇ ਜਬਰਦਸਤ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਬੁਲਾਰਿਆਂ ਦੱਸਿਆ ਕਿ 25 ਮਈ ਨੂੰ ਬਿਜਲੀ ਮੰਤਰੀ ਅਤੇ ਮੈਨੇਜਮੈਂਟ ਨੇ 20 ਦਿਨਾਂ ਅੰਦਰ ਮੰਨੀਆਂ ● ਬਾਕੀ ਸਫ਼ਾ 2 'ਤੇ

## ਮਹਿੰਦਰਾ ਦੇ ਫਾਰਮ ਹਾਊਸ ਦੀ ਪੈਮਾਇਸ਼, ਚੰਨੀ ਤੋਂ ਪੁੱਛਗਿੱਛ

**ਮੁਹਾਲੀ** : ਪੰਜਾਬ 'ਚ ਕਾਂਗਰਸ ਦੀ ਸਰਕਾਰ ਦੌਰਾਨ ਕੈਬਨਿਟ ਮੰਤਰੀ ਰਹੇ ਬ੍ਰਹਮ ਮਹਿੰਦਰਾ ਦੇ ਮੁਹਾਲੀ ਨੇੜਲੇ ਫਾਰਮ ਹਾਊਸ 'ਤੇ ਬੁੱਧਵਾਰ ਵਿਜੀਲੈਂਸ ਬਿਊਰੋ ਦੀ ਵਿਸ਼ੇਸ਼ ਜਾਂਚ ਟੀਮ ਨੇ ਦਸਤਕ ਦਿੱਤੀ। ਮਹਿੰਦਰਾ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ। ਵਿਜੀਲੈਂਸ ਦੀ ਤਕਨੀਕੀ ਟੀਮ ਨੇ ਮੁਹਾਲੀ ਨੇੜੇ ਮਾਜਰਾ ਫਾਰਮ ਹਾਊਸ ਦੀ ਪੈਮਾਇਸ਼ ਕੀਤੀ। ਕੈਪਟਨ ਅਮਰਿੰਦਰ ਸਿੰਘ ਦੇ ਖੇਤ ਤੋਂ ਕਰੀਬ 5 ਕਿਲੋਮੀਟਰ ਦੂਰੀ 'ਤੇ ਇਹ ਫਾਰਮ ਹਾਊਸ ਹੈ। ਪੰਜਾਬ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਵਿਜੀਲੈਂਸ ਬਿਊਰੋ ਵੱਲੋਂ ਕਾਂਗਰਸ ਸਰਕਾਰ ਦੌਰਾਨ ਕੈਬਨਿਟ ਮੰਤਰੀ ਰਹੇ ਕਈ ਸਾਬਕਾ ਮੰਤਰੀਆਂ ਵਿਰੁੱਧ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਦੋਸ਼ਾਂ ਸੰਬੰਧੀ ਜਾਂਚ ਕੀਤੀ ਜਾ ਰਹੀ ਹੈ। ਇਸੇ ਦੌਰਾਨ ਆਮਦਨ ਤੋਂ ਵੱਧ ਜਾਇਦਾਦ ਮਾਮਲੇ ਵਿਚ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵਿਜੀਲੈਂਸ ਦਫਤਰ ਵਿਚ ਪੁੱਛ-ਪੜਤਾਲ ਲਈ ਤੀਜੀ ਵਾਰ ਪੇਸ਼ ਹੋਏ। ਵਿਜੀਲੈਂਸ ਨੇ ਉਨ੍ਹਾ ਤੋਂ ਕਰੀਬ 3 ਘੰਟਿਆਂ ਤੱਕ ਪੁੱਛ-ਪੜਤਾਲ ਕੀਤੀ।

## ਮਨੀਪੁਰ 'ਚ ਜਵਾਨ ਦਾ ਘਰ ਸਾੜਿਆ



**ਇੰਫਾਲ** : ਮਨੀਪੁਰ ਦੇ ਥੌਬਲ ਜ਼ਿਲ੍ਹੇ 'ਚ ਮੰਗਲਵਾਰ ਰਾਤ ਗੁੱਸੇ 'ਚ ਆਈ ਭੀੜ ਨੇ ਆਈ ਆਰ ਬੀ ਦੇ ਜਵਾਨ ਦੇ ਘਰ ਨੂੰ ਅੱਗ ਲਗਾ ਦਿੱਤੀ। ਇਸ ਤੋਂ ਪਹਿਲਾਂ 700-800 ਲੋਕਾਂ ਦੀ ਭੀੜ ਨੇ ਚਾਰ ਕਿਲੋਮੀਟਰ ਦੂਰ ਵੈਂਗਬਲ ਵਿਖੇ ਆਈ ਆਰ ਬੀ ਕੈਂਪ ਤੋਂ ਹਥਿਆਰ ਲੁੱਟਣ ਦੀ ਕੋਸ਼ਿਸ਼ ਕੀਤੀ, ਜਿਸ ਦੇ ਨਤੀਜੇ ਵਜੋਂ ਸੁਰੱਖਿਆ ਬਲਾਂ ਨਾਲ ਝੜਪ ਹੋਈ, ਜਿਸ 'ਚ 27 ਸਾਲਾ ਨੌਜਵਾਨ ਰੋਨਾਲਡੋ ਮਾਰਿਆ ਗਿਆ। ਸੁਰੱਖਿਆ ਬਲਾਂ ਨੇ ਪਹਿਲਾਂ ਅੱਥਰੂ ਗੈਸ ਛੱਡੀ ਅਤੇ ਰਬੜ ਦੀਆਂ ਗੋਲੀਆਂ ਦੀ ਵਰਤੋਂ ਕੀਤੀ ਪਰ ਹਥਿਆਰਬੰਦ ਭੀੜ ਨੇ ਗੋਲੀਬਾਰੀ ਕੀਤੀ, ਜਿਸ ਤੋਂ ਬਾਅਦ ਜਵਾਨਾਂ ਨੇ ਜਵਾਬੀ ਗੋਲੀਬਾਰੀ ਕੀਤੀ।

## ਸੁਖਬੀਰ ਵੱਲੋਂ ਵੱਡੇ ਆਗੂਆਂ ਨਾਲ ਮਸ਼ਵਰੇ

**ਚੰਡੀਗੜ੍ਹ** : ਅਕਾਲੀ ਦਲ ਦੇ ਮੁੜ ਐੱਨ ਡੀ ਏ ਦਾ ਹਿੱਸਾ ਬਣਨ ਦੀਆਂ ਖ਼ਬਰਾਂ ਦਰਮਿਆਨ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਬੁੱਧਵਾਰ ਚੰਡੀਗੜ੍ਹ ਵੱਡੇ ਆਗੂਆਂ ਨਾਲ ਮਸ਼ਵਰੇ ਕੀਤੇ। ਮੀਟਿੰਗ 'ਚ ਬਿਕਰਮ ਸਿੰਘ ਮਜੀਠੀਆ, ਵਿਰਸਾ ਸਿੰਘ ਵਲਟੋਹਾ, ਸਿਕੰਦਰ ਸਿੰਘ ਮਲੂਕਾ, ਸੁਰਜੀਤ ਸਿੰਘ ਰੱਖੜਾ, ਜਨਮੇਜਾ ਸਿੰਘ ਸੇਖੋਂ, ਪ੍ਰੇਮ ਸਿੰਘ ਚੰਦੂਮਾਜਰਾ, ਦਲਜੀਤ ਸਿੰਘ ਚੀਮਾ, ਸ਼ਰਨਜੀਤ ਸਿੰਘ ਢਿੱਲੋਂ ਤੋਂ ਇਲਾਵਾ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੀ ਮੌਜੂਦ ਰਹੇ। ਚਰਚਾ ਹੈ ਕਿ ਭਾਜਪਾ ਅਕਾਲੀ ਦਲ ਨੂੰ ਕੇਂਦਰ ਵਿਚ ਮੰਤਰੀ ਦਾ ਅਹੁਦਾ ਦੇਣ ਲਈ ਤਿਆਰ ਹੈ। ਸੁਖਬੀਰ ਬਾਦਲ ਜਾਂ ਹਰਸਿਮਰਤ ਕੌਰ ਮੰਤਰੀ ਬਣ ਸਕਦੇ ਹਨ।

ਉਧਰ, ਪੰਜਾਬ ਭਾਜਪਾ ਦੇ ਨਵ-ਨਿਯੁਕਤ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਹੈ ਕਿ ਉਨ੍ਹਾ ਦਾ ਉਦੇਸ਼ ਸਾਰੀਆਂ 13 ਲੋਕ ਸਭਾ ਅਤੇ 117 ਵਿਧਾਨ ਸਭਾ ਸੀਟਾਂ 'ਤੇ ਪਾਰਟੀ ਨੂੰ ਮਜ਼ਬੂਤ ਕਰਨਾ ਹੈ। ਦਿੱਲੀ 'ਚ ਪਾਰਟੀ ਹੈੱਡਕੁਆਰਟਰ ਵਿਖੇ ਭਾਜਪਾ ਪ੍ਰਧਾਨ ਜੇ ਪੀ ਨੱਢਾ ਨਾਲ ਧੰਨਵਾਦੀ ਮੀਟਿੰਗ ਤੋਂ ਬਾਅਦ ਜਾਖੜ ਨੇ ਤਿੰਨ ਖੇਤੀ ਕਾਨੂੰਨਾਂ ਦਾ ਵਿਰੋਧ ਕਰਦਿਆਂ 2021 'ਚ ਐੱਨ ਡੀ ਏ ਨੂੰ ਛੱਡਣ ਵਾਲੇ ਅਕਾਲੀ ਦਲ ਨਾਲ ਮੁੜ ਗਠਜੋੜ ਦੀਆਂ ਸੰਭਾਵਨਾਵਾਂ ਬਾਰੇ ਕੋਈ ਸਿੱਧੀ ਟਿੱਪਣੀ ਕਰਨ ਤੋਂ ਗੁਰੇਜ਼ ਕੀਤਾ।

ਉਨ੍ਹਾ ਕਿਹਾ ਕਿ ਪੰਜਾਬ 'ਚ ਕਿਸੇ ਵੀ ਗਠਜੋੜ ਦੀ ਗੱਲਬਾਤ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਦਾ ਵਿਸ਼ੇਸ਼ ਅਧਿਕਾਰ ਹੈ।

## ਗੁਰਪਤਵੰਤ ਪਨੂੰ ਦੀ ਹਾਦਸੇ 'ਚ ਮੌਤ?



**ਵਾਸ਼ਿੰਗਟਨ** : ਖਬਰ ਹੈ ਕਿ 'ਸਿੱਖਸ ਫਾਰ ਜਸਟਿਸ' ਦਾ ਚੀਫ ਗੁਰਪਤਵੰਤ ਸਿੰਘ ਪਨੂੰ ਅਮਰੀਕਾ ਦੇ ਹਾਈਵੇ 101 'ਤੇ ਕਾਰ ਹਾਦਸੇ ਵਿਚ ਮਾਰਿਆ ਗਿਆ ਹੈ। ਉਹ ਵਿਦੇਸ਼ ਤੋਂ 'ਪੰਜਾਬ ਰੈਫਰੈਂਡਮ 2020' ਚਲਾ ਰਿਹਾ ਸੀ ਤੇ ਭਾਰਤ ਸਰਕਾਰ ਖਿਲਾਫ ਬਿਆਨਬਾਜ਼ੀ ਕਰਦਾ ਰਹਿੰਦਾ ਸੀ। ਉਸ 'ਤੇ ਪੰਜਾਬ ਵਿਚ ਖਾਲਿਸਤਾਨ ਦੇ ਨਾਅਰੇ ਲਿਖਣ ਵਾਲਿਆਂ ਨੂੰ ਪੈਸੇ ਦੇਣ ਦਾ ਦੋਸ਼ ਵੀ ਸੀ।







ਮੁੰਬਈ : ਇੱਥੇ ਚੂਨਾ ਭੱਠੀ ਇਲਾਕੇ 'ਚ ਬੁੱਧਵਾਰ ਸਵੇਰੇ ਕਾਲਜ ਨੇੜੇ ਸੜਕ ਦਾ ਵੱਡਾ ਹਿੱਸਾ ਧਸ ਗਿਆ, ਜਿਸ ਕਾਰਨ ਉੱਥੇ ਖੜ੍ਹੇ ਕਈ ਵਾਹਨ ਫਸ ਗਏ। ਉਧਰ, ਮੰਗਲਵਾਰ ਰਾਤ ਨਵੀਂ ਪੱਛਮੀ ਦਿੱਲੀ ਦੀ ਜਨਕਪੁਰੀ 'ਚ ਸੜਕ ਦਾ ਵੱਡਾ ਹਿੱਸਾ ਧਸ ਗਿਆ, ਜਿਸ ਕਾਰਨ ਆਵਾਜਾਈ ਪ੍ਰਭਾਵਤ ਹੋਈ।

## ਅੱਜ-ਨਾਮਾ

ਚਰਚਾ ਚਾਚੇ-ਭਤੀਜੇ ਦੀ ਬਹੁਤ ਭੜਕੀ,
ਸੁਣਦੇ ਚਸਕਿਆਂ ਨਾਲ ਹਨ ਲੋਕ ਬੇਲੀ।
ਦੋਵਾਂ ਪਾਸਿਉਂ ਲੱਗਣ ਪਏ ਦੋਸ਼ ਦੂਸ਼ਣ,
ਮਸਾਲਿਆਂ ਭਰੀ ਹੋਵੇ ਨੋਕ-ਝੋਕ ਬੇਲੀ।
ਚੌਧਰ ਖਾਤਰ ਹੈ ਦੋਵਾਂ ਦੀ ਹੋਈ ਟੱਕਰ,
ਦਾਅਵਾ ਦੋਵੇਂ ਹੀ ਰਹੇ ਉਹ ਠੋਕ ਬੇਲੀ।
ਸਾਊ ਸੱਜਣ ਹਨ ਦੋਵਾਂ ਨਾਲ ਬੜੇ ਥੋੜ੍ਹੇ,
ਬਾਹਲੇ ਬੁੱਕ ਰਹੇ ਸੁਣੇ ਗਏ ਬੋਕ ਬੇਲੀ।
ਤੀਸਰੀ ਧਿਰ ਕੋਈ ਦੋਵਾਂ ਨੂੰ ਜਾਏ ਚੁੱਕੀ,
ਦੇਂਦੀ ਦੋਵਾਂ ਨੂੰ ਟਿਕਣ ਨਾ ਬਹਿਣ ਬੇਲੀ।
ਜਿਹੜੇ ਪਾਸੇ ਨੂੰ ਗਈ ਆ ਤਿਲਕ ਗੱਡੀ,
ਚੌਧਰ ਦੋਵਾਂ ਦੀ ਲੱਗੀ ਨਾ ਰਹਿਣ ਬੇਲੀ।

-ਤੀਸ ਮਾਰ ਖਾਂ

# ਰਿਟਾਇਰਡ ਬਿਜਲੀ ਕਾਮਿਆਂ ਵੱਲੋਂ ਰੋਹ ਭਰਪੂਰ ਮੁਜ਼ਾਹਰਾ



**ਪਟਿਆਲਾ** : ਪਾਵਰਕਾਮ ਐਂਡ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਦੇ ਸੂਬਾ ਪੱਧਰੀ ਸੱਦੇ 'ਤੇ ਪੈਨਸ਼ਨਰਾਂ ਨੇ ਸੂਬੇ ਦੇ ਵੱਖ ਵੱਖ ਸਰਕਲਾਂ ਤੋਂ ਪਾਵਰਕਾਮ ਦੇ ਮੁੱਖ ਦਫਤਰ ਪਟਿਆਲਾ ਪਹੁੰਚ ਕੇ ਤਿੰਨਾਂ ਗੇਟਾਂ 'ਤੇ ਹਜ਼ਾਰਾਂ ਦੀ ਗਿਣਤੀ ਵਿੱਚ ਪਾਵਰ ਮੈਨੇਜਮੈਂਟ ਖਿਲਾਫ ਆਪਣੇ ਰੋਹ ਦਾ ਪ੍ਰਗਟਾਵਾ ਕੀਤਾ। ਇਕੱਤਰ ਜੁਝਾਰੂ ਪੈਨਸ਼ਨਰਾਂ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਸੂਬਾ ਪ੍ਰਧਾਨ ਰਾਧੇ ਸ਼ਿਆਮ ਅਤੇ ਜਨਰਲ ਸਕੱਤਰ ਅਮਰੀਕ ਸਿੰਘ ਮਸੀਤਾਂ ਨੇ ਕਿਹਾ ਕਿ ਪਾਵਰ ਮੈਨੇਜਮੈਂਟ ਦਾ ਰਵੱਈਆ ਪਿਛਲੇ ਲੰਮੇ ਅਰਸੇ ਤੋਂ ਲਗਾਤਾਰ ਟਾਲ-ਮਟੋਲ ਵਾਲਾ ਰਿਹਾ ਹੈ। ਜਥੇਬੰਦੀ ਪੈਨਸ਼ਨਰਜ਼ ਦੀਆਂ ਹੱਕੀ ਅਤੇ ਜਾਇਜ਼ ਮੰਗਾਂ ਦੀ ਪ੍ਰਾਪਤੀ ਲਈ 21 ਜੁਲਾਈ 2022 ਤੋਂ ਲਗਾਤਾਰ ਸੰਘਰਸ਼ ਕਰ ਰਹੀ ਹੈ, ਪਰੰਤੂ ਪਾਵਰਕਾਮ ਦੀ ਮੈਨੇਜਮੈਂਟ ਜਥੇਬੰਦੀ ਵੱਲੋਂ ਦਿੱਤੇ ਗਏ ਮੰਗ ਪੱਤਰ 'ਤੇ ਮੀਟਿੰਗ ਦੇ ਕੇ ਮਸਲੇ ਹੱਲ ਕਰਨ ਦੀ ਬਜਾਏ ਮਸਲਿਆਂ ਨੂੰ ਲਮਕ ਅਵਸਥਾ ਵਿੱਚ ਰੱਖ ਰਹੀ ਹੈ। ਆਗੂਆਂ ਪਾਵਰ ਮੈਨੇਜਮੈਂਟ 'ਤੇ ਦੋਸ਼ ਲਗਾਉਂਦਿਆ ਕਿਹਾ ਕਿ ਜਥੇਬੰਦੀ ਨੇ ਦਸੰਬਰ 2022 ਨੂੰ ਕਾਲੇ ਚੋਗੇ ਪਾ ਕੇ ਪਾਵਰਕਾਮ ਦੇ ਮੁੱਖ ਦਫਤਰ ਦੇ ਸਾਹਮਣੇ ਰੋਸ ਮਾਰਚ ਕੀਤਾ ਸੀ, ਜਿਸ ਦੇ ਮੱਦੇਨਜ਼ਰ ਮੈਨੇਜਮੈਂਟ ਨੇ ਸੰਘਰਸ਼ ਨੂੰ ਠੱਲ੍ਹਣ ਲਈ ਮੀਟਿੰਗਾਂ ਤਾਂ ਦਿੱਤੀਆਂ, ਪਰ ਐਨ ਮੌਕੇ 'ਤੇ ਆ ਕੇ ਇਹ ਮੀਟਿੰਗ ਰੱਦ ਕਰ ਦਿੱਤੀਆਂ ਬਗੈਰ ਅਗਲੇ ਸਮੇਂ ਵਿੱਚ ਮੀਟਿੰਗ ਦੀ ਤਰੀਕ ਨਿਸਚਿਤ ਕਰਨ ਤੋਂ ਆਗੂਆਂ ਨੇ ਕਿਹਾ ਕਿ ਪਾਵਰਕਾਮ ਪੰਜਾਬ ਸਰਕਾਰ ਦਾ ਇੱਕ ਅਜਿਹਾ ਮਹੱਤਵਪੂਰਨ ਅਦਾਰਾ ਹੈ, ਜਿਸ ਵਿੱਚ ਕੰਮ ਕਰਦੇ ਸੈਂਕੜੇ ਕਰਮਚਾਰੀਆਂ ਦੀਆਂ ਜਾਨਾਂ ਵੀ ਗਈਆਂ, ਫਿਰ ਵੀ ਇਸ ਅਦਾਰੇ ਦੀ ਡਿਵੈੱਲਪਮੈਂਟ ਵਿੱਚ ਕਾਮਿਆਂ ਦਾ ਮਹੱਤਵਪੂਰਨ ਰੋਲ ਹਮੇਸ਼ਾ ਰਿਹਾ ਹੈ। ਇਸ ਕਰਕੇ ਹੀ ਇਸ ਅਦਾਰੇ ਵਿੱਚ ਕੰਮ ਕਰਦੇ ਕਰਮਚਾਰੀਆਂ ਦੀ ਤਨਖਾਹ ਅਤੇ ਹੋਰ ਸਹੂਲਤਾਂ ਚੰਗੀਆਂ ਸਨ, ਪਰੰਤੂ ਅੱਜ ਪਾਵਰਕਾਮ ਦੀ ਮੈਨੇਜਮੈਂਟ ਨੇ ਇਸ ਅਦਾਰੇ ਦੇ ਕਰਮਚਾਰੀਆਂ, ਜੋ ਅੱਜ ਪੈਨਸ਼ਨਰਜ਼ ਦੇ ਰੂਪ ਵਿੱਚ ਆਪਣੀ ਜ਼ਿੰਦਗੀ ਬਤੀਤ ਕਰ ਰਹੇ ਹਨ, ਦੀਆਂ ਪੈਨਸ਼ਨਾਂ ਪੰਜਾਬ ਦੇ ਪੈਨਸ਼ਨਰਜ਼ ਤੋਂ ਘੱਟ ਕਰ ਦਿੱਤੀਆ ਹਨ। ਇੱਥੋਂ ਤੱਕ ਕਿ ਪੰਜਾਬ ਪੇ ਕਮਿਸ਼ਨ ਦੀਆਂ ਪੈਨਸ਼ਨਰਜ਼/ਤਨਖਾਹ ਲਈ ਦਿੱਤੀ ਗਈ ਰਿਪੋਰਟ ਨੂੰ 2 ਸਾਲ ਤੋਂ ਵੱਧ ਸਮਾਂ ਹੋ ਗਿਆ ਹੈ, ਲਾਗੂ ਨਹੀਂ ਕੀਤਾ ਜਾ ਰਿਹਾ। ਅਨੇਕਾਂ ਪੈਨਸ਼ਨਰਜ਼ ਪੰਜਾਬ ਸਰਕਾਰ ਦੇ ਪੇ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਲਾਗੂ ਹੋਣ ਦੀ ਉਡੀਕ ਕਰਦੇ ਰੱਬ ਨੂੰ ਪਿਆਰੇ ਹੋ ਗਏ ਹਨ। ਪੰਜਾਬ ਦੇ ਪੇ ਕਮਿਸ਼ਨ ਨੇ ਪਾਵਰਕਾਮ ਦੇ ਪੈਨਸ਼ਨਰਾਂ ਵਿੱਚ ਵਾਧਾ 2.59 ਦੇ ਗੁਣਾਂਕ ਕੀਤਾ ਹੈ, ਪਰੰਤੂ ਇਸ ਨੂੰ ਲਾਗੂ ਨਹੀਂ ਕੀਤਾ ਜਾ ਰਿਹਾ। ਪੰਜਾਬ ਸਰਕਾਰ ਦੇ ਪੇ ਕਮਿਸ਼ਨ ਨੇ ਪੁਰਾਣੇ ਪੈਨਸ਼ਨਰਜ਼ ਅਤੇ ਨਵੇਂ ਪੈਨਸ਼ਨਰਜ਼ ਦੀਆਂ ਪੈਨਸ਼ਨਾਂ ਵਿੱਚ ਵੱਡੇ ਅੰਤਰ ਨੂੰ ਘਟਾਉਣ ਲਈ 3 ਪ੍ਰਤੀਸ਼ਤ ਦੇ ਨੈਸ਼ਨਲ ਵਾਧੇ ਨੂੰ ਪੈਨਸ਼ਨਾਂ ਵਧਾਉਣ ਲਈ ਲਾਗੂ ਨਹੀਂ ਕੀਤਾ। ਪੰਜਾਬ ਸਰਕਾਰ ਨੇ ਪੈਨਸ਼ਨਰਜ਼ ਨੂੰ ਬਗੈਰ ਕਿਸੇ ਸ਼ਰਤਾਂ ਤੋਂ 23 ਸਾਲ ਐਡਵਾਂਸ ਪ੍ਰਮੋਸ਼ਨਲ ਤਰੱਕੀ ਦਾ ਲਾਭ ਬਹੁਤ ਚਿਰ ਪਹਿਲਾ ਦਿੱਤਾ ਹੈ, ਪਰੰਤੂ ਪਾਵਰਕਾਮ ਦੀ ਮੈਨੇਜਮੈਂਟ ਪਾਵਰਕਾਮ ਦੇ ਪੈਨਸ਼ਨਰਜ਼ ਨੂੰ ਇਹ ਲਾਭ ਨਹੀਂ ਦੇ ਰਹੀ। ਪਾਵਰ ਮੈਨੇਜਮੈਂਟ ਐਕਸੀਡੈਂਟ ਕੇਸਾਂ ਵਿੱਚ ਐੱਕਸ ਗ੍ਰੇਸ਼ੀਆ ਗ੍ਰਾਂਟ ਵੀ ਘੱਟ ਦੇ ਰਹੀ ਹੈ। ਇਸੇ ਤਰ੍ਹਾਂ ਨਵੇਂ ਸੇਵਾ-ਮੁਕਤ ਹੋ ਰਹੇ ਕਰਮਚਾਰੀਆਂ ਨੂੰ ਪਿਛਲੇ ਛੇ ਮਹੀਨਿਆਂ ਤੋ ਗ੍ਰੈਚੁਟੀ ਅਤੇ ਲੀਵਇਨਕੈਸ਼ਮੈਂਟ ਦੇ ਲਾਭ ਨਹੀ ਦਿੱਤੇ ਜਾ ਰਹੇ। ਪੰਜਾਬ ਸਰਕਾਰ ਦੇ ਪੈਨਸ਼ਨਰਜ਼ ਦਾ ਪੰਜਾਬ ਡਿਵੈੱਲਪਮੈਂਟ ਟੈਕਸ 200 ਰੁਪਏ ਪ੍ਰਤੀ ਮਹੀਨਾ ਨਹੀਂ ਕੱਟਿਆ ਜਾਂਦਾ, ਪਰੰਤੂ ਪਾਵਰਕਾਮ ਦੀ ਮੈਨੇਜਮੈਂਟ 19 ਅਪਰੈਲ 2018 ਤੋਂ ਪਾਵਰਕਾਮ ਦੇ ਪੈਨਸ਼ਨਰਜ਼ ਦਾ 200 ਰੁਪਏ ਪ੍ਰਤੀ ਮਹੀਨਾ ਕੱਟ ਰਹੀ ਹੈ। ਭਾਵੇਂ ਪਾਵਰਕਾਮ ਦੀ ਮੈਨੇਜਮੈਂਟ ਨੇ ਨਵੰਬਰ 2022 ਅਤੇ ਜਨਵਰੀ 2023 ਤੋਂ ਜਥੇਬੰਦੀ ਦੇ ਸਦਕਾ ਕੱਟਣਾ ਬੰਦ ਕਰ ਦਿੱਤਾ ਹੈ, ਪਰੰਤੂ ਇਹ ਨਜਾਇਜ ਕੱਟਿਆ ਗਿਆ ਡਿਵੈੱਲਪਮੈਂਟ ਟੈਕਸ ਵਿਆਜ ਸਮੇਤ ਵਾਪਸ ਨਹੀਂ ਕਰ ਰਹੀ, ਸਗੋਂ ਪੰਜਾਬ ਸਰਕਾਰ ਨੇ ਹੁਣ ਫਿਰ ਡਿਵੈੱਲਪਮੈਂਟ ਟੈਕਸ ਕੱਟਣ ਦਾ ਪੱਤਰ ਜਾਰੀ ਕਰ ਦਿੱਤਾ ਹੈ।

ਆਗੂਆਂ ● ਬਾਕੀ ਸਫ਼ਾ 2 'ਤੇ

## ਦਸਤ ਰੋਕੂ ਪੰਦਰਵਾੜਾ ਮਨਾਇਆ

**ਸਮਰਾਲਾ, (ਸੁਰਜੀਤ ਸਿੰਘ)** ਸਥਾਨਕ ਸਿਵਲ ਹਸਪਤਾਲ ਵਿਖੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਤਾਰਕਜੋਤ ਸਿੰਘ ਦੀ ਅਗਵਾਈ ਹੇਠ ਤੀਬਰ ਦਸਤ ਰੋਕੂ ਪੰਦਰਵਾੜਾ 4 ਜੁਲਾਈ ਤੋਂ 17 ਜੁਲਾਈ ਤੱਕ ਮਨਾਇਆ ਜਾ ਰਿਹਾ ਹੈ। ਇਸ ਮੌਕੇ ਡਾਕਟਰ ਤਾਰਕਜੋਤ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਬਚਪਨ ਵਿੱਚ ਡਾਇਰੀਆ ਨਾਲ ਹੋਣ ਵਾਲੀਆਂ ਮੌਤਾਂ ਨੂੰ ਜ਼ੀਰੋ ਕਰਨ ਦੇ ਉਦੇਸ਼ ਨਾਲ ਇਹ ਪੰਦਰਵਾੜਾ ਮਨਾਇਆ ਜਾ ਰਿਹਾ ਹੈ। ਜੇਕਰ ਬੱਚਾ ਦਿਨ ਵਿੱਚ 3 ਤੋਂ ਜ਼ਿਆਦਾ ਵਾਰ ਪਤਲਾ/ਪਾਣੀ ਵਰਗਾ ਪਖਾਨਾ ਕਰ ਰਿਹਾ ਹੈ ਤਾਂ ਉਸ ਨੂੰ ਦਸਤ ਕਿਹਾ ਜਾਂਦਾ ਹੈ ਅਤੇ ਵਾਰ ਵਾਰ ਪਖਾਨਾ ਆਉਣ ਨਾਲ ਬੱਚੇ ਨੂੰ ਪਾਣੀ ਦੀ ਕਮੀ ਹੋਣ ਦੀ ਸੰਭਾਵਨਾ ਹੁੰਦੀ ਹੈ। ਉਨ੍ਹਾਂ ਨੇ ਕਿਹਾ ਕਿ ਦਸਤ ਲੱਗਣ 'ਤੇ ਇਹ ਜ਼ਰੂਰੀ ਹੈ ਕਿ ਹਰ ਪਖਾਨੇ ਤੋਂ ਬਾਅਦ ਬੱਚੇ ਨੂੰ ਓ.ਆਰ.ਐਸ ਦਾ ਘੋਲ ਦਿੱਤਾ ਜਾਵੇ ਅਤੇ ਨਾਲ ਹੀ 14 ਦਿਨ ਲਈ ਜ਼ਿੰਕ ਦੀ ਗੋਲੀ ਦਿੱਤੀ ਜਾਵੇ ਤਾਂ ਕੇ ਬੱਚੇ ਨੂੰ ਵਾਰ-ਵਾਰ ਦਸਤ ਨਾ ਹੋਵੇ। ਇਸ ਤੋਂ ਬਚਣ ਲਈ ਕੁਝ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ ਹਨ ਜਿਵੇਂ ਕਿ ਸਾਫ ਪਾਣੀ ਪੀਣਾ ਚਾਹੀਦਾ ਹੈ, ਪੀਣ ਵਾਲੇ ਪਾਣੀ ਨੂੰ ਢਕ ਕੇ ਰੱਖਣਾ ਚਾਹੀਦਾ ਹੈ, ਆਪਣਾ ਆਲਾ-ਦੁਆਲਾ ਸਾਫ ਰੱਖਣਾ ਚਾਹੀਦਾ ਹੈ, ਨਵਜੰਮੇ ਬੱਚੇ ਨੂੰ ਪਹਿਲੇ ਛੇ ਮਹੀਨੇ ਸਿਰਫ ਮਾਂ ਦਾ ਦੁੱਧ ਦੇਣਾ ਚਾਹੀਦਾ ਹੈ, ਹੱਥ ਚੰਗੀ ਤਰ੍ਹਾਂ ਧੋਣੇ ਚਾਹੀਦੇ ਹਨ, ਖੁੱਲ੍ਹੇ ਵਿਚ ਪਖਾਨੇ ਜਾਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਇਸ ਮੌਕੇ ਸਿਵਲ ਹਸਪਤਾਲ ਸਮਰਾਲਾ ਵਿਖੇ ਓ.ਆਰ.ਐਸ ਕਾਰਨਰ ਬਣਾਏ ਗਏ ਹਨ ਜਿੱਥੇ ਲੋਕਾਂ ਨੂੰ ਇਸ ਸੰਬੰਧੀ ਜਾਗਰੂਕਤਾ ਦਿੱਤੀ ਜਾ ਰਹੀ ਅਤੇ ਓ.ਆਰ.ਐਸ ਪੈਕਟ ਵੰਡੇ ਜਾ ਰਹੇ ਹਨ। ਸਿਵਲ ਹਸਪਤਾਲ ਸਮਰਾਲਾ ਦੀਆ ਟੀਮਾਂ ਵੱਲੋਂ ਸ਼ਹਿਰ ਦੇ ਸਕੂਲਾਂ ਵਿੱਚ ਬੱਚਿਆਂ ਨੂੰ ਹੱਥਾਂ ਦੀ ਸਫਾਈ ਸੰਬੰਧੀ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਆਸ਼ਾ ਵਰਕਰਾਂ ਵੱਲੋਂ ਸ਼ਹਿਰ ਦੀਆਂ ਗਲੀ-ਮਹੱਲੇ ਵਿੱਚ ਜਾ ਕੇ ਇਸ ਸੰਬੰਧੀ ਜਾਗਰੂਕਤਾ ਦਿੱਤੀ ਜਾ ਰਹੀ ਹੈ ਅਤੇ ਓ.ਆਰ.ਐਸ ਪੈਕੇਟ ਵੰਡੇ ਜਾ ਰਹੇ ਹਨ। ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਤਾਰਕਜੋਤ ਸਿੰਘ, ਨਰਸਿੰਗ ਸਿਸਟਰ ਅਪਵਿੰਦਰ ਕੌਰ, ਬਲਦੀਸ਼ ਕੌਰ ਏ.ਐਨ.ਐਮ, ਪ੍ਰਦੀਪ ਕੁਮਾਰ ਮਲਟੀਪਰਪਜ਼ ਹੈਲਥ ਵਰਕਰ, ਆਸ਼ਾ ਵਰਕਰ ਗੁਰਮੀਤ ਕੌਰ, ਪਵਿੰਦਰ ਕੌਰ, ਕਮਲੇਸ਼ ਰਾਣੀ ਅਤੇ ਸਿਵਲ ਹਸਪਤਾਲ ਸਮਰਾਲਾ ਦਾ ਸਮੂਹ ਸਟਾਫ।

## ਵਧੀਕ ਡਿਪਟੀ ਕਮਿਸ਼ਨਰ ਨੇ ਵਿਕਾਸ ਪ੍ਰੋਜੈਕਟਾਂ ਦੀ ਕੀਤੀ ਸਮੀਖਿਆ

**ਜਲਾਲਾਬਾਦ, (ਜੀਤ ਕੁਮਾਰ)** -ਵਧੀਕ ਡਿਪਟੀ ਕਮਿਸ਼ਨਰ (ਵਿ) ਅਮਿਤ ਪਾਂਚਾਲ ਨੇ ਬਲਾਕ ਜਲਾਲਾਬਾਦ ਤੇ ਅਰਨੀਵਾਲਾ ਸ਼ੇਖ ਸੁਭਾਨ ਵਿਖੇ ਮਗਨਰੇਗਾ, ਵਿਤ ਕਮਿਸ਼ਨ, ਸਵੱਛ ਭਾਰਤ ਮਿਸ਼ਨ, ਸੋਲਿਡ ਵੇਸਟ ਤੇ ਲਿਕਿਉਡ ਵੇਸਟ, ਪੰਜਾਬ ਨਿਰਮਾਣ ਸਕੀਮ ਆਦਿ ਵੱਖ ਵੱਖ ਸਕੀਮਾਂ ਅਧੀਨ ਚੱਲ ਰਹੇ ਤੇ ਨਵੇਂ ਹੋਣ ਵਾਲੇ ਵਿਕਾਸ ਕੰਮਾਂ ਸੰਬੰਧੀ ਅਧਿਕਾਰੀਆਂ ਨਾਲ ਸਮੀਖਿਆ ਮੀਟਿੰਗ ਕੀਤੀ। ਬੈਠਕ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਅਧਿਕਾਰੀ ਫੀਲਡ ਵਿਚ ਰਹਿ ਕੇ ਵੱਧ ਤੋਂ ਵੱਧ ਚੱਲ ਰਹੇ ਵਿਕਾਸ ਪ੍ਰੋਜੈਕਟਾਂ ਦੀ ਨਜ਼ਰਸਾਨੀ ਕਰਨ ਅਤੇ ਨਵੇਂ ਵਿਕਾਸ ਪ੍ਰੋਜੈਕਟਾ ਦੀ ਯੋਜਨਾ ਉਲੀਕੀ ਜਾਵੇ। ਉਨ੍ਹਾਂ ਕਿਹਾ ਕਿ ਮਗਨਰੇਗਾ ਸਕੀਮ ਅਧੀਨ ਜੋਬ ਕਾਰਡ ਹੋਲਡਰਾਂ ਨੂੰ ਵੱਧ ਤੋਂ ਵੱਧ ਦਿਹਾੜੀਆਂ ਦਿੱਤੀਆਂ ਜਾਣ ਜਿਸ ਨਾਲ ਪਿੰਡਾਂ ਦਾ ਵਿਕਾਸ ਤਾਂ ਹੋਵੇਗਾ ਹੀ ਤੇ ਲੋਕਾਂ ਨੂੰ ਵੀ ਰੋਜ਼ਗਾਰ ਦੇ ਮੌਕ ਵੀ ਮਿਲਣਗੇ। ਉਨ੍ਹਾਂ ਕਿਹਾ ਕਿ ਮਗਨਰੇਗਾ ਅਧੀਨ ਸਮੂਹ ਸਟਾਫ ਗ੍ਰਾਮ ਰੋਜ਼ਗਾਰ ਸੇਵਕ, ਟੀ.ਏ., ਟੈਕਨੀਕਲ ਟੀਮ, ਏ.ਪੀ.ਓ ਨੂੰ ਹਦਾਇਤਾਂ ਕੀਤੀਆਂ ਕਿ ਪ੍ਰਾਪਤ ਟੀਚਿਆਂ ਨੂੰ ਹਰ ਹੀਲੇ ਤੈਅ ਸਮੇਂ ਅੰਦਰ ਮੁਕੰਮਲ ਕਰਨਾ ਯਕੀਨੀ ਬਣਾਇਆ ਜਾਵੇ। ਵਧੀਕ ਡਿਪਟੀ ਕਮਿਸ਼ਨਰ ਨੇ ਪਿੰਡਾਂ ਅੰਦਰ 15ਵੇਂ ਵਿਤ ਕਮਿਸ਼ਨਰ, ਸੋਲਿਡ ਵੇਸਟ ਮੈਨੇਜਮੈਂਟ ਤੇ ਲਿਕਵਿਡ ਮੈਨੇਜਮੈਂਟ ਸਕੀਮ, ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ, ਪੰਜਾਬ ਨਿਰਮਾਣ ਸਕੀਮ, ਰੂਰਲ ਲਾਈਵਲੀਹੁਡ ਮਿਸ਼ਨ ਸਕੀਮ, ਪੰਚਾਇਤ ਵਿਭਾਗ ਅਧੀਨ ਮੁਕੰਮਲ ਹੋ ਚੁੱਕੇ ਵਿਕਾਸ ਪ੍ਰੋਜੈਕਟਾਂ ਦੇ ਵਰਤੋਂ ਸਰਟੀਫਿਕੇਟ ਜਮ੍ਹਾਂ ਕਰਵਾਉਣ ਦੀਆਂ ਹਦਾਇਤਾਂ ਜਾਰੀ ਕੀਤੀਆਂ। ਇਸ ਮੌਕੇ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਸੰਜੀਵ ਕੁਮਾਰ, ਮਗਨਰੇਗਾ ਸਟਾਫ ਅਸ਼ੀਸ਼ ਲੂਣਾ, ਸੁਰੇਸ਼, ਵਿਵੇਕ ਵਰਮਾ ਆਦਿ ਸਟਾਫ ਮੌਜੂਦ ਸੀ।

## ਸਿਰਸਾ ਜ਼ਿਲ੍ਹੇ ਨੂੰ ਨਸ਼ਾ ਮੁਕਤ ਕਰਨ ਲਈ ਅਭਿਆਨ ਤੇਜ਼

**ਸਿਰਸਾ (ਸੁਰਿੰਦਰ ਪਾਲ ਸਿੰਘ)** - ਸਹਾਇਕ ਕਮਿਸ਼ਨਰ (ਸਿਖਲਾਈ) ਯਸ਼ ਜਾਲੂਕਾ ਦਾ ਕਹਿਣਾ ਹੈ ਕਿ ਕਿ ਨਸ਼ਾ ਮੁਕਤ ਸਿਰਸਾ ਅਭਿਆਨ ਤਹਿਤ ਜ਼ਿਲ੍ਹੇ ਦੇ ਪਿੰਡ ਸੁਬਾਖੇੜਾ, ਅਲੀ ਮੁਹੰਮਦ, ਚਤਰਗੜ੍ਹ ਪੱਤੀ ਅਤੇ ਰੋਹਨ ਆਦੀ ਪਿੰਡਾਂ ਵਿੱਚ ਨਸ਼ਾ ਛੁਡਾਉਣ ਲਈ ਮੁਫ਼ਤ ਜਾਂਚ ਅਤੇ ਇਲਾਜ ਕੈਂਪ ਲਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕੈਂਪਾਂ ਵਿੱਚ 35 ਦੇ ਕਰੀਬ ਨਸ਼ਾ ਪੀੜਤਾਂ ਦੀ ਕਾਊਂਸਲਿੰਗ ਕੀਤੀ ਗਈ ਅਤੇ ਉਨ੍ਹਾਂ ਦੇ ਲੋੜੀਂਦੇ ਟੈਸਟ ਅਤੇ ਇਲਾਜ ਦੇ ਨਾਲ-ਨਾਲ ਉਨ੍ਹਾਂ ਨੂੰ ਮੁਫ਼ਤ ਦਵਾਈਆਂ ਵੀ ਵੰਡੀਆਂ ਗਈਆਂ।ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਦੀ ਇਹ ਕੋਸ਼ਿਸ਼ ਹੈ ਕਿ ਜੋ ਵਿਅਕਤੀ ਨਸ਼ਾ ਛੱਡਣ ਲਈ ਅੱਗੇ ਆਉਣਾ ਚਾਹੁੰਦਾ ਹੈ, ਉਹ ਇਨ੍ਹਾਂ ਕੈਂਪਾਂ ਵਿੱਚ ਪਹੁੰਚ ਕੇ ਆਪਣਾ ਇਲਾਜ ਕਰਵਾਏ।ਇਲਾਜ ਅਧੀਨ ਵਿਅਕਤੀ ਦੀ ਪਛਾਣ ਗੁਪਤ ਰੱਖੀ ਜਾਵੇਗੀ ਅਤੇ ਉਸ ਦਾ ਇਲਾਜ ਮੁਫਤ ਹੋਵੇਗਾ, ਜਿਸ ਵਿਚ ਵੱਖ-ਵੱਖ ਟੈਸਟ ਅਤੇ ਦਵਾਈਆਂ ਸ਼ਾਮਲ ਹਨ।ਜਾਲੂਕਾ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਵੀਡੀਓ ਕਾਨਫਰੰਸ ਰਾਹੀਂ ਕੀਤੀ। ਮੀਟਿੰਗ ਦੌਰਾਨ ਦੱਸਿਆ ਕਿ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਪਿੰਡਾਂ ਵਿੱਚ ਸਕੂਲੀ ਵਿਦਿਆਥੀਆਂ ਦੇ ਸਵੇਰ ਦੇ ਜਲੂਸ ਕੱਢੇ ਜਾਣ ਅਤੇ ਪਿੰਡ ਵਾਸੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਇਆ ਜਾਵੇ। ਉਨ੍ਹਾਂ ਪੀ.ਓ.ਆਈ.ਸੀ.ਡੀ.ਐਸ ਬਾਲ ਭਲਾਈ ਕੌਂਸਲ ਅਤੇ ਨਹਿਰੂ ਯੁਵਾ ਕੇਂਦਰ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਸੰਬੰਧਤ ਪਿੰਡਾਂ ਦੇ ਪੰਚਾਂ-ਸਰਪੰਚਾਂ ਦੀ ਵੱਧ ਤੋਂ ਵੱਧ ਸ਼ਮੂਲੀਅਤ ਯਕੀਨੀ ਬਣਾਉਣ ਅਤੇ ਪਿੰਡਾਂ ਵਿੱਚ ਜਾਗਰੂਕਤਾ ਪ੍ਰੋਗਰਾਮ ਚਲਾ ਕੇ ਵੱਧ ਤੋਂ ਵੱਧ ਨਸ਼ਾ ਪੀੜਤਾਂ ਨੂੰ ਕੈਂਪਾਂ ਵਿੱਚ ਆ ਕੇ ਆਪਣਾ ਇਲਾਜ ਕਰਵਾਉਣ ਲਈ ਪ੍ਰੇਰਿਤ ਕਰਨ।

## ਰਾਮਗੜ੍ਹੀਆ ਵੈੱਲਫੇਅਰ ਕੌਂਸਲ ਨੇ ਜ਼ਰੂਰਤਮੰਦ ਪਰਵਾਰਾਂ ਨੂੰ ਰਾਸ਼ਨ ਵੰਡਿਆ



**ਜਗਰਾਉ (ਅਮਿਤ ਖੰਨਾ)**- ਰਾਮਗੜ੍ਹੀਆ ਵੈਲਫੇਅਰ ਕੌਂਸਲ ਰਜਿ. 171 ਅਤੇ ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਰਜਿ.133 ਜਗਰਾਉਂ ਵੱਲੋਂ ਗੁਰਦੁਆਰਾ ਵਿਸ਼ਵਕਰਮਾ ਮੰਦਰ ਅੱਡਾ ਰਾਏਕੋਟ ਵਿਖੇ ਹਰੇਕ ਮਹੀਨੇ ਦੀ ਤਰ੍ਹਾਂ ਇਸ ਮਹੀਨੇ 17 ਜ਼ਰੂਰਤਮੰਦ ਪਰਵਾਰਾਂ ਨੂੰ ਰਾਸ਼ਨ ਵੰਡਿਆ ਗਿਆ। ਇਸ ਮੌਕੇ ਸਰਪ੍ਰਸਤ ਬਾਬਾ ਮੋਹਣ ਸਿੰਘ ਸੱਗੂ ਅਤੇ ਹਰਜਿੰਦਰ ਸਿੰਘ ਮੁਧੜ, ਜਗਦੇਵ ਸਿੰਘ ਮਠਾੜੂ ਨੇ ਕਿਹਾ ਕਿ ਇਹ ਸੰਸਥਾ ਪਿਛਲੇ 12 ਸਾਲਾਂ ਤੋਂ ਲਗਾਤਾਰ ਰਾਸ਼ਨ ਵੰਡਦੇ ਆ ਰਹੀ ਹੈ। ਸਾਨੂੰ ਜ਼ਰੂਰਤਮੰਦ ਲੋਕਾਂ ਦੀ ਸੇਵਾ ਕਰਨੀ ਚਾਹੀਦੀ ਹੈ ਅਤੇ ਸਮਾਜ ਵਿਚ ਸਮਾਜ ਸੇਵੀ ਕੰਮ ਕਰਨੇ ਚਾਹੀਦੇ ਹਨ। ਇਸ ਮੌਕੇ ਸਰਪ੍ਰਸਤ ਦਰਸ਼ਨ ਸਿੰਘ ਸੱਗੂ, ਸਰਪ੍ਰਸਤ ਬਾਬਾ ਮੋਹਣ ਸਿੰਘ ਸੱਗੂ, ਸਰਪ੍ਰਸਤ ਬਲਵੰਤ ਸਿੰਘ ਪਨੇਸਰ, ਸੁਰਜੀਤ ਸਿੰਘ ਐਸ ਡੀ ਓ, ਖਜ਼ਾਨਚੀ ਦਰਸ਼ਨ ਸਿੰਘ ਕਲਸੀ, ਜਸਵੰਤ ਸਿੰਘ ਸੱਗੂ, ਰਾਜਵੰਤ ਸਿੰਘ ਸੱਗੂ, ਨਛੱਤਰ ਸਿੰਘ ਕਲਸੀ, ਪ੍ਰਿੰਸੀਪਲ ਜਗਮੋਹਨ ਸਿੰਘ, ਮਨਮੋਹਨ ਸਿੰਘ ਕਲਸੀ, ਭੁਪਿੰਦਰ ਸਿੰਘ ਉੱਭੀ, ਤਰਲੋਚਨ ਸਿੰਘ ਪਨੇਸਰ, ਹਰਜਿੰਦਰ ਸਿੰਘ ਮੁਧੜ , ਭਵਨਜੀਤ ਸਿੰਘ ਉੱਭੀ, ਹਰਦਿਆਲ ਸਿੰਘ ਮੁੰਡੇ, ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਪ੍ਰਧਾਨ ਰਾਜਿੰਦਰ ਸਿੰਘ ਰਿੰਕੂ, ਸਰਪ੍ਰਸਤ ਜਗਦੇਵ ਸਿੰਘ ਮਠਾੜੂ, ਭਵਨਜੀਤ ਸਿੰਘ ਉਭੀ, ਬਲਵਿੰਦਰ ਸਿੰਘ ਪੱਪਾ, ਗੁਰਸੇਵਕ ਸਿੰਘ ਮੱਲ੍ਹਾ, ਰਾਜਵੰਤ ਸਿੰਘ ਸੱਗੂ, ਜਿੰਦਰ ਸਿੰਘ ਵਿਰਦੀ ਆਦਿ ਹਾਜ਼ਰ ਸਨ।

## ਸਾਈਂ ਦਰਸ਼ਨ ਨਾਥ ਦੀ ਯਾਦ 'ਚ ਕਵਾਲੀ ਮਹਿਫ਼ਲ

**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ,ਜਗਦੀਸ਼ ਰਾਏ)** - ਰੋਪੜ ਰੋਡ 'ਤੇ ਸਥਿਤ ਬਾਬਾ ਬਲੀਆ ਦੇ ਦਰਬਾਰ ਵਿਚ ਜੋਗੀ ਨਾਥਾਂ ਦੇ ਪ੍ਰਮੁੱਖ ਆਗੂ ਰਹੇ ਸਾਈਂ ਦਰਸ਼ਨ ਨਾਥ ਦੀ ਯਾਦ 'ਚ ਜੋਗੀ ਨਾਥ ਭਾਈਚਾਰੇ ਵੱਲੋਂ ਕਵਾਲੀ ਮਹਿਫ਼ਲ ਸਜਾਈ ਗਈ। ਇਸ ਮਹਿਫ਼ਲ ਵਿਚ ਮਲੇਰਕੋਟਲਾ ਤੋਂ ਉਚੇਚੇ ਤੌਰ 'ਤੇ ਪਹੁੰਚੇ ਸ਼ੱਬੀਰ ਅਲੀ ਸਲੀਮ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਲਗਾਤਾਰ 3 ਘੰਟੇ ਕਵਾਲੀਆਂ ਸੁਣਾਈਆਂ ਜਿਸ ਵਿਚ 'ਸੁਣ ਪਾਕ ਪਟਨ ਦੇ ਰਾਂਝਿਆਂ ਵੇ, ਤੇਰੇ ਦਰ 'ਤੇ ਹੀਰਾਂ ਖੜ੍ਹੀਆਂ ਨੇ' ਆਦਿ ਸੂਫ਼ੀਆਨਾ ਕਲਾਮ ਪੇਸ਼ ਕੀਤੇ। ਕਵਾਲ ਪਾਰਟੀ ਨੂੰ ਸਨਮਾਨਤ ਕਰਨ ਦੀ ਰਸਮ ਬਾਬਾ ਗੁਰਦਾਸ, ਡਾਇਰੈਕਟਰ ਗੁਰਮੁਖ ਦੀਪ, ਬਾਬਾ ਪ੍ਰੇਮ ਸਿੰਘ, ਭੋਲਾ, ਨੰਦੂ, ਪੰਨੂੰ, ਰਾਹਲ, ਮੈਸ਼ੀ ਸਾਦਿਕ, ਦਿਲਬਰ, ਨਸੀਬ ਬਿੱਲੂ ਆਦਿ ਨੇ ਅਦਾ ਕੀਤੀ।

## ਦਿਆਲਪੁਰਾ ਦੇ ਸਕੂਲ ਨੂੰ ਮਿਲੀ ਵੈਨ

**ਬਰੇਟਾ (ਰੀਤਵਾਲ)**-ਸਕੂਲ 'ਚ ਦੂਰ ਦੁਰਾਡੇ ਤੋਂ ਆਉਣ ਵਾਲੇ ਵਿਦਿਆਰਥੀਆਂ ਦੇ ਮਾਪਿਆਂ ਦੀ ਮੰਗ ਨੂੰ ਲੈ ਕੇ ਦਾਨੀ ਸੱਜਣਾਂ ਦੇ ਸਹਿਯੋਗ ਸਦਕਾ ਪਿੰਡ ਦਿਆਲਪੁਰਾ ਦੇ ਸਰਕਾਰੀ ਪ੍ਰਾਇਮਰੀ ਸਕੂਲ 'ਚ ਵੈਨ ਦਾ ਪ੍ਰਬੰਧ ਕੀਤਾ ਗਿਆ। ਜਿਸ ਨੂੰ ਅੱਜ ਜ਼ਿਲ੍ਹਾ ਉਪ ਜ਼ਿਲ੍ਹਾ ਸਿੱਖਿਆ ਅਫਸਰ ਗੁਰਲਾਭ ਸਿੰਘ ਅਤੇ ਸਰਪੰਚ ਸ਼ਲਿੰਦਰ ਸਿੰਘ, ਚੇਅਰਮੈਨ ਗੁਰਦਾਸ ਸਿੰਘ ਨੇ ਸਾਂਝੇ ਰੂਪ 'ਚ ਝੰਡੀ ਦੇ ਕੇ ਰਵਾਨਾ ਕੀਤਾ। ਇਸ ਮੌਕੇ ਕੁਲਵਿੰਦਰ ਸਿੰਘ ਸੈਂਟਰ ਹੈੱਡਟੀਚਰ ਨੇ ਦੱਸਿਆ ਕਿ ਦਾਨੀ ਸੱਜਣਾਂ ਦੇ ਸਹਿਯੋਗ ਸਦਕਾ ਇਸ ਵੈਨ ਦਾ ਉਪਰਾਲਾ ਕੀਤਾ ਗਿਆ ਹੈ। ਇਸ ਮੌਕੇ ਸਟਾਫ ਕੁਲਦੀਪ ਕੌਰ, ਗੁਰਪ੍ਰੀਤ ਕੌਰ, ਸੀਮਾ ਰਾਣੀ, ਪਰਵਿੰਦਰ ਕੌਰ, ਰਾਜਦੀਪ ਕੌਰ, ਇੰਦੂ, ਭਗਵੰਤ ਕੌਰ, ਸ਼ਾਂਤੀ ਦੇਵੀ, ਕਰਮਜੀਤ ਕੌਰ ਅਤੇ ਡੀ ਆਰ ਪੀ ਅਕਬਰ ਸਿੰਘ, ਇਕਬਾਲ ਸਿੰਘ, ਲਖਵਿੰਦਰ ਕੁਮਾਰ, ਲਖਵਿੰਦਰ ਸਿੰਘ ਰਿੰਕੂ, ਕਲੱਬ ਪ੍ਰਧਾਨ ਗੁਰਦੀਪ ਸਿੰਘ, ਹਰਵਿੰਦਰ ਸਿੰਘ ਦਰੋਗਾ, ਸਮਾਜ ਸੇਵੀ ਬਿੰਦਰ ਸਿੰਘ, ਜਗਦੀਪ ਸਿੰਘ, ਰਿੰਪੀ ਕੌਰ, ਗੁਰਪ੍ਰੀਤ ਕੌਰ, ਹਰਦੀਪ ਸਿੰਘ ਤੋਂ ਇਲਾਵਾ ਬੱਚੇ ਅਤੇ ਮਾਪੇ ਹਾਜ਼ਰ ਸਨ।

## ਜਾਖੜ ਨੂੰ ਭਾਜਪਾ ਦਾ ਸੂਬਾ ਪ੍ਰਧਾਨ ਬਣਾਉਣਾ ਦਲਿਤ ਵਿਰੋਧੀ : ਬਸਪਾ ਆਗੂ

**ਲੌਂਗੋਵਾਲ, (ਪ੍ਰਦੀਪ ਸਿੰਘ ਸੱਪਲ ਕੁਲਦੀਪ ਅਤਰੀ )** - ਬਹੁਜਨ ਸਮਾਜ ਪਾਰਟੀ ਦੇ ਸੂਬਾ ਜਨਰਲ ਸਕੱਤਰ, ਲੋਕ ਸਭਾ ਹਲਕਾ ਸੰਗਰੂਰ ਇੰਚਾਰਜ ਚਮਕੌਰ ਸਿੰਘ ਵੀਰ ਤੇ ਡਾ. ਮੱਖਣ ਸਿੰਘ ਸੂਬਾ ਜਨਰਲ ਸਕੱਤਰ ਬਸਪਾ ਨੇ ਸੁਨੀਲ ਜਾਖੜ ਨੂੰ ਭਾਜਪਾ ਦਾ ਸੂਬਾ ਪ੍ਰਧਾਨ ਲਗਾਉਣ 'ਤੇ ਪ੍ਰਤੀਕਿਰਿਆ ਜ਼ਾਹਰ ਕਰਦੇ ਹੋਏ ਕਿਹਾ ਕਿ ਸੁਨੀਲ ਜਾਖੜ ਦਲਿਤ ਵਿਰੋਧੀ ਚਿਹਰਾ ਹੈ। ਪੰਜਾਬ ਦੇ ਦਲਿਤਾਂ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਜਦੋਂ ਸੁਨੀਲ ਜਾਖੜ ਕਾਂਗਰਸ ਦਾ ਪ੍ਰਧਾਨ ਸੀ ਅਤੇ ਚਰਨਜੀਤ ਸਿੰਘ ਚੰਨੀ ਨੂੰ ਪੰਜਾਬ ਦਾ ਮੁੱਖ ਮੰਤਰੀ ਲਾਇਆ ਹੋਇਆ ਸੀ ਤਾਂ 2022 ਦੀਆਂ ਵਿਧਾਨ ਸਭਾ ਚੋਣਾਂ ਹਾਰਨ ਤੋਂ ਬਾਅਦ ਇਹੋ ਜਾਖੜ ਨੇ ਕਿਹਾ ਸੀ ਕਿ ਕਾਂਗਰਸ ਇਸ ਕਰਕੇ ਚੋਣਾਂ ਹਾਰ ਗਈ ਹੈ ਕਿ ਪੈਰਾਂ ਦੀਆਂ ਜੁੱਤੀਆਂ ਨੂੰ ਸਿਰ 'ਤੇ ਬੈਠਾ ਲਿਆ ਗਿਆ ਹੈ । ਚਮਕੌਰ ਸਿੰਘ ਵੀਰ ਅਤੇ ਡਾਕਟਰ ਮੱਖਣ ਸਿੰਘ ਨੇ ਸਾਂਝੇ ਤੌਰ 'ਤੇ ਕਿਹਾ ਕਿ ਜਿਹੜੇ ਦਲਿਤ ਭਾਰਤੀ ਜਨਤਾ ਪਾਰਟੀ ਵਿੱਚ ਬੈਠੇ ਹਨ ਉਹ ਆਪਣੀ ਔਕਾਤ ਦਾ ਅੰਦਾਜ਼ਾ ਲਾ ਲੈਣ। ਉਨ੍ਹਾਂ ਪੰਜਾਬ ਦੇ ਦਲਿਤਾਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਇਸ ਨੂੰ ਮੂੰਹ ਨਾ ਲਾਇਆ ਜਾਵੇ। ਜਿਸ ਸਮੇਂ ਸੂਬੇਦਾਰ ਰਣਧੀਰ ਸਿੰਘ ਨਾਗਰਾ ਜ਼ਿਲ੍ਹਾ ਇੰਚਾਰਜ ਸੰਗਰੂਰ, ਪ੍ਰਿੰਸੀਪਲ ਮੁਖਤਿਆਰ ਸਿੰਘ, ਪ੍ਰਿੰਸੀਪਲ ਬੰਤਾ ਸਿੰਘ ਕੈਂਪਰ, ਸਮਸ਼ਾਦ ਅਨੁਸਾਰੀ, ਅਮਰੀਕ ਸਿੰਘ ਕੈਂਥ, ਸਤਿਗੁਰ ਸਿੰਘ, ਗੁਰਦੇਵ ਸਿੰਘ, ਪਵਿੱਤਰ ਸਿੰਘ ਸੰਗਰੂਰ, ਨਿਰਮਲ ਸਿੰਘ ਮੱਟੂ, ਸੁਖਦੇਵ ਸਿੰਘ, ਬਿੱਕਰ ਸਿੰਘ, ਅਵਤਾਰ ਸਿੰਘ, ਪ੍ਰਕਾਸ਼ ਸਿੰਘ ਆਦਿ ਹਾਜ਼ਰ ਸਨ।

## ਏ ਪੀ ਰਿਫਾਇਨਰੀ ਬੰਦ ਕਰਵਾਉਣ ਨੂੰ ਲੈ ਕੇ ਬੀ ਕੇ ਯੂ ਡਕੌਂਦਾ ਤੇ ਲੱਖੋਵਾਲ ਨੇ ਦਿੱਤਾ ਮੰਗ ਪੱਤਰ



**ਜਗਰਾਉਂ (ਨਛੱਤਰ ਸੰਧੂ)**-ਏ ਪੀ ਰਿਫਾਇਨਰੀ ਤੱਪੜ ਹਰਨੀਆਂ ਬੰਦ ਕਰਵਾਉਣ ਲਈ ਇਲਾਕੇ ਦੀਆਂ ਪੰਚਾਇਤਾਂ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਲੁਧਿਆਣਾ ਅਤੇ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਆਗੂਆਂ ਦੀ ਅਗਵਾਈ ਵਿੱਚ ਏ ਡੀ ਸੀ ਜਗਰਾਉਂ ਨੂੰ ਮੰਗ ਪੱਤਰ ਦਿੱਤਾ ਅਤੇ ਦੱਸਿਆ ਕਿ ਆਲੇ ਦੁਆਲੇ ਦੇ ਪਿੰਡਾਂ ਦਾ ਪਾਣੀ ਏ ਪੀ ਰਿਫਾਇਨਰੀ ਤੱਪੜ ਹਰਨੀਆਂ ਦੇ ਪ੍ਰਦੂਸ਼ਤ ਪਾਣੀ ਕਾਰਨ ਧੁੰਦਲਾ ਹੋ ਗਿਆ ਹੈ। ਏ ਡੀ ਸੀ ਜਗਰਾਉਂ ਨੇ ਹਮਦਰਦੀ ਨਾਲ ਵਿਚਾਰਨ ਤੇ ਡੀ ਐਸ ਪੀ ਜਗਰਾਉਂ ਦੀ ਹਾਜ਼ਰੀ ਵਿੱਚ ਪੰਜ ਮੈਂਬਰੀ ਕਮੇਟੀ ਦਾ ਗਠਨ ਕੀਤਾ ਅਤੇ ਦੋ ਦਿਨ ਦੇ ਵਿੱਚ ਚੈੱਕ ਕਰਕੇ ਰਿਪੋਰਟ ਦੇਣ ਲਈ ਕਿਹਾ।

ਪੰਜ ਮੈਂਬਰੀ ਕਮੇਟੀ ਵਿੱਚ ਜਗਰਾਉਂ ਚੇਅਰਮੈਨ ਹੋਣਗੇ। ਬਾਕੀ ਮੈਂਬਰ ਨਾਇਬ ਤਹਿਸੀਲਦਾਰ ਐਕਸੀਅਨ ਪੰਜਾਬ ਪ੍ਰਦੂਸਨ ਕੰਟਰੋਲ ਬੋਰਡ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਅਤੇ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਮੈਂਬਰ ਹੋਣਗੇ। ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਜ਼ਿਲ੍ਹਾ ਪ੍ਰਧਾਨ ਮਹਿੰਦਰ ਸਿੰਘ ਕਮਾਲਪੁਰਾ ਅਤੇ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਜ਼ਿਲ੍ਹਾ ਪ੍ਰਧਾਨ ਜੋਗਿੰਦਰ ਸਿੰਘ ਮਲਸੀਹਾ ਬਾਜਣ ਨੇ ਦੱਸਿਆ ਕਿ ਸੰਘਰਸ਼ ਨੂੰ ਅੱਗੇ ਤੋਰਨ ਲਈ ਇਲਾਕੇ ਦੀ ਕਮੇਟੀ ਬਣਾਈ ਗਈ। ਜਿਸ ਵਿਚ ਸਰਪੰਚ ਜਸਵਿੰਦਰ ਸਿੰਘ ਸਵੱਦੀ ਖੁਰਦ ਸਰਪੰਚ ਏਕਮ ਸਿੰਘ ਫਤਹਿਗੜ੍ਹ ਸਿਵੀਆ ਸਰਪੰਚ ਸਰਬਜੀਤ ਸਿੰਘ ਸ਼ੇਰਪੁਰ ਕਲਾਂ, ਅਰਜਨ ਸਿੰਘ ਖੇਲਾ ਪ੍ਰਧਾਨ ਬੀ ਕੇ ਯੂ ਡਕੌਂਦਾ, ਬਲਾਕ ਪ੍ਰਧਾਨ ਹਰਜੀਤ ਸਿੰਘ ਜਨੇਤਪੁਰਾ ਜ਼ਿਲ੍ਹਾ ਸਕੱਤਰ ਬਚਿੱਤਰ ਸਿੰਘ ਜਨੇਤਪੁਰਾ, ਜ਼ਿਲ੍ਹਾ ਪ੍ਰਧਾਨ ਜੋਗਿੰਦਰ ਸਿੰਘ ਮਲਸੀਹਾ ਬਾਜਣ ਅੱਜ ਹੋ ਰਹੀ ਪੜਤਾਲ ਵਿੱਚ ਸ਼ਾਮਲ ਹੋਣਗੇ। ਬਾਅਦ ਵਿੱਚ ਸਾਰੇ ਪਿੰਡਾਂ ਵਿੱਚੋਂ ਦੋ ਦੋ ਮੈਂਬਰ ਲੈ ਕੇ ਵੱਡੀ ਸੰਘਰਸ਼ ਕਮੇਟੀ ਬਣਾਈ ਜਾਵੇਗੀ ਜੋ ਅਗਲੇ ਸੰਘਰਸ਼ ਦੀ ਅਗਵਾਈ ਕਰੇਗੀ।

ਇਸ ਮੌਕੇ ਮਨਜਿੰਦਰ ਸਿੰਘ ਮੋਰਕਰੀਮਾ ਮੀਤ ਪ੍ਰਧਾਨ ਦੇਸਰਾਜ ਸਿੰਘ ਕਮਾਲਪੁਰਾ ਹਰੀ ਸਿੰਘ ਬਲਾਕ ਪ੍ਰਧਾਨ ਸਿੱਧਵਾਂ ਬੇਟ ਰਾਬਿੰਦਰ ਸਿੰਘ ਸੋਢੀਵਾਲ, ਤਰਲੋਚਨ ਸਿੰਘ ਰਾਜੋਆਣਾ, ਸਵਰਨ ਸਿੰਘ, ਜਗਦੀਸ਼ ਸਿੰਘ ਮਲਸੀਹਾ ਬਾਜਣ, ਜਲਵੰਤ ਸਿੰਘ ਅਬੂਪੁਰਾ, ਕੈਪਟਨ ਸੁਖਚੈਨ ਸਿੰਘ, ਜਗਵਿੰਦਰ ਸਿੰਘ ਤੂਰ, ਸੰਤਾ ਸਿੰਘ, ਗੁਰਮੇਲ ਸਿੰਘ, ਨਿੰਦਰ ਸਿੰਘ, ਸ਼ਮਸ਼ੇਰ ਸਿੰਘ ਸ਼ੈਰੀ, ਪੱਤਰਕਾਰ ਸੋਨੀ, ਸਰਪੰਚ ਪਰਮਜੀਤ ਸਿੰਘ ਸ਼ੇਰਪੁਰ ਖੁਰਦ, ਸਰਪੰਚ ਕਾਕਾ ਸਿੰਘ ਸਵੱਦੀ ਖੁਰਦ, ਸਰਪੰਚ ਵਰਕਪਾਲ ਸਿੰਘ ਲੀਲਾਂ ਮੇਘ ਸਿੰਘ, ਸਰਪੰਚ ਸੇਖਦੋਲਤ ਰਾਮਗੜ੍ਹ ਭੁੱਲਰ ਬੋਤਲਵਾਲਾ, ਤੱਪੜ ਹਰਨੀਆਂ ਗਾਲਿਬ ਆਦਿ ਪਿੰਡਾਂ ਦੇ ਲੋਕ ਵੱਡੀ ਗਿਣਤੀ ਵਿਚ ਸ਼ਾਮਲ ਹੋਏ। ਪ੍ਰਸਾਸਨ ਨੂੰ ਚਿਤਾਵਨੀ ਦਿੱਤੀ ਹੈ ਕਿ ਕੁਝ ਦਿਨਾਂ ਬਾਅਦ ਤੱਪੜ ਹਰਨੀਆਂ ਰਿਫਾਇਨਰੀ ਦੇ ਮੂਹਰੇ ਪੱਕਾ ਮੋਰਚਾ ਲਾਇਆ ਜਾਵੇਗਾ।

## ਰਾਮ ਕੁਮਾਰ ਬਲਾਕ ਪ੍ਰਾਇਮਰੀ ਸਿੱਖਿਆ ਅ਼ਫਸਰ ਨਿਯੁਕਤ



**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ,ਜਗਦੀਸ਼ ਰਾਏ)** - ਸਰਕਾਰੀ ਪ੍ਰਾਇਮਰੀ ਸਕੂਲ ਹੇਡੋਂ ਬੇਟ ਵਿਖੇ ਮੁੱਖ ਅਧਿਆਪਕ ਵਜੋਂ ਸੇਵਾ ਨਿਭਾ ਰਹੇ ਰਾਮ ਕੁਮਾਰ ਨੂੰ ਸਿੱਖਿਆ ਵਿਭਾਗ ਵਲੋਂ ਪਦਉੱਨਤ ਕਰ ਦਿੱਤਾ ਗਿਆ ਹੈ, ਜਿਨ੍ਹਾਂ ਨੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਮਾਛੀਵਾੜਾ ਵਜੋਂ ਆਪਣਾ ਅਹੁਦਾ ਸੰਭਾਲ ਲਿਆ। ਅੱਜ ਅਹੁਦਾ ਸੰਭਾਲਣ ਉਪਰੰਤ ਸਿੱਖਿਆ ਅ਼ਫਸਰ ਰਾਮ ਕੁਮਾਰ ਨੇ ਦੱਸਿਆ ਕਿ ਉਹ ਪ੍ਰਾਇਮਰੀ ਸਕੂਲਾਂ ਵਿਚ ਸਿੱਖਿਆ ਪੱਧਰ ਉੱਚਾ ਚੁੱਕਣ ਅਤੇ ਵਿਦਿਆਰਥੀਆਂ ਨੂੰ ਸਰਕਾਰ ਦੀਆਂ ਹਰੇਕ ਯੋਜਨਾਵਾਂ ਦਾ ਲਾਭ ਪਹੁੰਚਾਉਣ ਲਈ ਯਤਨਸ਼ੀਲ ਰਹਿਣਗੇ। ਅੱਜ ਸਿੱਖਿਆ ਅ਼ਫਸਰ ਵਜੋਂ ਅਹੁਦਾ ਸੰਭਾਲਣ ਉਪਰੰਤ ਰਾਮ ਕੁਮਾਰ ਦਾ ਐਲੀਮੈਂਟਰੀ ਟੀਚਰਜ਼ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸਤਵੀਰ ਸਿੰਘ ਰੌਣੀ, ਸੁਖਦੇਵ ਸਿੰਘ, ਬਲਜਿੰਦਰ ਸਿੰਘ ਰਤੀਪੁਰ, ਸਤੀਸ਼ ਕੁਮਾਰ, ਨਵੀਨ ਕੁਮਾਰ, ਰਾਕੇਸ਼ ਕੁਮਾਰ, ਲਖਵਿੰਦਰ ਸਿੰਘ ਗਰੇਵਾਲ, ਪ੍ਰਦੀਪ ਕੁੰਦਰਾ, ਕੁਸ਼ਲਦੀਪ ਸ਼ਰਮਾ, ਬੀ ਐਂਡ ਅਧਿਆਪਕ ਫਰੰਟ ਦੇ ਪ੍ਰਧਾਨ ਮਲਕੀਤ ਸਿੰਘ, ਕੁਲਦੀਪ ਸਿੰਘ, ਅਰਵਿੰਦਰਪਾਲ ਸਿੰਘ, ਸੁਖਵਿੰਦਰ ਭੱਟੀ, ਦਵਿੰਦਰ ਸਿੰਘ, ਪ੍ਰਦੀਪ ਸਿੰਘ, ਸਰਬਜੀਤ ਕੌਰ, ਸੀਮਾ ਦੇਵੀ, ਸਰਬਜੀਤ ਸਿੰਘ, ਕ੍ਰਿਸ਼ਨ ਲਾਲ, ਕਮਲ ਕ੍ਰਿਸ਼ਨ, ਭਾਰਤ ਭੂਸ਼ਨ, ਸੁਖਵਿੰਦਰ ਸਿੰਘ, ਹਰਪਾਲ ਸਿੰਘ, ਧਰਮਪਾਲ ਸਿੰਘ, ਬਖਤਾਵਰ ਸਿੰਘ, ਸੁਖਵਿੰਦਰ ਕੁਮਾਰ, ਮੈਡਮ ਮਲਿਕਾ, ਗੁਰਸੇਵਕ ਸਿੰਘ, ਲਖਵਿੰਦਰ ਸਿੰਘ ਰੰਧਾਵਾ, ਮਨਦੀਪ ਸਿੰਘ, ਇੰਦਰਜੀਤ ਕੌਰ, ਸਤਵੰਤ ਸਿੰਘ, ਅਭਿਸ਼ੇਕ ਕੁਮਾਰ, ਦਰਸ਼ਨ ਜੈਨ, ਸੁਰਜੀਤ ਸਿੰਘ, ਭੁਪਿੰਦਰ ਕਪੂਰ, ਪ੍ਰਦੀਪ ਕੁਮਾਰ, ਪ੍ਰਿੰ. ਬਦੇਸ਼ਾ ਰਾਣੀ, ਨਵਨੀਤ ਕੌਰ, ਮਨੀਸ਼ ਕੁਮਾਰ, ਅਵਤਾਰ ਸਿੰਘ, ਕਰਮਜੀਤ ਕੌਰ, ਨਰੇਸ਼ ਕੁਮਾਰ, ਪ੍ਰਵੀਨ ਕੁਮਾਰ, ਗਗਨ ਚੋਪੜਾ, ਬਲਜਿੰਦਰ ਸਿੰਘ, ਸੁਸ਼ੀਲ ਕੁਮਾਰ, ਰਾਜੇਸ਼ ਕੁਮਾਰੀ, ਸੁਰਿੰਦਰ ਕੌਰ, ਨੇਹਾ, ਮਨਦੀਪ ਕੌਰ ਵੀ ਮੌਜੂਦ ਸਨ।

## ਬੀ ਡੀ ਪੀ ਓ ਪਰਮਜੀਤ ਕੌਰ ਨੇ ਅਹੁਦਾ ਸੰਭਾਲਿਆ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਕਾਫੀ ਸਮਾਂ ਪਹਿਲਾਂ ਬਲਾਕ ਪਾਤੜਾਂ ਵਿਚ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਦੀ ਡਿਊਟੀ ਨਿਭਾ ਚੁੱਕੇ ਪਰਮਜੀਤ ਕੌਰ ਨੇ ਮੁੜ ਪਾਤੜਾਂ ਵਿਖੇ ਬੀ ਡੀ ਪੀ ਓ ਦਾ ਅਹੁਦਾ ਸੰਭਾਲ ਲਿਆ ਹੈ। ਉਹ ਪੰਚਾਇਤ ਵਿਭਾਗ ਦੇ ਮੁਹਾਲੀ ਦਫਤਰ ਤੋਂ ਬਦਲ ਕੇ ਪਾਤੜਾਂ ਆਏ ਹਨ। ਅਹੁਦਾ ਸੰਭਾਲਣ ਮਗਰੋਂ ਇਲਾਕੇ ਦੇ ਵੱਖ-ਵੱਖ ਪਿੰਡਾਂ ਦੇ ਪੰਚਾਂ-ਸਰਪੰਚਾਂ ਅਤੇ ਹੋਰ ਮੋਹਤਬਰ ਵਿਅਕਤੀਆਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸਰਪੰਚ ਗੁਲਾਬ ਸਿੰਘ ਹਰਿਆਊ ਅਤੇ ਡੀ ਸੀ ਯੂ ਚੇਅਰਮੈਨ ਹਰਿੰਦਰ ਸਿੰਘ ਚੱਠਾ ਦੀ ਅਗਵਾਈ ਵਿਚ ਸੁਆਗਤ ਕਰਦਿਆਂ ਜੀ ਆਇਆਂ ਆਖਿਆ। ਇਸ ਦੌਰਾਨ ਸਰਪੰਚ ਗੁਲਾਬ ਸਿੰਘ ਨੇ ਕਿਹਾ ਕਿ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਪ੍ਰਸ਼ਾਸਨ ਨੂੰ ਚੁਸਤ ਦਰੁਸਤ ਕਰਨ ਦੇ ਮਕਸਦ ਨਾਲ ਕੰਮ ਕਰ ਰਹੀ ਹੈ। ਇਸ ਲੜੀ ਤਹਿਤ ਪੰਚਾਇਤ ਵਿਭਾਗ ਵਿੱਚ ਅਧਿਕਾਰੀਆਂ ਬਦਲੀਆਂ ਕੀਤੀਆਂ ਗਈਆਂ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਜੀਤ ਸਿੰਘ ਸਹੋਤਾ, ਬਲਾਕ ਕਾਂਗਰਸ ਦੇ ਪ੍ਰਧਾਨ ਅਤੇ ਪਿੰਡ ਮਤੌਲੀ ਦੇ ਸਰਪੰਚ ਰਣਜੀਤ ਸਿੰਘ, ਸਰਪੰਚ ਤੁਗੋ ਪੱਤੀ ਸ਼ੁਤਰਾਣਾ ਗਰੀਬ ਦਾਸ, ਰਿੰਕੂ ਬ੍ਰਾਹਮਣ ਮਾਜਰਾ, ਨੰਬਰਦਾਰ ਸਬਾਜ ਸਿੰਘ ਅਤੇ ਬਲਵੰਤ ਸਿੰਘ ਸੰਧੂ ਆਦਿ ਹਾਜ਼ਰ ਸਨ।

## ਚੋਰੀਆਂ ਤੇ ਲੁੱਟਾਂ-ਖੋਹਾਂ ਦਾ ਸਿਲਸਿਲਾ ਲਗਾਤਾਰ ਜਾਰੀ



**ਜ਼ੀਰਾ, ਜੁਲਾਈ (ਨਰਿੰਦਰ ਅਨੇਜਾ)**- ਇਨ੍ਹੀਂ ਦਿਨੀਂ ਕਸਬੇ ਅੰਦਰ ਚੋਰਾਂ ਤੇ ਲੁੱਟਾਂ ਖੋਹਾਂ ਕਰਨ ਵਾਲਿਆਂ ਦੇ ਹੌਸਲੇ ਪੂਰੇ ਬੁਲੰਦ ਹਨ। ਚੋਰ ਪ੍ਰਸ਼ਾਸਨ ਨੂੰ ਅਗੂਠਾ ਦਿਖਾਉਂਦੇ ਲਗਾਤਾਰ ਵਾਰਦਾਤਾਂ ਨੂੰ ਅੰਜਾਮ ਦੇ ਰਹੇ ਹਨ, ਪਰ ਪ੍ਰਸ਼ਾਸਨ ਚੋਰਾਂ ਦੀ ਪੈੜ ਨੱਪਣ ਵਿੱਚ ਨਾਕਾਮਯਾਬ ਰਿਹਾ ਹੈ। ਹੁਣ ਤਾਜ਼ਾ ਘਟਨਾ ਖੰਡ ਮਿੱਲ ਦੀ ਹੈ, ਵਿੱਚ ਬਣਿਆ ਕਾਲੀ ਮਾਤਾ ਮੰਦਰ ਦਾ ਹੈ, ਜਿੱਥੇ ਦੇਰ ਰਾਤ ਮੰਦਰ ਵਿੱਚੋਂ ਕਾਲੀ ਮਾਤਾ ਦੇ ਗਹਿਣੇ, ਕੂਲਰ, ਐਲ.ਸੀ.ਡੀ ਚੋਰੀ ਕਰਕੇ ਲੈ ਗਏ ਅਤੇ ਗੱਲੇ ਦੀ ਭੰਨ ਤੋੜ ਕੀਤੀ ਹੈ। ਚੋਰੀ ਦੀ ਇਸ ਘਟਨਾ ਸੰਬੰਧੀ ਜਾਣਕਾਰੀ ਦਿੰਦਿਆਂ ਕਾਲੀ ਮਾਤਾ ਦੇ ਪ੍ਰਧਾਨ ਤਰਸੇਮ ਲਾਲ ਜੁਨੇਜਾ ਨੇ ਦੱਸਿਆ ਕਿ ਰਾਤ ਨੂੰ 3:00 ਵਜੇ ਮੈਨੂੰ ਸਕਿਓਰਿਟੀ ਗਾਰਡ ਦਾ ਫੋਨ ਆਇਆ ਕਿ ਮੰਦਰ ਵਿੱਚ ਚੋਰੀ ਹੋ ਗਈ ਹੈ। ਮੈਂ ਮੰਦਰ ਦੇ ਸਾਰੇ ਮੈਂਬਰਾਂ ਨੂੰ ਫੋਨ ਕੀਤਾ ਤੇ ਓਹਨਾਂ ਕਿਹਾ ਕਿ ਆਪਾਂ 6:00 ਵਜੇ ਦੇ ਕਰੀਬ ਚੱਲਾਂਗੇ। ਉਹਨਾਂ ਜਾ ਕੇ ਦੇਖਿਆ ਕਿ ਐਲ ਸੀ ਡੀ, ਕੂਲਰ, ਗਹਿਣੇ ਚੋਰੀ ਕਰਕੇ ਲੈ ਗਏ ਅਤੇ ਗੱਲੇ ਨਾਲ ਵੀ ਭੰਨ ਤੋੜ ਕੀਤੀ ਹੋਈ ਸੀ। ਚੋਰੀ ਦੀ ਇਹ ਸਾਰੀ ਘਟਨਾ ਸੀ.ਸੀ.ਟੀ.ਵੀ ਕੈਮਰਿਆਂ ਵਿਚ ਕੈਦ ਹੋ ਗਈ ਹੈ। ਪ੍ਰਧਾਨ ਤਰਸੇਮ ਲਾਲ ਨੇ ਦੱਸਿਆ ਕਿ ਚੋਰੀ ਦੀ ਘਟਨਾ ਸੰਬੰਧੀ ਥਾਣਾ ਜ਼ੀਰਾ ਵਿਖੇ ਰਿਪੋਰਟ ਦਰਜ ਕਰਵਾ ਦਿੱਤੀ ਹੈ। ਪਰ ਪੁਲਸ ਨੇ ਕੋਈ ਕਾਰਵਾਈ ਨਹੀਂ ਕੀਤੀ। ਉਹਨਾਂ ਕਿਹਾ ਕਿ ਇੰਝ ਲਗਦਾ ਹੈ ਜਿਵੇਂ ਪੁਲਸ ਵੀ ਚੋਰਾਂ ਨਾਲ ਮਿਲੀ ਹੋਈ ਹੈ। ਪਿਛਲੇ 15 ਦਿਨਾਂ 'ਚ ਚੋਰੀ ਦੀਆਂ ਕਈ ਘਟਨਾਵਾਂ ਵਾਪਰ ਚੁੱਕੀਆਂ ਹਨ। ਜਿਵੇਂ ਕਿ ਮੱਲੋ ਕੇ ਰੋਡ ਸੁਨੀਤਾ ਰਾਣੀ ਪਤਨੀ ਸੁਭਾਸ਼ ਚੰਦਰ ਦੇ ਘਰੋਂ 4 ਲੱਖ ਰੁਪਏ ਨਗਦੀ ਅਤੇ ਤਿੰਨ ਤੋਲੇ ਸੋਨਾ ਅਤੇ ਜ਼ੀਰਾ ਦੇ ਮੱਖੂ ਰੋਡ ਤੋਂ ਇੱਕ ਆਦਮੀ ਕੋਲੋਂ 75 ਹਜ਼ਾਰ ਰੁਪਏ, ਚੈਨੀ ਲੈ ਕੇ ਫਰਾਰ ਹੋ ਗਏ ਸੀ। ਏਨੀਆਂ ਘਟਨਾਵਾਂ ਦੇ ਬਾਵਜੂਦ ਪੁਲਸ ਦੇ ਹੱਥ ਖਾਲੀ ਹਨ। ਮੋਟਰਸਾਈਕਲ ਚੋਰੀ ਹੋਣਾ ਤੇ ਚੇਨੀਆਂ ਅਤੇ ਮੋਬਾਈਲ ਖੋਹ ਕੇ ਲੈ ਜਾਣਾ ਆਮ ਗੱਲ ਹੋ ਗਈ ਹੈ।

## ਸਿਵਲ ਸਰਜਨ ਨੇ 9 ਹਾਊਸ ਸਰਜਨਾਂ ਨੂੰ ਸੌਂਪੇ ਨਿਯੁਕਤੀ ਪੱਤਰ

**ਮਾਨਸਾ (ਆਤਮਾ ਸਿੰਘ ਪਮਾਰ)** -ਦਫਤਰ ਸਿਵਲ ਸਰਜਨ ਮਾਨਸਾ ਵਿਖੇ ਹਾਊਸ ਸਰਜਨਾਂ ਦੀ ਚੋਣ ਪ੍ਰਕਿਰਿਆ ਪੂਰੀ ਹੋਣ ਉਪਰੰਤ ਹਾਊਸ ਸਰਜਨਾਂ ਨੂੰ ਸਿਵਲ ਸਰਜਨ ਡਾ. ਅਸ਼ਵਨੀ ਕੁਮਾਰ ਵਲੋਂ ਨਿਯੁਕਤੀ ਪੱਤਰ ਸੌਂਪੇ ਗਏ। ਸਿਵਲ ਸਰਜਨ ਨੇ ਦੱਸਿਆ ਕਿ ਜ਼ਿਲ੍ਹੇ ਦੇ ਕੁੱਲ 46 ਉਮੀਦਵਾਰਾਂ ਵੱਲੋਂ ਇਸ ਅਸਾਮੀ ਲਈ ਅਪਲਾਈ ਕੀਤਾ ਗਿਆ ਸੀ ਜਿਨ੍ਹਾਂ ਵਿਚੋਂ 21 ਉਮੀਦਵਾਰ ਨੇ ਕਾਊਂਸਿਲੰਗ ਵਿੱਚ ਭਾਗ ਲਿਆ। ਸਿਵਲ ਹਸਪਤਾਲ ਮਾਨਸਾ, ਐਸ.ਡੀ.ਐਚ.ਸਰਦੂਲਗੜ੍ਹ ਅਤੇ ਬੁਢਲਾਡਾ ਲਈ ਕੁੱਲ 9 ਹਾਊਸ ਸਰਜਨਾਂ ਦੀ ਸੂਚੀ ਸਰਕਾਰ ਦੇ ਨਿਯਮਾਂ ਤਹਿਤ ਮੈਰਿਟ-ਕਮ-ਰੋਸਟਰ ਦੇ ਅਧਾਰ 'ਤੇ ਬਣਾਈ ਗਈ ਕਮੇਟੀ ਦੀ ਦੇਖ ਰੇਖ ਹੇਠ ਜਾਰੀ ਕੀਤੀ ਗਈ । ਸਿਵਲ ਸਰਜਨ ਨੇ ਦੱਸਿਆ ਕਿ ਇਨ੍ਹਾਂ ਹਾਊਸ ਸਰਜਨਾਂ ਦੀ ਭਰਤੀ ਦਾ ਮੁੱਖ ਮੰਤਵ ਐਮਰਜੈਂਸੀ ਸੇਵਾਵਾਂ ਅਤੇ ਹੋਰ ਸਿਹਤ ਸੇਵਾਵਾਂ ਨੂੰ ਬਿਹਤਰ ਕਰਨਾ ਹੈ, ਤਾਂ ਜੋ ਇਨਾਂ ਸਿਹਤ ਸੰਸਥਾਵਾਂ ਵਿਖੇ ਆਉਣ ਵਾਲੇ ਕਿਸੇ ਵੀ ਮਰੀਜ਼ ਨੂੰ ਕਿਸੇ ਕਿਸਮ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਜ਼ਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫਸਰ ਵਿਜੈ ਕੁਮਾਰ, ਉਪ ਸਮੂਹ ਸਿਖਿਆ ਅਤੇ ਸੂਚਨਾ ਅ਼ਫਸਰ ਦਰਸ਼ਨ ਸਿੰਘ, ਸ੍ਰੀਮਤੀ ਗੀਤਾ, ਸੰਦੀਪ, ਸ਼ੇਖਰ ਮੌਜੂਦ ਸਨ।

## ਡਾ. ਬਲਜੀਤ ਕੌਰ ਨੇ ਮਲੋਟ ਵਿਖੇ ਮਗਨਰੇਗਾ ਭਵਨ ਤੇ ਧਰਮਸ਼ਾਲਾ ਦਾ ਰੱਖਿਆ ਨੀਂਹ ਪੱਥਰ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ /ਪੂਜਾ )**-ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਪਿੰਡਾਂ ਦੇ ਵਿਕਾਸ ਕਾਰਜਾਂ ਦੀ ਲੜੀ ਤਹਿਤ ਅੱਜ ਕੈਬਨਿਟ ਮੰਤਰੀ ਸਮਾਜਕ ਨਿਆਂ, ਸਸ਼ਕਤੀਕਰਨ ਅਤੇ ਘੱਟ ਗਿਣਤੀਆਂ, ਔਰਤਾਂ ਅਤੇ ਬੱਚਿਆਂ ਦੀ ਸਮਾਜਕ ਸੁਰੱਖਿਆ ਅਤੇ ਵਿਕਾਸ ਵਿਭਾਗ ਪੰਜਾਬ ਡਾ. ਬਲਜੀਤ ਕੌਰ ਨੇ ਆਪਣੇ ਵਿਧਾਨ ਸਭਾ ਹਲਕੇ ਦੇ ਪਿੰਡ ਮਲੋਟ ਵਿਖੇ ਬਣਨ ਵਾਲੇ ਮਗਨਰੇਗਾ ਭਵਨ ਅਤੇ ਧਰਮਸ਼ਾਲਾ ਦਾ ਨੀਂਹ ਪੱਥਰ ਰੱਖਿਆ। ਇਸ ਤੋਂ ਇਲਾਵਾ ਪਿੰਡ ਦੇ ਛੱਪੜ ਦੇ ਨਵੀਨੀਕਰਨ ਦੀ ਸ਼ੁਰੂਆਤ ਕੀਤੀ। ਇਸ ਮੌਕੇ ਉਹਨਾ ਕਿਹਾ ਕਿ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਵਿਚ ਪੰਜਾਬ ਸਰਕਾਰ ਪਿੰਡਾਂ ਦੇ ਵਿਕਾਸ ਲਈ ਯਤਨਸ਼ੀਲ ਹੈ ਅਤੇ ਵਿਕਾਸ ਕਾਰਜਾਂ ਨੂੰ ਨੇਪਰੇ ਚਾੜ੍ਹਨ ਲਈ ਫੰਡਾਂ ਦੀ ਕੋਈ ਘਾਟ ਨਹੀਂ ਆਉਣ ਦਿਤੀ ਜਾਵੇਗੀ। ਉਹਨਾ ਦੱਸਿਆ ਕਿ ਪਿੰਡ ਮਲੋਟ ਵਿਖੇ ਲਗਭਗ 27 ਲੱਖ ਰੁਪਏ ਦੀ ਲਾਗਤ ਨਾਲ ਮਗਨਰੇਗਾ ਭਵਨ ਅਤੇ ਧਰਮਸ਼ਾਲਾ ਦੀ ਉਸਾਰੀ ਕੀਤੀ ਜਾ ਰਹੀ ਹੈ ਅਤੇ ਜਲਦ ਹੀ ਕੰਮ ਨੂੰ ਮੁਕੰਮਲ ਕਰ ਲਿਆ ਜਾਵੇਗਾ। ਇਸ ਧਰਮਸ਼ਾਲਾ ਦੇ ਬਣਨ ਨਾਲ ਪਿੰਡ ਦੇ ਗਰੀਬ ਵਰਗ ਲਈ ਵੱਡੀ ਸੁਵਿਧਾ ਹੋ ਜਾਵੇਗੀ ਅਤੇ ਉਹ ਆਪਣੇ ਸਮਾਜਕ ਕਾਰ ਵਿਹਾਰ ਇਸ ਸਾਂਝੇ ਥਾਂ 'ਤੇ ਕਰ ਸਕਣਗੇ। ਇਸ ਤਰ੍ਹਾਂ ਪਿੰਡ ਦੇ ਛੱਪੜ ਦੇ ਨਵੀਨੀਕਰਨ ਲਈ ਵੀ 56 ਲੱਖ ਦੇ ਲਗਭਗ ਖਰਚ ਕੀਤੇ ਜਾ ਰਹੇ ਹਨ। ਉਹਨਾ ਦੱਸਿਆ ਕਿ ਇਸ ਨਵੀਨੀਕਰਨ ਨਾਲ ਪਿੰਡ ਦੀ ਸੁੰਦਰਤਾ ਵਿਚ ਵਾਧਾ ਹੋਵੇਗਾ ਅਤੇ ਸਾਫ ਸਫਾਈ ਰਹਿਣ ਨਾਲ ਪਿੰਡ ਵਾਸੀ ਸਿਹਤਯਾਬ ਰਹਿਣਗੇ। ਇਸ ਮੌਕੇ ਗਗਨਦੀਪ ਸਿੰਘ ਔਲਖ, ਜਸਮੀਤ ਸਿੰਘ ਬਰਾੜ ਸ਼ਹਿਰੀ ਪ੍ਰਧਾਨ, ਗੁਰਪ੍ਰੀਤ ਸਿੰਘ ਪ੍ਰਧਾਨ ਬੀ.ਸੀ ਵਿੰਗ, ਪਰਮਜੀਤ ਸਿੰਘ ਗਿੱਲ ਪ੍ਰਧਾਨ ਐਸ.ਸੀ ਵਿੰਗ ਅਤੇ ਪਿੰਡ ਮਲੋਟ ਦੇ ਸੰਨੀ ਗਿੱਲ, ਜਸਵਿੰਦਰ ਕੰਗ ਅਤੇ ਮਾਤਾ ਹਰਬੰਸ ਕੌਰ ਸਮੇਤ ਸਮੂਹ ਅਹੁਦੇਦਾਰ ਤੇ ਪਾਰਟੀ ਵਰਕਰ ਹਾਜ਼ਰ ਸਨ।

## ਉਪਿੰਦਰ ਸਿੰਘ ਸਿੰਧੀ ਨੇ ਨਗਰ ਪੰਚਾਇਤ ਮਮਦੋਟ ਦੇ ਪ੍ਰਧਾਨ ਦਾ ਅਹੁਦਾ ਸੰਭਾਲਿਆ



**ਮਮਦੋਟ ( ਜਸਬੀਰ ਸਿੰਘ ਕੰਬੋਜ,ਹਰਪਾਲ ਸਿੰਘ ਸੋਢੀ )**- ਨਗਰ ਪੰਚਾਇਤ ਮਮਦੋਟ ਦੇ ਐਮ ਸੀਜ਼ ਦਲਜੀਤ ਸਿੰਘ ਬਾਬਾ, ਐਲਿਸ ਬੀਬੀ, ਕੁਲਵਿੰਦਰ ਕੌਰ, ਅਨੁਰਾਧਾ, ਸੁਰਿੰਦਰ ਕੁਮਾਰ ਸੋਨੂੰ ਸੇਠੀ, ਬਾਜ ਸਿੰਘ, ਬਲਵਿੰਦਰ ਸਿੰਘ, ਸੁਨੀਤਾ ਰਾਣੀ, ਕੁਲਜੀਤ ਕੌਰ ਆਦਿ ਨੇ 26 ਜੂਨ ਨੂੰ ਵਿਧਾਇਕ ਰਜਨੀਸ਼ ਦਹੀਆ, ਐੱਸ ਡੀ ਐੱਮ ਰਣਜੀਤ ਸਿੰਘ ਅਤੇ ਕਾਰਜ ਸਾਧਕ ਅਫਸਰ ਗੁਰਭਰਪੂਰ ਸ਼ਰਮਾ ਦੀ ਹਾਜ਼ਰੀ ਵਿੱਚ ਸਰਵਸੰਮਤੀ ਨਾਲ ਵਾਰਡ ਨੰਬਰ 8 ਤੋਂ ਐਮ ਸੀ ਉਪਿੰਦਰ ਸਿੰਘ ਸਿੰਧੀ ਨੂੰ ਨਗਰ ਪੰਚਾਇਤ ਮਮਦੋਟ ਦਾ ਨਵਾਂ ਪ੍ਰਧਾਨ ਬਣਾਇਆ ਗਿਆ ਸੀ । ਇਸ ਸਾਰੀ ਪ੍ਰਕਿਰਿਆ ਤੋਂ ਬਾਅਦ ਸਥਾਨਕ ਸਰਕਾਰਾਂ ਵਿਭਾਗ ਦੇ ਸਕੱਤਰ ਵੱਲੋਂ ਨਗਰ ਪੰਚਾਇਤ ਮਮਦੋਟ ਦੇ ਪ੍ਰਧਾਨ ਦਾ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ । ਇਸ ਨੋਟੀਫਿਕੇਸ਼ਨ ਤੋਂ ਉਪਿੰਦਰ ਸਿੰਘ ਸਿੰਧੀ ਨੇ ਸੰਵਿਧਾਨਕ ਤੌਰ 'ਤੇ ਨਗਰ ਪੰਚਾਇਤ ਮਮਦੋਟ ਦੇ ਪ੍ਰਧਾਨ ਵਜੋਂ ਅਹੁਦਾ ਸੰਭਾਲਿਆ। ਇਸ ਮੌਕੇ ਡਾ. ਨਿਰਵੈਰ ਸਿੰਘ ਸਿੰਧੀ ਜ਼ਿਲਾ ਮੀਡੀਆ ਇੰਚਾਰਜ, ਜੰਗੀਰ ਸਿੰਘ ਇੰਸਪੈਕਟਰ ਸੈਨੀਟੇਸ਼ਨ, ਸੁੱਚਾ ਸਿੰਘ ਜੂਨੀਅਰ ਇੰਜੀਨੀਅਰ, ਇੰਸਪੈਕਟਰ ਮੈਡਮ ਤ੍ਰਿਪਤਾ ਆਦਿ ਹਾਜ਼ਰ ਸਨ। ਨਵੇਂ ਚੁਣੇ ਪ੍ਰਧਾਨ ਉਪਿੰਦਰ ਸਿੰਘ ਸਿੰਧੀ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਉਹ ਨਗਰ ਪੰਚਾਇਤ ਮਮਦੋਟ ਦੇ ਸਰਵਪੱਖੀ ਵਿਕਾਸ ਲਈ ਵਚਨਬੱਧ ਹਨ । ਉਹਨਾਂ ਦੱਸਿਆ ਨਗਰ ਪੰਚਾਇਤ ਮਮਦੋਟ ਦੇ ਵਿਕਾਸ ਦੇ ਕੰਮਾਂ ਵਿੱਚ ਤੇਜ਼ੀ ਲਿਆਂਦੀ ਜਾਵੇਗੀ । ਉਨ੍ਹਾਂ ਕਿਹਾ ਕਿ ਨਗਰ ਪੰਚਾਇਤ ਮਮਦੋਟ ਦੀ ਨਵੀਂ ਚੁਣੀ ਟੀਮ ਵਿਚ ਵਿਕਾਸ ਕਾਰਜਾਂ ਨੂੰ ਲੈ ਕੇ ਪੂਰਾ ਉਤਸ਼ਾਹ ਹੈ। ਉਨ੍ਹਾਂ ਕਿਹਾ ਕਿ ਹਲਕਾ ਵਿਧਾਇਕ ਰਜਨੀਸ਼ ਦਹੀਆ ਦੇ ਉਦਮ ਸਦਕਾ ਪੰਜਾਬ ਸਰਕਾਰ ਵੀ ਨਗਰ ਪੰਚਾਇਤ ਮਮਦੋਟ ਦੇ ਚਹੁੰਮੁਖੀ ਵਿਕਾਸ ਲਈ ਵਿਸ਼ੇਸ਼ ਯੋਜਨਾ ਤਹਿਤ ਫੰਡ ਉਪਲੱਬਧ ਕਰਵਾ ਰਹੀ ਹੈ । ਪ੍ਰਧਾਨ ਉਪਿੰਦਰ ਸਿੰਘ ਸਿੰਧੀ ਨੇ ਦੱਸਿਆ ਨਗਰ ਪੰਚਾਇਤ ਦੇ ਸਾਰੇ ਕੌਂਸਲਰ ਸਹਿਬਾਨ ਨਗਰ ਪੰਚਾਇਤ ਮਮਦੋਟ ਦਾ ਵਿਕਾਸ ਸੇਵਾ ਦੀ ਭਾਵਨਾ ਨਾਲ ਕਰਨ ਲਈ ਕਾਫੀ ਉਤਸ਼ਾਹ ਵਿਚ ਹਨ ।

## ...ਸ.ਫਾ 1 ਦੇ ਬਾਕੀ

### ਅਜੀਤ ਪਵਾਰ ਅਕਾਲੀ...

ਕਿਹਾ—ਤੁਸੀਂ ਐੱਨ ਸੀ ਪੀ ਨੂੰ ਕੁਰੱਪਟ ਦੱਸਦੇ ਰਹੇ। ਫਿਰ ਹੁਣ ਐੱਨ ਸੀ ਪੀ ਦੇ ਬੰਦੇ ਕਿਉਂ ਨਾਲ ਰਲਾ ਲਏ। ਜੋ ਤੁਸੀਂ ਊਧਵ ਠਾਕਰੇ ਨਾਲ ਕੀਤੀ, ਉਹੀ ਸਾਡੇ ਨਾਲ ਕੀਤੀ। ਅੱਜ ਸਾਰਾ ਦੇਸ਼ ਦੇਖ ਰਿਹਾ ਹੈ। ਇਹ ਮੀਟਿੰਗ ਐੱਨ ਸੀ ਪੀ ਲਈ ਇਤਿਹਾਸਕ ਹੈ। ਅਸੀਂ ਅੜਿੱਕਿਆਂ ਦੀ ਪ੍ਰਵਾਹ ਕੀਤਿਆਂ ਅੱਗੇ ਵਧਦੇ ਰਹਾਂਗੇ। ਸ਼ਰਦ ਪਵਾਰ ਨੇ ਇਹ ਅਹਿਮ ਗੱਲ ਵੀ ਕਹੀ ਕਿ ਵਿਧਾਇਕ ਆਉਂਦੇ-ਜਾਂਦੇ ਰਹਿੰਦੇ ਹਨ। ਪਾਰਟੀ ਵਰਕਰ ਨਵੀਂ ਪੀੜ੍ਹੀ ਦੇ ਆਗੂ ਤਿਆਰ ਕਰਨ ਲਈ ਕੰਮ ਕਰਨ। ਉਨ੍ਹਾ ਅਜੀਤ ਧੜੇ ਦੀ ਦਲੀਲ ਨੂੰ ਰੱਦ ਕਰਦਿਆਂ ਕਿਹਾ ਕਿ ਐੱਨ ਸੀ ਪੀ ਨੇ ਨਾਗਾਲੈਂਡ ਵਿਚ ਭਾਜਪਾ ਸਰਕਾਰ ਨੂੰ ਇਸ ਕਰਕੇ ਬਾਹਰੋਂ ਹਮਾਇਤ ਦਿੱਤੀ, ਕਿਉਂਕਿ ਉੱਤਰ-ਪੂਰਬ ਚੀਨ ਨਾਲ ਲੱਗਦਾ ਹੈ, ਜਿੱਥੇ ਸਿਆਸੀ ਫੈਸਲੇ ਬੜੇ ਧਿਆਨ ਨਾਲ ਕਰਨੇ ਪੈਂਦੇ ਹਨ। ਉਨ੍ਹਾ ਅਜੀਤ ਨੂੰ ਚੇਤੇ ਕਰਾਇਆ ਕਿ ਇਤਿਹਾਸ ਦੇਖ ਲਓ, ਜਿਹੜੇ ਭਾਜਪਾ ਨਾਲ ਗਏ, ਉਨ੍ਹਾਂ ਦਾ ਕੀ ਹਾਲ ਹੋਇਆ। ਅਕਾਲੀ ਦਲ ਨੇ ਸਭ ਗੁਆ ਲਿਆ। ਆਂਧਰਾ ਤੇ ਬਿਹਾਰ ਤੋਂ ਇਲਾਵਾ ਹੋਰ ਕਈ ਮਿਸਾਲਾਂ ਹਨ, ਜਿਹੜੀਆਂ ਦਿਖਾਉਂਦੀਆਂ ਹਨ ਕਿ ਭਾਜਪਾ ਨੇ ਇਤਿਹਾਦੀਆਂ ਨੂੰ ਤਬਾਹ ਕੀਤਾ। ਇਸ ਕਰਕੇ ਚੇਤੇ ਰੱਖਣਾ, ਤੁਹਾਡੇ ਨਾਲ ਵੀ ਵੱਖਰਾ ਨਹੀਂ ਹੋਣ ਵਾਲਾ। ਉਨ੍ਹਾ ਕਿਹਾ ਕਿ ਸ਼ਿਵ ਸੈਨਾ ਦਾ ਹਿੰਦੂਤਵ ਸਾਰੀਆਂ ਜਾਤਾਂ ਨੂੰ ਇਕੱਠੇ ਕਰ ਰਿਹਾ ਹੈ, ਪਰ ਭਾਜਪਾ ਦਾ ਹਿੰਦੂਤਵ ਵੰਡਪਾਊ, ਮਨੂੰਵਾਦੀ ਤੇ ਜ਼ਹਿਰੀਲਾ ਹੈ। ਸੂਬੇ ਵਿਚ ਹਾਲ ਹੀ 'ਚ ਫਿਰਕੂ ਦੰਗੇ ਹੋਏ। ਵੰਡਪਾਊ ਸਿਆਸਤ ਖੇਡਣ ਵਾਲੇ ਦੇਸ਼ ਭਗਤ ਨਹੀਂ ਹੋ ਸਕਦੇ ਤੇ ਅਸੀਂ ਉਨ੍ਹਾਂ ਨਾਲ ਰਲ ਨਹੀਂ ਸਕਦੇ। ਅਜੀਤ ਪਵਾਰ ਨੇ ਆਪਣੀ ਮੀਟਿੰਗ 'ਚ ਸ਼ਰਦ ਪਵਾਰ ਨੂੰ ਮੁਖਾਤਬ ਹੁੰਦਿਆਂ ਕਿਹਾ—ਭਾਜਪਾ ਆਗੂ 75 ਦੀ ਉਮਰ ਵਿਚ ਰਿਟਾਇਰ ਹੋ ਜਾਂਦੇ ਹਨ, ਤੁਸੀਂ ਐੱਲ ਕੇ ਅਡਵਾਨੀ ਤੇ ਮੁਰਲੀ ਮਨੋਹਰ ਜੋਸ਼ੀ ਦੀ ਮਿਸਾਲ ਦੇਖ ਸਕਦੇ ਹੋ। ਇਸ ਨਾਲ ਨਵੀਂ ਪੀੜ੍ਹੀ ਨੂੰ ਅੱਗੇ ਵਧਣ ਦਾ ਮੌਕਾ ਮਿਲਦਾ ਹੈ। ਤੁਹਾਨੂੰ ਹੁਣ ਸਾਨੂੰ ਅਸ਼ੀਰਵਾਦ ਦੇਣਾ ਚਾਹੀਦਾ ਹੈ। ਤੁਸੀਂ 83 ਦੇ ਹੋ ਗਏ ਹੋ। ਸਾਨੂੰ ਮੌਕਾ ਦਿਓ ਤੇ ਅਸੀਂ ਤੁਹਾਡੀ ਲੰਮੀ ਉਮਰ ਦੀ ਕਾਮਨਾ ਕਰਾਂਗੇ।ਮੀਟਿੰਗ 'ਚ ਅਜੀਤ ਪਵਾਰ ਨੇ ਸ਼ਰਦ ਪਵਾਰ ਨੂੰ ਪ੍ਰਧਾਨਗੀ ਤੋਂ ਲਾਹ ਕੇ ਖੁਦ ਨੂੰ ਕੌਮੀ ਪ੍ਰਧਾਨ ਐਲਾਨਿਆ। ਇਹ ਕਿਹਾ ਗਿਆ ਕਿ ਪ੍ਰਫੁੱਲ ਪਟੇਲ ਨੇ 30 ਜੂਨ ਨੂੰ ਮੀਟਿੰਗ ਸੱਦੀ ਸੀ, ਜਿਸ ਵਿਚ ਇਹ ਫੈਸਲਾ ਕੀਤਾ ਗਿਆ ਸੀ।

### ਰਿਟਾਇਰਡ ਬਿਜਲੀ...

ਕਿਹਾ ਕਿ ਇਹਨਾਂ ਮੰਗਾਂ ਅਤੇ ਮੰਗ ਪੱਤਰ ਵਿੱਚ ਦਰਜ ਮੰਗਾਂ ਦੀ ਪ੍ਰਾਪਤੀ ਲਈ ਪਾਵਰਕਾਮ ਦੀ ਮੈਨੇਜਮੈਂਟ ਨੂੰ 15 ਜੂਨ ਨੂੰ ਸੰਘਰਸ਼ ਦਾ ਨੋਟਿਸ ਦਿੱਤਾ ਗਿਆ ਸੀ ਅਤੇ ਮੰਗ ਕੀਤੀ ਗਈ ਸੀ ਕਿ ਮੰਗ ਪੱਤਰ ਵਿੱਚ ਦਰਜ ਮੰਗਾਂ 'ਤੇ ਮੀਟਿੰਗ ਦੇ ਕੇ ਮਸਲੇ ਹੱਲ ਕੀਤੇ ਜਾਣ, ਪਰੰਤੂ ਪਾਵਰਕਾਮ ਦੀ ਮੈਨੇਜਮੈਂਟ ਗੱਲਬਾਤ ਰਾਹੀਂ ਮਸਲੇ ਹੱਲ ਨਹੀਂ ਕਰ ਰਹੀ, ਜਿਸ ਕਰਕੇ ਪੈਨਸ਼ਨਰ ਨੂੰ ਲੋਹੜੇ ਦੀ ਗਰਮੀ ਵਿੱਚ ਮਜਬੂਰਨ ਪਾਵਰਕਾਮ ਦੇ ਮੁੱਖ ਦਫਤਰ ਦੇ ਸਾਹਮਣੇ ਗੇਟਾਂ 'ਤੇ ਧਰਨਾ ਦੇਣਾ ਪਿਆ। ਆਗੂਆਂ ਮੰਗ ਕੀਤੀ ਕਿ ਪਾਵਰਕਾਮ ਪੈਨਸ਼ਨਰਜ਼ ਯੂਨੀਅਨ ਨੂੰ ਮੀਟਿੰਗ ਦੇ ਕੇ ਮਸਲੇ ਹੱਲ ਕੀਤੇ ਜਾਣ। ਇਸ ਮੌਕੇ ਚਮਕੌਰ ਸਿੰਘ ਸੀਨੀਅਰ ਮੀਤ ਪ੍ਰਧਾਨ, ਪਾਲ ਸਿੰਘ ਮੁੰਡੀ ਮੀਤ ਪ੍ਰਧਾਨ, ਕੇਵਲ ਸਿੰਘ ਬਨਵੈਤ , ਜਗਦੇਵ ਸਿੰਘ ਬਾਹੀਆ , ਰਾਜਿੰਦਰ ਸਿੰਘ ਰਾਜਪੁਰਾ, ਜਰਨੈਲ ਸਿੰਘ, ਨਰਿੰਦਰ ਕੁਮਾਰ ਬੱਲ, ਜਗਦੀਸ਼ ਸਿੰਘ ਰਾਣਾ ਅਮਲੋਹ, ਜਗਦੀਸ਼ ਸ਼ਰਮਾ ਮੁਹਾਲੀ, ਜਸਬੀਰ ਸਿੰਘ ਭਾਮ, ਗੁਰਮੇਲ ਸਿੰਘ ਨਾਹਰ ਮੋਗਾ, ਰਾਮ ਕੁਮਾਰ ਰੋਪੜ, ਸੁਖਜੰਟ ਸਿੰਘ ਬਰਨਾਲਾ, ਕੁਲਦੀਪ ਸਿੰਘ ਰਾਣਾ ਜਲੰਧਰ, ਸੰਤੋਖ ਸਿੰਘ ਬੋਪਾਰਾਏ ਪਟਿਆਲਾ, ਗੱਜਣ ਸਿੰਘ, ਦਵਿੰਦਰ ਸਿੰਘ ਰੋਪੜ, ਸੁਰਿੰਦਰ ਪਾਲ ਸਿੰਘ ਲਹੌਰੀਆ, ਨਰਿੰਦਰ ਸੈਣੀ, ਭਿੰਦਰ ਸਿੰਘ ਚਾਹਲ, ਹਰਜੀਤ ਸਿੰਘ, ਜਗਤਾਰ ਸਿੰਘ, ਸ਼ਿਵ ਕੁਮਾਰ ਸੇਤੀਆ, ਮਲਕੀਤ ਸਿੰਘ, ਹਰਸ਼ਰਨਜੀਤ ਕੌਰ ਤੇ ਪਵਿੱਤਰ ਕੌਰ ਆਦਿ ਨੇ ਵਿਚਾਰ ਪ੍ਰਗਟ ਕਰਦਿਆ ਪਾਵਰ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਦੇ ਤਾਨਾਸ਼ਾਹ ਰਵੱਈਏ ਦੀ ਤਿੱਖੀ ਨੁਕਤਾਚੀਨੀ ਕੀਤੀ।

### ਬਿਜਲੀ ਕਾਮਿਆਂ ਦੇ ...

ਮੰਗਾਂ ਲਾਗੂ ਕਰਨ ਦਾ ਭਰੋਸਾ ਦਿੱਤਾ ਸੀ, ਜਿਸ ਤੋਂ ਲਗਾਤਾਰ ਟਾਲ-ਮਟੋਲ ਕੀਤਾ ਜਾ ਰਿਹਾ ਹੈ। ਮੁਲਾਜ਼ਮਾਂ ਮੰਗਾਂ, ਜਿਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਲਾਗੂ ਕਰਨ, ਸਕੇਲਾਂ ਦੀਆਂ ਤਰੁੱਟੀਆਂ ਦੂਰ ਕਰਨ, ਵੇਜ ਫਾਰਮੂਲੇਸ਼ਨ ਕਮੇਟੀ ਵਿੱਚ ਪ੍ਰਤੀਨਿਧਤਾ ਦੇਣ, ਰਹਿੰਦੇ ਭੱਤਿਆਂ ਵਿੱਚ ਸੋਧ ਕਰਨ, ਕੱਚੇ ਕਾਮੇ ਪੱਕੇ ਕਰਨ, ਸੀ ਆਰ ਏ 295/ 19 ਅਧੀਨ ਭਰਤੀ ਸ ਲ ਮ ਨੂੰ ਤੰਗ-ਪ੍ਰੇਸ਼ਾਨ ਨਾ ਕਰਨ, ਇਨ੍ਹਾਂ 'ਤੇ ਦਰਜ ਝੂਠੇ ਕੇਸ ਵਾਪਸ ਲੈਣ, ਸੀ ਆਰ ਏ 293/19, 294/19, 295/19 ਆਦਿ ਰਾਹੀਂ ਭਰਤੀ ਕਾਮਿਆਂ ਨੂੰ ਪਰਖਕਾਲ ਸਮਾਂ ਪੂਰਾ ਹੋਣ 'ਤੇ ਪੂਰਾ ਤਨਖਾਹ ਸਕੇਲ ਦੇਣ ਆਦਿ 50 ਨੁਕਾਤੀ ਮੰਗ ਪੱਤਰ ਅਨੁਸਾਰ ਮੁਲਾਜ਼ਮਾਂ ਦੀਆਂ ਮੰਨੀਆਂ ਮੰਗਾਂ ਲਾਗੂ ਕਰਨ ਅਤੇ ਰਹਿੰਦੀਆਂ ਮੰਗਾਂ ਦਾ ਨਿਪਟਾਰਾ ਕਰਨ, ਕੇਂਦਰ ਦੇ ਤਨਖਾਹ ਸਕੇਲ ਦੇਣ ਦੀ ਥਾਂ ਪੰਜਾਬ ਦੇ ਪੇ ਸਕੇਲ ਲਾਗੂ ਕਰਨ ਦੀ ਮੰਗ ਕੀਤੀ। ਕਰਮ ਚੰਦ ਭਾਰਦਵਾਜ ਨੇ ਦੱਸਿਆ ਕਿ ਜੇਕਰ ਪਾਵਰ ਮੈਨੇਜਮੈਂਟਾਂ ਅਤੇ ਬਿਜਲੀ ਮੰਤਰੀ ਪੰਜਾਬ ਨੇ 7 ਜੁਲਾਈ ਦੀ ਮੀਟਿੰਗ ਵਿੱਚ ਮੁਲਾਜ਼ਮ ਮਸਲੇ ਹੱਲ ਨਾ ਕੀਤੇ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ ਅਤੇ ਜਾਇੰਟ ਫੋਰਮ ਵੱਲੋਂ ਪਹਿਲਾਂ ਤੋਂ ਉਲੀਕੇ ਸੰਘਰਸ਼ ਪ੍ਰੋਗਰਾਮ—ਵਰਕ-ਟੂ-ਰੂਲ, ਫੀਲਡ ਦੌਰਿਆਂ ਸਮੇਂ ਡਾਇਰੈਕਟਰਾਂ ਵਿਰੁੱਧ ਕਾਲੇ ਝੰਡਿਆਂ ਨਾਲ ਰੋਸ ਵਿਖਾਵੇ ਜਾਰੀ ਰਹਿਣਗੇ।

## ਏਕਤਾ ਤੇ ਸੰਘਰਸ਼ ਤੋਂ ਬਿਨਾਂ ਸੰਵਿਧਾਨਕ ਹੱਕਾਂ ਦੀ ਪ੍ਰਾਪਤੀ ਨਹੀਂ ਹੋ ਸਕਦੀ : ਕੇਵਲ ਸਿੰਘ



**ਮਾਨਸਾ (ਆਤਮਾ ਸਿੰਘ ਪਮਾਰ)**-ਓ ਬੀ ਸੀ ਫੈਡਰੇਸ਼ਨ ਜ਼ਿਲ੍ਹਾ ਮਾਨਸਾ ਦੀ ਇੱਕ ਅਹਿਮ ਮੀਟਿੰਗ ਲਾਲ ਚੰਦ ਹੋਟਲ ਕਚਿਹਰੀ ਰੋਡ ਮਾਨਸਾ ਵਿਖੇ ਹੋਈ। ਜਿਸ ਵਿੱਚ ਪੱਛੜੇ ਸਮਾਜ ਦੀ ਮੈਂਬਰਸ਼ਿਪ, ਜ਼ਿਲ੍ਹਾ ਕਮੇਟੀ ਦਾ ਵਿਸਥਾਰ ਅਤੇ ਨੈਸ਼ਨਲ ਕਮਿਸ਼ਨ ਆਫ ਬੈਕਵਾਰਡ ਕਲਾਸ ਵੱਲੋਂ ਜਾਰੀ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਬੰਧਤ ਐਮ ਐਲ ਏ ਅਤੇ ਡਿਪਟੀ ਕਮਿਸ਼ਨਰ ਰਾਹੀਂ ਪੰਜਾਬ ਸਰਕਾਰ ਤੱਕ ਪੁਜਦੀਆਂ ਕਰਨ ਅਤੇ ਸੰਵਿਧਾਨਕ ਹੱਕਾਂ ਪ੍ਰਤੀ ਸਰਕਾਰਾਂ ਦੀ ਨਾਂਹ ਪੱਖੀ ਸੋਚ ਆਦਿ ਮੁੱਦਿਆਂ 'ਤੇ ਵਿਚਾਰ ਕੀਤਾ ਗਿਆ। ਮੀਟਿੰਗ ਨੂੰ ਸੰਬੋਧਨ ਕਰਦਿਆਂ ਫੈਡਰੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਕੇਵਲ ਸਿੰਘ ਨੇ ਕਿਹਾ ਕਿ ਫੈਡਰੇਸ਼ਨ ਓ ਬੀ ਸੀ ਵਿੱਚ ਦਰਜ ਸਾਰੀਆਂ ਜਾਤੀਆਂ ਨੂੰ ਸੰਗਠਨ ਵਿੱਚ ਯੋਗ ਨੁਮਾਇੰਦਗੀ ਦੇਵੇਗੀ ਅਤੇ ਕਮੇਟੀ ਵੱਲੋਂ ਘਰ ਘਰ ਤੱਕ ਪਹੁੰਚ ਕੇ ਸਮਾਜ ਦੇ ਲੋਕਾਂ ਨੂੰ ਹੱਕਾਂ ਪ੍ਰਤੀ ਲਾਮਬੰਦ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਬੜਾ ਅਫਸੋਸ ਹੈ ਕਿ ਪੱਛੜੇ ਸਮਾਜ ਨੂੰ ਜੋ ਕਾਨੂੰਨੀ ਹੱਕ ਮਿਲੇ ਹਨ ਉਹਨਾਂ ਨੂੰ ਵੀ ਲਾਗੂ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਹੱਕਾਂ ਦੀ ਪ੍ਰਾਪਤੀ ਲਈ ਸੰਘਰਸ਼ ਦਾ ਹੀ ਇਕੋ-ਇਕ ਰਾਹ ਬਚਿਆ ਹੈ। ਇਸ ਮੌਕੇ ਫੈਡਰੇਸ਼ਨ ਦੇ ਜਨਰਲ ਸਕੱਤਰ ਇੰਜ: ਮਲਕੀਤ ਸਿੰਘ ਖਿੱਪਲ ਨੇ ਕਿਹਾ ਕਿ ਅੱਜ ਦੀ ਮੀਟਿੰਗ ਵਿੱਚ ਐਗਜੈਕਟਿਵ ਕਮੇਟੀ ਵਿੱਚ ਵਿਸਥਾਰ ਕਰਕੇ 31 ਮੈਂਬਰੀ ਕਮੇਟੀ ਬਣਾਈ ਗਈ ਹੈ, ਉਨ੍ਹਾਂ ਕਿਹਾ ਕਿ ਜਲਦੀ ਹੀ ਫੈਡਰੇਸ਼ਨ ਨੈਸ਼ਨਲ ਕਮਿਸ਼ਨ ਆਫ ਬੈਕਵਾਰਡ ਕਲਾਸ ਵੱਲੋਂ ਪੰਜਾਬ ਦੇ ਓ ਬੀ ਸੀ ਵਰਗ ਲਈ ਕੀਤੀਆਂ ਸਿਫਾਰਸ਼ਾਂ ਦੀਆ ਕਾਪੀਆਂ ਸਰਕਾਰ ਦੇ ਨੁਮਾਇੰਦਿਆਂ ਨੂੰ ਦਿੱਤੀਆਂ ਜਾਣਗੀਆਂ। ਉਨ੍ਹਾਂ ਕਿਹਾ ਪੰਜਾਬ ਵਿੱਚ ਪੱਛੜੀਆਂ ਸ਼੍ਰੇਣੀਆਂ ਲਈ ਮੰਡਲ ਕਮਿਸਨ ਦੀ ਰਿਪੋਰਟ ਅਨੁਸਾਰ 27% ਰਾਖਵਾਂਕਰਨ ਲਾਗੂ ਕਰਵਾਉਣਾ ਫੈਡਰੇਸ਼ਨ ਦਾ ਮੁੱਖ ਏਜੰਡਾ ਹੈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਫੈਡਰੇਸ਼ਨ ਦੇ ਸੀਨੀਅਰ ਆਗੂ ਬਿਕਰ ਸਿੰਘ ਮਘਾਣੀਆਂ ਅਤੇ ਲਾਲ ਚੰਦ ਯਾਦਵ ਨੇ ਕਿਹਾ ਕਿ ਪੰਜਾਬ ਵਿੱਚ ਓ ਬੀ ਸੀ ਵਰਗ ਦੀ ਗਿਣਤੀ ਬਹੁਤ ਜ਼ਿਆਦਾ ਹੈ ਪਰ ਰਿਜ਼ਰਵੇਸ਼ਨ ਸਿਰਫ 12% ਹੈ ਜੋ ਕਿ ਇਸ ਵਰਗ ਨਾਲ ਘੋਰ ਬੇਇਨਸਾਫੀ ਹੈ। ਦੇਸ਼ ਨੂੰ ਆਜ਼ਾਦ ਹੋਏ 75 ਸਾਲ ਹੋ ਗਏ ਹਨ, ਅਜੇ ਤੱਕ ਸਮੇਂ ਦੀਆਂ ਸਰਕਾਰਾਂ ਵਲੋਂ ਜਾਣਬੁੱਝ ਕੇ ਜਾਤੀ ਅਧਾਰਿਤ ਜਣਗਣਨਾ ਵੀ ਨਹੀਂ ਕਰਵਾਈ ਜਾ ਰਹੀ। ਉਨ੍ਹਾਂ ਕਿਹਾ ਕਿ ਇੰਨੀ ਵੱਡੀ ਗਿਣਤੀ ਹੋਣ ਦੇ ਬਾਵਜੂਦ ਪਿੰਡ ਪੱਧਰ ਤੋਂ ਲੈ ਕੇ ਸ਼ਹਿਰਾਂ ਦੀਆਂ ਮਿਉਂਸਪਲ ਕਮੇਟੀਆਂ, ਵਿਧਾਨ ਸਭਾਵਾਂ, ਨਿਆਂ ਪਾਲਿਕਾ ਵਿੱਚ ਉਨ੍ਹਾਂ ਦੀ ਪ੍ਰਤੀਨਿਧਤਾ ਨਾਂਹ ਦੇ ਬਰਾਬਰ ਹੈ।

ਇਸ ਮੌਕੇ ਫੈਡਰੇਸ਼ਨ ਦੇ ਆਗੂ ਗੁਰਦੀਪ ਸਿੰਘ ਸਿੱਧੂ ਅਤੇ ਪ੍ਰੈੱਸ ਸਕੱਤਰ ਜਸਵਿੰਦਰ ਸਿੰਘ ਕਾਕੂ ਨੇ ਕਿਹਾ ਕਿ ਮਸ਼ੀਨੀ ਯੁੱਗ ਆਉਣ ਕਰਕੇ ਪਛੜੀਆਂ ਸ਼੍ਰੇਣੀਆਂ ਦੇ ਮਜ਼ਦੂਰ ਲੋਕਾਂ ਦੇ ਹੱਥੀਂ ਕਿਰਤ ਵਾਲੇ ਧੰਦੇ ਬੰਦ ਹੋ ਗਏ ਹਨ ਜਿਸ ਕਰਕੇ ਸਰਕਾਰ ਨੂੰ ਚਾਹੀਦਾ ਹੈ ਕਿ ਇਹਨਾਂ ਲੋਕਾਂ ਨੂੰ ਪੈਰਾਂ 'ਤੇ ਖੜ੍ਹੇ ਹੋਣ ਲਈ ਬਿਨਾਂ ਵਿਆਜ ਤੋਂ ਕਰਜ਼ਾ ਮੁਹੱਈਆ ਕਰਵਾਇਆ ਜਾਵੇ। ਮੀਟਿੰਗ ਵਿੱਚ ਮਹਿੰਦਰ ਪਾਲ ਫਿਰੋਜ਼ਪੁਰੀਆ, ਪ੍ਰਿਤਪਾਲ ਸਿੰਘ ਅਕਾਊਂਟਸ ਅਫਸਰ, ਰਘੂਬੀਰ ਸਿੰਘ ਰਾਮਗੜ੍ਹੀਆ, ਕੁਲਦੀਪ ਸਿੰਘ ਫਾਰਮੇਸੀ ਅਫਸਰ, ਇੰ: ਗੁਰਬਖਸ਼ ਸਿੰਘ, ਕਾਮਰੇਡ ਸਾਧੂ ਰਾਮ, ਗੁਰਤੇਜ ਸਿੰਘ ਤੇਜੀ, ਗੁਰਮੀਤ ਸਿੰਘ ਪਨਸਪ, ਬਲਵਿੰਦਰ ਸਿੰਘ ਭੁਪਾਲ, ਗੁਰਚਰਨ ਸਿੰਘ ਕੋਟਬਖਤੂ, ਮਿ: ਅਮ੍ਰਿਤ ਪਾਲ, ਪਰਮਜੀਤ ਸਿੰਘ ਸੈਕਟਰੀ, ਮਾ. ਗੁਰਜੰਟ ਸਿੰਘ, ਸੁਖਵਿੰਦਰ ਸਿੰਘ ਜੁੜੀਸ਼ਰੀ, ਸੰਜੀਵ ਕੁਮਾਰ ਸੰਜੂ ਅਤੇ ਮਦਨ ਲਾਲ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ।

## ਦੇਵ ਮਾਨ ਨੇ ਲਾਲਜੀਤ ਸਿੰਘ ਭੁੱਲਰ ਨਾਲ ਕੀਤੀ ਮੀਟਿੰਗ



**ਨਾਭਾ (ਵਰਿੰਦਰ ਵਰਮਾ)** ਹਲਕਾ ਵਿਧਾਇਕ ਨਾਭਾ ਆਮ ਆਦਮੀ ਪਾਰਟੀ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਲਾਲਜੀਤ ਸਿੰਘ ਭੁੱਲਰ ਪੰਚਾਇਤ ਮੰਤਰੀ ਪੰਜਾਬ ਸਰਕਾਰ ਨਾਲ ਚੰਡੀਗੜ੍ਹ ਵਿਖੇ ਮੀਟਿੰਗ ਕੀਤੀ। ਇਸ ਮੀਟਿੰਗ ਵਿੱਚ ਪੰਚਾਇਤੀ ਵਿਭਾਗ ਨਾਲ ਸੰਬੰਧਤ ਨਾਭਾ ਵਿਧਾਨ ਸਭਾ ਦੀਆਂ ਸਮੱਸਿਆਵਾਂ ਬਾਰੇ ਵਿਸਥਾਰ ਨਾਲ ਵਿਚਾਰ ਚਰਚਾ ਕੀਤੀ। ਵਿਧਾਇਕ ਦੇਵ ਮਾਨ ਨੇ ਦੱਸਿਆ ਕਿ ਪੰਚਾਇਤੀ ਫੰਡਾਂ ਵਿੱਚ ਗੜਬੜੀ ਕਰਨ ਵਾਲੇ ਕਿਸੇ ਵੀ ਪਿੰਡ ਦੇ ਸਰਪੰਚ ਅਤੇ ਪ੍ਰਸ਼ਾਸਨਕ ਅਧਿਕਾਰੀ ਖਿਲਾਫ ਕਾਰਵਾਈ ਕਰਕੇ ਤੁਰੰਤ ਬਰਖਾਸਤ ਕੀਤਾ ਜਾਵੇਗਾ। ਜਲਦ ਹੀ ਨਾਭਾ ਹਲਕੇ ਦੇ ਪਿੰਡਾਂ ਨੂੰ ਵਿਕਾਸ ਕਾਰਜਾਂ ਲਈ ਫੰਡ ਮੁਹੱਈਆ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ ਪਿੰਡਾਂ ਵਿੱਚ ਗਲੀਆਂ, ਨਾਲੀਆਂ, ਖੇਡ ਮੈਦਾਨ ਅਤੇ ਪਾਰਕਾਂ ਲਈ ਅਤੇ ਸਟ੍ਰੀਟ ਲਾਈਟਾਂ ਲਈ ਗ੍ਰਾਂਟ ਪੰਚਾਇਤ ਦੇ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਵੱਲੋਂ ਜਾਰੀ ਕੀਤੀ ਜਾ ਰਹੀ ਹੈ। ਦੇਵ ਮਾਨ ਨੇ ਕਿਹਾ ਕਿ ਨਾਭਾ ਵਿਧਾਨ ਸਭਾ ਦੇ 142 ਪਿੰਡਾਂ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਵਿਕਾਸ ਕਾਰਜ ਵੱਡੇ ਪੱਧਰ 'ਤੇ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ ਪੰਚਾਇਤ ਵਿਭਾਗ ਵਿੱਚ ਹੁਣ ਕੋਈ ਬਦਲੀ ਨਹੀਂ ਕੀਤੀ ਜਾਵੇਗੀ। ਇਸ ਲਈ ਕੋਈ ਵੀ ਅਧਿਕਾਰੀ ਬਦਲੀ ਲਈ ਦਰਖਾਸਤ ਨਾ ਲੈ ਕੇ ਆਵੇ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**
ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

6-July-PAGE-3.qxd 7/5/2023 10:49 PM Page 1



# ਮੰਗਾਂ ਨੂੰ ਲੈ ਕੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਨੇ ਲਗਾਇਆ ਰੋਸ ਧਰਨਾ



**ਮਜੀਠਾ (ਸੋਇਮ ਆਨੰਦ)**

ਭਾਕਿਊ ਏਕਤਾ ਉਗਰਾਹਾਂ ਦੇ ਬਲਾਕ ਤਰਸਿੱਕਾ ਦੇ ਪ੍ਰਧਾਨ ਜਗਜੀਵਨ ਸਿੰਘ ਦੀ ਅਗਵਾਈ ਵਿਚ ਤਹਿਸੀਲ ਮਜੀਠਾ ਵਿਖੇ ਵਿਸ਼ਾਲ ਰੋਸ ਧਰਨਾ ਦਿੱਤਾ ਗਿਆ ਜਿਸ ਵਿਚ ਕਿਸਾਨਾਂ ਅਤੇ ਕਿਸਾਨ ਬੀਬੀਆਂ ਨੇ ਵੱਡੀ ਗਿਣਤੀ ਵਿਚ ਸ਼ਮੂਲੀਅਤ ਕੀਤੀ ਜਿਸ ਦੇ ਚਲਦਿਆਂ ਭਖਦੇ ਮਸਲਿਆਂ ਨੂੰ ਲੈ ਕੇ ਪ੍ਰਸ਼ਾਸਨ ਤੇ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ ਗਈ। ਇਸ ਧਰਨੇ ਦੌਰਾਨ ਜਥੇਬੰਦੀ ਦੇ ਆਗੂ ਡਾ: ਪਰਮਿੰਦਰ ਸਿੰਘ ਨੇ ਕਿਹਾ ਕਿ ਪਿਛਲੇ ਸਮੇਂ ਤੋਂ ਪਾਖਰਪੁਰਾ ਰੇਲਵੇ ਕਰਾਸਿੰਗ ਨੂੰ ਲੈ ਕੇ ਜਿਹੜੇ ਕਿਸਾਨਾਂ ਅਤੇ ਕਿਸਾਨ ਬੀਬੀਆਂ ਖਿਲਾਫ ਮੁਕੱਦਮੇ ਦਰਜ ਹੋਏ ਹਨ ਉਹ ਡਿਪਟੀ ਕਮਿਸਨਰ ਅੰਮ੍ਰਿਤਸਰ ਅਤੇ ਐਸਐਸਪੀ ਅੰਮ੍ਰਿਤਸਰ ਵਲੋਂ ਵਿਸ਼ਵਾਸ ਦਿਵਾਏ ਜਾਣ ਦੇ ਬਾਵਜੂਦ ਅਜੇ ਤੱਕ ਰੱਦ ਨਹੀ ਹੋਏ। ਜ਼ਿਲ੍ਹਾ ਪ੍ਰੈੱਸ ਸਕੱਤਰ ਬਘੇਲ ਸਿੰਘ ਕੋਟ ਮੁਗਲ ਨੇ ਕਿਹਾ ਕਿ ਦੋ ਸਾਲ ਪਹਿਲਾਂ ਹੋਏ ਫਸਲੀ ਖਰਾਬੇ ਦਾ ਵੀ ਅਜੇ ਤੱਕ ਮੁਆਵਜ਼ਾ ਨਹੀਂ ਮਿਲਿਆ ਜਦਕਿ ਜ਼ਿਲ੍ਹਾ ਪ੍ਰਸ਼ਾਸਨ ਕੋਲ ਇਹ ਮੁਆਵਜ਼ੇ ਦੀ ਰਕਮ ਆਈ ਹੋਈ ਹੈ ਪਰ ਇਹ ਕਿਸਾਨਾਂ ਨੂੰ ਅਜੇ ਤੱਕ ਨਹੀਂ ਮਿਲੀ ਹੈ। ਉਨ੍ਹਾਂ ਕਿਹਾ ਕਿ ਕਈ ਵਾਰ ਅਫਸਰਾਂ ਨਾਲ ਮੀਟਿੰਗਾਂ ਹੋ ਚੁੱਕੀਆਂ ਹਨ। ਅੱਜ ਦੇ ਧਰਨੇ ਵਿਚ ਕਿਸਾਨ ਆਪਣੀਆਂ ਮੰਗਾਂ ਨੂੰ ਲੈਕੇ 2 ਵਜੇ ਤੱਕ ਧਰਨੇ ਤੇ ਡਟੇ ਰਹੇ ਅਤੇ ਕਰੀਬ 2 ਵਜੇ ਐਸਡੀਐਮ ਮਜੀਠਾ ਨੇ ਆਪ ਧਰਨੇ ਵਿਚ ਪਹੁੰਚ ਕੇ ਕਿਸਾਨਾਂ ਦੀ ਗੱਲ ਸੁਣੀ ਅਤੇ ਕਿਸਾਨ ਜਥੇਬੰਦੀ ਦੀ ਵੀਰਵਾਰ ਨੂੰ ਡਿਪਟੀ ਕਮਿਸਨਰ ਅੰਮ੍ਰਿਤਸਰ ਨਾਲ ਮੀਟਿੰਗ ਤੈਅ ਕਰਵਾਈ ਅਤੇ ਕੁਝ ਮੰਗਾਂ ਆਪਣੇ ਪੱਧਰ 'ਤੇ ਹੱਲ ਕਰਨ ਦਾ ਭਰੋਸਾ ਦਿਵਾਇਆ ਜਿਸ 'ਤੇ ਕਿਸਾਨ ਆਗੂਆਂ ਨੇ ਕਿਹਾ ਕਿ ਇਹ ਜਿਹੜੇ ਮਸਲੇ ਹਨ ਇਹ ਲੰਮੇ ਸਮੇ ਤੋਂ ਅਟਕ ਰਹੇ ਹਨ ਅਤੇ ਵਾਰ ਵਾਰ ਪ੍ਰਸ਼ਾਸਨ ਨਾਲ ਸੰਪਰਕ ਦੇ ਬਾਵਜੂਦ ਹੱਲ ਨਹੀਂ ਹੋਏ ਜਿਸ ਕਰ ਕੇ ਜਥੇਬੰਦੀ ਨੂੰ ਮਜਬੂਰਨ ਇਹ ਧਰਨਾ ਲਾਉਣਾ ਪਿਆ ਹੈ। ਐਸਡੀਐਮ ਵਲੋਂ ਭਰੋਸਾ ਦਿਵਾਏ ਜਾਣ ਤੋਂ ਬਾਅਦ ਜਥੇਬੰਦੀ ਨੇ ਧਰਨਾ ਮੁਲਤਵੀ ਕਰ ਦਿੱਤਾ। ਅੱਜ ਦੇ ਇਸ ਧਰਨੇ ਵਿਚ ਗਿਆਨ ਸਿੰਘ ਕੰਦੋਵਾਲੀ, ਕੁਲਬੀਰ ਸਿੰਘ, ਸਾਹਿਬ ਸਿੰਘ ਮਾਛੀਨੰਗਲ, ਲਖਵਿੰਦਰ ਸਿੰਘ ਮੂਧਲ, ਪ੍ਰਗਟ ਸਿੰਘ ਜਹਾਂਗੀਰ, ਅਮਰਜੀਤ ਸਿੰਘ, ਧਿਆਨ ਸਿੰਘ, ਤਸਵੀਰ ਸਿੰਘ ਫੌਜੀ, ਕੌਮਲ ਸਿੰਘ, ਸਤਨਾਮ ਸਿੰਘ, ਅਜੈਬ ਸਿੰਘ, ਹਰਜਾਪ ਸਿੰਘ, ਕੁੰਨਣ ਸਿੰਘ ਅਤੇ ਰਣਜੀਤ ਸਿੰਘ ਆਦਿ ਹਾਜ਼ਰ ਸਨ।

# ਪਿਸਤੌਲ ਦੀ ਨੋਕ 'ਤੇ ਗੱਡੀ ਖੋਹ ਕੇ ਲੁਟੇਰੇ ਫਰਾਰ

**ਗੁਰਦਾਸਪੁਰ, (ਜਨਕ ਮਹਾਜਨ)**-ਥਾਣਾ ਸਿਟੀ ਪੁਲਿਸ ਗੁਰਦਾਸਪੁਰ ਨੇ ਗੱਡੀ ਖੋਹਣ ਵਾਲੇ ਲੁਟੇਰਿਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੇ ਇਹ ਮਾਮਲਾ ਅੰਕੁਸ਼ ਸ਼ਰਮਾ ਪੁੱਤਰ ਮਦਨ ਲਾਲ ਸ਼ਰਮਾ ਵਾਸੀ ਅੰਮ੍ਰਿਤਸਰ ਦੇ ਬਿਆਨਾਂ 'ਤੇ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਪੀੜਤ ਨੇ ਦੱਸਿਆ ਕਿ ਬੀਤੇ ਦਿਨੀਂ ਮੈਂ ਆਪਣੀ ਮਾਤਾ ਅਤੇ ਤਾਈ ਨਾਲ ਆਪਣੀ ਗੱਡੀ ਟਾਟਾ ਨੈਕਸ਼ਨ 'ਤੇ ਸਵਾਰ ਹੋ ਕੇ ਹਿਮਾਚਲ ਤੋ ਅੰਮ੍ਰਿਤਸਰ ਜਾ ਰਿਹਾ ਸੀ ਕਿ ਜਦ ਉਹ ਉਪਲ ਹਾਈਵੇ ਪੈਟਰੋਲ ਪੰਪ ਬੱਬਰੀ ਦੇ ਅਗਲੇ ਪਾਸੇ ਬਾਥਰੂਮ ਕਰਨ ਤੋਂ ਬਾਅਦ ਗੱਡੀ ਵਿੱਚ ਬੈਠਣ ਲੱਗਾ ਤਾਂ ਅਚਾਨਕ ਇਕ ਗੱਡੀ ਸਾਡੇ ਨਜ਼ਦੀਕ ਆ ਕੇ ਰੁਕੀ। ਉਸ ਵਿਚੋਂ ਤਿੰਨ ਨਾਮਲੂਮ ਨੌਜਵਾਨ ਉਤਰ ਕੇ ਮੇਰੇ ਵੱਲ ਆਏ ਅਤੇ ਮੱਥੇ 'ਤੇ ਰਿਵਾਲਵਰ ਰੱਖ ਕੇ ਮੈਨੂੰ, ਮਾਤਾ ਅਤੇ ਤਾਈ ਨੂੰ ਵੀ ਗੱਡੀ ਵਿੱਚੋਂ ਧੱਕੇ ਮਾਰ ਕੇ ਬਾਹਰ ਕੱਢ ਦਿੱਤਾ। ਪੁਲਸ ਨੇ ਕਾਰਵਾਈ ਕਰਦਿਆਂ ਲੁਟੇਰਿਆਂ ਖ਼ਿਲਾਫ਼ 379ਬੀ, 34, ਆਰਮਜ਼ ਐਕਟ ਅਧੀਨ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਜੁਗਾੜੂ ਮੋਟਰਸਾਈਕਲ ਮਜ਼ਦੂਰ ਟਰੇਡ ਯੂਨੀਅਨ ਵੱਲੋਂ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ



**ਬਟਾਲਾ (ਤਰਲੋਕ ਬੱਗਾ)**

ਬਟਾਲਾ ਵਿਖੇ ਜੁਗਾੜੂ ਮੋਟਰਸਾਈਕਲ ਮਜ਼ਦੂਰ ਟਰੇਡ ਯੂਨੀਅਨ ਆਫ ਪੰਜਾਬ ਨੇ ਇਕ ਰੋਸ ਪ੍ਰਦਰਸ਼ਨ ਪੰਜਾਬ ਸਰਕਾਰ ਖਿਲਾਫ ਲੀਕ ਵਾਲਾ ਤਲਾਬ ਵਿਖੇ ਕੀਤਾ ਜਿਸ ਦੀ ਪ੍ਰਧਾਨਗੀ ਦਿਲਬਾਗ ਸਿੰਘ, ਲਖਵਿੰਦਰ ਤੇ ਜ਼ਿਲਾ ਪ੍ਰਧਾਨ ਕਾਮਰੇਡ ਕਪਤਾਨ ਸਿੰਘ ਬਾਸਰਪੁਰਾ ਨੇ ਕੀਤੀ। ਇਸ ਰੋਸ ਪ੍ਰਦਰਸ਼ਨ ਨੂੰ ਸੰਬੋਧਨ ਕਰਦਿਆਂ ਯੂਨੀਅਨ ਦੇ ਸੂਬਾ ਆਗੂ ਕਾਮਰੇਡ ਮਨਜੀਤ ਰਾਜ ਬਟਾਲਾ ਨੇ ਕਿਹਾ ਕਿ ਪੰਜਾਬ ਪੁਲਸ ਪੰਜਾਬ ਵਿੱਚ ਜੁਗਾੜੂ ਮੋਟਰਸਾਈਕਲ ਰੇਹੜੀ ਵਾਲਿਆਂ ਨੂੰ ਤੰਗ-ਪ੍ਰੇਸ਼ਾਨ ਕਰਦੀ ਹੈ ਤੇ ਸਰਕਾਰ ਵੀ ਜੁਗਾੜੂ ਮੋਟਰਸਾਈਕਲ ਰੇਹੜੀਆਂ ਬੰਦ ਕਰਵਾਉਣ ਦਾ ਯਤਨ ਕਰ ਰਹੀ ਹੈ ਪਰ ਕਾਮਰੇਡ ਮਨਜੀਤ ਰਾਜ ਬਟਾਲਾ ਨੇ ਕਿਹਾ ਕਿ ਇਹ ਕਦੇ ਨਹੀਂ ਹੋਣ ਦਿੱਤਾ ਜਾਵੇਗਾ ਕਿਉਂਕਿ ਰੇਹੜੀ ਵਾਲਿਆਂ ਨੇ ਕਰਜ਼ੇ ਚੁੱਕ ਕੇ ਆਪਣੀ ਰੋਟੀ ਦਾ ਜੁਗਾੜ ਬਣਾਇਆ ਹੋਇਆ ਹੈ। ਨੌਕਰੀਆਂ ਨਾ ਮਿਲਣ ਕਾਰਨ ਦਸਵੀਂ, ਬਾਰ੍ਹਵੀਂ, ਬੀ ਏ ਪਾਸ ਵੀ ਜੁਗਾੜੂ ਮੋਟਰਸਾਈਕਲ ਰੇਹੜੀਆਂ ਚਲਾ ਰਹੇ ਹਨ ਤੇ ਆਪਣੇ ਪਰਿਵਾਰ ਦਾ ਪੇਟ ਪਾਲ ਰਹੇ ਹਨ ਪਰ ਬਹੁਤ ਸ਼ਰਮ ਦੀ ਗੱਲ ਹੈ ਕਿ ਇੱਕ ਪਾਸੇ ਗਰੀਬਾਂ ਨੂੰ ਕੋਈ ਰੋਜ਼ਗਾਰ ਨਹੀਂ ਦੇ ਰਹੀ। ਸਰਕਾਰ ਤਾਂ ਗਰੀਬਾਂ ਦੇ ਰੋਜ਼ਗਾਰ ਨੂੰ ਖੋਹਣ ਲਈ ਹੱਥਕੰਡੇ ਅਪਣਾ ਰਹੀ ਹੈ। ਉਨਾਂ ਪੰਜਾਬ ਸਰਕਾਰ ਤੇ ਪੰਜਾਬ ਪੁਲਸ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਜੁਗਾੜੂ ਮੋਟਰਸਾਈਕਲ ਰੇਹੜੀ ਵਾਲਿਆਂ ਨੂੰ ਕਿਸੇ ਵਰਕਰ ਨੂੰ ਤੰਗ ਪ੍ਰੇਸ਼ਾਨ ਕੀਤਾ ਤਾਂ ਯੂਨੀਅਨ ਵੱਡਾ ਸੰਘਰਸ਼ ਕਰੇਗੀ। ਉਨ੍ਹਾਂ ਮੰਗ ਕੀਤੀ ਕਿ ਜੁਗਾੜੂ ਮੋਟਰਸਾਈਕਲ ਰੇਹੜੀ ਵਾਲਿਆਂ ਨੂੰ ਰਜਿਸਟਰਡ ਕੀਤਾ ਜਾਵੇ। ਇਨ੍ਹਾਂ ਦਾ ਦੁਰਘਟਨਾ ਬੀਮਾ ਕੀਤਾ ਜਾਵੇ। ਸਰਕਾਰ ਮਾਲੀ ਸਹਾਇਤਾ ਵੀ ਕਰੇ। ਕਾਮਰੇਡ ਕਪਤਾਨ ਸਿੰਘ ਬਾਸਰਪੁਰਾ ਨੇ ਅਪੀਲ ਕੀਤੀ ਕਿ ਹਰ ਜੁਗਾੜੂ ਮੋਟਰਸਾਈਕਲ ਰੇਹੜੀ ਵਾਲਾ ਬਟਾਲਾ ਦਾ ਹਰ ਵਰਕਰ ਦਿਨ ਐਤਵਾਰ ਤਰੀਕ 9/7/23 ਸਵੇਰੇ ਦਸ ਵਜੇ ਮੀਟਿੰਗ ਵਿਚ ਪਹੁੰਚੇ। ਇਸ ਮੌਕੇ ਗੁਰਦੀਪ ਸਿੰਘ, ਲਖਵਿੰਦਰ ਸਿੰਘ, ਅਮਰਿੰਦਰ ਸਿੰਘ, ਧਰਮਿੰਦਰ, ਤਰਸੇਮ ਸਿੰਘ, ਨਿੱਕਾ, ਰਵੀ, ਹਰਪਾਲ ਸਿੰਘ, ਜਸਪਾਲ, ਤਰਸੇਮ ਲਾਲ, ਸੰਜੀਵ ਕੁਮਾਰ, ਬਲਰਾਮ, ਮਹਿੰਗਾ ਰਾਮ, ਡੇਵਿਡ, ਅਵਤਾਰ ਸਿੰਘ ਪੰਮਾ, ਕਰਨ, ਜੀਤਾ, ਜਗੀਰਾ, ਵਿਲੀਅਮ ਮਸੀਹ, ਮਨਹੋਰ, ਅਤੇ ਮੇਜਰ ਸਿੰਘ ਹਾਜ਼ਰ ਸਨ।

# ਕ੍ਰਾਂਤੀਕਾਰੀ ਕਿਸਾਨ ਯੂਨੀਅਨ ਜ਼ਿਲ੍ਹਾ ਗੁਰਦਾਸਪੁਰ ਕਮੇਟੀ ਵੱਲੋਂ ਵਿਸ਼ੇਸ਼ ਮੀਟਿੰਗ

## ਪਿੰਡ ਕੰਡੀਲਾ ਦੇ ਇਸਤਰੀ ਵਿੰਗ ਦੀ ਚੋਣ ਦੌਰਾਨ ਅਹੁਦੇਦਾਰ ਥਾਪੇ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**

ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਜ਼ਿਲ੍ਹਾ ਗੁਰਦਾਸਪੁਰ ਕਮੇਟੀ ਦੀ ਮੀਟਿੰਗ ਪਿੰਡ ਕੰਡੀਲਾ ਵਿਖੇ ਸੀਨੀਅਰ ਮੀਤ ਪ੍ਰਧਾਨ ਬਲਾਕ ਕਾਦੀਆਂ, ਹਰਪ੍ਰੀਤ ਸਿੰਘ ਹੈਰੀ ਰਿਆੜ ਦੇ ਗ੍ਰਹਿ ਵਿਖੇ ਜ਼ਿਲ੍ਹਾ ਪ੍ਰਧਾਨ ਰਾਜਗੁਰਵਿੰਦਰ ਸਿੰਘ ਲਾਡੀ ਘੁਮਾਣ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਹਰਪ੍ਰੀਤ ਕੌਰ ਘੁਮਾਣ ਦੀ ਅਗਵਾਈ ਹੇਠ ਪਿੰਡ ਕੰਡੀਲਾ ਦੀ ਇਸਤਰੀ ਵਿੰਗ ਦੀ ਚੋਣ ਕੀਤੀ ਗਈ ਜਿਸ ਵਿੱਚ ਹੇਠ ਲਿਖੇ ਅਹੁਦੇਦਾਰ ਬਣਾਏ ਗਏ। ਬੀਬੀ ਸੁਰਿੰਦਰ ਕੌਰ ਰਿਆੜ ਨੂੰ ਇਕਾਈ ਕੋਆਰਡੀਨੇਟਰ, ਬੀਬੀ ਸੋਮਾ ਇਕਾਈ ਪ੍ਰਧਾਨ, ਬੀਬੀ ਸਰਬਜੀਤ ਕੌਰ ਨੂੰ ਸੀਨੀਅਰ ਮੀਤ ਪ੍ਰਧਾਨ, ਮੀਤ ਪ੍ਰਧਾਨ ਬੀਬੀ ਮਨਜੀਤ ਕੌਰ, ਮੀਤ ਪ੍ਰਧਾਨ ਬੀਬੀ ਗੁਰਮੀਤ ਕੌਰ, ਮੀਤ ਪ੍ਰਧਾਨ ਬੀਬੀ ਰਣਜੀਤ ਕੌਰ ਰਿਆੜ, ਮੀਤ ਪ੍ਰਧਾਨ ਬੀਬੀ ਬਲਵਿੰਦਰ ਕੌਰ, ਜਨਰਲ ਸਕੱਤਰ ਬੀਬੀ ਕੁਲਵਿੰਦਰ ਕੌਰ, ਕੈਸ਼ੀਅਰ ਬੀਬੀ ਜੋਗਿੰਦਰ ਕੌਰ, ਮੀਤ ਪ੍ਰਧਾਨ ਬੀਬੀ ਹਰਜਿੰਦਰ ਕੌਰ, ਅਤੇ ਬਲਵਿੰਦਰ ਕੌਰ, ਪਰਮਜੀਤ ਕੌਰ, ਬਲਜੀਤ ਕੌਰ, ਬਲਵਿੰਦਰ ਕੌਰ ਰਿਆੜ, ਸਰਬਜੀਤ ਕੌਰ, ਦਲਜੀਤ ਕੌਰ ਆਦਿ ਮੈਂਬਰ ਬਣੇ। ਇਸ ਮੌਕੇ ਇਸਤਰੀ ਵਿੰਗ ਦੀਆਂ ਸਾਰੀਆਂ ਬੀਬੀਆਂ ਨੇ ਕਿਸਾਨਾਂ ਨਾਲ ਹੋ ਰਹੇ ਧੱਕੇ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ। ਇਸ ਮੌਕੇ ਹੇਠ ਲਿਖੇ ਜ਼ਿਲ੍ਹਾ ਅਤੇ ਬਲਾਕ ਆਗੂ ਹਾਜ਼ਰ ਹੋਏ। ਜ਼ਿਲ੍ਹਾ ਪ੍ਰਧਾਨ ਰਾਜਗੁਰਵਿੰਦਰ ਸਿੰਘ ਲਾਡੀ ਘੁਮਾਣ, ਸੀਨੀਅਰ ਮੀਤ ਪ੍ਰਧਾਨ ਬਚਨ ਸਿੰਘ ਭੰਬੋਈ, ਸੀਨੀਅਰ ਆਗੂ ਡਾਕਟਰ ਹਰਭਜਨ ਸਿੰਘ ਹਰਪੁਰਾ, ਬਲਾਕ ਪ੍ਰਧਾਨ ਲਖਬੀਰ ਸਿੰਘ ਹਰਪੁਰਾ, ਸੀਨੀਅਰ ਮੀਤ ਪ੍ਰਧਾਨ ਬਲਾਕ ਹਰਪ੍ਰੀਤ ਸਿੰਘ ਹੈਰੀ ਰਿਆੜ, ਸੰਨੀ ਕਾਹਲਵਾਂ, ਬਲਾਕ ਜਨਰਲ ਸਕੱਤਰ ਸ਼ਮਸ਼ੇਰ ਸਿੰਘ ਹਰਪੁਰਾ, ਇਕਾਈ ਪ੍ਰਧਾਨ ਘਰਭਿੰਦਰ ਸਿੰਘ ਕੋਹਾਲੀ, ਇਕਾਈ ਪ੍ਰਧਾਨ ਲਖਵਿੰਦਰ ਸਿੰਘ ਪ੍ਰਤਾਪਗੜ੍ਹ, ਰਾਹੁਲ ਕਾਹਲਵਾਂ, ਕਰਮਜੀਤ ਸਿੰਘ ਹਰਪੁਰਾ, ਸੁਖਦੇਵ ਸਿੰਘ ਹਰਪੁਰਾ, ਆਦਿ ਹਾਜ਼ਰ ਹੋਏ। ਇਸ ਮੌਕੇ ਇਸਤਰੀ ਵਿੰਗ ਦੀ ਨਵੀਂ ਬਣੀ ਪ੍ਰਧਾਨ ਬੀਬੀ ਸੋਮਾ, ਇਕਾਈ ਕੋਆਰਡੀਨੇਟਰ ਬੀਬੀ ਸੁਰਿੰਦਰ ਕੌਰ ਰਿਆੜ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 10 ਤਾਰੀਖ ਨੂੰ ਹੋਣ ਵਾਲੀ ਇਨਸਾਫ ਰੈਲੀ ਵਿੱਚ ਬੀਬੀਆਂ ਵੱਡੀ ਗਿਣਤੀ ਵਿਚ ਸ਼ਾਮਿਲ ਹੋਣਗੀਆਂ।

# ਟੱਕਰ ਮਾਰ ਕੇ ਜ਼ਖਮੀ ਕਰਨ ਵਾਲੇ ਕਾਰ ਚਾਲਕ ਖ਼ਿਲਾਫ਼ ਮਾਮਲਾ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**-ਥਾਣਾ ਤਿੱਬੜ ਪੁਲਸ ਨੇ ਗੁਰਨਾਮ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਨੰਗਲ ਲਾਮੀਨ ਦੇ ਬਿਆਨਾਂ 'ਤੇ ਕਾਰਵਾਈ ਕਰਦਿਆਂ ਨਾਮਲੂਮ ਡਰਾਇਵਰ ਗੱਡੀ ਨੰਬਰੀ ਐਚ.ਪੀ. 63.ਬੀ.6423 ਮਾਰਕਾ ਟਾਟਾ ਨੈਕਸ਼ਨ ਖ਼ਿਲਾਫ਼ ਇਕ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਗੁਰਨਾਮ ਸਿੰਘ ਨੇ ਦੱਸਿਆ ਕਿ ਉਸ ਦਾ ਪਿਤਾ ਜੋਗਿੰਦਰ ਸਿੰਘ ਆਪਣੇ ਮੋਟਰਸਾਇਕਲ ਨੰਬਰੀ ਪੀਬੀ 18 ਐਮ. 5014 'ਤੇ ਸਵਾਰ ਹੋ ਕੇ ਪਿੰਡ ਭੁੱਲੇ ਚੱਕ ਆਪਣੀ ਜ਼ਮੀਨ ਵੱਲ ਜਾ ਰਹੇ ਸੀ ਵੱਕਤ ਕਰੀਬ 4.40 ਪੀ.ਐਮ. ਜਦ ਉਹ ਤਿੱਬੜੀ ਪੁਲ ਕਰਾਸ਼ ਕਰਕੇ ਮਨਦੀਪ ਸਿੰਘ ਦੇ ਆਰੇ ਨੇੜੇ ਪੁੱਜਾ ਤਾਂ ਗੁਰਦਾਸਪੁਰ ਸਾਈਡ ਤੋਂ ਇੱਕ ਗੱਡੀ ਨੰਬਰੀ ਐਚ.ਪੀ..63.ਬੀ.6423 ਮਾਰਕਾ ਟਾਟਾ ਨੈਕਸ਼ਨ ਤੇਜ਼ ਰਫਤਾਰ ਨਾਲ ਆਈ ਜਿਸ ਦੇ ਅਣਪਛਾਤੇ ਡਰਾਈਵਰ ਨੇ ਜੋਗਿੰਦਰ ਸਿੰਘ ਦੇ ਮੋਟਰਸਾਇਕਲ ਵਿੱਚ ਮਾਰ ਦਿੱਤੀ ਜਿਸ ਨਾਲ ਉਸ ਦੇ ਕਾਫੀ ਗੰਭੀਰ ਸੱਟਾਂ ਲੱਗੀਆਂ ਹਨ ਜੋ ਗੁਰਦਾਸਪੁਰ ਦੇ ਇਕ ਨਿੱਜੀ ਹਸਪਤਾਲ ਵਿਖੇ ਜ਼ੇਰੇ ਇਲਾਜ ਹੈ। ਪੁਲਸ ਨੇ ਕਾਰਵਾਈ ਕਰਦਿਆਂ ਨਾਮਲੂਮ ਡਰਾਈਵਰ ਖ਼ਿਲਾਫ਼ 279, 337, 338 ਅਤੇ 427 ਅਧੀਨ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਸੋਹਲ 'ਚ ਲੱਗੀਆਂ ਸੈਣ ਭਗਤ ਜੀ ਦੇ ਵਿਆਹ ਪੁਰਬ ਦੀਆਂ ਰੌਣਕਾਂ



**ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)**

ਪਿੰਡ ਸੋਹਲ ਵਿਖੇ ਸੈਣ ਭਗਤ ਜੀ ਦਾ ਵਿਆਹ ਪੁਰਬ ਦਿਹਾੜਾ ਗੁਰਦੁਆਰਾ ਬਾਬਾ ਸੈਣ ਭਗਤ ਜੀ ਸੋਹਲ ਵਿਖੇ ਗੁਰਦੁਆਰਾ ਕਮੇਟੀ ਵੱਲੋਂ ਸਮੂਹ ਨਗਰ ਨਿਵਾਸੀਆ ਤੇ ਪਿੰਡ ਦੀ ਪੰਚਾਇਤ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਸਵੇਰੇ ਸ੍ਰੀ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ। ਉਪਰੰਤ ਗੁਰਬਾਣੀ ਦੇ ਸਬਦ ਕੀਰਤਨ ਦੇ ਉਪਰੰਤ ਦੀਵਾਨ ਹਾਲ ਵਿਖੇ ਧਾਰਮਿਕ ਦੀਵਾਨ ਸਜਾਏ ਗਏ ਜਿਥੇ ਗੁਰੂ ਘਰ ਦੇ ਪ੍ਰਸਿੱਧ ਕਵੀਸ਼ਰ ਤੇ ਢਾਡੀ ਸਿੰਘਾਂ ਨੇ ਸੈਣ ਭਗਤ ਜੀ ਦੀ ਜੀਵਨੀ ਤੇ ਗੁਰੂ ਕਾ ਇਤਿਹਾਸ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਸਮੇਂ ਪਹੁੰਚੇ ਸੰਤਾਂ, ਮਹਾਪੁਰਸ਼ਾਂ ਨੇ ਸੰਗਤਾਂ ਨੂੰ ਅੰਮ੍ਰਿਤ ਦੇ ਧਾਰਨੀ ਹੋਣ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਧਾਰਨ ਦੀ ਅਪੀਲ ਕੀਤੀ। ਪ੍ਰਧਾਨ ਭਾਈ ਤਰਲੋਚਨ ਸਿੰਘ ਸੋਹਲ ਤੇ ਪ੍ਰਬੰਧਕਾਂ ਵਲੋਂ ਸੈਣ ਸਮਾਜ ਦੀਆਂ ਸੇਵਾ ਸੁਸਾਇਟੀ ਤੇ ਹੋਰ ਸੰਸਥਾਵਾਂ ਤੋਂ ਪਹੁੰਚੇ ਆਗੂਆਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਇਸ ਸਮੇਂ ਪ੍ਰਧਾਨ ਭਾਈ ਤਰਲੋਚਨ ਸਿੰਘ ਸੋਹਲ, ਸਰਪੰਚ ਸਰਵਣ ਸਿੰਘ ਸੋਹਲ, ਸੈਣ ਭਗਤ ਕਮੇਟੀ ਮੈਂਬਰ ਹੁਸਨਦੀਪ ਸਿੰਘ, ਹੈੱਡ ਗ੍ਰੰਥੀ ਚੰਨਪ੍ਰੀਤ ਸਿੰਘ, ਏਐੱਸਆਈ ਹਰਦੀਪ ਸਿੰਘ ਸੋਹਲ, ਅਮਰਜੀਤ ਸਿੰਘ, ਪ੍ਰਧਾਨ ਤਰਸੇਮ ਸਿੰਘ, ਜਗਜੀਤ ਸਿੰਘ, ਜਗੀਰ ਸਿੰਘ, ਮੁਲਖਜੀਤ ਸਿੰਘ, ਗੁਰਬਖਸ਼ ਸਿੰਘ, ਸਰਮੁੱਖ ਸਿੰਘ, ਬੂਟਾ ਸਿੰਘ, ਬੱਬੂ ਸਿੰਘ, ਗੁਰਪ੍ਰੀਤ ਸਿੰਘ, ਗੁਰਵੇਲ ਸਿੰਘ, ਚੈਂਚਲ ਸਿੰਘ, ਸਟੇਜ ਸੈਕਟਰੀ ਪ੍ਰਤਾਪ ਸਿੰਘ ਸੋਹਲ, ਖਜ਼ਾਨਚੀ ਮਖਤੂਲ ਸਿੰਘ ਸੋਹਲ, ਬਾਬਾ ਸੈਣ ਭਗਤ ਕਲੱਬ ਸੋਹਲ, ਬਾਬਾ ਬਸਤਾ ਸਿੰਘ ਕਲੱਬ ਕੈਰੋਂ, ਮਨਪ੍ਰੀਤ ਸਿੰਘ ਗਰੇਵਾਲ, ਤੇਜਿੰਦਰ ਸਿੰਘ ਗੋਲਡੀ, ਡਾ. ਗੁਰਨਾਮ ਸਿੰਘ ਸੋਹਲ, ਮਾ: ਅਵਤਾਰ ਸਿੰਘ ਸੋਹਲ, ਸਾਹਬ ਸਿੰਘ, (ਮੇਲੇ ਵਿੱਚ ਪਹੁੰਚੀਆਂ ਕਬੱਡੀ ਦੀਆਂ ਟੀਮਾਂ ਬਾਬਾ ਸੈਣ ਭਗਤ ਕਲੱਬ ਸੋਹਲ, ਬਾਬਾ ਬਸਤਾ ਸਿੰਘ ਕਲੱਬ ਕੈਰੋਂ) ਜਿਨ੍ਹਾਂ ਨੇ ਆਪਣੀ ਕਬੱਡੀ ਦੇ ਜੌਹਰ ਵਿਖਾਏ ਅਤੇ ਇਲਾਕੇ ਦੀਆਂ ਸਮੂਹ ਸੰਗਤਾਂ ਹਾਜ਼ਰ ਸਨ।

# 17 ਤੱਕ ਚਲਾਈ ਜਾਵੇਗੀ ਤੀਬਰ ਦਸਤ ਰੋਕੂ ਪੰਦਰਵਾੜਾ ਜਾਗਰੂਕਤਾ ਮੁਹਿੰਮ



**ਤਰਨ ਤਾਰਨ (ਪ੍ਰਿਤਪਾਲ ਸਿੰਘ)**

ਡਾ. ਗੁਰਪ੍ਰੀਤ ਸਿੰਘ ਸਿਵਲ ਸਰਜਨ ਤਰਨ ਤਾਰਨ ਅਤੇ ਡਾ. ਵਰਿੰਦਰ ਪਾਲ ਕੌਰ ਜ਼ਿਲ੍ਹਾ ਟੀਕਾਕਰਨ ਅਫਸਰ ਦੀ ਪ੍ਰਧਾਨਗੀ ਹੇਠ ਆਈ. ਡੀ. ਸੀ. ਐੱਫ. ਸਬੰਧੀ ਦਫਤਰ ਸਿਵਲ ਸਰਜਨ ਤਰਨ ਤਾਰਨ ਵਿਖੇ ਮੀਟਿੰਗ-ਕਮ ਟ੍ਰੇਨਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਆਈ. ਡੀ. ਸੀ. ਐੱਫ ਪ੍ਰੋਗਰਾਮ ਨਾਲ ਸਬੰਧਤ ਨੋਡਲ ਅਫਸਰ, ਬੀ. ਈ. ਈ. ਅਤੇ ਐਲ.ਐਚ.ਵੀ. ਵੱਲੋ ਭਾਗ ਲਿਆ ਗਿਆ। ਸਿਵਲ ਸਰਜਨ ਤਰਨ ਤਾਰਨ ਵੱਲੋਂ ਆਏ ਹੋਏ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਹਦਾਇਤ ਕੀਤੀ ਕਿ ਹਰ ਬਲਾਕ ਵਿੱਚ ਦੂਜੇ ਵਿਭਾਗਾਂ ਨਾਲ ਤਾਲਮੇਲ ਕਰਕੇ ਸਕੂਲਾਂ ਅਤੇ ਆਂਗਣਵਾੜੀ ਸੈਂਟਰਾਂ ਦੇ ਵਿੱਚ ਤੀਬਰ ਦਸਤ ਰੋਕ ਪੰਦਰਵਾੜਾ ਜਾਗਰੂਕਤਾ ਮੁਹਿੰਮ ਚਲਾਈ ਜਾਵੇ। ਉਨਾਂ ਦੱਸਿਆ ਕਿ ਗਰਮੀਆਂ ਦੇ ਮੌਸਮ ਵਿੱਚ 5 ਸਾਲ ਤੋਂ ਛੋਟੇ ਬੱਚਿਆਂ ਨੂੰ ਦਸਤ ਰੋਗ ਤੋਂ ਬਚਾਉਣ ਲਈ ਮਿਤੀ 04 ਜੁਲਾਈ ਤੋਂ 17 ਜੁਲਾਈ ਤੱਕ ਇੱਕ ਵਿਸ਼ੇਸ਼ ਤੀਬਰ ਦਸਤ ਰੋਕੂ ਪੰਦਰਵਾੜਾ ਚਲਾਇਆ ਜਾ ਰਿਹਾ ਹੈ। ਡਾ. ਵਰਿੰਦਰਪਾਲ ਕੌਰ ਜ਼ਿਲ੍ਹਾ ਟੀਕਾਕਰਨ ਅਫਸਰ ਵੱਲੋਂ ਦੱਸਿਆ ਗਿਆ ਕਿ ਪਿਛਲੇ 9 ਸਾਲਾਂ ਤੋਂ ਇਹ ਵਿਸ਼ੇਸ਼ ਪੰਦਰਵਾੜਾ ਸ਼ੁਰੂ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਮਕਸਦ ਨੂੰ ਪੂਰਾ ਕਰਨ ਲਈ ਘਰ-ਘਰ ਵਿਚ ਜਿੱਥੇ 0 ਤੋਂ 5 ਸਾਲ ਤੋਂ ਛੋਟੇ ਬੱਚੇ ਹਨ, ਆਸ਼ਾ ਵਰਕਰਾਂ ਵਲੋਂ ਓ. ਆਰ. ਐਸ. ਦੇ ਪੈਕੇਟ ਮੁਫਤ ਵੰਡੇ ਜਾਣਗੇ ਅਤੇ ਦਸਤ ਹੋਣ ਦੀ ਹਾਲਤ ਵਿਚ ਜਿੰਕ ਦੀਆਂ ਗੋਲੀਆਂ ਮੁਫਤ ਦਿੱਤੀਆਂ ਜਾਣਗੀਆਂ। ਇਸ ਪੰਦਰਵਾੜੇ ਦੌਰਾਨ ਆਸ਼ਾ ਵਰਕਰਾਂ ਅਤੇ ਏਐਨਐਮਜ਼ ਵਲੋਂ ਤਰਨ ਤਾਰਨ ਜ਼ਿਲੇ ਭਰ ਵਿਚ ਘਰ-ਘਰ ਦਸਤ ਰੋਗਾਂ ਸੰਬਧੀ ਜਾਗਰੂਕ ਕੀਤਾ ਜਾਵੇਗਾ ਅਤੇ ਓਆਰਐੱਸ ਦੇ ਘੋਲ ਦੀ ਮਹੱਤਤਾ ਦੇ ਨਾਲ-ਨਾਲ ਹੱਥ ਧੋਣ ਦੀ ਵਿਧੀ ਬਾਰੇ ਲੋਕਾਂ ਨੂੰ ਜਾਣਕਾਰੀ ਦਿੱਤੀ ਜਾਵੇਗੀ।

# 250 ਗਰਾਮ ਅਫੀਮ ਤੇ ਮੋਟਰਸਾਈਕਲ ਸਮੇਤ ਨੌਜਵਾਨ ਕਾਬੂ

**ਮਜੀਠਾ/ਚਵਿੰਡਾ ਦੇਵੀ (ਸੋਇਮ ਆਨੰਦ/ਪ੍ਰੀਤਮ ਸਿੰਘ)**-ਥਾਣਾ ਕੱਥੂਨੰਗਲ ਦੀ ਪੁਲਸ ਨੂੰ ਅੱਜ ਉਸ ਵਕਤ ਵੱਡੀ ਸਫਤਲਾ ਮਿਲੀ ਜਦੋਂ ਨਾਕੇ ਦੌਰਾਨ ਇੱਕ ਨੌਜਵਾਨ ਨੂੰ ਭਾਰੀ ਮਾਤਰਾ ਵਿੱਚ ਅਫੀਮ ਸਮੇਤ ਕਾਬੂ ਕਰ ਲਿਆ। ਜ਼ਿਲ੍ਹਾ ਪੁਲਸ ਮੁਖੀ ਅੰਮ੍ਰਿਤਸਰ ਦਿਹਾਤੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਥਾਣਾ ਕੱਥੂਨੰਗਲ ਦੇ ਏਐਸਆਈ ਅਜੀਤ ਸਿੰਘ ਪੁਲਸ ਪਾਰਟੀ ਸਮੇਤ ਥਾਣਾ ਕੱਥੂਨੰਗਲ ਤੋਂ ਪਿੰਡ ਕੋਟਲਾ ਤਰਖਾਣਾ, ਅਜੈਬਵਾਲੀ, ਹਰੀਆਂ, ਬੇਗੇਵਾਲ ਆਦਿ ਪਿੰਡਾਂ ਵਿੱਚ ਭੈੜੇ ਅਨਸਰਾਂ ਦੀ ਤਲਾਸ਼ ਵਿੱਚ ਗਸ਼ਤ ਕਰਦੀ ਹੋਈ ਪੁਲ ਨਹਿਰ ਅਜੈਬਵਾਲੀ ਪੁੱਜੀ ਤਾਂ ਮਜੀਠਾ ਵਲੋਂ ਇੱਕ ਮੋਟਰਸਾਈਕਲ ਨੰਬਰ ਪੀਬੀ-02/ਡੀ.ਜੀ-4436 ਪਲੈਟੀਨਾ 'ਤੇ ਇੱਕ ਮੋਨਾ ਵਿਅਕਤੀ ਆਉਂਦਾ ਦਿਖਾਈ ਦਿੱਤਾ ਜਿਹੜਾ ਕਿ ਪੁਲਸ ਪਾਰਟੀ ਨੂੰ ਵੇਖ ਕੇ ਘਬਰਾ ਕੇ ਪਿੱਛੇ ਮੁੜਨ ਲੱਗਾ ਤਾਂ ਪੁਲਸ ਪਾਰਟੀ ਨੇ ਸ਼ੱਕ ਦੇ ਆਧਾਰ 'ਤੇ ਇੱਕਦਮ ਹਰਕਤ ਵਿੱਚ ਆਉਂਦਿਆਂ ਉਕਤ ਨੌਜਵਾਨ ਨੂੰ ਮੋਟਰਸਾਈਕਲ ਸਮੇਤ ਕਾਬੂ ਕਰ ਲਿਆ ਜਿਸ ਨੇ ਮੁੱਢਲੀ ਤਫਤੀਸ਼ ਦੌਰਾਨ ਆਪਣਾ ਨਾਮ ਹਰਮੀਤ ਸਿੰਘ ਉਰਫ ਬੱਬਾ ਵਾਸੀ ਵਾਰਡ ਨੰਬਰ-6 ਮਜੀਠਾ ਦੱਸਿਆ। ਉਕਤ ਨੌਜਵਾਨ ਦੀ ਬਾਰੀਕੀ ਨਾਲ ਤਲਾਸ਼ੀ ਲੈਣ 'ਤੇ ਉਸ ਦੇ ਕਬਜ਼ੇ ਵਿੱਚੋਂ 250 ਗਰਾਮ ਅਫੀਮ ਬਰਾਮਦ ਹੋਈ ਜਿਸ 'ਤੇ ਥਾਣਾ ਕੱਥੂਨੰਗਲ ਦੀ ਪੁਲਸ ਨੇ ਉਕਤ ਨੌਜਵਾਨ ਨੂੰ ਸਮੇਤ ਅਫੀਮ ਗ੍ਰਿਫਤਾਰ ਕਰਕੇ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਅਮਲ ਵਿਚ ਲਿਆਂਦੀ।

# ਮੁਫਤ ਸਿਹਤ ਸਹੂਲਤਾਂ ਲੈ ਕੇ ਆਮ ਆਦਮੀ ਕਲੀਨਿਕ ਲੋਕਾਂ ਦੀਆਂ ਬਰੂਹਾਂ 'ਤੇ ਖੜ੍ਹੇ : ਰਮਨ ਬਹਿਲ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਮੁੱਖ ਮੰਤਰੀ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਪਿੰਡਾਂ ਅਤੇ ਸ਼ਹਿਰਾਂ ਵਿੱਚ ਚਲਾਏ ਜਾ ਰਹੇ ਆਮ ਆਦਮੀ ਕਲੀਨਿਕ ਆਮ ਲੋਕਾਂ ਦੀਆਂ ਬਰੂਹਾਂ 'ਤੇ ਮੁਫਤ ਸਿਹਤ ਸਹੂਲਤਾਂ ਦੇਣ ਵਿੱਚ ਕਾਰਗਰ ਸਿੱਧ ਹੋਏ ਹਨ। ਜ਼ਿਲ੍ਹਾ ਗੁਰਦਾਸਪੁਰ ਵਿੱਚ ਆਮ ਆਦਮੀ ਕਲੀਨਿਕਾਂ ਰਾਹੀਂ ਇਸ ਸਾਲ ਜਨਵਰੀ ਤੋਂ ਮਈ ਮਹੀਨੇ ਤੱਕ ਦਿੱਤੀਆਂ ਸਿਹਤ ਸੇਵਾਵਾਂ ਦੇ ਅੰਕੜੇ ਸਾਂਝੇ ਕਰਦਿਆਂ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਦੱਸਿਆ ਕਿ ਰੋਜ਼ਾਨਾ ਹਜ਼ਾਰਾਂ ਵਿਅਕਤੀ ਆਮ ਆਦਮੀ ਕਲੀਨਿਕਾਂ ਰਾਹੀਂ ਮੁਫ਼ਤ ਦਵਾਈਆਂ ਅਤੇ ਟੈਸਟ ਕਰਵਾਉਣ ਦੀ ਸਹੂਲਤ ਦਾ ਲਾਭ ਲੈ ਰਹੇ ਹਨ। ਬਹਿਲ ਨੇ ਦੱਸਿਆ ਕਿ ਇਸ ਸਮੇਂ ਜ਼ਿਲ੍ਹੇ ਵਿੱਚ 35 ਆਮ ਆਦਮੀ ਕਲੀਨਿਕ ਸੇਵਾਵਾਂ ਨਿਭਾ ਰਹੇ ਹਨ ਜਿਨ੍ਹਾਂ ਵਿੱਚ ਇਸ ਸਾਲ ਜਨਵਰੀ ਤੋਂ ਮਈ ਮਹੀਨੇ ਤੱਕ 1,33,764 ਮਰੀਜ਼ਾਂ ਨੇ ਮੁਫ਼ਤ ਇਲਾਜ ਦੀ ਸਹੂਲਤ ਪ੍ਰਾਪਤ ਕੀਤੀ ਹੈ। ਇਸਦੇ ਨਾਲ ਹੀ ਇਸ ਅਰਸੇ ਦੌਰਾਨ 36,495 ਮਰੀਜ਼ਾਂ ਦੇ ਮੁਫ਼ਤ ਲੈਬ ਟੈਸਟ ਕੀਤੇ ਗਏ ਹਨ। ਚੇਅਰਮੈਨ ਬਹਿਲ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸੂਬੇ ਦੇ ਲੋਕਾਂ ਨੂੰ ਮੁਫ਼ਤ ਮੁੱਢਲੀਆਂ ਸਿਹਤ ਸਹੂਲਤਾਂ, ਚੈਕਅੱਪ ਅਤੇ ਦਵਾਈਆਂ ਮੁਹੱਈਆ ਕਰਵਾਉਣ ਲਈ ਆਮ ਆਦਮੀ ਕਲੀਨਿਕ ਖੋਲ੍ਹੇ ਹਨ ਜਿੱਥੇ ਹਜ਼ਾਰਾਂ ਮਰੀਜ਼ ਬਿਨਾਂ ਕਿਸੇ ਦਿੱਕਤ ਦੇ ਆਪਣੇ ਘਰਾਂ ਦੇ ਨੇੜੇ ਚੈਕਅੱਪ ਅਤੇ ਦਵਾਈ ਦੀ ਮੁੱਢਲੀ ਸਿਹਤ ਸਹੂਲਤਾਂ ਦਾ ਲਾਭ ਲੈ ਰਹੇ ਹਨ। ਸ੍ਰੀ ਬਹਿਲ ਨੇ ਕਿਹਾ ਕਿ ਇਨ੍ਹਾਂ ਆਮ ਆਦਮੀ ਕਲੀਨਿਕਾਂ ਨੇ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਰਹਿਣ ਵਾਲੇ ਲੋਕਾਂ ਦੀ ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲਾਂ ਵਿੱਚ ਲੰਬਾ ਇੰਤਜ਼ਾਰ ਕਰਨ ਦੀ ਪਰੇਸ਼ਾਨੀ ਨੂੰ ਘਟਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਕਲੀਨਿਕਾਂ ਦੇ ਖੁੱਲ੍ਹਣ ਨਾਲ ਸਰਕਾਰੀ ਹਸਪਤਾਲਾਂ ਵਿੱਚ ਓਪੀਡੀ ਦਾ ਦਬਾਅ ਪਹਿਲਾਂ ਤੋਂ ਘਟਿਆ ਹੈ, ਮਰੀਜ਼ਾਂ ਨੂੰ ਉਨ੍ਹਾਂ ਦੇ ਘਰਾਂ ਦੇ ਨੇੜੇ ਮੁਫ਼ਤ ਦਵਾਈਆਂ ਅਤੇ ਚੈਕਅੱਪ ਦੀ ਸਹੂਲਤ ਮਿਲ ਰਹੀ ਹੈ। ਉਨ੍ਹਾਂ ਦੱਸਿਆ ਕਿ ਸਰਕਾਰੀ ਹਸਪਤਾਲ ਵੀ ਹੁਣ ਓਪੀਡੀ ਦੇ ਬੋਝ ਤੋਂ ਕਾਫ਼ੀ ਹੱਦ ਤੱਕ ਮੁਕਤ ਹੋ ਰਹੇ ਹਨ ਅਤੇ ਮਾਹਿਰ ਡਾਕਟਰ ਅਤੇ ਮੈਡੀਕਲ ਸਟਾਫ ਲਗਾਤਾਰ ਲੋੜਵੰਦ ਮਰੀਜ਼ਾਂ ਦਾ ਇਲਾਜ ਕਰ ਰਿਹਾ ਹੈ।

# ਫਤਿਹਗੜ੍ਹ ਚੂੜੀਆਂ ਤੋਂ ਬਟਾਲਾ ਡਿੱਪੂ ਦੀਆਂ ਪੰਜਾਬ ਰੋਡਵੇਜ਼ ਬੱਸਾਂ ਦੇ 'ਟਾਈਮ ਮਿਸ' ਹੋਣ ਕਾਰਨ ਮੁਸਾਫਰ ਡਾਢੇ ਪ੍ਰੇਸ਼ਾਨ

**ਫਤਿਹਗੜ੍ਹ ਚੂੜੀਆਂ, (ਜਸਦੇਵ ਸਿੰਘ)**

ਭਾਵੇਂ ਕਿ ਟਰਾਂਸਪੋਰਟ ਵਿਭਾਗ ਨਿੱਤ ਦਿਨ ਯਾਤਰੀਆਂ ਨੂੰ ਵਧੀਆ ਤੋਂ ਵਧੀਆ ਸੇਵਾਵਾਂ ਦੇਣ ਦੇ ਦਾਅਵੇ ਕਰਦਾ ਨਹੀਂ ਥੱਕਦਾ, ਪਰ ਜੇਕਰ ਅੱਜ ਮੁਸਾਫਰਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਦੀ ਗੱਲ ਕੀਤੀ ਜਾਵੇ ਤਾਂ ਅਸਲੀਅਤ ਕੁਝ ਹੋਰ ਹੀ ਨਜ਼ਰ ਆਉਂਦੀ ਹੈ। ਇਸ ਦੀ ਜਿਊਂਦੀ ਜਾਗਦੀ ਮਿਸਾਲ ਉਸ ਸਮੇਂ ਫਤਿਹਗੜ੍ਹ ਚੂੜੀਆਂ ਤੋਂ ਬਟਾਲਾ ਡਿੱਪੂ ਦੀਆਂ ਪੰਜਾਬ ਰੋਡਵੇਜ ਦੀਆਂ ਬੱਸਾਂ ਤੋਂ ਵੇਖਣ ਨੂੰ ਮਿਲੀ। ਫਤਿਹਗੜ੍ਹ ਚੂੜੀਆਂ ਤੋਂ ਬਟਾਲਾ ਡਿੱਪੂ ਦੀਆਂ ਰੋਡਵੇਜ਼ ਦੀਆਂ ਚੱਲਣ ਵਾਲੀਆਂ ਬੱਸਾਂ ਦੇ ਕਈ ਟਾਈਮ ਮਿਸ ਹੋਣ ਕਾਰਨ ਜਿੱਥੇ ਰੋਜ਼ਾਨਾ ਸਵਾਰੀਆਂ ਨੂੰ ਖੱਜਲ-ਖੁਆਰ ਅਤੇ ਪ੍ਰੇਸ਼ਾਨ ਹੋਣਾ ਪੈਂਦਾ ਹੈ ਉੱਥੇ ਹਰ ਰੋਜ਼ ਡਿੱਪੂ ਵਾਲਿਆਂ ਨੂੰ ਵੀ ਲੱਖਾਂ ਰੁਪਏ ਦਾ ਚੂਨਾ ਲੱਗ ਰਿਹਾ ਹੈ।

ਪੱਤਰਕਾਰਾਂ ਨੂੰ ਰੋਜ਼ਾਨਾ ਆਉਣ ਜਾਣ ਵਾਲੇ ਮੁਸਾਫਰਾਂ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਕਿ ਫਤਿਹਗੜ੍ਹ ਚੂੜੀਆਂ ਤੋਂ ਪਹਿਲੀ ਬਟਾਲਾ ਡਿੱਪੂ ਦੀ ਬੱਸ ਜੋ ਕਿ ਫਤਿਹਗੜ੍ਹ ਚੂੜੀਆਂ ਤੋਂ ਚੰਡੀਗੜ੍ਹ ਵਾਇਆ ਬਟਾਲਾ ਹੋ ਕੇ ਜਾਂਦੀ ਹੈ ਜਿਸ ਦਾ ਫਤਿਹਗੜ੍ਹ ਚੂੜੀਆਂ ਤੋਂ ਟਾਈਮ ਸਵੇਰੇ ਪਹਿਲਾਂ 4.40 ਮਿੰਟ ਦਾ ਹੈ। ਇਸ ਤੋਂ ਬਾਅਦ ਇਸੇ ਹੀ ਡਿੱਪੂ ਦਾ ਬਟਾਲਾ ਜਾਣ ਲਈ ਟਾਈਮ 5.50 ਵਜੇ ਹੁੰਦਾ ਸੀ। ਇਹ ਵੀ ਲੰਮੇ ਸਮੇਂ ਤੋਂ ਬੰਦ ਪਿਆ ਹੈ। ਇਸ ਤੋਂ ਬਾਅਦ ਇਸੇ ਹੀ ਡਿੱਪੂ ਦਾ ਬਟਾਲਾ ਜਾਣ ਲਈ 8.06 ਵਜੇ ਦਾ ਟਾਈਮ ਸੀ ਜੋ ਕਿ ਇਸ ਸਮੇਂ ਕਦੀ ਬੱਸ ਚੱਲਦੀ ਹੈ ਕਦੀ ਨਹੀਂ ਚੱਲਦੀ। ਉਨ੍ਹਾਂ ਅੱਗੇ ਇਹ ਵੀ ਕਿਹਾ ਕਿ ਕੋਈ ਸਮਾਂ ਸੀ ਜਦੋਂ ਫਤਿਹਗੜ੍ਹ ਚੂੜੀਆਂ ਤੋਂ ਵਾਇਆ ਭਾਲੋਵਾਲੀ ਤੋਂ ਹੁੰਦੀ ਹੋਈ ਬਟਾਲਾ ਜਾਣ ਵਾਲੀ ਬੱਸ ਦਾ ਟਾਈਮ ਵੀ ਚੱਲਦਾ ਹੁੰਦਾ ਸੀ। ਉਹ ਵੀ ਲੰਮੇ ਸਮੇਂ ਤੋਂ ਬੰਦ ਪਏ ਹਨ। ਇਸੇ ਹੀ ਰੂਟ ਤੇ ਕਾਫੀ ਸਮਾਂ ਪਹਿਲਾ ਜਲੰਧਰ, ਲੁਧਿਆਣਾ ਨੂੰ ਵੀ ਬੱਸ ਚੱਲਦੀ ਸੀ, ਜੋ ਕਿ ਬੱਸ ਦੇ ਡਰਾਈਵਰ ਤੇ ਕੰਡਕਟਰ ਦੇ ਰਿਟਾਇਰ ਹੋਣ ਤੋਂ ਬਾਅਦ ਇਨ੍ਹਾਂ ਪਿੰਡਾਂ ਦੇ ਲੋਕਾਂ ਨੂੰ ਪੰਜਾਬ ਰੋਡਵੇਜ਼ ਦੀ ਬੱਸ ਦੇ ਕਦੀ ਦਰਸ਼ਨ ਨਹੀਂ ਹੋਏ। ਕਾਬਲੇਗੌਰ ਹੈ ਕਿ ਫਤਿਹਗੜ੍ਹ ਚੂੜੀਆਂ ਤੋਂ ਵਾਇਆ ਮਾਲੇਵਾਲ, ਤੇਜਾ ਵੀਲਾ, ਕਾਲਾ ਅਫਗਾਨਾ ਤੋਂ ਵਾਇਆ ਬਟਾਲਾ ਨੂੰ ਜਾਣ ਵਾਲੀ ਬੱਸ ਵੀ ਬੱਸ ਦੇ ਕੰਡਕਟਰ ਦੇ ਰਿਟਾਇਰ ਹੋਣ ਤੋਂ ਬਾਅਦ ਬੰਦ ਹੋ ਗਈ ਹੈ। ਇਸ ਤੋਂ ਇਲਾਵਾ ਫਤਿਹਗੜ੍ਹ ਚੂੜੀਆਂ ਤੋਂ ਰਮਦਾਸ ਵੀ ਇਕ ਪੰਜਾਬ ਰੋਡਵੇਜ਼ ਦੀ ਬੱਸ ਚੱਲਦੀ ਹੁੰਦੀ ਸੀ , ਜਿਸ ਦੇ ਡਰਾਈਵਰ ਤੇ ਕੰਡਕਟਰ ਦੇ ਰਿਟਾਇਰ ਹੋਣ ਤੋਂ ਬਾਅਦ ਇਸ ਰੂਟ ਦੀ ਬੱਸ ਲੰਮੇ ਸਮੇਂ ਤੋਂ ਬੰਦ ਕਰ ਦਿੱਤੀ ਗਈ ਹੈ। ਜੇਕਰ ਵੇਖਿਆ ਜਾਵੇ ਤਾਂ ਜ਼ਿਆਦਾਤਰ ਬੱਸਾਂ ਦੇ ਟਾਈਮ ਐਵੇਂ ਹੀ ਬੰਦ ਕਰ ਦਿੱਤੇ ਗਏ ਹਨ। ਇੰਝ ਲੱਗ ਰਿਹਾ ਹੈ ਕਿ ਮਹਿਕਮੇ ਕੋਲ ਮੁਲਾਜ਼ਮਾਂ ਦੀ ਘਾਟ ਹੈ ਜਾਂ ਮਹਿਕਮਾ ਜਾਣਬੁੱਝ ਕਿ ਇਨਾਂ ਰੂਟਾਂ 'ਤੇ ਬੱਸਾਂ ਨਹੀਂ ਚਲਾ ਰਿਹਾ। ਜਦ ਇਸ ਸਬੰਧੀ ਖਬਰ ਨਾਲ ਸਬੰਧਿਤ ਟਰਾਂਸਪੋਰਟ ਮੰਤਰੀ ਨਾਲ ਫੋਨ 'ਤੇ ਗੱਲਬਾਤ ਕਰਨੀ ਚਾਹੀ ਤਾਂ ਵਾਰ ਵਾਰ ਫੋਨ ਕਰਨ 'ਤੇ ਵੀ ਗੱਲ ਨਹੀਂ ਹੋਈ ਪਰ ਦੂਜੇ ਪਾਸੇ ਹੁਣ ਵੇਖਣਾ ਹੋਵੇਗਾ ਕਿ ਮਹਿਕਮਾ ਇਸ ਖਬਰ ਲੱਗਣ ਤੋਂ ਬਾਅਦ ਇਹ ਰੂਟ ਚੱਲਾਉਂਦਾ ਹੈ ਜਾਂ ਨਹੀਂ।

# ਪਸਸਫ ਵੱਲੋਂ ਕੱਚੇ ਅਧਿਆਪਕਾਂ 'ਤੇ ਲਾਠੀਚਾਰਜ ਦੀ ਜ਼ੋਰਦਾਰ ਨਿੰਦਾ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਬਟਾਲਾ ਵੱਲੋਂ ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ਼ ਫੈਡਰੇਸ਼ਨ ਦੇ ਸੱਦੇ ਉੱਤੇ ਕੌਮੀ ਵਿਰੋਧ ਦਿਵਸ ਆਗੂਆਂ ਸ਼ਿਵਾਨੀ, ਕੁਲਵਿੰਦਰ ਕੌਰ, ਜਸਵੰਤ ਸਿੰਘ, ਨਿਸਾਨ ਸਿੰਘ, ਸੁਖਵਿੰਦਰ ਸਿੰਘ ਅਤੇ ਗੁਰਪ੍ਰੀਤ ਸਿੰਘ ਰੰਗੀਲਪੁਰ ਦੀ ਅਗਵਾਈ ਵਿੱਚ ਮਨਾਇਆ ਗਿਆ। ਆਗੂਆਂ ਪਿਛਲੇ ਦਿਨੀਂ ਪੰਜਾਬ ਸਰਕਾਰ ਵੱਲੋਂ ਕੱਚੇ ਅਧਿਆਪਕਾਂ ਉੱਤੇ ਕੀਤੇ ਲਾਠੀਚਾਰਜ ਦੀ ਜੋਰਦਾਰ ਨਿੰਦਾ ਕੀਤੀ ਗਈ। ਆਗੂਆਂ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਕਿ ਹਰ ਤਰ੍ਹਾਂ ਦੇ ਕੱਚੇ ਮੁਲਾਜਮਾਂ ਨੂੰ ਪੂਰੇ ਪੇਅ-ਸਕੇਲ ਅਤੇ ਪੂਰੇ ਲਾਭਾਂ ਸਮੇਤ ਰੈਗੂਲਰ ਕਰਨ ਦੇ ਨਿਯੁਕਤੀ ਪੱਤਰ ਦਿੱਤੇ ਜਾਣ, ਮਾਣਭੱਤਾ ਮੁਲਾਜ਼ਮਾਂ ਨੂੰ ਜੀਵਨ ਯੋਗ ਉਜਰਤ ਦਿੱਤੀ ਜਾਵੇ, ਪੁਰਾਣੀ ਪੈਨਸਨ ਬਹਾਲ ਕਰਕੇ ਤਰੁੰਤ ਐੱਨ.ਪੀ.ਐੱਸ. ਕੱਟਣਾ ਬੰਦ ਕੀਤਾ ਜਾਵੇ ਅਤੇ ਜੀ.ਪੀ.ਐੱਫ. ਖਾਤੇ ਖੋਲ੍ਹਣੇ ਸੁਰੂ ਕੀਤੇ ਜਾਣ, ਡੀ.ਏ. ਦੀਆਂ ਕਿਸਤਾਂ ਅਤੇ ਬਕਾਇਆ ਦਿੱਤਾ ਜਾਵੇ, ਜਨਤਕ ਅਦਾਰਿਆਂ ਦਾ ਨਿੱਜੀਕਰਨ ਕਰਨਾ ਬੰਦ ਕੀਤਾ ਜਾਵੇ । ਇਸ ਮੌਕੇ ਮਨਜੀਤ ਕੌਰ, ਉਰਮਿਲਾ, ਪਲਵਿੰਦਰ ਕੌਰ, ਜੋਗਿੰਦਰ ਪਾਲ, ਜਤਿੰਦਰ ਸਿੰਘ, ਮਨਮੀਤ ਕੌਰ, ਲਖਬੀਰ ਸਿੰਘ, ਰੂਪ ਬਸੰਤ ਆਦਿ ਵੱਡੀ ਗਿਣਤੀ ਵਿੱਚ ਮੁਲਾਜ਼ਮ ਹਾਜ਼ਰ ਸਨ।

# ਦਾਤਾ ਅੱਬੂ ਆਲਮ ਸ਼ਾਹ ਦਾ ਸਾਲਾਨਾ ਜੋੜ ਮੇਲਾ ਸ਼ਰਧਾ ਤੇ ਉਤਸ਼ਾਹ ਨਾਲ ਕਰਵਾਇਆ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾ ਪੁਰੀਆ )**-ਦਾਤਾ ਅੱਬੂ ਆਲਮ ਸ਼ਾਹ ਜੀ ਦੇ ਦਰਬਾਰ ਵਿੱਚ 33ਵਾਂ ਸਾਲਾਨਾ ਦੋ ਰੋਜ਼ਾ ਜੋੜ ਮੇਲਾ ਪਿੰਡ ਛੋਕਰਾ ਨੇੜੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਕਰਵਾਇਆ ਗਿਆ। ਜਿਸ ਵਿਚ ਮੁੱਖ ਸੇਵਾਦਾਰ ਬਲਦੇਵ ਰਾਜ ਮਾਹੀ ਨੇ ਦੱਸਿਆ ਕਿ ਮੇਲੇ ਦੀ ਸ਼ਾਮ ਨੂੰ ਨਿਸ਼ਾਨ ਸਾਹਿਬ ਅਤੇ ਦੀਵੇ ਜਗਾਉਣ ਦੀ ਰਸਮ ਅਦਾ ਕੀਤੀ ਗਈ। ਹਲਕਾ ਦੇ ਵਿਧਾਇਕ ਡਾ. ਨਛੱਤਰ ਪਾਲ ਨੇ ਸ਼ਿਰਕਤ ਕੀਤੀ। ਖੁਆਜਾ ਪੀਰ ਜੀ ਦਾ ਬੇੜਾ ਤਾਰਨ ਦੀ ਰਸਮ ਅਦਾ ਕੀਤੀ ਗਈ। ਪ੍ਰਸਿੱਧ ਕੱਵਾਲ ਅਤੇ ਨਕਲਾਂ ਖਿੱਚ ਦਾ ਕੇਂਦਰ ਰਹਿੰਦੀਆਂ ਹਨ। ਦੂਜੇ ਦਿਨ ਦਰਬਾਰ 'ਤੇ ਝੰਡਾ ਚੜ੍ਹਾਉਣ ਦੀ ਰਸਮ, ਚਿਰਾਗ ਰੌਸ਼ਨ ਕਰਨ ਉਪਰੰਤ ਕੱਵਾਲ ਅਤੇ ਨਕਲਾਂ ਐਂਡ ਪਾਰਟੀ ਨੇ ਕਵਾਲੀਆਂ ਗਾ ਕੇ ਸੰਗਤਾਂ ਨੂੰ ਝੂਮਣ ਲਾ ਦਿੱਤਾ। ਇਸ ਮੌਕੇ ਜੀਵਨ ਜੋਤ ਮਾਹੀ, ਮਨਦੀਪ ਮਾਹੀ,ਪਿਆਰਾ ਮਾਹੀ, ਡਾ. ਪਰਮਜੀਤ ਮਾਹੀ, ਅਮਨਦੀਪ ਮਾਹੀ, ਰਮੇਸ਼ ਕੁਮਾਰ ਜਿੰਪਾ, ਸਰਬਜੀਤ ਸਾਂਭੀ ਜਾਫਰ ਪੁਰ, ਚੇਅਰਮੈਨ ਮਾਰਕੀਟ ਕਮੇਟੀ ਗਗਨ ਅਗਨੀਹੋਤਰੀ, ਗੁਰਨਾਮ ਬੈਰਸੀਆ, ਜੋਗਿੰਦਰ ਸਿੰਘ, ਐਡਵੋਕੇਟ ਗੁਰਦਿਆਲ ਸਿੰਘ ਜੱਸੀ, ਪਿੰਕਾ, ਸੋਹਣ ਲਾਲ, ਗੁਰਕੀਰਤ ਸਿੰਘ, ਡਾ. ਜਸਵੰਤ ਸਿੰਘ, ਊਸ਼ਾ ਰਾਣੀ ਅਤੇ ਸੰਗਤਾਂ ਹਾਜ਼ਰ ਸਨ।

# ਸਮਰ ਕੈਂਪ 'ਚ ਵਧੀਆ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਦਾ ਸਨਮਾਨ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**

ਸਰਕਾਰ ਵੱਲੋਂ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਸਕੂਲਾਂ ਵਿੱਚ ਸਮਰ ਕੈਂਪ ਦੀ ਵਿਵਸਥਾ ਕੀਤੀ ਗਈ ਹੈ। ਇਸ ਬਾਰੇ ਬਲਾਕ ਨੋਡਲ ਅਫਸਰ ਕਾਦੀਆਂ-1 ਵਿਜੈ ਕੁਮਾਰ ਅਤੇ ਸਹਾਇਕ ਨੋਡਲ ਅਫਸਰ ਰਜਵੰਤ ਕੌਰ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਉਨ੍ਹਾਂ ਵਲੋਂ ਬਲਾਕ ਕਾਦੀਆਂ -1 ਦੇ ਸਸਸਸ ਬੁੱਟਰ ਕਲਾਂ, ਕਾਦੀਆਂ, ਸਮਸ ਭਗਤਪੁਰ ਅਤੇ ਸਮਸ ਭਗਤਪੁਰ ਰੱਬ ਵਾਲਾ ਵਿੱਚ ਵਿਭਾਗ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਵਿਜ਼ਿਟ ਕੀਤੀ ਗਈ। ਵਿਦਿਆਰਥੀਆਂ ਅਤੇ ਅਧਿਆਪਕਾਂ ਵਿੱਚ ਕਾਫੀ ਉਤਸ਼ਾਹ ਪਾਇਆ ਗਿਆ। ਵਿਦਿਆਰਥੀਆਂ ਵੱਲੋਂ ਨੋਡਲ ਅਫਸਰ ਅਤੇ ਸਹਾਇਕ ਨੋਡਲ ਅਫਸਰ ਵੱਲੋਂ ਪੁੱਛੇ ਸਵਾਲਾਂ ਦੇ ਉੱਤਰ ਦਿੱਤੇ। ਵਧੀਆ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਵੰਡ ਕੇ ਸਨਮਾਨਿਤ ਕੀਤਾ ਗਿਆ ਅਤੇ ਬਾਕੀ ਬੱਚਿਆਂ ਨੂੰ ਪ੍ਰੇਰਣਾ ਲੈਣ ਲਈ ਪ੍ਰੇਰਿਤ ਕੀਤਾ ਗਿਆ। ਨੋਡਲ ਅਫ਼ਸਰ ਵੱਲੋਂ ਸੁਝਾਅ ਦਿੱਤਾ ਗਿਆ ਕਿ ਸਕੂਲਾਂ ਵਿੱਚ ਚੰਗਾ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਦਾ ਬਲਾਕ ਪੱਧਰੀ ਕੰਪੀਟੀਸ਼ਨ ਹੋਵੇ ਅਤੇ ਉਨ੍ਹਾਂ ਨੂੰ ਸਨਮਾਨਿਤ ਕੀਤਾ ਜਾਵੇ ਤਾਂ ਜੋ ਵਿਦਿਆਰਥੀਆਂ ਵਿੱਚ ਹੋਰ ਚੰਗਾ ਕਰਨ ਦੀ ਉਤਸੁਕਤਾ ਪੈਦਾ ਹੋਵੇ। ਸਕੂਲ ਕਮੇਟੀਆਂ ਅਤੇ ਮਾਪਿਆਂ ਵੱਲੋਂ ਸਮਰ ਕੈਂਪ ਲੱਗਣ 'ਤੇ ਖੁਸ਼ੀ ਜ਼ਾਹਿਰ ਕੀਤੀ ਗਈ।

# ਸੰਤ ਬਾਬਾ ਹਜਾਰਾ ਸਿੰਘ ਗਰਲਜ਼ ਕਾਲਜ ਦਾ ਬੀ ਸੀ ਏ ਦਾ ਨਤੀਜਾ ਸ਼ਾਨਦਾਰ



**ਨੌਸ਼ਹਿਰਾ ਮੱਝਾ ਸਿੰਘ (ਸਤਨਾਮ ਸਿੰਘ ਕਿਰਤੀ)**-ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਬੀਸੀਏ ਸਮੈਸਟਰ ਛੇਵਾਂ ਦੇ ਐਲਾਨੇ ਨਤੀਜੇ ਵਿੱਚ ਸੰਤ ਬਾਬਾ ਹਜਾਰਾ ਸਿੰਘ ਗਰਲਜ਼ ਕਾਲਜ ਨਿੱਕੇ ਘੁੰਮਣ ਦਾ ਨਤੀਜਾ ਸ਼ਾਨਦਾਰ ਰਿਹਾ। ਕਾਲਜ ਪ੍ਰਿੰ: ਨਿਰਮਲ ਪਾਂਧੀ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਕਾਲਜ ਪ੍ਰਬੰਧਕ ਕਾਰ ਸੇਵਾ ਮੁਖੀ ਬਾਬਾ ਅਮਰੀਕ ਸਿੰਘ ਦੇ ਸੁਚੱਜੇ ਪ੍ਰਬੰਧਾਂ ਹੇਠ ਕਾਲਜ ਵਿੱਦਿਆ ਦੇ ਪ੍ਰਸਾਰ ਵਿੱਚ ਸਲਾਹੁਣਯੋਗ ਭੂਮਿਕਾ ਨਿਭਾ ਰਿਹਾ ਹੈ। ਕਾਲਜ ਦੀ ਹੋਣਹਾਰ ਵਿਦਿਆਰਥਣ ਹਰਪ੍ਰੀਤ ਕੌਰ ਨੇ 86.5% ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਦੀ ਮੈਰਿਟ ਲਿਸਟ ਵਿੱਚ ਦੂਸਰਾ ਸਥਾਨ ਅਤੇ ਕਾਲਜ ਵਿੱਚ ਪਹਿਲਾ ਸਥਾਨ ਹਾਸਲ ਕੀਤਾ, ਗਗਨਦੀਪ ਕੌਰ ਨੇ 85.41% ਅੰਕ ਪ੍ਰਾਪਤ ਕੇ ਯੂਨੀਵਰਸਿਟੀ ਦੀ ਮੈਰਿਟ ਲਿਸਟ ਵਿੱਚ ਗਿਆਰ੍ਹਵਾਂ ਸਥਾਨ ਅਤੇ ਕਾਲਜ ਵਿੱਚ ਦੂਸਰਾ ਸਥਾਨ ਹਾਸਲ ਕੀਤਾ ਅਤੇ ਅੰਮ੍ਰਿਤਪਾਲ ਕੌਰ ਨੇ 83% ਅੰਕ ਹਾਸਲ ਕਰਕੇ ਕਾਲਜ ਵਿੱਚ ਤੀਸਰਾ ਸਥਾਨ ਹਾਸਲ ਕੀਤਾ। ਬੀਸੀਏ ਸਮੈਸਟਰ ਛੇਵਾਂ ਦੀਆਂ ਸਾਰੀਆਂ ਵਿਦਿਆਰਥਣਾਂ ਨੇ 75% ਤੋਂ ਵੱਧ ਅੰਕ ਹਾਸਿਲ ਕੀਤੇ। ਕਾਲਜ ਪ੍ਰਬੰਧਕ ਕਾਰ ਸੇਵਾ ਮੁਖੀ ਬਾਬਾ ਅਮਰੀਕ ਸਿੰਘ ਨੇ ਕਾਲਜ ਪ੍ਰਿੰਸੀਪਲ, ਸਟਾਫ ਤੇ ਵਿਦਿਆਰਥਣਾਂ ਦੇ ਮਾਪਿਆਂ ਨੂੰ ਇਸ ਸ਼ਾਨਦਾਰ ਨਤੀਜੇ ਲਈ ਵਧਾਈ ਦਿੱਤੀ।

# ਰੰਗਮੰਚ ਉਤਸਵ ਦੇ ਚੌਥੇ ਦਿਨ 'ਸੌਦਾਗਰ' ਦੀ ਹੋਈ ਸਫਲ ਪੇਸ਼ਕਾਰੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**

ਮੰਚ ਰੰਗਮੰਚ ਅੰਮ੍ਰਿਤਸਰ ਵੱਲੋਂ ਵਿਰਸਾ ਵਿਹਾਰ ਅੰਮ੍ਰਿਤਸਰ ਦੇ ਸਹਿਯੋਗ ਨਾਲ ਸ਼੍ਰੋਮਣੀ ਨਾਟਕਕਾਰ ਕੇਵਲ ਧਾਲੀਵਾਲ ਦੀ ਅਗਵਾਈ ਹੇਠ ਜਾਰੀ 21ਵੇਂ ਰਾਸ਼ਟਰੀ ਰੰਗਮੰਚ ਉਤਸਵ ਦੇ ਚੌਥੇ ਦਿਨ ਵਿਸ਼ਵ ਪ੍ਰਸਿੱਧ ਲੇਖਕ ਵਿਲੀਅਮ ਸ਼ੈਕਸਪੀਆਰ ਦਾ ਲਿਖਿਆ ਅਤੇ ਪ੍ਰੀਤਪਾਲ ਰੁਪਾਣਾ ਦਾ ਨਿਰਦੇਸ਼ਤ ਕੀਤਾ ਨਾਟਕ 'ਸੌਦਾਗਰ' ਦਾ ਵਿਰਸਾ ਵਿਹਾਰ ਦੇ ਸ. ਕਰਤਾਰ ਸਿੰਘ ਦੁੱਗਲ ਆਡੀਟੋਰੀਅਮ 'ਚ ਸਫ਼ਲਤਾਪੂਰਵਕ ਮੰਚਨ ਕੀਤਾ ਗਿਆ। ਇਸ ਨਾਟਕ ਵਿੱਚ ਜਪਨੀਤ ਕੌਰ, ਸਾਹਿਲ ਕੁਮਾਰ, ਪੂਜਾ, ਦਿਵਯਾਂਸ਼ੀ, ਤਮੰਨਾ, ਯਸ਼ ਮਿਸ਼ਰਾ, ਵਿਪਨ ਕੁਮਾਰ, ਮਨਪ੍ਰੀਤ ਕੌਰ, ਕਰਨਵੀਰ ਸਿੰਘ, ਮਨਜਿੰਦਰ ਸਿੰਘ, ਜੋਹਨ ਪਾਲ, ਸੰਜੇ ਕੁਮਾਰ, ਦੀਪਿਕਾ, ਅੰਕੁਰ, ਮਨਿੰਦਰ ਸਿੰਘ, ਗੁਰਵਿੰਦਰ ਸਿੰਘ, ਗੁਰਵਿੰਦਰ ਹੈਪੀ, ਜੁਗਰਾਜ ਗਿੱਲ, ਰਾਜਨ, ਰਣਵੀਰ ਸਿੰਘ, ਅਭਿਸ਼ੇਕ, ਰਾਜਦੀਪ, ਗਗਨਦੀਪ, ਕ੍ਰਿਸ਼ਨਾ, ਪਰਵਿੰਦਰ ਸਿੰਘ, ਨਿਸ਼ਾਂਤ, ਸ਼ਿਵਮ, ਸਚਿਨ, ਅਨਾਇਕ ਅਲੀ, ਰਵਿੰਦਰ ਕੌਰ, ਅੰਕੁਸ਼ ਗਾਂਧੀ, ਨਿਸ਼ਾਂਤ, ਨਿਤਿਸ਼ ਬਾਚੰਦਾਨੀ, ਹਰਸ਼ਿਤ ਡਡਿੱਚ, ਰਿੱਧੀ ਸਾਗਰ ਰਾਓ, ਪੁਸ਼ਕਿਨ, ਰਾਜੇਸ਼ ਵੈਸ਼ਨਵ, ਨਰੇਸ਼ ਯਾਦਵ ਆਦਿ ਵਿਦਿਆਰਥੀਆਂ ਦਮਦਾਰ ਅਦਾਕਾਰੀ ਪੇਸ਼ ਕੀਤੀ।



# ਫਤਿਹਾਬਾਦ ਵਿਖੇ ਸਕੂਲ 'ਚ ਬੱਚਿਆਂ ਨੂੰ ਵਰਦੀਆਂ ਵੰਡੀਆਂ



**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਫਤਿਹਾਬਾਦ ਵਿਖੇ ਐਸਐਮਸੀ ਦੇ ਚੇਅਰਮੈਨ ਤਜਿੰਦਰ ਕੌਰ ਅਤੇ ਕਮੇਟੀ ਮੈਂਬਰਾਂ ਦੀ ਮੌਜੂਦਗੀ ਵਿਚ ਛੇਵੀਂ ਤੋਂ ਅੱਠਵੀਂ ਜਮਾਤ ਦੇ ਸਾਰੇ ਵਿਦਿਆਰਥੀਆਂ ਨੂੰ ਵਰਦੀਆਂ ਵੰਡੀਆਂ ਗਈਆਂ। ਇਸ ਮੌਕੇ ਗੁਰਦੇਵ ਸਿੰਘ ਸੰਧੂ ਰਿਟਾਇਰਡ ਪ੍ਰਿੰਸੀਪਲ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਕਮੇਟੀ ਮੈਂਬਰਾਂ ਨੇ ਸਕੂਲ ਵਿਚ ਵਿਦਿਆਰਥੀਆਂ ਦੇ ਪੀਣ ਵਾਲੇ ਪਾਣੀ ਦੀ ਜਗ੍ਹਾ ਲਗਾਇਆਂ ਟਾਇਲਾਂ ਅਤੇ ਵਰਦੀਆਂ ਦੀ ਕੁਆਲਿਟੀ ਤੇ ਸਕੂਲ ਸਟਾਫ ਦੀ ਸ਼ਲਾਘਾ ਕੀਤੀ। ਸਕੂਲ ਮੁਖੀ ਗੁਰਿੰਦਰ ਸਿੰਘ ਨੇ ਦੱਸਿਆ ਕਿ ਸਾਡੀ ਕੋਸ਼ਿਸ਼ ਹਮੇਸ਼ਾ ਹੁੰਦੀ ਹੈ ਕਿ ਵਿਦਿਆਰਥੀਆਂ ਲਈ ਉੱਤਮ ਕੀਤਾ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਜਿੰਦਰਪਾਲ ਸਿੰਘ, ਮਲਕੀਤ ਸਿੰਘ, ਜਸਕਰਨ ਸਿੰਘ, ਬਲਵਿੰਦਰ ਕੌਰ, ਰਣਜੀਤ ਕੌਰ, ਸਤਨਾਮ ਸਿੰਘ, ਦਲਜੀਤ ਕੌਰ, ਰਾਜਪਾਲ ਕੌਰ, ਗੁਰਚਰਨ ਸਿੰਘ, ਰਣਜੋਧ ਸਿੰਘ ਜੋਬਨਜੀਤ ਸਿੰਘ ਆਦਿ ਸਟਾਫ ਹਾਜ਼ਰ ਸਨ।

6-July-PAGE-4.qxd 7/5/2023 10:49 PM Page 1

ਨਵਾਂ ਜ਼ਮਾਨਾ
ਵੀਰਵਾਰ, 6 ਜੁਲਾਈ 2023

# ਜਿਊਣਾ ਹੋਇਆ ਮੁਹਾਲ

ਇੱਕ ਸਾਲ ਪਹਿਲਾਂ ਦੀ ਗੱਲ ਹੈ, ਪਾਕਿਸਤਾਨ ਵਿੱਚ ਹੜ੍ਹਾਂ ਦੀ ਮਾਰ ਕਾਰਨ ਖ਼ੁਰਾਕੀ ਵਸਤਾਂ ਦੀਆਂ ਕੀਮਤਾਂ ਸਿਖਰਾਂ ਉੱਤੇ ਪਹੁੰਚ ਗਈਆਂ ਸਨ। ਉਸ ਸਮੇਂ ਭਾਜਪਾ ਦੇ ਮੱਧਵਰਗੀ ਅੰਧਭਗਤ ਚਟਕਾਰੇ ਲੈ-ਲੈ ਕੇ ਪਾਕਿਸਤਾਨ ਦੀ ਦੁਰਦਸ਼ਾ ਦੀਆਂ ਗੱਲਾਂ ਕਰਦੇ ਹੁੰਦੇ ਸਨ। ਸੋਸ਼ਲ ਮੀਡੀਆ ਉੱਤੇ ਇਸ ਬਾਰੇ ਮਜ਼ਾਕੀਆ ਖ਼ਬਰਾਂ ਦੀ ਭਰਮਾਰ ਰਹਿੰਦੀ ਸੀ। ਉਨ੍ਹਾਂ ਨੂੰ ਇਹ ਚਿੱਤ-ਚੇਤਾ ਵੀ ਨਹੀਂ ਸੀ ਕਿ ਇੱਕ ਸਾਲ ਬਾਅਦ ਸਾਡੀ ਹਾਲਤ ਵੀ ਪਾਕਿਸਤਾਨ ਵਰਗੀ ਹੋਣ ਵਾਲੀ ਹੈ।

ਅੱਜ ਹਾਲਤ ਇਹ ਹੈ ਕਿ ਦਿੱਲੀ ਦੀਆਂ ਸਬਜ਼ੀ ਮੰਡੀਆਂ ਵਿੱਚ ਟਮਾਟਰ ਦਾ ਭਾਅ 100 ਤੋਂ ਲੈ ਕੇ 140 ਰੁਪਏ ਕਿਲੋ ਤੱਕ ਪੁੱਜ ਚੁੱਕਾ ਹੈ। ਸੌ ਰੁਪਏ ਕਿਲੋ ਤਾਂ ਉਹ ਟਮਾਟਰ ਮਿਲਦੇ ਹਨ, ਜਿਹੜੇ ਦਾਗੀ ਜਾਂ ਪਿਲਪਿਲੇ ਹੁੰਦੇ ਹਨ। ਹਾਲਤ ਇਹ ਹੈ ਕਿ ਗਾਹਕ ਜਦੋਂ ਟਮਾਟਰਾਂ ਦੀ ਰੇਹੜੀ ਉੱਤੇ ਆਉਂਦੇ ਹਨ, ਉਹ ਸਿਰ.ਫ ਭਾਅ ਪੁੱਛਦੇ ਹਨ ਤੇ ਨੱਕ ਮਰੋੜ ਕੇ ਅੱਗੇ ਤੁਰ ਜਾਂਦੇ ਹਨ। ਟਮਾਟਰਾਂ ਦੀ ਏਨੀ ਬੇਕਦਰੀ ਕਦੇ ਨਹੀਂ ਹੋਈ। ਗਰੀਬਾਂ ਤੇ ਹੇਠਲੇ ਮੱਧਵਰਗੀ ਲੋਕਾਂ ਨੇ ਤਾਂ ਪਿਛਲੇ 10 ਦਿਨਾਂ ਤੋਂ ਟਮਾਟਰ ਖਰੀਦਣਾ ਹੀ ਛੱਡ ਦਿੱਤਾ ਹੈ। ਕੁਝ ਤਜਰਬੇਕਾਰ ਵਿਅਕਤੀਆਂ ਨੇ ਟਮਾਟਰ ਦੇ ਬਦਲ ਵਜੋਂ ਅੰਬਚੂਰ, ਦਹੀਂ ਤੇ ਟਮਾਟਰ ਸਾਸ ਦੀ ਵਰਤੋਂ ਸ਼ੁਰੂ ਕਰ ਦਿੱਤੀ ਹੈ। ਮਹਿੰਗਾਈ ਦੀ ਮਾਰ ਨੇ ਸਿਰ.ਫ ਟਮਾਟਰ ਹੀ ਨਹੀਂ, ਅਦਰਕ ਤੇ ਹਰੀ ਮਿਰਚ ਨੂੰ ਵੀ ਰਸੋਈ ਤੋਂ ਦੂਰ ਕਰ ਦਿੱਤਾ ਹੈ। 'ਟਾਈਮਜ਼ ਆ.ਫ ਇੰਡੀਆ' ਦੀ ਖ਼ਬਰ ਮੁਤਾਬਕ ਕਲਕੱਤੇ ਵਿੱਚ ਹਰੀ ਮਿਰਚ 350 ਰੁਪਏ ਕਿਲੋ ਵਿਕ ਰਹੀ ਹੈ। ਅਦਰਕ ਦਾ ਭਾਅ ਵੀ 400 ਰੁਪਏ ਕਿਲੋ ਤੱਕ ਪੁੱਜ ਚੁੱਕਾ ਹੈ।

ਪਿਛਲੇ ਹ.ਫਤੇ ਜਦੋਂ ਸਬਜ਼ੀਆਂ ਦੀਆਂ ਕੀਮਤਾਂ ਚੜ੍ਹਨੀਆਂ ਸ਼ੁਰੂ ਹੋਈਆਂ ਸਨ ਤਾਂ ਉਪਭੋਗਤਾ ਮਾਮਲਿਆਂ ਦੇ ਵਿਭਾਗ ਨੇ ਕਿਹਾ ਸੀ ਕਿ ਸੋਕੇ ਤੇ ਹੜ੍ਹਾਂ ਕਾਰਨ ਸਪਲਾਈ ਵਿੱਚ ਰੁਕਾਵਟ ਪਈ ਹੈ ਤੇ ਅਗਲੇ 5-6 ਦਿਨਾਂ ਵਿੱਚ ਹਾਲਤ ਦਰੁਸਤ ਹੋ ਜਾਣਗੇ, ਪਰ ਹਾਲਤ ਦਿਨੋਂ-ਦਿਨ ਵਿਗੜ ਰਹੇ ਹਨ। ਮੌਸਮ ਦੀ ਮਾਰ ਤਾਂ ਹਰ ਸਾਲ ਹੀ ਪੈਂਦੀ ਹੈ। ਕੁਝ ਸਬਜ਼ੀਆਂ ਦੇ ਭਾਅ ਚੜ੍ਹਦੇ ਵੀ ਹਨ, ਪਰ 20 ਰੁਪਏ ਕਿਲੋ ਵਾਲਾ ਟਮਾਟਰ ਅਗਲੇ ਦਿਨ ਹੀ 120 ਰੁਪਏ ਕਿਲੋ ਹੋ ਜਾਵੇ, ਅਜਿਹਾ ਕਦੇ ਨਹੀਂ ਹੋਇਆ। ਮਈ-ਜੂਨ ਤੱਕ ਨੇੜਲੇ ਰਾਜਾਂ ਹਰਿਆਣਾ, ਉੱਤਰ ਪ੍ਰਦੇਸ਼ ਤੇ ਰਾਜਸਥਾਨ ਤੋਂ ਦਿੱਲੀ ਦੀ ਅਜ਼ਾਦਪੁਰ ਮੰਡੀ ਵਿੱਚ ਟਮਾਟਰ ਤੇ ਸਬਜ਼ੀਆਂ ਪੁੱਜਦੀਆਂ ਹਨ। ਬਰਸਾਤ ਦੇ ਮੌਸਮ ਵਿੱਚ ਸਪਲਾਈ ਮਹਾਰਾਸ਼ਟਰ, ਤੇਲੰਗਾਨਾ ਤੇ ਕਰਨਾਟਕ ਵਿੱਚੋਂ ਹੁੰਦੀ ਹੈ। ਅਸਲੀਅਤ ਹੈ ਕਿ ਜਦੋਂ ਇਨ੍ਹਾਂ ਰਾਜਾਂ ਤੇ ਨੇੜਲੇ ਸੂਬਿਆਂ ਅੰਦਰ ਹੀ ਟਮਾਟਰ ਦਾ ਭਾਅ 100 ਰੁਪਏ ਕਿਲੋ ਤੱਕ ਮਿਲਦਾ ਹੋਵੇ ਤਾਂ ਫਿਰ ਦੂਰ ਦੇ ਰਾਜਾਂ ਨੂੰ ਸਪਲਾਈ ਦੀ ਕੀ ਲੋੜ ਹੈ। ਹਿਮਾਚਲ ਵਿੱਚ ਇਸ ਸਮੇਂ 20 ਰੁਪਏ ਕਿਲੋ ਮਿਲਣ ਵਾਲਾ ਟਮਾਟਰ ਵਪਾਰੀ 60 ਰੁਪਏ ਕਿਲੋ ਦੇ ਭਾਅ ਖਰੀਦ ਰਹੇ ਹਨ। ਅੱਗੋਂ ਉਹ 120 ਤੋਂ 140 ਰੁਪਏ ਕਿਲੋ ਦੇ ਭਾਅ ਵੇਚ ਰਹੇ ਹਨ।

ਗੋਦੀ ਮੀਡੀਆ ਲਈ ਪਾਕਿਸਤਾਨ ਦੀ ਮਹਿੰਗਾਈ ਤਾਂ ਬਰੇਕਿੰਗ ਨਿਊਜ਼ ਬਣ ਜਾਂਦੀ ਹੈ, ਪਰ ਸਾਡੀ ਡੇਢ ਅਰਬ ਦੀ ਜਨਤਾ ਦੀ ਸਮੱਸਿਆ ਦਾ ਉਨ੍ਹਾਂ ਲਈ ਕੋਈ ਮੁੱਲ ਨਹੀਂ ਹੈ। ਜਨਤਾ ਤਰਾਹ-ਤਰਾਹ ਕਰ ਰਹੀ, ਪਰ ਹਾਕਮਾਂ ਨੂੰ ਗੱਦੀ ਦੀ ਚਿੰਤਾ ਪਈ ਹੋਈ ਹੈ। ਉਹ ਵਿਰੋਧੀ ਪਾਰਟੀਆਂ ਨੂੰ ਭਾਂਜ ਦੇਣ ਲਈ ਮਹਾਰਾਸ਼ਟਰ ਵਿੱਚ ਆਪਣੇ ਪੈਰ ਪੱਕੇ ਕਰਨ ਵਿੱਚ ਰੁਝੇ ਹੋਏ ਹਨ। ਉਥੋਂ ਵਿਹਲੇ ਹੋ ਕੇ ਉਹ ਕਿਸੇ ਹੋਰ ਰਾਜ ਅੰਦਰ ਖਰੀਦੋ-ਫਰੋਖਤ ਸ਼ੁਰੂ ਕਰ ਦੇਣਗੇ। ਜਿਹੜੇ ਹਾਕਮ ਇੱਕ ਵਿਧਾਇਕ ਖਰੀਦਣ ਲਈ ਕਰੋੜਾਂ ਰੁਪਏ ਖਰਚ ਕਰ ਦਿੰਦੇ ਹੋਣ, ਉਨ੍ਹਾਂ ਨੂੰ ਟਮਾਟਰ-ਅਦਰਕ ਦੀ ਮਹਿੰਗਾਈ ਦਾ ਭਲਾ ਕਿਵੇਂ ਅਹਿਸਾਸ ਹੋ ਸਕਦਾ ਹੈ।

## ਸੀਬੀਆਂ ਈਡੀਆਂ ਦੇ ਕੰਮ !

'ਮਹਾਂ' ਹੋ ਗਿਆ ਹੋਰ ਵੀ ਮਹਾਂਰਾਸ਼ਟਰ,
ਜਿੱਥੇ ਪਿਆ ਹੈ ਸਿਆਸੀ ਘਮਸਾਣ ਦੇਖੋ।
ਪੁੱਤਰ ਜਿਹੇ ਭਤੀਜ ਦੀ 'ਕਲਾਬਾਜ਼ੀ',
ਸ਼ਰਦ ਹੋ ਗਿਆ 'ਸਰਦ' ਹੈਰਾਨ ਦੇਖੋ।
ਸਾਰਾ ਕੁਝ ਹੀ ਕੁਰਸੀ ਹੈ ਲੀਡਰਾਂ ਲਈ,
ਇਹਦੇ ਬਿਨਾਂ ਤਾਂ ਨਿਕਲਦੇ ਪ੍ਰਾਣ ਦੇਖੋ।
ਆਵੇ ਸੰਗ ਨਾ ਸੱਤਾ 'ਤੇ ਕਾਬਜ਼ਾਂ ਨੂੰ,
ਲੋਕ-ਰਾਜ ਨੂੰ ਪਾਉਂਦਿਆਂ 'ਕਾਣ' ਦੇਖੋ।
ਕਿਸੇ ਹੀਰੋ ਨੂੰ 'ਜ਼ੀਰੋ' ਬਣਾਉਣ ਖਾਤਰ,
ਕੱਢ ਲੈਂਦੇ ਨੇ 'ਆਡੀਓ ਸੀਡੀਆਂ' ਜੀ।
ਫੁੱਟ ਪਾਉਣ, ਧਮਕਾਉਣ ਲਈ ਵਰਤਦੇ ਨੇ,
ਇਨਕਮ ਟੈਕਸ ਤੇ ਸੀਬੀਆਂ, ਈਡੀਆਂ ਜੀ।

-ਤਰਲੋਚਨ ਸਿੰਘ 'ਦੁਪਾਲਪੁਰ', 001-408-915-1268

# ਅਸਮਾਨ ਸਿਵਲ ਕੋਡ !



ਵਿਸ਼ਵਾ ਮਿੱਤਰ ਬੰਮੀ

ਤੁਸੀਂ ਸੋਚਦੇ ਹੋਵੋਗੇ ਕਿ ਸਾਰੇ ਪਾਸੇ ਇੱਕ ਸਮਾਨ ਸਿਵਲ ਕੋਡ ਦਾ ਰੌਲਾ ਪਿਆ ਹੋਇਆ ਹੈ ਤਾਂ ਇਹ ਅਸਮਾਨ ਸਿਵਲ ਕੋਡ ਕਿੱਥੋਂ ਆ ਗਿਆ। ਇਹ ਕਿਧਰੋਂ ਆਇਆ ਨਹੀਂ, ਪਹਿਲਾਂ ਤੋਂ ਹੀ ਮੌਜੂਦ ਹੈ। ਮੋਦੀ ਜੀ ਨੇ ਹਰ ਵਾਰ ਚੋਣਾਂ ਜਿੱਤਣ ਲਈ ਇੱਕ ਨਵਾਂ ਸ਼ੋਸ਼ਾ ਛੱਡਣਾ ਹੁੰਦਾ, ਇਸ ਲਈ ਇਸ ਵਾਰ ਇੱਕ ਸਮਾਨ ਸਿਵਲ ਕੋਡ ਦਾ ਸ਼ੋਸ਼ਾ ਛੱਡ ਦਿੱਤਾ ਹੈ। ਦੇਸ਼ ਦੀ ਅੱਜਕੱਲ੍ਹ ਦੀ ਸਮਾਜਿਕ ਅਤੇ ਕਾਨੂੰਨੀ ਹਾਲਤ ਅਨੁਸਾਰ ਇੱਕ ਸਮਾਨ ਸਿਵਲ ਕੋਡ ਲਾਗੂ ਨਹੀਂ ਹੋ ਸਕਦਾ। ਮੋਦੀ ਜੀ ਦੇ ਇੱਕ ਸਿਆਸੀ ਤੀਰ ਦੇ ਨਿਸ਼ਾਨੇ 'ਤੇ ਦੋ ਪੰਛੀ ਹਨ। ਮੋਦੀ ਜੀ ਦਾ ਸੁਪਨਾ ਹੈ ਕਿ ਜੇਕਰ ਇੱਕ ਪੰਛੀ ਵੀ ਫੁੰਡਿਆ ਜਾਂਦਾ ਹੈ ਤਾਂ ਉਹ 2024 ਵਿਚ ਫੇਰ ਪ੍ਰਧਾਨ ਮੰਤਰੀ ਬਣ ਸਕਦੇ ਹਨ। ਜੇਕਰ ਇੱਕ ਸਮਾਨ ਸਿਵਲ ਕੋਡ ਲਾਗੂ ਹੋ ਗਿਆ ਤਾਂ ਧਾਰਾ 370 ਹਟਾਉਣ ਅਤੇ ਰਾਮ ਮੰਦਰ ਨਿਰਮਾਣ ਤੋਂ ਬਾਅਦ ਇਹ ਹਿੰਦੂ ਰਾਸ਼ਟਰ ਵੱਲ ਇੱਕ ਹੋਰ ਕਦਮ ਹੋਵੇਗਾ, ਜਿਸ ਨਾਲ ਆਰ ਐੱਸ ਐੱਸ, ਜਿਹੜੀ ਕਿ ਅਜੇ ਡਾਵਾਂਡੋਲ ਹੈ, ਖ਼ੁਸ਼ ਹੋ ਕੇ ਮੋਦੀ ਜੀ ਦੀ ਹਮਾਇਤ 'ਤੇ ਫੇਰ ਆ ਜਾਵੇਗੀ ਅਤੇ ਸਾਰੇ ਸਵੈ ਸੇਵਕ ਭਾਜਪਾ ਨੂੰ ਜਿਤਾਉਣ ਲਈ ਪੂਰਾ ਜ਼ੋਰ ਲਗਾ ਕੇ ਭਾਜਪਾ ਨੂੰ ਬਹੁਗਿਣਤੀ ਵਿੱਚ ਲੈ ਆਉਣਗੇ। ਜੇਕਰ ਹਾਲਾਤ ਦੇ ਮੱਦੇਨਜ਼ਰ ਇੱਕ ਸਮਾਨ ਸਿਵਲ ਕੋਡ ਲਾਗੂ ਨਾ ਵੀ ਹੋਇਆ, ਇਹ ਸ਼ੋਸ਼ਾ ਮੋਦੀ ਜੀ ਦੀ ਧਰੁਵੀਕਰਨ ਦੀ ਇੱਛਾ ਪੂਰੀ ਕਰ ਸਕਦਾ ਹੈ। ਇਹ ਸ਼ੋਸ਼ਾ ਆਉਣ ਤੋਂ ਬਾਅਦ ਕੁੱਝ ਪਾਰਟੀਆਂ ਅਤੇ ਨੇਤਾ ਇਸ ਦੇ ਹੱਕ ਵਿਚ ਬਿਆਨ ਦੇਣਗੇ ਅਤੇ ਕੁੱਝ ਇਸ ਦੇ ਵਿਰੋਧ ਵਿਚ ਬਿਆਨ ਦੇਣਗੇ। ਵਿਰੋਧ ਵਿਚ ਬਿਆਨ ਦੇਣ ਵਾਲਿਆਂ ਨੂੰ ਮੋਦੀ ਜੀ ਮੁਸਲਮਾਨਾਂ ਦੇ ਹਿਤੈਸ਼ੀ ਕਹਿਣਗੇ। ਮੋਦੀ ਜੀ ਨੂੰ ਉਮੀਦ ਹੈ ਕਿ ਇਸ ਨਾਲ ਧਰੁਵੀਕਰਨ ਹੋ ਜਾਏਗਾ ਅਤੇ 2024 ਦੀ ਪਾਰਲੀਮਾਨੀ ਚੋਣਾਂ ਵਿਚ ਭਾਜਪਾ ਜਿੱਤ ਜਾਵੇਗੀ। ਆਪਣੀ ਪਾਰਟੀ ਨੂੰ ਜਿਤਾਉਣ ਲਈ ਪਹਿਲਾਂ ਸਵਿਟਜ਼ਰਲੈਂਡ ਤੋਂ ਕਾਲਾ ਧਨ ਵਾਪਸ ਲਿਆ ਕੇ ਹਰ ਨਾਗਰਿਕ ਦੇ ਬੈਂਕ ਖਾਤੇ ਵਿੱਚ ਪੰਦਰਾਂ ਲੱਖ ਰੁਪਏ ਜਮ੍ਹਾਂ ਕਰਵਾਉਣ ਦਾ ਵਾਅਦਾ ਕੀਤਾ, ਜਿਹੜਾ ਕਿ ਅਮਿਤ ਸ਼ਾਹ ਜੀ ਦੇ ਕਹਿਣ ਅਨੁਸਾਰ ਇੱਕ ਚੋਣ ਜੁਮਲਾ ਸੀ। ਇਸ ਤੋਂ ਬਾਅਦ ਵਾਰਾਨਸੀ ਤੋਂ ਚੋਣ ਜਿੱਤਣ ਲਈ ਗੰਗਾ ਦੀ ਸਫਾਈ ਦਾ ਵਾਅਦਾ ਕੀਤਾ, ਪਰ ਗੰਗਾ ਪਹਿਲਾਂ ਨਾਲੋਂ ਵੀ ਜ਼ਿਆਦਾ ਪ੍ਰਦੂਸ਼ਿਤ ਹੋ ਗਈ। ਫੇਰ ਕਿਸਾਨਾਂ ਦੀ ਆਮਦਨ 2022 ਤੱਕ ਦੁੱਗਣੀ ਕਰਨ ਦਾ ਵਾਅਦਾ ਕੀਤਾ, ਜਦਕਿ 2022 ਤੱਕ ਉਹਨਾਂ ਦੀ ਆਮਦਨ ਹੋਰ ਘਟ ਗਈ। 2024 ਤੱਕ ਭਾਰਤ ਦੀ ਅਰਥ ਵਿਵਸਥਾ ਪੰਜ ਖਰਬ ਦੀ ਕਰਨ ਦਾ ਵੀ ਵਾਅਦਾ ਹੈ, ਪਰ ਘਰ ਦੇ ਭਾਗ ਡਿਓੜੀ ਤੋਂ ਹੀ ਪਤਾ ਲੱਗ ਰਹੇ ਹਨ ਕਿ ਭਾਰਤ ਸਿਰ 2014 ਵਿਚ ਕਰਜ਼ਾ 55 ਲੱਖ ਕਰੋੜ ਸੀ, ਜਿਹੜਾ ਕਿ 31 ਮਾਰਚ 2023 ਵਿਚ 155 ਲੱਖ ਕਰੋੜ ਹੋ ਗਿਆ ਅਤੇ 2024 ਤੱਕ ਜੇਕਰ ਇਹੋ ਰਫਤਾਰ ਰਹੀ ਤਾਂ ਕਰਜ਼ਾ 172 ਲੱਖ ਕਰੋੜ ਤੱਕ ਪਹੁੰਚਣ ਦਾ ਅੰਦਾਜ਼ਾ ਹੈ। ਜਦੋਂ ਭਾਜਪਾ ਦੇ ਸਾਰੇ ਲਾਰੇ ਫੇਲ ਹੋ ਜਾਣ ਤਾਂ ਫੇਰ ਆਖਰੀ ਹਥਿਆਰ ਧਰੁਵੀਕਰਣ ਦਾ ਹੁੰਦਾ ਹੈ ਜਿਹੜਾ ਕਿ ਮੋਦੀ ਜੀ ਨੇ ਚਲਾ ਦਿੱਤਾ ਹੈ। ਪਰ ਵੋਟਰ ਹੁਣ ਸਮਝਦਾਰ ਹੋ ਚੁੱਕਾ ਹੈ ਅਤੇ ਹੁਣ ਮੋਦੀ ਜੀ ਦੇ ਮਕੜਜਾਲ ਵਿਚ ਫਸਣ ਵਾਲਾ ਨਹੀਂ ਹੈ।

ਚਲੋ ਹੁਣ ਜੁਮਲਿਆਂ, ਲਾਰਿਆਂ ਤੋਂ ਬਾਅਦ ਪ੍ਰਸਤਾਵਿਤ ਇੱਕ ਸਮਾਨ ਸਿਵਲ ਕੋਡ ਜਾਂ ਕਾਨੂੰਨ ਵੱਲ ਆ ਜਾਈਏ। ਕਾਨੂੰਨ ਜਾਂ ਕੋਡ ਦੋ ਪ੍ਰਕਾਰ ਦੇ ਹਨ, ਇੱਕ ਉਹ ਹਨ, ਜਿਹੜੇ ਕੇਵਲ ਕਿਤਾਬਾਂ ਵਿਚ ਬੰਦ ਹਨ ਅਤੇ ਆਮ ਵਰਤੋਂ ਵਿਚ ਨਹੀਂ ਲਿਆਂਦੇ ਜਾ ਰਹੇ। ਦੂਜੇ ਉਹ ਅਲਿਖਿਤ ਕਾਨੂੰਨ ਚੱਲ ਰਹੇ ਹਨ, ਜਿਹੜੇ ਆਮ ਵਰਤੋਂ ਵਿਚ ਆ ਰਹੇ ਹਨ ਅਤੇ ਸੰਵਿਧਾਨ ਵਿੱਚ ਲਿਖਿਤ ਕਾਨੂੰਨਾਂ ਦੀਆਂ ਧੱਜੀਆਂ ਉਡਾ ਰਹੇ ਹਨ। ਸੰਵਿਧਾਨ ਅਨੁਸਾਰ "ਭਾਰਤ ਭਿੰਨ-ਭਿੰਨ ਜਾਤਾਂ, ਧਰਮਾਂ ਅਤੇ ਮਾਨਤਾਵਾਂ ਦਾ ਦੇਸ਼ ਹੈ ਅਤੇ ਉਹਨਾਂ ਦੇ ਲਾਗੂ ਸਿਵਲ ਕੋਡ ਵੀ ਭਿੰਨ-ਭਿੰਨ ਹਨ। ਭਾਰਤ ਸਰਕਾਰ ਇੱਕ ਸਮਾਨ ਸਿਵਲ ਕੋਡ ਲਾਗੂ ਕਰਨ ਦੀ ਕੋਸ਼ਿਸ਼ ਕਰੇਗੀ"। ਸੁਆਲ ਇਹ ਪੈਦਾ ਹੁੰਦਾ ਹੈ ਕਿ ਭਾਰਤ ਦੀ ਪਹਿਲੀ ਸੰਸਦ ਵਿਚ ਜ਼ਿਆਦਾਤਰ ਕਾਨੂੰਨ ਦੇ ਮਾਹਿਰ ਸਨ ਅਤੇ ਸਮਾਜਿਕ ਕਾਰਜਕਰਤਾ ਸਨ, ਪਰ ਇਸ ਦੇ ਬਾਵਜੂਦ ਉਹਨਾਂ ਨੇ ਇਹ ਕੋਡ ਲਾਗੂ ਕਿਉਂ ਨਹੀਂ ਕੀਤਾ ਅਤੇ 2013 ਤੱਕ ਦੀਆਂ ਸਰਕਾਰਾਂ ਨੇ ਲਾਗੂ ਕਿਉਂ ਨਹੀਂ ਕੀਤਾ। ਦਰਅਸਲ ਵਿੱਦਿਆ ਦੀ ਘਾਟ ਜਾਂ ਸਮਾਜਿਕ ਸੂਝ-ਬੂਝ ਦੀ ਘਾਟ ਕਾਰਨ ਕੁੱਝ ਘੱਟ-ਗਿਣਤੀਆਂ ਇੱਕ ਸਮਾਨ ਸਿਵਲ ਕੋਡ ਨੂੰ ਆਪਣੇ ਧਰਮ ਅਤੇ ਸੱਭਿਆਚਾਰ 'ਤੇ ਹਮਲਾ ਸਮਝਦੀਆਂ ਹਨ, ਇਸ ਲਈ ਮੁਸਲਮਾਨਾਂ, ਇਸਾਈਆਂ, ਸਿੱਖਾਂ ਅਤੇ ਆਦਿਵਾਸੀਆਂ ਨੂੰ ਅਜਿਹਾ ਕੋਡ ਮਨਜ਼ੂਰ ਨਹੀਂ। 21ਵੇਂ ਲਾਅ (ਕਾਨੂੰਨ) ਕਮਿਸ਼ਨ ਨੇ ਵੀ ਕਿਹਾ ਸੀ ਕਿ ਇੱਕ ਸਮਾਨ ਸਿਵਲ ਕੋਡ ਨਾ ਲਾਗੂ ਹੋ ਸਕਦਾ ਹੈ ਅਤੇ ਨਾ ਇਸ ਦੀ ਜ਼ਰੂਰਤ ਹੈ। ਜੇਕਰ ਇੱਕ ਸਮਾਨ ਸਿਵਲ ਕੋਡ ਲਾਗੂ ਹੁੰਦਾ ਹੈ ਤਾਂ ਆਦਿਵਾਸੀਆਂ ਦਾ ਸਭ ਤੋਂ ਜ਼ਿਆਦਾ ਆਰਥਿਕ, ਧਾਰਮਿਕ ਅਤੇ ਸੱਭਿਆਚਾਰਕ ਨੁਕਸਾਨ ਹੁੰਦਾ ਹੈ। ਉਹਨਾਂ ਦਾ ਸਾਰਾ ਜੀਵਨ ਜੰਗਲ ਦੇ ਦਰੱਖਤਾਂ 'ਤੇ ਅਧਾਰਤ ਹੈ, ਉਥੋਂ ਹੀ ਬਾਲਣ ਪ੍ਰਾਪਤ ਕਰਦੇ ਹਨ, ਫਲ ਪ੍ਰਾਪਤ ਕਰਦੇ ਹਨ, ਜੜੀ-ਬੂਟੀਆਂ, ਦਰੱਖਤਾਂ ਦੀਆਂ ਜੜ੍ਹਾਂ ਜਾਂ ਉਹਨਾਂ ਦੀ ਬਾਰਕ (ਦਰੱਖਤ ਦੇ ਤਣੇ ਦੀ ਉੱਪਰ ਵਾਲੀ ਛਿੱਲ) ਤੋਂ ਹੀ ਆਪਣੇ ਲਈ ਦਵਾਈਆਂ ਤਿਆਰ ਕਰਦੇ ਹਨ ਅਤੇ ਦਰੱਖਤਾਂ ਤੋਂ ਹੀ ਵੇਚਣ ਲਈ ਸਮਾਨ ਪ੍ਰਾਪਤ ਕਰਦੇ ਹਨ। ਜਲ, ਜੰਗਲ ਅਤੇ ਜ਼ਮੀਨ ਨੂੰ ਬਚਾਉਣਾ ਉਹਨਾਂ ਦਾ ਮੁੱਖ ਉਦੇਸ਼ ਹੈ। ਉਹਨਾਂ ਦੀਆਂ ਵਿਆਹ ਦੀਆਂ ਰਸਮਾਂ ਅਲੱਗ ਹਨ, ਦਹੇਜ ਬਿਲਕੁਲ ਨਹੀਂ ਹੈ, ਉਲਟਾ ਲਾੜੇ ਦਾ ਪਰਵਾਰ ਲਾੜੀ ਦੇ ਪਰਵਾਰ ਨੂੰ ਦੋ ਬੈਲ ਦੇਂਦਾ ਹੈ। ਸ਼ਾਦੀਆਂ ਅਗਨੀ ਨੂੰ ਗਵਾਹ ਮੰਨ ਕੇ ਕਰਨ ਦੀ ਬਜਾਏ ਨਦੀ ਦੇ ਪਾਣੀ ਨੂੰ ਗਵਾਹ ਮੰਨ ਕੇ ਕੀਤੀਆਂ ਜਾਂਦੀਆਂ ਹਨ। ਕੁਝ ਸ਼ਾਦੀਆਂ ਐਸੀਆਂ ਵੀ ਹੁੰਦੀਆਂ ਹਨ, ਜਿਹਨਾਂ ਵਿਚ ਜੇਕਰ ਲਾੜੀ ਦਾ ਭਰਾ ਬਹੁਤ ਛੋਟਾ ਹੈ ਤਾਂ ਲਾੜਾ ਉਸ ਦੇ ਘਰ ਪੰਜ ਸਾਲ ਤੱਕ ਰਹਿੰਦਾ ਹੈ। ਧਰੁਵ ਫਿਰਕੇ ਵਿਚ ਭੈਣ ਅਤੇ ਭਰਾ ਸ਼ਾਦੀ ਕਰ ਲੈਂਦੇ ਹਨ। ਭਾਵੇਂ ਇਸ ਫਿਰਕੇ ਵਿਚ ਇਹ ਰਿਵਾਜ ਖਤਮ ਕਰਨ ਦੀ ਆਵਾਜ਼ ਥੋੜ੍ਹੀ-ਥੋੜ੍ਹੀ ਉਠਣੀ ਸ਼ੁਰੂ ਹੋ ਗਈ ਹੈ, ਪਰ ਧੱਕੇ ਨਾਲ ਇੱਕਦਮ ਇਸ ਰਿਵਾਜ ਨੂੰ ਖਤਮ ਨਹੀਂ ਕੀਤਾ ਜਾ ਸਕਦਾ। ਇਹ ਕੋਡ ਆਦਿਵਾਸੀਆਂ ਦਾ ਆਰਥਿਕ, ਧਾਰਮਿਕ ਅਤੇ ਸੱਭਿਆਚਾਰਕ ਤਾਣਾਬਾਣਾ ਨਸ਼ਟ ਕਰ ਸਕਦਾ ਹੈ।

ਜਿਵੇਂ ਮੋਦੀ ਜੀ ਨੇ ਬਿਨਾਂ ਕਿਸੇ ਨਾਲ ਸਲਾਹ ਕੀਤੇ ਪਹਿਲਾਂ ਨੋਟਬੰਦੀ ਕੀਤੀ ਅਤੇ ਬਾਅਦ ਵਿੱਚ ਜੀ.ਐੱਸ.ਟੀ ਸ਼ੁਰੂ ਕਰ ਦਿੱਤਾ ਅਤੇ ਦੇਸ਼ ਦੀ ਆਰਥਿਕਤਾ ਦਾ ਭੱਠਾ ਬਿਠਾ ਦਿੱਤਾ, ਉਵੇਂ ਹੀ ਬਿਨਾਂ ਸੋਚੇ-ਸਮਝੇ, ਬਿਨਾਂ ਕਿਸੇ ਨਾਲ ਸਲਾਹ ਕੀਤੇ ਇੱਕ ਸਮਾਨ ਸਿਵਲ ਕੋਡ ਲੈ ਆਂਦਾ ਹੈ। ਸ਼ਾਇਦ ਵਿਰੋਧੀ ਪਾਰਟੀਆਂ ਵਿਚ ਕੋਈ ਮੁੱਦਾ ਲਿਆ ਕੇ ਸਵਾਲ ਜੁਆਬ ਤੋਂ ਉਹਨਾਂ ਨੂੰ ਡਰ ਲੱਗਦਾ ਹੈ।

ਕੀ ਇਸ ਨੂੰ ਇੱਕ ਸਮਾਨ ਸਿਵਲ ਕੋਡ ਕਿਹਾ ਜਾ ਸਕਦਾ ਹੈ ਕਿ ਆਰ ਐੱਸ ਐੱਸ ਦੀਆਂ ਸ਼ਾਖਾਵਾਂ ਸ਼ਰੇਆਮ ਕਿਸੇ ਵੀ ਖੁੱਲ੍ਹੇ ਸਥਾਨ 'ਤੇ ਹਰ ਰੋਜ਼ ਲੱਗ ਸਕਦੀਆਂ ਹਨ, ਪਰ ਮੁਸਲਮਾਨ ਖੁੱਲ੍ਹੇ ਸਥਾਨਾਂ 'ਤੇ ਕੁੱਝ ਖਾਸ ਦਿਨਾਂ ਵਿਚ ਨਮਾਜ਼ ਨਹੀਂ ਪੜ੍ਹ ਸਕਦੇ। ਕੀ ਇਹ ਵੀ ਇੱਕ ਸਮਾਨ ਸਿਵਲ ਕੋਡ ਹੈ ਕਿ ਖਾਸ ਦਿਨਾਂ ਵਿਚ ਭਗਵਾਂ ਭਗਤ ਮਸਜਿਦਾਂ ਅੱਗੇ ਜਾ ਕੇ ਜੈ ਸ੍ਰੀ ਰਾਮ ਦੇ ਨਾਹਰੇ ਲਗਾ ਕੇ ਨਮਾਜ਼ ਦੀ ਰਸਮ ਵਿਚ ਖੱਲਲ ਪਾਉਣ, ਪਰ ਮੁਸਲਮਾਨ ਜੇਕਰ ਆਪਣਾ ਕੋਈ ਧਾਰਮਿਕ ਜਲੂਸ ਲੈ ਕੇ ਜਾਣਾ ਚਾਹੁਣ ਤਾਂ ਉਹਨਾਂ ਨੂੰ ਰੋਕ ਦਿੱਤਾ ਜਾਂਦਾ ਹੈ। ਕੀ ਇਸ ਨੂੰ ਇੱਕ ਸਮਾਨ ਕਾਨੂੰਨ ਕਿਹਾ ਜਾ ਸਕਦਾ ਹੈ ਕਿ ਇਤਿਹਾਸ ਦੀਆਂ ਕਿਤਾਬਾਂ ਵਿੱਚੋਂ ਮੁਗਲ ਕਾਲ ਬਿਲਕੁਲ ਖਤਮ ਕਰ ਦਿੱਤਾ ਹੈ, ਪਰ ਗੂਗਲ 'ਤੇ ਲੱਗਭੱਗ ਹਰ ਰੋਜ਼ ਆ ਜਾਂਦਾ ਹੈ ਕਿ ਫਲਾਣੇ ਮੁਗਲ ਬਾਦਸ਼ਾਹ ਦੇ ਹਰਮ ਵਿਚ ਇਹ ਇਹ ਕੁੱਝ ਹੁੰਦਾ ਸੀ, ਫਲਾਣੇ ਮੁਗਲ ਬਾਦਸ਼ਾਹ ਨੇ ਹਿੰਦੂਆਂ 'ਤੇ ਆਹ-ਆਹ ਅੱਤਿਆਚਾਰ ਕੀਤੇ। ਇਹ ਵੀ ਆਉਂਦਾ ਹੈ ਕਿ ਫਲਾਣੇ ਹਿੰਦੂ ਜਾਂ ਰਾਜਪੂਤ ਯੋਧੇ ਨੇ ਫਲਾਣੇ ਮੁਗਲ ਬਾਦਸ਼ਾਹ ਜਾਂ ਨਵਾਬ ਨੂੰ ਯੁੱਧ ਦੇ ਮੈਦਾਨ ਵਿੱਚੋਂ ਭਜਾ ਦਿੱਤਾ। ਇਸੇ ਤਰ੍ਹਾਂ ਇਤਿਹਾਸ ਵਿੱਚੋਂ ਨਹਿਰੂ ਜਾਂ ਗਾਂਧੀ ਲੱਗਭੱਗ ਖਤਮ ਕਰ ਦਿੱਤੇ ਹਨ, ਪਰ ਨਹਿਰੂ ਅਤੇ ਗਾਂਧੀ ਬਾਰੇ ਪ੍ਰਚਾਰਿਆ ਜਾ ਰਿਹਾ ਹੈ ਕਿ ਇਹਨਾਂ ਨੇ ਭਾਰਤ ਦਾ ਬਟਵਾਰਾ ਕੀਤਾ।

ਰਾਸ਼ਟਰੀ ਸਨਮਾਨ ਨੂੰ ਠੇਸ ਪੁਚਾਉਣ ਤੋਂ ਰੋਕਣ ਲਈ ਐਕਟ 1971 ਹੈ, ਜਿਸ ਅਨੁਸਾਰ ਰਾਸ਼ਟਰੀ ਚਿੰਨ੍ਹ, ਰਾਸ਼ਟਰੀ ਝੰਡਾ, ਰਾਸ਼ਟਰੀ ਪ੍ਰਤੀਕ ਅਤੇ ਸੰਵਿਧਾਨ ਨੂੰ ਅਪਵਿੱਤਰ ਜਾਂ ਅਪਮਾਨਿਤ ਨਹੀਂ ਕੀਤਾ ਜਾ ਸਕਦਾ, ਪਰ ਸਮੇਂ-ਸਮੇਂ 'ਤੇ ਭਾਜਪਾ ਸਮਰਥਿਤ ਸਨਿਆਸੀ ਸ਼ਰੇਆਮ ਐਲਾਨ ਕਰਦੇ ਆ ਰਹੇ ਹਨ ਕਿ ਅਸੀਂ ਭਾਰਤ ਦੇ ਸੰਵਿਧਾਨ ਨੂੰ ਰੱਦ ਕਰਕੇ ਮਨੂੰਸਮਰਿਤੀ ਲਾਗੂ ਕਰਨੀ ਹੈ।

ਇਸ ਵਕਤ ਦੇਸ਼ ਦੇ 95% ਤੋਂ ਵੱਧ ਸਿਆਸਤਦਾਨ ਭਾਵੇਂ ਉਹ ਰਾਜ ਕਰਦੀ ਧਿਰ ਨਾਲ ਹਨ ਅਤੇ ਭਾਵੇਂ ਵਿਰੋਧੀ ਧਿਰ ਨਾਲ, ਉਹ ਬੇਈਮਾਨ, ਭ੍ਰਿਸ਼ਟ, ਘੋਟਾਲੇਬਾਜ਼ ਅਤੇ ਡਕੈਤ ਜਾਂ ਹੋਰ ਤਰ੍ਹਾਂ ਦੇ ਸੰਗੀਨ ਅਪਰਾਧੀ ਹਨ। ਕੀ ਇਹ ਇੱਕ ਸਮਾਨ ਸਿਵਲ ਕੋਡ ਹੈ ਕਿ ਭਾਜਪਾ ਵਿਚ ਸ਼ਾਮਲ ਕਿਸੇ ਵੀ ਸਿਆਸਤਦਾਨ 'ਤੇ ਈ ਡੀ ਜਾਂ ਟੈਕਸ ਅਧਿਕਾਰੀਆਂ ਦਾ ਛਾਪਾ ਨਾ ਪਵੇ ਅਤੇ ਇਹ ਸਾਰੇ ਛਾਪੇ ਵਿਰੋਧੀ ਧਿਰ ਦੇ ਸਿਆਸਤਦਾਨਾਂ 'ਤੇ ਪੈਣ।

ਕੀ ਇਹ ਇੱਕ ਸਮਾਨ ਸਿਵਲ ਕੋਡ ਹੈ ਕਿ ਕਿਸੇ ਕਰਮਚਾਰੀ ਨੂੰ ਰਿਟਾਇਰ ਹੋ ਕੇ ਪੈਨਸ਼ਨ ਪ੍ਰਾਪਤ ਕਰਨ ਲਈ ਘੱਟੋ-ਘੱਟ ਦਸ ਸਾਲ ਸੇਵਾ ਵਿਚ ਰਹਿਣਾ ਚਾਹੀਦਾ ਹੈ, ਪਰ ਇੱਕ ਐੱਮ ਐੱਲ ਏ ਜਾਂ ਐੱਮ ਪੀ ਕੇਵਲ ਪੰਜ ਸਾਲ ਬਾਅਦ ਹੀ ਪੈਨਸ਼ਨ ਪ੍ਰਾਪਤ ਕਰ ਸਕਦਾ ਹੈ। ਇਹ ਸਿਆਸਤਦਾਨ ਤਾਂ ਜਿੰਨੀ ਵਾਰ ਚੁਣੇ ਜਾਣ, ਉਹਨਾਂ ਨੂੰ ਓਨੀਆਂ ਹੀ ਪੈਨਸ਼ਨਾਂ ਲੱਗਦੀਆਂ ਹਨ, ਭਾਵੇਂ ਉਹ ਵਿਧਾਨ ਸਭਾ ਜਾਂ ਸੰਸਦ ਵਿਚ ਕੇਵਲ ਇੱਕ ਦਿਨ ਲਈ ਜਾਣ। ਕੀ ਇਹ ਵੀ ਇੱਕ ਸਮਾਨ ਸਿਵਲ ਕੋਡ ਹੈ ਕਿ ਇਹ ਸਿਆਸਤਦਾਨ ਜਦੋਂ ਚਾਹੁੰਣ, ਬਿੱਲ ਪਾਸ ਕਰਵਾ ਕੇ ਉਦੋਂ ਆਪਣੀਆਂ ਤਨਖਾਹਾਂ ਅਤੇ ਭੱਤੇ ਵਧਾ ਸਕਦੇ ਹਨ, ਪਰ ਕਰਮਚਾਰੀਆਂ ਨੂੰ ਆਪਣੀਆਂ ਤਨਖਾਹਾਂ ਮਹਿੰਗਾਈ ਕਾਰਨ ਵਧਾਉਣ ਲਈ ਧਰਨੇ, ਮੁਜ਼ਾਹਰੇ ਕਰਨੇ ਪੈਂਦੇ ਹਨ, ਲਾਠੀਆਂ ਵੀ ਖਾਣੀਆਂ ਪੈਂਦੀਆਂ ਹਨ ਅਤੇ ਅੰਤ ਵਿਚ ਗੱਲਬਾਤ ਦੀ ਮੇਜ਼ 'ਤੇ ਸਰਕਾਰ ਦਾ ਜੁਆਬ ਹੁੰਦਾ ਹੈ ਕਿ ਅਸੀਂ ਸਿਧਾਂਤਕ ਤੌਰ ਤੇ ਤੁਹਾਡੇ ਨਾਲ ਸਹਿਮਤ ਹਾਂ, ਪਰ ਸਰਕਾਰ ਦੀ ਆਰਥਿਕ ਹਾਲਤ ਦੇ ਮੱਦੇਨਜ਼ਰ ਅਸੀਂ ਤੁਹਾਡੀ ਮੰਗ ਦਾ ਕੁੱਝ ਭਾਗ ਹੀ ਪੂਰਾ ਕਰ ਸਕਦੇ ਹਾਂ। ਕੀ ਇਹ ਅਸਮਾਨਤਾ ਨਹੀਂ ਕਿ ਚੁਣੇ ਗਏ ਸਿਆਸਤਦਾਨ ਨੂੰ ਤਨਖਾਹ ਅਤੇ ਭੱਤਿਆਂ ਤੋਂ ਇਲਾਵਾ ਫ੍ਰੀ ਮਕਾਨ, ਫ੍ਰੀ ਯਾਤਰਾ ਅਤੇ ਹੋਰ ਕਾਫੀ ਕੁਝ ਫ੍ਰੀ ਮਿਲਦਾ ਹੈ ਪਰ ਉਸਨੂੰ ਕੋਈ ਟੈਕਸ ਨਹੀਂ ਦੇਣਾ ਪੈਂਦਾ, ਦੂਜੇ ਇੱਕ ਕਰਮਚਾਰੀ ਨੂੰ ਜੋ ਕੁੱਝ ਵੀ ਮਿਲਦਾ ਹੈ ਉਸ ਤੇ ਟੈਕਸ ਦੇਣਾ ਪੈਂਦਾ ਹੈ। ਹੋਰ ਤਾਂ ਹੋਰ ਜਿਹੜੀ ਕਿਸੇ ਕਰਮਚਾਰੀ ਨੇ ਟੈਕਸ ਕਟਾ ਕੇ ਤਨਖਾਹ ਪ੍ਰਾਪਤ ਕੀਤੀ ਹੁੰਦੀ ਹੈ ਉਸ ਵਿਚੋਂ ਜੇਕਰ ਉਹ ਕੁੱਝ ਬਚਤ ਕਰਕੇ ਬੈਂਕ ਵਿਚ ਜਮ੍ਹਾਂ ਕਰਵਾਏ ਉਸਤੇ ਮਿਲੇ ਵਿਆਜ ਤੇ ਵੀ ਟੈਕਸ ਦੇਣਾ ਪੈਂਦਾ ਹੈ।

ਕੀ ਇਹ ਅਸਮਾਨ ਸਿਵਲ ਕੋਡ ਨਹੀਂ ਕਿ ਕਿਸੇ ਵੱਡੇ ਵਪਾਰੀ ਜਾਂ ਕਾਰਪੋਰੇਟ ਘਰਾਣੇ ਨੂੰ ਕਰੋੜਾਂ ਰੁਪਏ ਕਰਜ਼ਾ ਦੇ ਕੇ ਜਦੋਂ ਉਹ ਚਾਹੇ ਆਪਣੇ ਬਿਜ਼ਨੈੱਸ ਵਿਚ ਘਾਟਾ ਦਰਸਾ ਕੇ ਆਪਣੇ ਕਰਜ਼ੇ ਦਾ ਕੁੱਝ ਭਾਗ ਮਾਫ ਕਰਵਾ ਸਕਦਾ, ਪਰ ਦੂਜੇ ਪਾਸੇ ਜੇਕਰ ਕਿਸੇ ਕਿਸਾਨ ਦੀ ਫਸਲ ਔੜ, ਮੀਂਹ, ਹਨੇਰੀ ਨਾਲ ਤਬਾਹ ਹੋ ਜਾਵੇ ਤਾਂ ਉਸ ਦਾ ਕਰਜ਼ਾ ਕਦੇ-ਕਦਾਈਂ ਛੱਡ ਕੇ ਆਮ ਤੌਰ 'ਤੇ ਮਾਫ ਨਹੀਂ ਹੁੰਦਾ ਅਤੇ ਬੈਂਕ ਅਧਿਕਾਰੀ ਉਸ ਦੀ ਜਾਇਦਾਦ ਜ਼ਬਤ ਕਰਨ ਲਈ ਆ ਜਾਂਦੇ ਹਨ। ਅਜੇ ਤੱਕ ਮੁੱਖ ਫਸਲਾਂ 'ਤੇ ਐੱਮ ਐੱਸ ਪੀ ਨਹੀਂ ਦਿੱਤੀ ਗਈ, ਜਿਸ ਕਾਰਨ ਕਰਜ਼ਾ ਵਧ ਜਾਂਦਾ ਹੈ ਅਤੇ ਕਿਸਾਨ ਜਾਂ ਖੇਤ ਮਜ਼ਦੂਰ ਆਤਮ-ਹੱਤਿਆ ਕਰ ਲੈਂਦਾ ਹੈ, ਪਰ ਕੀ ਕਦੇ ਕਿਸੇ ਵੱਡੇ ਧਨਾਢ ਜਾਂ ਕਾਰਪੋਰੇਟ ਨੇ ਵੀ ਕਰਜ਼ੇ ਕਾਰਨ ਆਤਮ-ਹੱਤਿਆ ਕੀਤੀ ਹੈ?

ਭਾਰਤ ਵਿਚ ਅਸਮਾਨ ਲਾਗੂ ਕੀਤੇ ਜਾ ਰਹੇ ਕਾਨੂੰਨ ਜਾਂ ਕੋਡ ਤਾਂ ਹੋਰ ਵੀ ਹਨ, ਪਰ ਅੰਤ ਵਿਚ ਮੈਂ ਰਾਮ ਮੰਦਰ ਦਾ ਨੀਂਹ ਪੱਥਰ ਰੱਖਣ ਦੀ ਰਸਮ ਜਾਂ ਨਵੀਂ ਪਾਰਲੀਮੈਂਟ ਬਿਲਡਿੰਗ ਦੇ ਉਦਘਾਟਨ ਦੇ ਸਮੇਂ ਅਸਮਾਨ ਸਿਵਲ ਕੋਡ ਲਾਗੂ ਕਰਨ ਬਾਰੇ ਦੱਸ ਰਿਹਾ ਹਾਂ। ਰਾਮ ਮੰਦਰ ਦੇ ਭੂਮੀ ਪੂਜਣ ਦੀ ਰਸਮ ਵੇਲੇ ਆਮ ਦਲਿਤ ਦੀ ਗੱਲ ਤਾਂ ਛੱਡੋ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੂੰ ਵੀ ਰਸਮ ਵਿਚ ਹਿੱਸਾ ਨਹੀਂ ਲੈਣ ਦਿੱਤਾ ਗਿਆ, ਕਿਉਂਕਿ ਉਹ ਦਲਿਤ ਸੀ। ਨਵੀਂ ਪਾਰਲੀਮੈਂਟ ਬਿਲਡਿੰਗ ਦੇ ਉਦਘਾਟਨ ਵੇਲੇ ਰਾਸ਼ਟਰਪਤੀ ਮੁਰਮੂ ਨੂੰ ਨਹੀਂ ਸੱਦਿਆ ਗਿਆ, ਕਿਉਂਕਿ ਉਹ ਇੱਕ ਆਦਿਵਾਸੀ ਸੀ। ਰਾਸ਼ਟਰਪਤੀ ਮੁਰਮੂ ਨੂੰ ਆਦਿਵਾਸੀ ਹੋਣ ਕਾਰਨ ਹੀ ਜਗਨਨਾਥ ਮੰਦਰ ਵਿਚ ਉਸ ਥਾਂ 'ਤੇ ਖੜੇ ਹੋ ਕੇ ਪ੍ਰਾਰਥਨਾ ਨਹੀਂ ਕਰਨ ਦਿੱਤੀ, ਜਿੱਥੇ ਪੁਜਾਰੀ ਪ੍ਰਾਰਥਨਾ ਕਰਦੇ ਹਨ ਅਤੇ ਉਸ ਨੇ ਥੋੜ੍ਹੀ ਦੂਰ ਖੜੇ ਹੋ ਕੇ ਪ੍ਰਾਰਥਨਾ ਕੀਤੀ। ਜੇਕਰ ਭਾਜਪਾ ਜਾਂ ਪੁਜਾਰੀ ਵਰਗ ਦਲਿਤਾਂ ਜਾਂ ਆਦਿਵਾਸੀਆਂ ਨੂੰ ਹਿੰਦੂ ਸਮਝਦੀ ਹੈ ਤਾਂ ਉਹਨਾਂ ਨੂੰ ਹਰ ਧਾਰਮਿਕ ਸਥਲ 'ਤੇ, ਹਰ ਧਾਰਮਿਕ ਹਿੰਦੂ ਰਸਮ ਵਿਚ ਆਉਣ ਦਾ ਹੱਕ ਹੋਣਾ ਚਾਹੀਦਾ ਹੈ ਜਾਂ ਭਾਜਪਾ ਖੁੱਲ੍ਹ ਕੇ ਕਹੇ ਕਿ ਦਲਿਤ ਜਾਂ ਆਦਿਵਾਸੀ ਹਿੰਦੂ ਨਹੀਂ ਹਨ। ਇੱਕ ਪਾਸੇ ਉਹਨਾਂ ਨੂੰ ਵੋਟਾਂ ਲਈ ਹਿੰਦੂ ਵੀ ਕਹੀ ਜਾਣਾ ਅਤੇ ਦੂਜੇ ਪਾਸੇ ਉਹਨਾਂ ਨੂੰ ਹਿੰਦੂ ਮੰਦਰ ਜਾਂ ਹਿੰਦੂ ਧਾਰਮਿਕ ਰਸਮ ਵਿਚ ਹਿੱਸਾ ਨਾ ਲੈਣ ਦੇਣਾ, ਇਹ ਇੱਕ ਅਲੀਖਿਤ ਅਸਮਾਨ ਸਿਵਲ ਕੋਡ ਨਹੀਂ ਹੈ ਤਾਂ ਹੋਰ ਕੀ ਹੈ?

# ਸੰਪਰਕ : 94176-32228

# ਚੰਡੀਗੜ੍ਹ ਦਾ ਮਸਲਾ ਕੌਣ ਹੱਲ ਕਰੂ ?

ਸੁਖਪਾਲ ਸਿੰਘ ਗਿੱਲ

ਚੰਡੀਗੜ੍ਹ ਦਾ ਪੰਜਾਬੀਆਂ ਨਾਲ ਜਿਸਮ ਰੂਹ ਵਾਲਾ ਸੁਮੇਲ ਹੈ, ਕਿਉਂਕਿ ਇੱਧਰਲੇ ਪੰਜਾਬ ਵਿੱਚ ਵੰਡ ਤੋਂ ਬਾਅਦ ਚੰਡੀਗੜ੍ਹ ਹੀ ਰਾਜਧਾਨੀ ਮਿਲੀ ਸੀ। ਪਹਿਲੇ ਪੰਜਾਬ ਦੀ ਰਾਜਧਾਨੀ 1947 ਤੋਂ ਪਹਿਲਾਂ ਲਾਹੌਰ ਸੀ। ਪ੍ਰਸਿੱਧ ਰਾਜਨੀਤਕ ਲਿਖਾਰੀਆਂ ਅਨੁਸਾਰ ਵੀ ਰਾਜਧਾਨੀ ਕਿਸੇ ਰਾਜ ਦਾ ਸਵੈਮਾਣ ਹੁੰਦੀ ਹੈ। ਰਾਜਾਂ ਦੇ ਪੁਨਰ ਗਠਨ ਸਮੇਂ ਵੀ ਚੰਡੀਗੜ੍ਹ ਪੰਜਾਬ ਵੱਲ ਸੀ। ਹਰ ਪੰਜਾਬੀ ਨੂੰ ਛੋਟੇ ਹੁੰਦੇ ਤੋਂ ਹੁਣ ਤੱਕ ਅੰਦਰੂਨੀ ਅਤੇ ਭਾਵਨਾਤਮਕ ਤੌਰ 'ਤੇ ਇਹ ਗੱਲ ਸੁਣਨ ਨੂੰ ਕਦਾਚਿਤ ਮਨਜ਼ੂਰ ਨਹੀਂ ਕਿ ਚੰਡੀਗੜ੍ਹ ਉੱਤੇ ਕਿਸੇ ਹੋਰ ਦਾ ਵੀ ਹੱਕ ਹੈ। 1970 ਵਿੱਚ ਵੀ ਫੈਸਲਾ ਕੀਤਾ ਗਿਆ ਸੀ ਕਿ ਚੰਡੀਗੜ੍ਹ ਦਾ ਪੂਰਾ ਇਲਾਕਾ ਪੰਜਾਬ ਨੂੰ ਦਿੱਤਾ ਜਾਵੇਗਾ। ਹਰਿਆਣੇ ਨੂੰ ਨਵੀਂ ਰਾਜਧਾਨੀ ਬਣਾਉਣ ਲਈ 20 ਕਰੋੜ ਦਿੱਤੇ ਜਾਣਗੇ, ਪਰ ਇਹ ਮਸਲਾ ਰਾਜਨੀਤਿਕ ਗਲਿਆਰਿਆਂ ਵਿੱਚ ਉੱਛਲ ਕੇ ਨਿਕਲਦਾ ਰਿਹਾ, ਪਰ ਕੋਈ ਹੱਲ ਨਹੀਂ ਨਿਕਲਿਆ। ਇਸ ਫੈਸਲੇ ਨਾਲ ਹਰਿਆਣਾ ਚੰਡੀਗੜ੍ਹ ਦੀਆਂ ਇਮਾਰਤਾਂ 5 ਸਾਲ ਲਈ ਵਰਤ ਸਕਦਾ ਸੀ, ਪਰ ਪੰਜਾਬ ਦੀਆਂ ਤਤਕਾਲੀ ਸਰਕਾਰਾਂ ਨੇ ਆਪਣੇ ਰਾਜ ਪੱਧਰੀ ਦਫਤਰ ਮੁਹਾਲੀ ਵਿੱਚ ਸ਼ਿਫਟ ਕਰ ਦਿੱਤਾ। ਰਾਜਨੀਤਕ ਗਲਿਆਰਿਆਂ ਵੱਲੋਂ ਇਸ ਦਾ ਮੁੱਖ ਕਾਰਨ ਇਹ ਦੱਸਿਆ ਕਿ ਚੰਡੀਗੜ੍ਹ ਵਿੱਚ ਦਫਤਰ ਛੋਟੇ ਅਤੇ ਕਿਰਾਏ ਦੇ ਹਨ। ਇਸ ਲਈ ਉੱਥੇ ਦਫਤਰ ਰੱਖਣੇ ਲੋਕਾਂ ਲਈ ਅਸੁਵਿਧਾ ਹਨ।

ਸਭ ਤੋਂ ਮਜ਼ਬੂਤ ਪੱਖ ਇਹ ਹੈ ਕਿ 1952 ਤੋਂ 1966 ਤੱਕ ਵੀ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਸੀ। ਬਾਕੀ ਸਭ ਰੌਲਾ ਬਾਅਦ ਵਿੱਚ ਪਿਆ। ਗੱਲਬਾਤ ਚੱਲੀ। ਪਹਿਲਾਂ ਪੰਜਾਬ ਦੀ ਲੀਡਰਸ਼ਿਪ ਦਾ ਇਸ ਮਸਲੇ ਤੇ ਗੱਲ ਕਰਨ ਦਾ ਹੀਆ ਨਹੀਂ ਪਿਆ। ਫਿਰ ਬਾਅਦ ਵਿੱਚ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਹਿੰਮਤ ਕੀਤੀ, ਜਿਸ ਦੀ ਬਦੌਲਤ 23 ਜੁਲਾਈ 1985 ਨੂੰ ਰਾਜੀਵ-ਲੌਂਗੋਵਾਲ ਸਮਝੌਤਾ ਹੋ ਗਿਆ। ਇਸ ਸੰਬੰਧੀ ਉਸ ਸਮੇਂ ਸੋਸ਼ਲ ਮੀਡੀਆ ਅਤੇ ਪ੍ਰਿੰਟ ਮੀਡੀਆ ਦਾ ਮੱਧਮ ਜ਼ਮਾਨਾ ਸੀ। ਇਸ ਕਰਕੇ ਇੱਕ ਅੰਗਰੇਜ਼ੀ ਅਖਬਾਰ ਨੇ ਦੂਜੇ-ਤੀਜੇ ਦਿਨ ਲਿਖਿਆ ਸੀ, "ਚੰਡੀਗੜ੍ਹ ਗੋਜ਼ ਟੂ ਪੰਜਾਬ 23 ਜੁਲਾਈ 1986" ਇਸ ਨਾਲ ਕੁੱਝ ਆਸ ਵੀ ਬੱਝੀ। ਇਸ ਵਿੱਚੋਂ ਸੌੜੀ ਸਿਆਸਤ ਨੇ ਕਾਫੀ ਕੁੱਝ ਅੱਧਵਾਟੇ ਮੁਕਾ ਦਿੱਤਾ। ਇਨ੍ਹਾਂ ਮਸਲਿਆਂ 'ਤੇ ਰਾਜਨੀਤੀ ਸ਼ੁਰੂ ਹੋਈ, ਪਰ ਹੱਲ ਕੋਈ ਨਹੀਂ। ਲੋਕਾਂ ਨੂੰ ਭਰਮ-ਭੁਲੇਖੇ ਰਹੇ, ਪਰ ਚੰਡੀਗੜ੍ਹ ਕੇਂਦਰੀ ਸ਼ਾਸਤ ਪ੍ਰਦੇਸ਼ ਹੀ ਰਿਹਾ। ਵੋਟਾਂ ਸਮੇਂ ਸ਼ੋਸ਼ੇਬਾਜ਼ੀ ਜ਼ਰੂਰ ਹੁੰਦੀ ਹੈ। ਇਸ ਨਾਲ ਜਜ਼ਬਾਤੀ ਪੰਜਾਬੀਆਂ ਦੀਆਂ ਭਾਵਨਾਵਾਂ ਨਾਲ ਖੇਡਿਆ ਜਾਂਦਾ ਹੈ।

ਵੰਡ ਤੋਂ ਬਾਅਦ ਪੰਜਾਬ ਦਾ ਸਵੈਮਾਣ ਰੱਖਣ ਲਈ ਚੰਡੀਗੜ੍ਹ ਰਾਜਧਾਨੀ ਬਣਨੀ ਜ਼ਰੂਰੀ ਸੀ। ਉਸ ਸਮੇਂ ਦੇ ਪ੍ਰਧਾਨ ਮੰਤਰੀ ਸਾਹਿਬ ਅਤੇ ਪੰਜਾਬ ਦੇ ਮੁੱਖ ਮੰਤਰੀ ਸਾਹਿਬ ਨੇ ਚੰਡੀਗੜ੍ਹ ਹੋਂਦ ਵਿੱਚ ਲਿਆਂਦਾ। ਜਿਸ ਦਾ ਡਿਜ਼ਾਇਨ ਫਰਾਂਸੀਸੀ ਇੰਜੀਨੀਅਰ ਨੇ ਕੀਤਾ ਸੀ। ਇਹ ਸ਼ਹਿਰ ਹਮੇਸ਼ਾ ਮਸਲੇ ਹੱਲ ਕਰਦਾ ਰਿਹਾ, ਪਰ ਆਪਣਾ ਮਸਲਾ ਹੱਲ ਕਰਨ ਵਿੱਚ ਪਿੱਛੇ ਰਿਹਾ। ਰਾਜਨੀਤੀ ਦਾ ਮਾਰਿਆ ਵਿਵਾਦਾਂ ਵਿੱਚ ਰਿਹਾ, ਜਦੋਂ ਕਿ ਹੱਲ ਕਰਨਾ ਕੋਈ ਮੁਸ਼ਕਿਲ ਨਹੀਂ। 15 ਜੁਲਾਈ 2007 ਨੂੰ ਚੰਡੀਗੜ੍ਹ ਨੂੰ ਤੰਬਾਕੂ ਰਹਿਤ ਅਤੇ 2 ਅਕਤੂਬਰ 2008 ਨੂੰ ਪਾਲੀਥੀਨ ਰਹਿਤ ਬਣਾਉਣ ਲਈ ਹੁਕਮ ਜਾਰੀ ਹੋਏ। ਇਹ ਅੱਜ ਤੱਕ ਸੰਵਿਧਾਨ ਦੀ ਧਾਰਾ 239 ਦੇ ਤਹਿਤ ਹੀ ਚੱਲ ਰਿਹਾ ਹੈ। 2015 ਵਿੱਚ ਇਸ ਸ਼ਹਿਰ ਨੂੰ ਬੀ.ਬੀ.ਸੀ. ਦੇ ਇੱਕ ਲੇਖ ਵਿੱਚ ਆਰਕੀਟੈਕਚਰ, ਸੱਭਿਆਚਾਰਕ ਅਤੇ ਆਧੁਨਿਕੀਕਰਨ ਦਾ ਇੱਕ ਵਧੀਆ ਤਾਲਮੇਲ ਸਾਬਿਤ ਕੀਤਾ ਗਿਆ। ਕਾਇਦੇ ਅਤੇ ਦੰਦ ਕਥਾਵਾਂ ਦੇਖੀਆਂ ਜਾਣ, ਪਰ ਚੰਡੀਗੜ੍ਹ ਪੰਜਾਬ ਦਾ ਹੀ ਹੈ। ਹੁਣੇ-ਹੁਣੇ ਹਰਿਆਣਾ ਨਾਲ ਜੋ ਭਾਈਚਾਰਕ ਸਾਂਝ ਕਿਸਾਨ ਅੰਦੋਲਨ ਸਮੇਂ ਪੰਜਾਬ ਦੀ ਬਣੀ ਹੈ, ਉਸ ਨੂੰ ਵੀ ਖੇਰੂੰ-ਖੇਰੂੰ ਹੋਣ ਤੋਂ ਬਚਾਉਣਾ ਜ਼ਰੂਰੀ ਹੈ। "ਜ਼ਿੱਦ ਨਾਲ ਮਸਲੇ ਵਿਗੜ ਜਾਂਦੇ ਨੇ, ਰਜ਼ਾਮੰਦੀ ਕਰ ਲਓ, ਨਿੱਬੜ ਜਾਂਦੇ ਨੇ"।

ਦੋਵਾਂ ਰਾਜਾਂ ਵਿੱਚ ਸਦਭਾਵਨਾ ਰੱਖਣ ਲਈ ਹਰ ਇੱਕ ਚਾਲ ਸਮਝਣੀ ਜ਼ਰੂਰੀ ਹੈ। ਚੰਡੀਗੜ੍ਹ ਨਾਲ ਪੰਜਾਬ ਦੀ ਗੂੜ੍ਹੀ ਸਾਂਝ ਹੈ। ਦੂਜੇ ਪਾਸੇ ਲਾਹੌਰ ਦੇ ਸਮਾਨਾਂਤਰ ਪੰਜਾਬ ਨੂੰ ਚੰਡੀਗੜ੍ਹ ਮਿਲਣਾ ਵੀ ਬਣਦਾ ਸੀ। ਪੰਜਾਬੀਆਂ ਨੇ ਸ਼ੁਰੂ ਤੋਂ ਹੀ ਵੱਖਰਾ ਸੱਭਿਆਚਾਰ ਰੱਖਿਆ। ਇਸ ਲਈ ਇਸ ਸੰਵੇਦਨਸ਼ੀਲ ਮੁੱਦੇ ਨੂੰ ਹਊਆ ਬਣਾ ਕੇ ਪੇਸ਼ ਨਹੀਂ ਕਰਨਾ ਚਾਹੀਦਾ। ਰਾਜਸੀ ਰੋਟੀਆਂ ਸੇਕਣ ਦੀ ਬਜਾਏ ਇਸ ਮਸਲੇ ਦਾ ਸੰਜੀਦਾ ਹੱਲ ਕੱਢਣਾ ਚਾਹੀਦਾ ਹੈ। ਇਸ ਨਾਲ ਪੰਜਾਬੀਆਂ ਦੀ ਬੇਗਾਨਗੀ ਦੀ ਭਾਵਨਾ ਵੀ ਦੂਰ ਹੋਵੇਗੀ। ਸਾਰਥਕ ਲੋਕਤੰਤਰ ਦੀ ਪਹੁੰਚ ਹੋਵੇਗੀ। ਇਸ ਲਈ ਚੰਡੀਗੜ੍ਹ ਨੂੰ ਹਰ ਮੌਕੇ ਰਾਜਨੀਤਕ ਮੁੱਦਾ ਬਣਾਉਣ ਦੀ ਬਜਾਏ ਇਸ ਦਾ ਸਦਾਬਹਾਰ ਹੱਲ ਕੱਢ ਕੇ ਪੰਜਾਬ ਦੇ ਸਪੁਰਦ ਕਰਨਾ ਚਾਹੀਦਾ ਹੈ। ਛੋਟੇ ਭਾਈ ਹਰਿਆਣਾ ਨੂੰ ਵੀ ਨਾਰਾਜ਼ ਨਹੀਂ ਕਰਨਾ ਚਾਹੀਦਾ। ਇਸੇ ਕਰਕੇ ਇਹ ਮਸਲਾ ਭਾਰਤ ਮਾਤਾ ਦੀ ਸ਼ਾਨ ਵਿੱਚ ਇੱਕਸੁਰਤਾ ਨਾਲ ਹੱਲ ਹੋਣਾ ਚਾਹੀਦਾ ਹੈ। ਇਸ ਨਾਲ ਕੇਂਦਰ ਅਤੇ ਰਾਜਾਂ ਦੇ ਸੰਬੰਧ ਸੁਖਾਵੇਂ ਹੋਣਗੇ।

# ਸੰਪਰਕ : 98781-11445

# ਫਰਾਂਸ ਦੇ ਸਿਆਸੀ ਸੰਕਟ ਪਿੱਛੇ ਹਰਕਤਸ਼ੀਲ ਮੁੱਦੇ



ਕਰਮ ਬਰਸਟ

ਫਰਾਂਸ ਇਸ ਵੇਲੇ ਭਿਆਨਕ ਦੰਗਿਆਂ ਦੀ ਮਾਰ ਹੇਠ ਆਇਆ ਹੋਇਆ ਹੈ। ਕਰੋੜਾਂ ਰੁਪਏ ਦੀ ਨਿੱਜੀ ਅਤੇ ਸਰਕਾਰੀ ਜਾਇਦਾਦ ਨੂੰ ਸਾੜ ਕੇ ਸਵਾਹ ਕਰ ਦਿੱਤਾ ਗਿਆ ਹੈ। ਦੋ ਸੌ ਪੁਲਸੀਆਂ ਸਮੇਤ ਹਜ਼ਾਰਾਂ ਲੋਕ ਜ਼ਖਮੀ ਹੋ ਚੁੱਕੇ ਹਨ। ਇਹ ਸਤਰਾਂ ਲਿਖਣ ਤੱਕ 2100 ਵਿਅਕਤੀ ਗ੍ਰਿਫਤਾਰ ਕੀਤੇ ਜਾ ਚੁੱਕੇ ਹਨ। ਦੰਗਿਆਂ ਦੇ ਇੱਕ ਹ.ਫਤੇ ਦੌਰਾਨ ਵੱਡੇ ਸ਼ਹਿਰਾਂ ਵਿੱਚ ਫੈਲੀ ਅਸ਼ਾਂਤੀ ਦਾ ਇੱਕੋ-ਇੱਕ ਕਾਰਨ ਇੱਕ ਪੁਲਸ ਕਰਮਚਾਰੀ ਵੱਲੋਂ ਇੱਕ ਟ੍ਰੈਫਿਕ ਨਾਕੇ ਦੌਰਾਨ ਅਲਜੀਰੀਅਨ ਅਤੇ ਮੋਰੱਕੋ ਮੂਲ ਦੇ ਇੱਕ ਸਤਾਰਾਂ ਸਾਲਾ ਗਭਰੇਟ ਨਾਹੇਲ ਮਰਜ਼ੋਕ ਦਾ ਗੋਲੀ ਮਾਰ ਕੇ ਕੀਤਾ ਕਤਲ ਹੈ।

ਚੇਤੇ ਰਹੇ ਕਿ ਫਰਾਂਸ ਵਿੱਚ ਅਫਰੀਕਨ ਮੂਲ ਦੇ ਲੋਕਾਂ ਦੀ ਤੀਹ ਲੱਖ ਤੋਂ ਉੱਪਰ ਵੱਸੋਂ ਹੈ। ਇਹਨਾਂ ਵਿੱਚੋਂ ਬਹੁਤੇ ਸਿਆਹਫਾਮ ਹੋਣ ਦੇ ਨਾਲ-ਨਾਲ ਧਰਮ ਪੱਖੋਂ ਮੁਸਲਮਾਨ ਹਨ। ਇਹਨਾਂ ਤੋਂ ਇਲਾਵਾ ਪੰਜਾਹ-ਸੱਠ ਲੱਖ ਲੋਕ ਮੱਧਪੂਰਬ ਦੇ ਦੇਸ਼ਾਂ ਨਾਲ ਸੰਬੰਧ ਰੱਖਦੇ ਮੁਸਲਮਾਨ ਹਨ। ਸਪੱਸ਼ਟ ਤੌਰ 'ਤੇ ਇਹ ਕਾਲੇ ਅਤੇ ਮੁਸਲਿਮ ਲੋਕਾਂ ਵਿਰੁੱਧ ਨਸਲਵਾਦ ਦਾ ਮਾਮਲਾ ਜਾਪਦਾ ਹੈ। ਫ਼ਰਾਂਸ ਵਿੱਚ ਫੈਲਿਆ ਰੋਹ ਅਮਰੀਕਾ ਅੰਦਰ ਜਾਰਜ ਫਲਾਇਡ ਦੀ ਹੱਤਿਆ ਮਗਰੋਂ ਫੈਲੇ ਰੋਹ ਦੀ ਤਰਜਮਾਨੀ ਕਰਦਾ ਹੈ।

ਬੇਸ਼ੱਕ ਫਰਾਂਸ ਕਾਫੀ ਹੱਦ ਤੱਕ ਉਦਾਰਵਾਦੀ ਸਮਾਜ ਹੈ, ਪਰ ਇੱਕ ਅੱਧੀ ਘਟਨਾ ਵੀ ਸਮਾਜਿਕ ਤਾਣੇਬਾਣੇ ਨੂੰ ਤਹਿਸ-ਨਹਿਸ ਕਰਨ ਲਈ ਕਾਫ਼ੀ ਹੈ। ਨਾਹੇਲ ਮਰਜ਼ੋਕ ਫਰਾਂਸ ਦੇ ਵੱਡੇ ਉਪਨਗਰ ਨੋਂਤੇਰੇ ਦਾ ਵਸਨੀਕ ਸੀ ਅਤੇ ਫੁੱਟਬਾਲ ਦਾ ਉਭਰਦਾ ਖਿਡਾਰੀ ਸੀ। ਪੁਲਸ ਦਾ ਇਲਜ਼ਾਮ ਹੈ ਕਿ ਉਹ ਲਾਲਬੱਤੀ ਦੀ ਉਲੰਘਣਾ ਕਰਕੇ ਭੱਜਣ ਦੀ ਕੋਸ਼ਿਸ਼ ਕਰ ਰਿਹਾ ਸੀ ਅਤੇ ਇੱਕ-ਦੂਜੇ ਪੁਲਸ ਕਰਮੀ ਦੇ ਦਰੜੇ ਜਾਣ ਦਾ ਖਤਰਾ ਭਾਂਪਦਿਆਂ ਹੋਇਆਂ ਨੇੜੇ ਖੜੇ ਸਿਪਾਹੀ ਨੇ ਉਸ ਦੀ ਛਾਤੀ ਵਿਚ ਗੋਲੀ ਮਾਰ ਦਿੱਤੀ। ਅੰਦੋਲਨ ਕਰ ਰਹੀ ਜਨਤਾ ਦਾ ਇਲਜ਼ਾਮ ਹੈ ਕਿ ਉਸ ਨੂੰ ਨਸਲਵਾਦੀ ਘਿਰਣਾ ਕਰਕੇ ਸਿੱਧੀ ਗੋਲੀ ਮਾਰੀ ਗਈ ਹੈ, ਜਦੋਂਕਿ ਉਸ ਨੂੰ ਜ਼ਖਮੀ ਕਰਕੇ ਵੀ ਫੜਿਆ ਜਾ ਸਕਦਾ ਸੀ। ਜਿੰਨੀ ਵੱਡੀ ਪੱਧਰ 'ਤੇ ਰੋਸ ਫੈਲਿਆ ਹੈ ਤਾਂ ਜਨਤਾ ਦੀ ਗੱਲ 'ਤੇ ਹੀ ਯਕੀਨ ਕੀਤਾ ਜਾ ਸਕਦਾ ਹੈ।

ਸਿਰਫ ਫਰਾਂਸ ਹੀ ਨਹੀਂ, ਬੈਲਜੀਅਮ ਵਰਗੇ ਕਈ ਹੋਰ ਯੂਰਪੀ ਮੁਲਕਾਂ ਅੰਦਰ ਵੀ ਇਸ ਸੰਬੰਧੀ ਰੋਸ ਪ੍ਰਗਟਾਵੇ ਹੋਣ ਦੀਆਂ ਖ਼ਬਰਾਂ ਆ ਰਹੀਆਂ ਹਨ। ਪਿਛਲੇ ਕਈ ਦਹਾਕਿਆਂ ਬਾਅਦ ਇਹ ਪਹਿਲੀ ਵਾਰ ਹੈ ਕਿ ਯੂਰਪ ਅੰਦਰ ਵੱਡੇ ਪੈਮਾਨੇ ਉੱਤੇ ਇਸ ਤਰ੍ਹਾਂ ਦੀ ਜਨਤਕ ਬੇਚੈਨੀ ਦੇਖੀ ਗਈ ਹੈ। ਅਜਿਹੀਆਂ ਖ਼ਬਰਾਂ ਹਨ ਕਿ ਜੇਕਰ ਇਹ ਅਸ਼ਾਂਤੀ ਜਾਰੀ ਰਹੀ ਤਾਂ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਨੂੰ ਐਮਰਜੈਂਸੀ ਦਾ ਐਲਾਨ ਕਰਨ ਲਈ ਮਜਬੂਰ ਹੋਣਾ ਪੈ ਸਕਦਾ ਹੈ।

ਇਸ ਹਿੰਸਕ ਬੇਚੈਨੀ ਪਿੱਛੇ ਕਈ ਕਾਰਨ ਦੱਸੇ ਜਾਂਦੇ ਹਨ। ਫਰਾਂਸ ਸਰਕਾਰ ਨੇ 2017 ਵਿੱਚ ਕਾਨੂੰਨ ਬਣਾ ਕੇ ਨਾਗਰਿਕਾਂ 'ਤੇ ਗੋਲੀ ਚਲਾਉਣ ਵਾਲੇ ਪੁਲਸ ਕਰਮਚਾਰੀਆਂ ਲਈ ਨਿਯਮਾਂ ਵਿੱਚ ਢਿੱਲ ਦੇ ਦਿੱਤੀ ਸੀ। ਇਸ ਕਾਨੂੰਨ ਦੇ ਪਾਸ ਹੋਣ ਤੋਂ ਬਾਅਦ ਪੁਲਸ ਵੱਲੋਂ ਲੋਕਾਂ ਉੱਪਰ ਗੋਲੀਆਂ ਚਲਾਉਣ ਦੀਆਂ ਘਟਨਾਵਾਂ 'ਚ ਵਾਧਾ ਨੋਟ ਕੀਤਾ ਗਿਆ ਹੈ। ਦੂਜਾ, ਮੈਕਰੋਂ ਸਰਕਾਰ ਵੱਲੋਂ ਪੇਸ਼ ਕੀਤੇ ਗਏ ਪੈਨਸ਼ਨ ਸੁਧਾਰਾਂ ਨੂੰ ਲੈ ਕੇ ਮਜ਼ਦੂਰ ਵਰਗ ਵਿੱਚ ਵਿਆਪਕ ਰੋਸ ਹੈ, ਜੋ ਕਿਸੇ ਰੋਹ ਵਿੱਚ ਪਲਟਣ ਲਈ ਮੌਕੇ ਦੀ ਤਲਾਸ਼ ਵਿੱਚ ਸੀ।

ਇਸੇ ਸਾਲ ਮੈਕਰੋਂ ਸਰਕਾਰ ਨੇ ਰਿਟਾਇਰਮੈਂਟ ਦੀ ਉਮਰ ਸੀਮਾ 62 ਸਾਲ ਤੋਂ ਵਧਾ ਕੇ 64 ਸਾਲ ਕਰ ਦਿੱਤੀ ਸੀ। ਇਸ ਕਾਰਨ ਕਈ ਸ਼ਹਿਰਾਂ ਵਿੱਚ ਵਿਰੋਧ ਪ੍ਰਦਰਸ਼ਨ ਹੋਏ। ਤੀਜਾ, ਫਰਾਂਸ ਦੇ ਲੋਕ ਚੱਲ ਰਹੇ ਯੂਕਰੇਨ-ਰੂਸ ਯੁੱਧ ਕਾਰਨ ਜ਼ਰੂਰੀ ਵਸਤੂਆਂ ਦੀਆਂ ਕੀਮਤਾਂ ਦੇ ਭਾਰ ਹੇਠ ਦੱਬ ਰਹੇ ਹਨ। ਫਰਾਂਸ ਦੋ ਮਹੀਨਿਆਂ ਤੋਂ ਵੱਧ ਸਮੇਂ ਤੋਂ ਸਮਾਜਿਕ ਬੇਚੈਨੀ ਅਤੇ ਸਰਕਾਰ ਵਿਰੋਧੀ ਰੋਸ ਮੁਜ਼ਾਹਰਿਆਂ ਵਿਚ ਲਿਪਟਿਆ ਹੋਇਆ ਹੈ, ਪੀਲੇ ਨਿਸ਼ਾਨਾਂ ਵਾਲੇ ਪ੍ਰਦਰਸ਼ਨਕਾਰੀ ਪੂਰੇ ਫਰਾਂਸ ਦੇ ਕਸਬਿਆਂ ਅਤੇ ਸ਼ਹਿਰਾਂ ਦੀਆਂ ਸੜਕਾਂ 'ਤੇ ਉੱਤਰ ਰਹੇ ਹਨ। ਪ੍ਰਦਰਸ਼ਨ ਅਕਸਰ ਹਿੰਸਕ ਹੋ ਜਾਂਦੇ ਹਨ, ਜਿਸ ਨਾਲ ਫਰਾਂਸ ਦੀ ਦੰਗਾ ਪੁਲਸ ਨਾਲ ਲੁਕਵੀਆਂ ਝੜਪਾਂ ਹੁੰਦੀਆਂ ਹਨ। ਦੇਖਿਆ ਜਾਵੇ ਤਾਂ ਫਰਾਂਸ ਦਾ ਇਤਿਹਾਸ ਲੰਮੇ ਜਨਤਕ ਸੰਘਰਸ਼ਾਂ ਦੀ ਗਵਾਹੀ ਭਰਦਾ ਹੈ। 1848 ਦੀ ਬੁਰਜੂਆ ਕ੍ਰਾਂਤੀ ਅਤੇ 1871 ਵਿਚ ਪਹਿਲੇ ਸਮਾਜਵਾਦੀ ਇਨਕਲਾਬ ਪੈਰਿਸ ਕਮਿਊਨ ਦੀ ਸਥਾਪਨਾ ਸੰਸਾਰ ਪ੍ਰਸਿੱਧ ਘਟਨਾਵਾਂ ਹਨ। 1960 ਦਹਾਕੇ ਦੇ ਅੰਤ ਵਿੱਚ ਫਰਾਂਸ ਦੀ ਜਨਤਾ ਸਾਬਕਾ ਰਾਸ਼ਟਰਪਤੀ ਗਾਊਲ ਦੀਆਂ ਦਮਨਕਾਰੀ ਨੀਤੀਆਂ ਕਰਕੇ ਤਪੀ ਪਈ ਸੀ। ਆਧੁਨਿਕ ਉਦਾਰਵਾਦੀ ਜੀਵਨ ਸ਼ੈਲੀ ਅਤੇ ਰਵਾਇਤੀ ਪਰੰਪਰਾਵਾਂ ਵਿਚਕਾਰ ਟਕਰਾਅ ਵਧ ਰਿਹਾ ਸੀ। ਮਈ 1968 ਵਿੱਚ ਵਿਦਿਅਕ ਮਸਲਿਆਂ, ਮਜ਼ਦੂਰਾਂ ਦੀਆਂ ਉਜਰਤਾਂ, ਹਕੂਮਤੀ ਸੁਧਾਰਾਂ, ਲਿੰਗਕ ਅਤੇ ਕਲਾਤਮਿਕ ਤੇ ਸਾਹਿਤਕ ਅਜ਼ਾਦੀ ਜਿਹੇ ਮਸਲਿਆਂ ਉੱਪਰ ਇਤਿਹਾਸਕ ਵਿਦਿਆਰਥੀ ਅੰਦੋਲਨ ਸ਼ੁਰੂ ਹੋ ਜਾਂਦਾ ਹੈ, ਜਿਸ ਵਿਚ ਯਾਂ ਪਾਲ ਸਾਰਤਰ ਵਰਗੇ ਧੁਨੰਤਰ ਚਿੰਤਕਾਂ ਤੱਕ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ। ਵਿਦਿਆਰਥੀ ਲਹਿਰ ਮਜ਼ਦੂਰਾਂ ਨੂੰ ਆਪਣੇ ਕਲਾਵੇ ਵਿੱਚ ਲੈਂਦੀ ਹੋਈ ਵਿਸ਼ਾਲ ਜਨਤਕ ਲਹਿਰ ਵਿੱਚ ਤਬਦੀਲ ਹੋ ਗਈ ਸੀ। ਇਸ ਲਹਿਰ ਦੀ ਬਦੌਲਤ ਫਰਾਂਸ ਵਿੱਚ ਕੰਮ ਦੀਆਂ ਹਾਲਤਾਂ, ਵਿਦਿਅਕ ਪ੍ਰਬੰਧ ਅਤੇ ਮਨੁੱਖ ਦੇ ਨਿੱਜੀ ਜੀਵਨ ਨਾਲ ਸੰਬੰਧਤ ਵੱਡੇ ਸਮਾਜਿਕ ਸੁਧਾਰ ਸਾਹਮਣੇ ਆਏ ਸਨ। ਰਾਸ਼ਟਰਪਤੀ ਜਨਰਲ ਗਾਊਲ ਨੂੰ 1969 ਦੀ ਰਾਏਸ਼ੁਮਾਰੀ ਵਿੱਚ ਹੋਈ ਹਾਰ ਕਾਰਨ ਅਸਤੀਫ਼ਾ ਦੇਣਾ ਪਿਆ। ਬੇਸ਼ੱਕ ਗਾਊਲ ਤੋਂ ਬਾਅਦ ਉਸ ਦੀ ਪਾਰਟੀ ਦਾ ਹੀ ਆਗੂ ਜਾਰਜ ਪੋਂਪੀਦੋ ਰਾਸ਼ਟਰਪਤੀ ਬਣ ਗਿਆ, ਪਰ ਉਸ ਦੀ ਮੌਤ ਤੋਂ ਬਾਅਦ ਹੋਈਆਂ ਚੋਣਾਂ ਵਿੱਚ ਹੋਰ ਵੱਧ ਰੂੜੀਵਾਦੀ ਰਿਪਬਲਿਕਨ ਵਾਲੇਰੀ ਗਿਸਕਾਰਡ ਰਾਸ਼ਟਰਪਤੀ ਬਣ ਗਿਆ।

ਇਸ ਤੋਂ ਬਾਅਦ ਫੇਰ ਸੱਜੇ ਪੱਖੀ ਭਾਰੂ ਹੋ ਗਏ ਅਤੇ ਜੈਕ ਚਿਰਾਕ ਦੇ ਰਾਜਕਾਲ ਵਿੱਚ ਬੇਰੁਜ਼ਗਾਰੀ ਵਿਚ ਅਥਾਹ ਵਾਧਾ ਹੋਇਆ, ਦੇਸ਼ ਉੱਪਰ ਕਰਜ਼ਾ ਚੜ੍ਹ ਗਿਆ ਅਤੇ ਫਰਾਂਸ ਨੇ ਯੂਰਪ ਦੇ ਏਕੀਕਰਨ ਵੱਲ ਵੀ ਨਾਂਹ-ਪੱਖੀ ਰਵੱਈਆ ਬਣਾਈ ਰੱਖਿਆ।

(● ਬਾਕੀ ਸ.ਫਾ 8 'ਤੇ)

6-JULY-PAGE-5.qxd 7/5/2023 10:46 PM Page 1



# ਬੀ ਕੇ ਯੂ (ਦੋਆਬਾ) ਵੱਲੋਂ ਖਰੜ ਟੋਲ ਪਲਾਜ਼ਾ ਵਾਲਿਆਂ ਦੀ ਧੱਕੇਸ਼ਾਹੀ ਖਿਲਾਫ ਧਰਨਾ 15 ਨੂੰ



**ਸਮਰਾਲਾ, (ਸੁਰਜੀਤ ਸਿੰਘ) :** ਭਾਰਤੀ ਕਿਸਾਨ ਯੂਨੀਅਨ (ਦੋਆਬਾ) ਦੀ ਮਹੀਨਾਵਾਰ ਮੀਟਿੰਗ ਸਥਾਨਕ ਗੁਰਦੁਆਰਾ ਗੁਰੂ ਗੋਬਿੰਦ ਸਿੰਘ ਵਿਖੇ ਯੂਨੀਅਨ ਦੇ ਲੁਧਿਆਣਾ ਜ਼ਿਲ੍ਹਾ ਪ੍ਰਧਾਨ ਬਲਵੀਰ ਸਿੰਘ ਖੀਰਨੀਆਂ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੌਰਾਨ ਕਿਸਾਨੀ ਨਾਲ ਸੰਬੰਧਤ ਵਿਚਾਰਾਂ ਕੀਤੀਆਂ ਗਈ ਅਤੇ ਝੋਨੇ ਦੀ ਲਵਾਈ ਮੌਕੇ ਵਧੀਆ ਢੰਗ ਨਾਲ ਮਿਲ ਰਹੀ ਬਿਜਲੀ ਦੀ ਸ਼ਲਾਘਾ ਕੀਤੀ ਗਈ। ਇਸ ਤੋਂ ਇਲਾਵਾ ਬਲਵੀਰ ਸਿੰਘ ਖੀਰਨੀਆਂ ਨੇ ਖਰੜ ਟੋਲ ਪਲਾਜ਼ਾ ਦੇ ਕਰਮਚਾਰੀਆਂ ਦੁਆਰਾ ਕਿਸਾਨ ਵਰਕਰਾਂ ਨਾਲ ਕੀਤੀ ਜਾ ਰਹੀ ਧੱਕੇਸ਼ਾਹੀ ਦਾ ਮੁੱਦਾ ਉਠਾਉਂਦੇ ਹੋਏ ਕਿਹਾ ਕਿ ਉੱਥੋਂ ਦੇ ਮੁਲਾਜ਼ਮ ਕਿਸਾਨ ਆਗੂਆਂ ਅਤੇ ਵਰਕਰਾਂ ਨੂੰ ਜਿਨ੍ਹਾਂ ਦੇ ਸ਼ਨਾਖਤੀ ਕਾਰਡ ਬਣੇ ਹੋਏ ਹਨ, ਨੂੰ ਟੋਲ ਪਲਾਜ਼ੇ 'ਤੇ ਲੰਘਣ ਮੌਕੇ ਜ਼ਲੀਲ ਕੀਤਾ ਜਾਂਦਾ ਹੈ। ਜਿਸ ਸੰਬੰਧੀ ਪਹਿਲਾਂ ਵੀ ਯੂਨੀਅਨ ਦਾ ਵਫਦ ਟੋਲ ਪਲਾਜ਼ੇ ਦੇ ਅਧਿਕਾਰੀਆਂ ਨੂੰ ਮਿਲਿਆ, ਪ੍ਰੰਤੂ ਹੁਣ ਮੁੜ ਉਨ੍ਹਾਂ ਨੇ ਤੰਗ ਪਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ ਹੈ, ਜਿਸ ਦੇ ਫਲਸਰੂਪ ਯੂਨੀਅਨ ਨੇ ਫੈਸਲਾ ਕੀਤਾ ਕਿ 15 ਜੁਲਾਈ ਨੂੰ ਖਰੜ ਟੋਲ ਪਲਾਜ਼ੇ 'ਤੇ ਵਿਸ਼ਾਲ ਰੋਸ ਧਰਨਾ ਦਿੱਤਾ ਜਾਵੇਗਾ, ਜੇਕਰ ਫਿਰ ਵੀ ਉੱਥੋਂ ਦੇ ਕਰਮਚਾਰੀਆਂ ਨੇ ਆਪਣਾ ਵਤੀਰਾ ਨਾ ਬਦਲਿਆ ਤਾਂ ਸੂਬਾ ਪ੍ਰਧਾਨ ਨਾਲ ਗੱਲਬਾਤ ਕਰਨ ਉਪਰੰਤ ਪੱਕਾ ਮੋਰਚਾ ਲਾਉਣ ਬਾਰੇ ਵਿਚਾਰ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ 5 ਅਗਸਤ ਨੂੰ ਯੂਨੀਅਨ ਦੇ ਸੂਬਾ ਪ੍ਰਧਾਨ ਮਨਜੀਤ ਸਿੰਘ ਰਾਏ ਸਮਰਾਲਾ ਦੀ ਅਨਾਜ ਮੰਡੀ ਵਿੱਚ ਪਹੁੰਚ ਕੇ ਹਾਜ਼ਰ ਕਿਸਾਨਾਂ ਦੀਆਂ ਮੁਸ਼ਕਲਾਂ ਸੁਣਨਗੇ ਅਤੇ ਕਿਸਾਨੀ ਮਸਲਿਆਂ ਸੰਬੰਧੀ ਰਾਏ ਮਸ਼ਵਰਾ ਕਰਨਗੇ। ਉਨ੍ਹਾਂ ਸਮਰਾਲਾ, ਖਮਾਣੋਂ, ਮਾਛੀਵਾੜਾ, ਖੰਨਾ, ਪਾਇਲ ਅਤੇ ਦੋਰਾਹਾ ਇਲਾਕੇ ਦੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਵੱਡੀ ਗਿਣਤੀ ਵਿੱਚ ਪਹੁੰਚ ਕੇ ਸੂਬਾ ਪ੍ਰਧਾਨ ਨੂੰ ਆਪਣੀਆਂ ਮੁਸ਼ਕਲਾਂ ਦੱਸਣ ਅਤੇ ਸਲਾਹ ਮਸ਼ਵਰਾ ਕਰਨ। ਮੀਟਿੰਗ ਵਿੱਚ ਉਪਰੋਕਤ ਤੋਂ ਇਲਾਵਾ ਜਰਨੈਲ ਸਿੰਘ ਜਨਰਲ ਸਕੱਤਰ, ਬਲਜੀਤ ਸਿੰਘ ਮੱਲ ਮਾਜਰਾ ਬਲਾਕ ਪ੍ਰਧਾਨ ਸਮਰਾਲਾ, ਜੀਵਨ ਸਿੰਘ, ਰਾਜਿੰਦਰ ਸਿੰਘ, ਕੁਲਦੀਪ ਸਿੰਘ, ਸੁਰਿੰਦਰਪਾਲ ਸਿੰਘ, ਜੋਗਿੰਦਰ ਸਿੰਘ, ਜਸਮੇਰ ਸਿੰਘ ਟੋਡਰਪੁਰ, ਸਮਸ਼ੇਰ ਸਿੰਘ ਘਰਖਣਾ, ਅਮਰਜੀਤ ਸਿੰਘ ਹਰਿਓਂ ਕਲਾਂ, ਜੀਵਨ ਸਿੰਘ ਮੱਲ ਮਾਜਰਾ ਸਕੱਤਰ, ਸੁਖਦੇਵ ਸਿੰਘ ਬਾਲਿਓਂ, ਅਮਰਜੀਤ ਸਿੰਘ ਟੋਡਰਪੁਰ, ਜੀਤ ਸਿੰਘ ਟੋਡਰਪੁਰ, ਬੇਅੰਤ ਸਿੰਘ ਕੋਟਲਾ ਸਮਸ਼ਪੁਰ, ਸੁਖਦੇਵ ਸਿੰਘ ਕਟਾਣਾ ਸਾਹਿਬ, ਸੂਬੇਦਾਰ ਹਰਜੀਤ ਸਿੰਘ ਕਟਾਣਾ ਸਾਹਿਬ, ਹੁਸ਼ਿਆਰ ਸਿੰਘ ਬੰਬ, ਮਨਪ੍ਰੀਤ ਸਿੰਘ ਕੰਗ ਕੋਟਲਾ ਸਮਸ਼ਪੁਰ, ਕਰਮਜੀਤ ਸਿੰਘ ਕੋਟਲਾ, ਜਗਜੀਤ ਸਿੰਘ ਕੋਟਲਾ, ਗੁਰਮੇਲ ਸਿੰਘ ਮੰਜਾਲੀਆਂ, ਬਿੱਕਰ ਸਿੰਘ ਕੋਟਲਾ ਸਮਸ਼ਪੁਰ , ਮਲਕੀਤ ਸਿੰਘ, ਹਰਜੀਤ ਸਿੰਘ, ਗੁਰਦੇਵ ਸਿੰਘ ਆਦਿ ਸ਼ਾਮਿਲ ਸਨ।

# ਮੰਗਵਾਲ ਸਕੂਲ 'ਚ ਤਰਕਸ਼ੀਲ ਸਮਾਗਮ

ਸੰਗਰੂਰ (ਪ੍ਰਵੀਨ ਸਿੰਘ)- ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਵੱਲੋਂ ਵਿਦਿਆਰਥੀਆਂ ਅੰਦਰ ਵਿਗਿਆਨਕ ਚੇਤਨਾ ਵਿਕਸਤ ਕਰਨ ਹਿੱਤ ਚਲਾਈ ਮੁਹਿੰਮ ਦੀ ਲੜੀ ਵਿੱਚ ਸਰਕਾਰੀ ਹਾਈ ਸਕੂਲ ਮੰਗਵਾਲ ਵਿਖੇ ਤਰਕਸ਼ੀਲ ਆਗੂ ਮਾਸਟਰ ਪਰਮਵੇਦ ਦੀ ਅਗਵਾਈ ਵਿੱਚ ਤਰਕਸ਼ੀਲ ਪਰੋਗਰਾਮ ਦਿੱਤਾ ਗਿਆ। ਹੈਡਮਾਸਟਰ ਜਗਤਾਰ ਸਿੰਘ ਨੇ ਤਰਕਸ਼ੀਲ ਟੀਮ ਦਾ ਸਵਾਗਤ ਕਰਦਿਆਂ ਵਿਦਿਆਰਥੀਆਂ ਨੂੰ ਵਿਗਿਆਨਕ ਸੋਚ ਅਪਣਾਉਣ ਦਾ ਸੱਦਾ ਦਿੱਤਾ।

ਇਸ ਤੋਂ ਬਾਅਦ ਤਰਕਸ਼ੀਲ ਆਗੂ ਮਾਸਟਰ ਪਰਮ ਵੇਦ ਤੇ ਸੀਤਾ ਰਾਮ ਨੇ ਆਪਣੇ ਸੰਬੋਧਨ ਵਿੱਚ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਅੰਧਵਿਸ਼ਵਾਸ਼ਾਂ, ਵਹਿਮਾਂ- ਭਰਮਾਂ, ਲਾਈਲੱਗਤਾ ਤੇ ਰੂੜ੍ਹੀਵਾਦੀ ਵਿਚਾਰਾਂ ਦੇ ਹਨੇਰੇ ਵਿਚੋਂ ਨਿਕਲ ਕੇ ਆਪਣਾ ਸੋਚਣ ਢੰਗ ਵਿਗਿਆਨਕ ਬਣਾਉਣ ਦਾ ਵਡਮੁੱਲਾ ਸੁਨੇਹਾ ਦਿੱਤਾ। ਉਨ੍ਹਾਂ ਕਿਹਾ ਕਿ ਵਿਗਿਆਨਕ ਤੌਰ 'ਤੇ ਜਾਗਰੂਕ ਹੋ ਕੇ ਤੇ ਨੈਤਿਕ ਕਦਰਾਂ ਕੀਮਤਾਂ ਅਪਨਾ ਕੇ ਆਪਣੀ ਸ਼ਖਸੀਅਤ ਨੂੰ ਵਿਕਸਤ ਕਰਨਾ ਚਾਹੀਦਾ ਹੈ ਤਾਂ ਜੋ ਸਮਾਜ ਲਈ ਲਾਹੇਵੰਦ ਬਣ ਸਕੋ। ਉਨ੍ਹਾਂ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਹਿੰਮਤ, ਲਗਨ ਤੇ ਵਿਗਿਆਨਕ ਗੁਣ ਅਪਣਾ ਕੇ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਮਾਸਟਰ ਪਰਮਵੇਦ ਨੇ ਹਾਜ਼ਰੀਨ ਨੂੰ ਕਿਸੇ ਗੱਲ ਨੂੰ ਮੰਨਣ ਤੋਂ ਪਹਿਲਾਂ ਉਸ ਨੂੰ ਤਰਕ ਦੀ ਕਸੌਟੀ 'ਤੇ ਪਰਖਣ ਦਾ ਸੁਨੇਹਾ ਦਿੱਤਾ।

ਸਕੂਲ ਅਧਿਆਪਕਾ ਆਸ਼ਾ ਗੁਪਤਾ ਨੇ ਵਿਦਿਆਰਥੀਆਂ ਦੀ ਸੋਚ ਵਿੱਚ ਵਿਗਿਆਨਕ ਵਿਚਾਰਾਂ ਦਾ ਸੰਚਾਰ ਕਰਨ ਹਿੱਤ ਤਰਕਸ਼ੀਲ ਸਮਾਗਮ ਕਰਨ ਲਈ ਤਰਕਸ਼ੀਲ ਟੀਮ ਦਾ ਧੰਨਵਾਦ ਕੀਤਾ। ਉਨ੍ਹਾਂ ਵਿਦਿਆਰਥੀਆਂ ਨੂੰ ਅੰਧਵਿਸ਼ਵਾਸ ਤਿਆਗਣ ਤੇ ਆਪਣੀ ਸੋਚ ਨੂੰ ਵਿਗਿਆਨਕ ਲੀਹ 'ਤੇ ਪਾਉਣ ਦਾ ਭਾਵਪੂਰਤ ਸੰਦੇਸ਼ ਦਿੱਤਾ। ਇਸ ਮੌਕੇ ਆਰਟ ਐਂਡ ਕਰਾਫਟ ਅਧਿਆਪਕਾ ਮਨਜੀਤ ਕੌਰ ਤੇ ਮਾਸਟਰ ਅਮਰੀਕ ਸਿੰਘ ਵੀ ਹਾਜ਼ਰ ਸਨ।



# ਵੰਦੇ ਭਾਰਤ ਰੇਲ ਗੱਡੀ ਨੂੰ ਸਿਰਸਾ ਤੱਕ ਲਿਆਉਣ ਦੇ ਯਤਨ ਜਾਰੀ : ਦੁੱਗਲ



**ਸਿਰਸਾ (ਸੁਰਿੰਦਰ ਪਾਲ ਸਿੰਘ) :** ਸਿਰਸਾ ਲੋਕ ਸਭਾ ਹਲਕੇ ਦੇ ਸੰਸਦ ਮੈਂਬਰ ਸੁਨੀਤਾ ਦੁੱਗਲ ਨੇ ਕਿਹਾ ਕਿ ਰੇਲਵੇ ਦੀ ਸਹੂਲਤ ਸਸਤੀ ਅਤੇ ਆਮ ਲੋਕਾਂ ਲਈ ਪਹੁੰਚਯੋਗ ਹੈ।ਇਸ ਲਈ ਉਨ੍ਹਾਂ ਦੀ ਕੋਸ਼ਿਸ਼ ਹੈ ਕਿ ਸਿਰਸਾ ਲੋਕ ਸਭਾ ਹਲਕੇ ਵਿੱਚ ਰੇਲ ਸਹੂਲਤਾਂ ਦਾ ਵਿਸਤਾਰ ਕਰਕੇ ਇਸ ਦਾ ਲਾਭ ਆਮ ਲੋਕਾਂ ਨੂੰ ਦਿੱਤਾ ਜਾਵੇ।ਇਸੇ ਕੜੀ ਵਿੱਚ ਉਹ ਗੋਰਖਧਾਮ ਤੋਂ ਬਾਅਦ ਹੁਣ ਵੰਦੇ ਭਾਰਤ ਟਰੇਨ ਨੂੰ ਸਿਰਸਾ ਨਾਲ ਜੋੜਨ ਦੀ ਕੋਸ਼ਿਸ਼ ਕਰ ਰਹੇ ਹਨ। ਸੁਨੀਤਾ ਦੁੱਗਲ ਨੇ ਦਿੱਲੀ ਤੋਂ ਸਿਰਸਾ ਜਾਣ ਵਾਲੀ ਗੋਰਖਧਾਮ ਐਕਸਪ੍ਰੈੱਸ 'ਚ ਆਮ ਯਾਤਰੀਆਂ ਵਾਂਗ ਸਫਰ ਕੀਤਾ ਤੇ ਯਾਤਰਾ ਦੌਰਾਨ ਸੰਸਦ ਮੈਂਬਰ ਨੇ ਯਾਤਰੀਆਂ ਨਾਲ ਗੱਲਬਾਤ ਵੀ ਕੀਤੀ।ਗੋਰਖਧਾਮ ਐਕਸਪ੍ਰੈਸ ਨੂੰ ਸਿਰਸਾ ਤੱਕ ਵਧਾਉਣ 'ਤੇ ਯਾਤਰੀਆਂ ਨੇ ਖੁਸ਼ੀ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਕਿਹਾ ਕਿ ਸਿਰਸਾ ਰੇਲਵੇ ਸਟੇਸ਼ਨ ਦੇ ਪਲੇਟਫਾਰਮ ਦਾ ਨਵੀਨੀਕਰਨ ਦਸੰਬਰ ਮਹੀਨੇ ਤੱਕ ਮੁਕੰਮਲ ਕਰ ਲਿਆ ਜਾਵੇਗਾ ਅਤੇ ਪਲੇਟਫਾਰਮ ਨੰਬਰ ਤਿੰਨ ਬਣਾਉਣ ਲਈ ਟੈਂਡਰ ਪ੍ਰਕਿਰਿਆ ਮੁਕੰਮਲ ਹੋ ਚੁੱਕੀ ਹੈ ਅਤੇ ਜਲਦੀ ਹੀ ਉਸਾਰੀ ਦਾ ਕੰਮ ਸ਼ੁਰੂ ਹੋ ਜਾਵੇਗਾ।

ਇਸ ਮੌਕੇ ਰੇਲਵੇ ਟ੍ਰੈਫਿਕ ਮੈਨੇਜਰ ਅਜੈ ਗੌਤਮ, ਰੇਲਵੇ ਸੁਪਰਡੈਂਟ ਰਾਜ ਕੁਮਾਰ, ਮੁੱਖ ਕਾਰਜਕਾਰੀ ਪ੍ਰਵੀਨ ਕੁਮਾਰ ਅਤੇ ਮਾਸਟਰ ਬਚਨ ਸਿੰਘ ਸਮੇਤ ਭਾਰਤੀ ਜਨਤਾ ਪਾਰਟੀ ਦੇ ਵਰਕਰ ਵੀ ਹਾਜ਼ਰ ਸਨ।

## ਕਾਤਰਾਂ

### ਪਲੇਟਫਾਰਮ ਤੋਂ ਮਿਲੀ ਅਣਪਛਾਤੇ ਦੀ ਲਾਸ਼

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫ਼ਿਰੋਜ਼ਪੁਰ ਦੇ ਮੁੱਖ ਰੇਲਵੇ ਸਟੇਸ਼ਨ ਛਾਉਣੀ ਦੇ ਪਲੇਟਫਾਰਮ ਨੰਬਰ 2 ਨੇੜਿਉਂ ਇਕ ਅਣਪਛਾਤੇ ਵਿਅਕਤੀ ਦੀ ਲਾਸ਼ ਜੀ.ਆਰ.ਪੀ ਨੂੰ ਮਿਲਣ ਦਾ ਸਮਾਚਾਰ ਹੈ । ਜੀ.ਆਰ.ਪੀ ਦੇ ਥਾਣਾ ਮੁਖੀ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਰੇਲਵੇ ਸਟੇਸ਼ਨ ਛਾਉਣੀ ਦੇ ਸਟੇਸ਼ਨ ਮਾਸਟਰ ਵੱਲੋਂ ਉਨ੍ਹਾਂ ਨੂੰ ਸੂਚਨਾ ਦਿੱਤੀ ਕਿ ਸਟੇਸ਼ਨ ਦੇ ਪਲੇਟਫਾਰਮ ਨੰਬਰ 2 ਦੀਆਂ ਲਾਈਨਾਂ ਨੇੜੇ ਇਕ ਅਣਪਛਾਤੇ ਵਿਅਕਤੀ ਦੀ ਲਾਸ਼ ਪਈ ਹੈ। ਥਾਣਾ ਮੁਖੀ ਸਹਾਇਕ ਥਾਣੇਦਾਰ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਜਦ ਉਨ੍ਹਾਂ ਮੌਕੇ 'ਤੇ ਪਹੁੰਚ ਮ੍ਰਿਤਕ ਸੰਬੰਧੀ ਜਾਣਕਾਰੀ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਤਾਂ ਆਸ-ਪਾਸ ਤੋਂ ਕਿਸੇ ਵੀ ਤਰ੍ਹਾਂ ਦੀ ਮ੍ਰਿਤਕ ਵਿਅਕਤੀ ਸੰਬੰਧੀ ਜਾਣਕਾਰੀ ਹਾਸਲ ਨਹੀਂ ਹੋਈ । ਉਨ੍ਹਾਂ ਦੱਸਿਆ ਕਿ ਮ੍ਰਿਤਕ ਵਿਅਕਤੀ ਦੀ ਉਮਰ ਕਰੀਬ 55-60 ਸਾਲ ਤੇ ਕੱਦ 5 ਫੁੱਟ ਤੇ 7 ਇੰਚ ਦੇ ਕਰੀਬ ਹੈ । ਲੰਬੂਤਰਾ ਚਿਹਰਾ, ਰੰਗ ਸਾਂਵਲਾ, ਸਿਰ ਦੇ ਵਾਲ ਕਾਲੇ ਚਿੱਟੇ ਤੇ ਦਾੜ੍ਹੀ ਕੱਟੀ ਹੋਈ ਹੈ ਤੇ ਡੱਬੀਦਾਰ ਧੋਤੀ ਬੰਨ੍ਹੀ ਹੋਈ ਹੈ । ਥਾਣਾ ਮੁਖੀ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਲਾਸ਼ ਨੂੰ 72 ਘੰਟੇ ਸ਼ਨਾਖ਼ਤ ਲਈ ਸਿਵਲ ਹਸਪਤਾਲ ਦੇ ਮੁਰਦਾ ਘਰ 'ਚ ਰੱਖਵਾ ਦਿੱਤਾ ਗਿਆ ਹੈ ।

### ਡੀ ਸੀ ਦਫ਼ਤਰ ਕਰਮਚਾਰੀ 10 ਤੋਂ 12 ਤੱਕ ਕਰਨਗੇ ਕਲਮ ਛੋੜ ਹੜਤਾਲ

**ਫਿਰੋਜ਼ਪੁਰ (ਅਸ਼ੋਕ ਸ਼ਰਮਾ):** ਡੀ ਸੀ ਦਫ਼ਤਰ ਕਰਮਚਾਰੀ ਯੂਨੀਅਨ ਵੱਲੋਂ ਕਰਮਚਾਰੀਆਂ ਦੀਆਂ ਮੰਗਾਂ ਨੂੰ ਲੈ ਕੇ ਮਾਲ ਮੰਤਰੀ ਪੰਜਾਬ ਤੇ ਵਿੱਤ ਕਮਿਸ਼ਨਰ (ਮਾਲ) ਪੰਜਾਬ ਨਾਲ ਮੀਟਿੰਗ ਹੋਈ ਸੀ, ਜਿਸ 'ਚ ਗੱਲਬਾਤ ਹੋਣ 'ਤੇ ਕਈ ਦਿਨ ਬੀਤਣ ਦੇ ਬਾਵਜੂਦ ਸਰਕਾਰ ਵਲੋਂ ਮੰਗਾਂ 'ਤੇ ਕੋਈ ਕਾਰਵਾਈ ਨਹੀਂ ਕੀਤੀ ਗਈ। ਰੋਸ ਵਜੋਂ ਸੂਬਾ ਬਾਡੀ ਵੱਲੋਂ ਲਏ ਗਏ ਫ਼ੈਸਲੇ ਅਨੁਸਾਰ ਡੀ ਸੀ ਦਫ਼ਤਰ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਸਮੂਹ ਕਰਮਚਾਰੀ 10 ਜੁਲਾਈ ਤੋਂ 12 ਜੁਲਾਈ ਤੱਕ ਕਲਮ ਛੋੜ ਹੜਤਾਲ ਕਰਕੇ ਕੰਪਿਊਟਰ ਬੰਦ ਰੱਖਣਗੇ। ਯੂਨੀਅਨ ਆਗੂਆਂ ਨੇ ਕਿਹਾ ਕਿ ਡੀ ਸੀ ਦਫ਼ਤਰ ਕਰਮਚਾਰੀਆਂ ਦੀਆਂ ਪਿਛਲੇ 2 ਸਾਲਾਂ ਤੋਂ ਸੁਪਰਡੈਂਟ ਗਰੇਡ-2 ਦੀਆਂ ਪਦਉਨਤੀਆਂ ਨਾ ਹੋਣ, ਸੀਨੀਅਰ ਸਹਾਇਕਾਂ ਦੀਆਂ ਸਿੱਧੀ ਭਰਤੀ ਦੀਆਂ ਅਸਾਮੀਆਂ ਤੇ ਪ੍ਰਮੋਸ਼ਨਾਂ ਕਰਨ, ਸੀਨੀਅਰ ਸਹਾਇਕ ਤੋਂ ਨਾਇਬ ਤਹਿਸੀਲਦਾਰ ਪਦ-ਉੱਨਤੀ ਕੋਟਾ 25 ਫ਼ੀਸਦੀ ਕਰਨਾ, 17 ਜੁਲਾਈ 2020 ਤੋਂ ਬਾਅਦ ਭਰਤੀ ਕਲਰਕਾਂ 'ਤੇ ਸੈਂਟਰ ਸਰਕਾਰ ਦਾ ਪੇਅ ਕਮਿਸ਼ਨ ਲਾਗੂ ਨਾ ਕਰਨ ਤੇ ਹੋਰ ਮੰਗਾਂ ਪੂਰੀਆਂ ਕੀਤੀਆਂ ਜਾਣ। ਆਗੂਆਂ ਨੇ ਚਿਤਾਵਨੀ ਦਿੱਤੀ ਕਿ ਇਸ ਹੜਤਾਲ ਕਾਰਨ ਆਮ ਪਬਲਿਕ ਨੂੰ ਦਫ਼ਤਰੀ ਕੰਮਾਂ ਵਿਚ ਹੋਣ ਵਾਲੀ ਪ੍ਰੇਸ਼ਾਨੀ ਦੀ ਸਾਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ।

### ਮੁਮਾਰਾ 'ਚ ਬਣਾਇਆ ਜਾਵੇਗਾ ਨਵਾਂ ਪੰਚਾਇਤ ਘਰ

**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)** -ਵਿਧਾਇਕ ਫ਼ਰੀਦਕੋਟ ਗੁਰਦਿੱਤ ਸਿੰਘ ਸੇਖੋਂ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਲੋਕਾਂ ਦੀਆਂ ਮੁਸ਼ਕਲਾਂ ਅਤੇ ਮੰਗਾਂ ਨੂੰ ਦੇਖਦੇ ਹੋਏ ਪੰਜਾਬ ਸਰਕਾਰ ਵੱਲੋਂ ਪਹਿਲਕਦਮੀ ਕਰਦੇ ਹੋਏ ਪੰਜਾਬ ਦੇ ਬਹੁਤ ਸਾਰੇ ਪਿੰਡਾਂ ਵਿੱਚ ਨਵੇਂ ਪੰਚਾਇਤੀ ਘਰ ਬਣਾਉਣ ਦਾ ਫੈਸਲਾ ਕੀਤਾ ਗਿਆ ਹੈ। ਜਿਸ ਵਿੱਚ ਫਰੀਦਕੋਟ ਹਲਕੇ ਦੇ ਪਿੰਡ ਮੁਮਾਰਾ ਵਿੱਚ ਨਵਾਂ ਪੰਚਾਇਤ ਘਰ ਉਸਾਰਨ ਦੀ ਤਜਵੀਜ਼ ਮਨਜ਼ੂਰ ਕੀਤੀ ਗਈ ਹੈ। ਇਸ ਪੰਚਾਇਤ ਘਰ ਦੀ ਉਸਾਰੀ ਉੱਪਰ 19.60 ਲੱਖ ਰੁਪਏ ਖਰਚ ਆਉਣਗੇ। ਇਸ ਕੰਮ ਦੇ ਟੈਂਡਰ ਮਹਿਕਮਾ ਪੰਚਾਇਤੀ ਰਾਜ ਵੱਲੋਂ ਲਗਾਏ ਜਾ ਚੁੱਕੇ ਹਨ। ਮਹਿਕਮੇ ਵੱਲੋਂ ਜਲਦ ਹੀ ਟੈਂਡਰ ਪ੍ਰਵਾਨ ਕਰਕੇ ਕੰਮ ਸ਼ੁਰੂ ਕਰਵਾ ਦਿੱਤਾ ਜਾਵੇਗਾ।

# ਮਲਟੀਪਰਪਜ਼ ਜਥੇਬੰਦੀ ਦੀ ਸਿਹਤ ਮੰਤਰੀ ਨਾਲ ਹੋਈ ਮੀਟਿੰਗ, ਮੰਗਾਂ ਮੰਨਣ ਦਾ ਭਰੋਸਾ



ਮੋਗਾ (ਅਮਰਜੀਤ ਬੱਬਰੀ)- ਮਲਟੀਪਰਪਜ਼ ਹੈਲਥ ਇੰਪਲਾਈਜ਼ ਯੂਨੀਅਨ ਪੰਜਾਬ ਵੱਲੋਂ ਸ਼ੁਰੂ ਕੀਤੇ ਗਏ ਹੱਕੀ ਮੰਗਾਂ ਦੇ ਸੰਬੰਧ ਵਿੱਚ ਅਤੇ 6 ਜੁਲਾਈ ਨੂੰ ਸਿਹਤ ਡਾਇਰੈਕਟਰ ਦਫ਼ਤਰ ਅੱਗੇ ਰੱਖੇ ਵਿਸ਼ਾਲ ਰੋਸ ਧਰਨੇ ਦੇ ਮੱਦੇਨਜ਼ਰ ਅੱਜ ਇੱਕ ਵਿਸ਼ੇਸ਼ ਮੀਟਿੰਗ ਸਿਹਤ ਮੰਤਰੀ ਡਾ. ਬਲਵੀਰ ਸਿੰਘ ਨਾਲ ਹੋਈ । ਮੀਟਿੰਗ ਤੋਂ ਬਾਅਦ ਸੂਬਾ ਪ੍ਰਧਾਨ ਕੁਲਬੀਰ ਸਿੰਘ ਮੋਗਾ ਨੇ ਕਿਹਾ ਕਿ ਸਿਹਤ ਮੰਤਰੀ ਵੱਲੋਂ ਕੇਡਰ ਦਾ ਨਾਮ ਬਦਲਣ, ਨਜਾਇਜ਼ ਕੀਤੀਆਂ ਬਦਲੀਆਂ ਰੱਦ ਕਰਨ, ਕੱਟੇ ਗਏ ਭੱਤੇ ਬਹਾਲ ਕਰਨ, ਪਦਉਨਤੀਆਂ ਕਰਨ, ਸੀਨੀਆਰਤਾ ਸੂਚੀਆਂ ਸੋਧ ਕੇ ਜਾਰੀ ਕਰਨ ਅਤੇ ਟ੍ਰੇਨਿੰਗ ਸਕੂਲ ਮੁੜ ਚਾਲੂ ਕਰਨ ਸਮੇਤ ਕਈ ਮੰਗਾਂ ਦੇ ਲਈ ਜਿਹੜਾ ਮੰਗ ਪੱਤਰ ਦਿੱਤਾ ਗਿਆ ਸੀ ਉਸ ਸੰਬੰਧੀ ਸਿਹਤ ਮੰਤਰੀ ਵੱਲੋਂ ਹਾਮੀ ਭਰਦੇ ਹੋਏ ਜਲਦੀ ਹੀ ਮੰਗਾਂ ਮੰਨਣ ਦਾ ਭਰੋਸਾ ਦਿੱਤਾ ਗਿਆ ਹੈ ਜਿਸ ਕਰਕੇ ਜਥੇਬੰਦੀ ਦੀ ਵੱਲੋਂ 6 ਜੁਲਾਈ ਨੂੰ ਸਿਹਤ ਡਾਇਰੈਕਟਰ ਪੰਜਾਬ ਚੰਡੀਗੜ੍ਹ ਦੇ ਦਫ਼ਤਰ ਘਿਰਾਓ ਦਾ ਫ਼ੈਸਲਾ ਹਾਲ ਦੀ ਘੜੀ ਮੁਲਤਵੀ ਕਰ ਦਿੱਤਾ ਗਿਆ ਹੈ । ਜਥੇਬੰਦੀ ਵੱਲੋਂ ਲਿਖਤੀ ਤੌਰ 'ਤੇ ਦਿੱਤਾ ਗਿਆ ਹੈ ਕਿ ਜੇਕਰ 24 ਜੁਲਾਈ ਤੱਕ ਮੰਨੀਆਂ ਗਈਆਂ ਮੰਗਾਂ 'ਤੇ ਹੋ ਰਹੀ ਕਾਰਵਾਈ ਦੀ ਕਾਪੀ ਨਾ ਦਿੱਤੀ ਗਈ ਅਤੇ ਮੰਗਾਂ ਸੰਬੰਧੀ ਢਿੱਲ ਮਹਿਸੂਸ ਹੋਈ ਤਾਂ ਜਥੇਬੰਦੀ ਵੱਲੋਂ ਇਸ ਸੰਘਰਸ਼ ਨੂੰ ਹੋਰ ਤਿੱਖਾ ਕਰਦੇ ਹੋਏ ਵਿਸ਼ਾਲ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਜਥੇਬੰਦੀ ਕੇਡਰ ਦੀਆਂ ਮੰਗਾਂ ਨੂੰ ਮਨਵਾਉਣ ਦੇ ਲਈ ਯਤਨਸ਼ੀਲ ਹੈ ਅਤੇ ਮੰਗਾਂ ਮੰਨੀਆਂ ਜਾਣ ਤੱਕ ਸੰਘਰਸ਼ ਜਾਰੀ ਰਹੇਗਾ । ਇਸ ਮੌਕੇ ਪ੍ਰਧਾਨ ਕੁਲਬੀਰ ਸਿੰਘ ਮੋਗਾ, ਜਰਨਲ ਸਕੱਤਰ ਜਸਵਿੰਦਰ ਸਿੰਘ ਅੰਮ੍ਰਿਤਸਰ, ਮੁੱਖ ਸਲਾਹਕਾਰ ਗੁਲਜਾਰ ਖਾਨ ਮਲੇਰਕੋਟਲਾ, ਸੂਬਾਈ ਪ੍ਰੈਸ ਸਕੱਤਰ ਰਾਜੇਸ਼ ਰਿਖੀ, ਕੁਲਪ੍ਰੀਤ ਸਿੰਘ ਲੁਧਿਆਣਾ, ਸੁਖਵਿੰਦਰ ਸਿੰਘ ਦੋਦਾ, ਸਰਬਜੀਤ ਕੌਰ ਮਾਲੇਰਕੋਟਲਾ, ਲਖਵਿੰਦਰ ਸਿੰਘ ਫਤਿਹਗੜ੍ਹ ਸਾਹਿਬ, ਸੁਲਿੰਦਰ ਕੁਮਾਰ ਨਵਾਂਸ਼ਹਿਰ, ਦਵਿੰਦਰ ਸਿੰਘ, ਜਗਤਾਰ ਸਿੰਘ ਮਲੇਰਕੋਟਲਾ, ਜਰਨੈਲ ਸਿੰਘ ਬਰਨਾਲਾ, ਰਣਜੀਤ ਸਿੰਘ ਮੋਗਾ, ਕੁਲਵੰਤ ਸਿੰਘ ਮਲੇਰਕੋਟਲਾ, ਕੁਲਵਿੰਦਰ ਸਿੰਘ ਮੁਕਤਸਰ ਸਮੇਤ ਕਈ ਆਗੂ ਹਾਜ਼ਰ ਸਨ।

# ਸਿਰਜਣਾਤਮਕ ਸੋਚ ਤੋਂ ਬਿਹਤਰ ਵਿਚਾਰ ਆਉਂਦੇ: ਪ੍ਰੋ. ਦਿਵੇਦੀ



**ਜੈਤੋ (ਸਤੀਸ਼ ਕੁਮਾਰ ਭੀਰੀ)**- ਕਿਸੇ ਵੀ ਵਿਅਕਤੀ ਨੂੰ ਛੋਟੀ ਸਮੱਸਿਆ 'ਤੇ ਅੱਖ ਰੱਖਣੀ ਚਾਹੀਦੀ ਹੈ , ਉਨ੍ਹਾਂ ਦੇ ਹੱਲ ਬਾਰੇ ਸੋਚਣਾ ਚਾਹੀਦਾ ਹੈ , ਇਸ ਨਾਲ ਇਸ ਤੋਂ ਵੱਡੇ ਅਤੇ ਸਫਲ ਵਿਚਾਰ ਉੱਭਰਦੇ ਹਨ । ਇਹ ਵਿਚਾਰ ਇੰਡੀਅਨ ਇੰਸਟੀਚਿਊਟ ਆਫ ਮਾਸ ਕਮਿਊਨੀਕੇਸਨ ਦੇ ਡਾਇਰੈਕਟਰ ਜਨਰਲ ਪ੍ਰੋ ਸੰਜੇ ਦਿਵੇਦੀ ਨੇ ਪ੍ਰਗਟ ਕੀਤੇ ਗਏ । ਪ੍ਰੋ. ਡਾ. ਸੰਜੇ ਦਿਵੇਦੀ ਨੇ ਇਸ਼ਤਿਹਾਰਬਾਜ਼ੀ ਅਤੇ ਲੋਕ ਸੰਪਰਕ ਵਿਭਾਗ ਦੁਆਰਾ ਆਯੋਜਿਤ ਮੁਹਿੰਮ ਦੀ ਯੋਜਨਾਬੰਦੀ ਪੇਸ਼ਕਾਰੀ ਦੀ ਸ਼ੁਰੂਆਤ ਕੀਤੀ। ਪ੍ਰੋ. ਦਿਵੇਦੀ ਨੇ ਕਿਹਾ ਕਿ ਅਕਸਰ ਜਦੋਂ ਅਸੀਂ ਕੁਝ ਨਵਾਂ ਵੇਖਦੇ ਹਾਂ, ਅਸੀਂ ਇਸ ਦੀ ਖਪਤ ਬਾਰੇ ਸੋਚਣਾ ਸ਼ੁਰੂ ਕਰਦੇ ਹਾਂ, ਪਰ ਇਸ ਨੂੰ ਬਿਹਤਰ ਬਣਾਉਣ ਲਈ ਇਸ ਦਾ ਧਿਆਨ ਨਹੀਂ ਜਾਂਦਾ। ਉਨ੍ਹਾਂ ਕਿਹਾ ਕਿ ਹਰ ਉਤਪਾਦ ਜਾਂ ਸੇਵਾ ਵੱਖ-ਵੱਖ ਥਾਵਾਂ 'ਤੇ ਸਫਲ ਨਹੀਂ ਹੋ ਸਕਦੀ, ਪਰ ਤੁਲਨਾ ਕਰਨ ਵੇਲੇ ਅਸੀਂ ਹਰੇਕ ਜਗ੍ਹਾ ਬਾਰੇ ਬਿਹਤਰ ਜਾਣ ਸਕਦੇ ਹਾਂ , ਫਿਰ ਤੁਸੀਂ ਪਹਿਲਾਂ ਤੋਂ ਮੌਜੂਦ ਵਿਚਾਰ ਵਿਚ ਜ਼ਰੂਰੀ ਤਬਦੀਲੀਆਂ ਕਰ ਸਕਦੇ ਹੋ ਅਤੇ ਕੁਝ ਨਵਾਂ ਸੋਚ ਸਕਦੇ ਹੋ। ਮੁਹਿੰਮ ਦੀ ਯੋਜਨਾਬੰਦੀ ਪੇਸ਼ਕਾਰੀ ਦੌਰਾਨ ਵਿਦਿਆਰਥੀਆਂ ਨੇ ਐਚ ਪੀ, ਜਾਗਰਨ ਗਰੁੱਪ, ਸੰਯੁਕਤ ਰਾਸ਼ਟਰ, ਅਡਾਨੀ (ਗੁਹਾਟੀ ਹਵਾਈ ਅੱਡਾ) ਅਤੇ ਬਿਕਾਨੋ ਵਰਗੇ ਗ੍ਰਾਹਕਾਂ ਲਈ ਮੁਹਿੰਮ ਦੀਆਂ ਯੋਜਨਾਵਾਂ ਬਣਾਈਆਂ । ਇਸ ਮੌਕੇ ਵਿਗਿਆਪਨ ਅਤੇ ਲੋਕ ਸੰਪਰਕ ਵਿਭਾਗ ਦੇ ਕੋਰਸ ਡਾਇਰੈਕਟਰ ਡਾ. ਮੀਤਾ, ਉਜੈਨ ਡਿਜੀਟਲ ਮੀਡੀਆ ਵਿਭਾਗ ਦੇ ਕੋਰਸ ਡਾਇਰੈਕਟਰ ਪ੍ਰੋ. ਅਨੁਭਵ ਯਾਦਵ , ਜਾਗਰਨ ਗਰੁੱਪ ਦੇ ਜਨਰਲ ਮੈਨੇਜਰ ਪ੍ਰਸ਼ਾਂਤ ਕਸ਼ਯਪ ਅਤੇ ਐਲ.ਜੀ.ਬੀ.ਆਈ ਏਅਰਪੋਰਟ ਦੇ ਡਿਪਟੀ ਮੈਨੇਜਰ ਸੀ ਏ ਓ ਪ੍ਰਿਥਵੀਰਾਜ ਐਨ ਵੀ ਮੌਜੂਦ ਸਨ । ਆਈ ਆਈ ਐਮ ਸੀ ਦੇ ਡਾਇਰੈਕਟਰ ਜਨਰਲ ਪ੍ਰੋ. ਸੰਜੇ ਦਿਵੇਦੀ ਨੇ ਕਿਹਾ ਕਿ ਤੁਹਾਡੇ ਲਈ ਦਿਲਚਸਪੀ ਵਾਲੀਆਂ ਚੀਜ਼ਾਂ ਬਾਰੇ ਬਹੁਤ ਕੁਝ ਪੜ੍ਹੋ, ਜੇ ਤੁਸੀਂ ਕੁਝ ਨਵਾਂ ਸਿੱਖਦੇ ਹੋ ਤਾਂ ਇਸ ਬਾਰੇ ਲੋਕਾਂ ਨਾਲ ਗੱਲ ਕਰੋ, ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰੋ ਕਿ ਉਹ ਕੀ ਸੋਚਦੇ ਹਨ , ਜੋ ਵੀ ਵਿਚਾਰ ਮਨ ਵਿਚ ਆਉਂਦੇ ਹਨ ਉਨ੍ਹਾਂ ਨੂੰ ਅਰਾਮਦਾਇਕ ਮਹਿਸੂਸ ਕਰਨ ਦੀ ਕੋਸ਼ਿਸ਼ ਕਰੋ। ਸਿਰਫ ਤਾਂ ਹੀ ਚੰਗੇ ਵਿਚਾਰ ਹੋਣਗੇ, ਤੁਹਾਨੂੰ ਸਿਰਫ ਆਪਣੀ ਰਚਨਾਤਮਕ ਸੋਚ ਨੂੰ ਬਣਾਈ ਰੱਖਣਾ ਹੈ। ਪੇਸ਼ਕਾਰੀ ਦੌਰਾਨ ਗਾਇਤਰੀ ਰਥ, ਪੱਲਵੀ ਮੋਹਨ, ਸਿਮਰਤ ਗੁਲਾਟੀ, ਡਾ. ਸੰਜੀਵ ਕੁਮਾਰ ਅਤੇ ਸੌਰਭ ਦਾਸਗੁਪਤਾ ਜਿਊਰੀ ਦੇ ਰੂਪ ਵਿੱਚ ਮੌਜੂਦ ਸਨ। ਮੁਹਿੰਮ ਦੀ ਯੋਜਨਾਬੰਦੀ ਦੇ ਸਲਾਹਕਾਰ ਸੰਜੇ ਤਿਵਾੜੀ, ਸੈਲੋਨੀ ਸੂਦ ਅਤੇ ਅਭਿਕ ਚੌਧਰੀ ਨੇ ਵੀ ਇਸ ਸਮਾਗਮ ਵਿੱਚ ਹਿੱਸਾ ਲਿਆ।

ਵਿਦਿਆਰਥੀਆਂ ਦੇ ਅੱਠ ਸਮੂਹਾਂ ਨੇ ਪਿਛਲੇ ਦੋ ਮਹੀਨਿਆਂ ਦੌਰਾਨ ਗਾਹਕਾਂ ਨਾਲ ਸੰਪਰਕ ਕੀਤਾ ਅਤੇ ਉਨ੍ਹਾਂ ਦੁਆਰਾ ਪ੍ਰਦਾਨ ਕੀਤੇ ਵੇਰਵਿਆਂ ਦੇ ਅਧਾਰ ਤੇ ਕਈ ਮੁਹਿੰਮ ਦੀਆਂ ਯੋਜਨਾਵਾਂ ਬਣਾਈਆਂ। ਵਿਦਿਆਰਥੀਆਂ ਨੂੰ ਉਨ੍ਹਾਂ ਦੀ ਸਖਤ ਮਿਹਨਤ ਲਈ ਜਿਊਰੀ ਅਤੇ ਗ੍ਰਾਹਕਾਂ ਦੁਆਰਾ ਪ੍ਰਸ਼ੰਸਾ ਕੀਤੀ ਗਈ ।

# ਬੁਢਲਾਡਾ ਹਲਕੇ ਦੇ ਵਿਕਾਸ ਕਾਰਜਾਂ 'ਚ ਕੋਈ ਕਸਰ ਨਹੀਂ ਛੱਡੀ ਜਾਵੇਗੀ : ਬੁੱਧ ਰਾਮ

**ਬੁਢਲਾਡਾ (ਅਸ਼ੋਕ ਲਾਕੜਾ)**-ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਿਕਾਸ ਕਾਰਜਾਂ ਦੇ ਕੰਮਾਂ ਨੂੰ ਨਿਰਵਿਘਨ ਕਰਵਾਉਣ ਲਈ ਵਚਨਬੱਧ ਹੈ। ਬੁਢਲਾਡਾ ਹਲਕਾ ਵਿਕਾਸ ਕਾਰਜਾਂ ਵਿਚ ਮੋਹਰੀ ਰਹੇਗਾ ਅਤੇ ਹਲਕੇ ਦਾ ਵਿਕਾਸ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਵਿਧਾਇਕ ਹਲਕਾ ਬੁਢਲਾਡਾ ਅਤੇ ਕਾਰਜਕਾਰੀ ਪ੍ਰਧਾਨ ਆਮ ਆਦਮੀ ਪਾਰਟੀ ਪੰਜਾਬ ਪ੍ਰਿੰਸੀਪਲ ਬੁੱਧ ਰਾਮ ਨੇ ਵਾਰਡ ਨੰਬਰ 8 ਵਿਖੇ ਗਲੀ ਵਿਚ ਨਵਾਂ ਸੀਵਰੇਜ ਸਿਸਟਮ, ਵਾਟਰ ਸਪਲਾਈ ਪਾਈਪ ਅਤੇ ਇੰਟਰਲਾਕ ਟਾਇਲਾਂ ਦਾ ਕੰਮ ਮੁਕੰਮਲ ਹੋਣ 'ਤੇ ਉਦਘਾਟਨ ਕਰਨ ਮੌਕੇ ਕੀਤਾ। ਇਸ ਮੌਕੇ ਉਨ੍ਹਾਂ ਨਾਲ ਨਗਰ ਕੌਂਸਲ ਬੁਢਲਾਡਾ ਤੋਂ ਸੁਖਪਾਲ ਸਿੰਘ ਅਤੇ ਕਾਲੂ ਮਦਾਨ ਐਮ.ਸੀ. ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਵਿਧਾਇਕ ਬੁੱਧ ਰਾਮ ਨੇ ਦੱਸਿਆ ਕਿ ਵਾਰਡ ਨੰਬਰ 8 ਨੇੜੇ ਸਿਵਲ ਹਸਪਤਾਲ ਵਾਲੀ ਇਸ ਗਲੀ ਵਿੱਚ ਸੀਵਰੇਜ ਦਾ ਅਤੇ ਰਸਤੇ ਦਾ ਪਿਛਲੇ ਕਈ ਸਾਲਾਂ ਤੋਂ ਮੰਦਾ ਹਾਲ ਸੀ, ਜਿਸ ਵਿੱਚੋਂ ਪੈਦਲ ਲੰਘਣਾ ਵੀ ਮੁਸ਼ਕਲ ਹੁੰਦਾ ਸੀ। ਹੁਣ ਇਸ ਗਲੀ ਵਿਚ ਸੰਬੰਧਤ ਵਿਭਾਗੀ ਅਧਿਕਾਰੀਆਂ ਦੀ ਨਿਗਰਾਨੀ ਹੇਠ ਲੋੜੀਂਦੇ ਜ਼ਰੂਰੀ ਕਾਰਜ ਮੁਕੰਮਲ ਕਰਵਾਏ ਗਏ ਹਨ। ਵਿਧਾਇਕ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਨੂੰ ਵਿਕਾਸ ਦੀਆਂ ਲੀਹਾਂ 'ਤੇ ਲਿਜਾਣ ਲਈ ਕਾਰਜਸ਼ੀਲ ਹੈ, ਸਰਕਾਰ ਦੀ ਇਸੇ ਸੋਚ ਸਦਕਾ ਹਲਕੇ ਅੰਦਰ ਨਿਰੰਤਰ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਭਵਿੱਖ ਅੰਦਰ ਵੀ ਹਲਕੇ ਦੇ ਕਾਰਜ ਇਸੇ ਤਰ੍ਹਾਂ ਜਾਰੀ ਰਹਿਣਗੇ। ਇਸ ਮੌਕੇ ਮੁਹੱਲਾ ਨਿਵਾਸੀਆਂ ਨੇ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕੀਤੀ ਅਤੇ ਮੁਹੱਲਾ ਨਿਵਾਸੀਆਂ ਮਿਸਤਰੀ ਜਰਨੈਲ ਸਿੰਘ, ਦਾਰਾ ਸਿੰਘ, ਸਤਨਾਮ ਸਿੰਘ, ਬਿੱਲੂ ਸਿੰਘ, ਹੰਸ ਰਾਜ, ਰਣਜੀਤ ਕੌਰ, ਰਾਜਪ੍ਰੀਤ ਕੌਰ ਨੇ ਪ੍ਰਿੰਸੀਪਲ ਬੁੱਧ ਰਾਮ ਅਤੇ ਕਾਲੂ ਮਦਾਨ ਐਮ.ਸੀ. ਦਾ ਹਾਰ ਪਾ ਕੇ ਵਿਸ਼ੇਸ਼ ਸਨਮਾਨ ਕੀਤਾ।

# ਕੈਬਨਿਟ ਮੰਤਰੀ ਦੀ ਮੌਜੂਦਗੀ 'ਚ 50 ਪਰਵਾਰਾਂ ਨੇ ਨਸ਼ਾ ਨਾ ਵੇਚਣ ਦਾ ਲਿਆ ਪ੍ਰਣ



**ਮਲੋਟ, (ਗੁਰਮੀਤ ਸਿੰਘ ਮੱਕੜ)**:-ਆਮ ਆਦਮੀ ਪਾਰਟੀ ਦੀ ਸਰਕਾਰ ਅਤੇ ਪੰਜਾਬ ਪੁਲਿਸ ਸੂਬੇ ਨੂੰ ਨਸ਼ਾ ਮੁਕਤ ਬਣਾਉਣ ਲਈ ਯਤਨਸ਼ੀਲ ਹੈ। ਅੱਜ ਮਲੋਟ ਦੇ ਵਾਰਡ ਨੰਬਰ 16 ਦਾ ਛੱਜ ਘੜੀਏ ਮੁਹੱਲਾ ਪਿਛਲੇ ਕਾਫੀ ਸਮੇਂ ਤੋਂ ਨਸ਼ਿਆਂ ਦੇ ਮਾਮਲੇ ਵਿਚ ਬਦਨਾਮ ਗਿਣਿਆ ਜਾਂਦਾ ਸੀ ਅਤੇ ਅੱਜ ਇਨ੍ਹਾਂ ਲੋਕਾਂ ਨੇ ਪਹਿਲ ਕਦਮੀ ਕਰਦੇ ਹੋਏ ਵਿਧਾਇਕ ਅਤੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਅਤੇ ਪੰਜਾਬ ਪੁਲਸ ਦੇ ਅਧਿਕਾਰੀਆਂ ਦੀ ਮੌਜੂਦਗੀ ਵਿਚ 50 ਦੇ ਕਰੀਬ ਪਰਵਾਰਾਂ ਨੇ ਇੱਕ ਨਿੱਕੇ ਸਮਾਗਮ ਰਾਹੀਂ ਪ੍ਰਣ ਕੀਤਾ ਕਿ ਉਹ ਕੋਈ ਨਸ਼ਾ ਨਹੀਂ ਵੇਚਣਗੇ ਅਤੇ ਨਾ ਹੀ ਸੇਵਨ ਕਰਨਗੇ। ਇਸ 'ਤੇ ਖੁਸ਼ੀ ਪ੍ਰਗਟ ਕਰਦੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਇੱਕ ਪੰਜਾਬ ਵਿਚੋਂ ਪਹਿਲੀ ਮਿਸਾਲ ਹੋਵੇਗੀ ਜਦੋਂ ਇਸ ਮੁਹੱਲੇ ਦੇ ਲੋਕ ਖੁਦ ਆਪਣੇ ਆਪ ਵਿਚ ਸੁਧਾਰ ਕਰਦੇ ਇੱਕ ਨਵੀਂ ਧਾਰਾ ਵਿਚ ਸ਼ਾਮਲ ਹੋਣ ਜਾ ਰਹੇ ਹਨ। ਉਨ੍ਹਾਂ ਇਨ੍ਹਾਂ ਲੋਕਾਂ ਨੂੰ ਵਿਸ਼ਵਾਸ ਦਿਵਾਇਆ ਕਿ ਜੋ ਉਹ ਸਰਕਾਰ ਤੋਂ ਸਹਿਯੋਗ ਮੰਗਣਗੇ ਉਨ੍ਹਾਂ ਨੂੰ ਦਿੱਤਾ ਜਾਵੇਗਾ। ਇਸ ਮੌਕੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਕਿਹਾ ਕਿ ਬੜੀ ਖੁਸ਼ੀ ਹੈ ਕਿ ਇਹ ਲੋਕ ਮਾੜੀ ਜ਼ਿੰਦਗੀ ਵਿਚੋਂ ਨਿਕਲ ਕੇ ਇੱਕ ਵਧੀਆ ਜ਼ਿੰਦਗੀ ਵਿਚ ਆਉਣ ਲੱਗੇ ਹਨ। ਉਨ੍ਹਾਂ ਕਿਹਾ ਕਿ ਜੋ ਲੋਕ ਨਸ਼ੇ ਦੀ ਦਲਦਲ ਵਿਚ ਫਸ ਚੁੱਕੇ ਹਨ, ਉਨ੍ਹਾਂ ਦੇ ਨਸ਼ੇ ਛੁਡਾਉਣ ਲਈ ਨਸ਼ਾ ਛੁਡਾਊ ਕੇਂਦਰਾਂ ਵਿਚ ਮੁਫ਼ਤ ਇਲਾਜ ਕਰਵਾਇਆ ਜਾਵੇਗਾ।

ਇਸ ਤੋਂ ਇਲਾਵਾ ਇਨ੍ਹਾਂ ਪਰਵਾਰਾਂ ਲਈ ਕੋਈ ਚੰਗੇ ਰੁਜ਼ਗਾਰ ਸ਼ੁਰੂ ਕਰਨ ਲਈ ਵੱਖ ਵੱਖ ਕੰਮਾਂ ਦੀ ਮੁਫ਼ਤ ਸਿਖਲਾਈ ਦਿੱਤੀ ਜਾਵੇਗੀ। ਦੂਜੇ ਪਾਸੇ ਇਸ ਮੁਹੱਲੇ ਦੇ ਪ੍ਰਣ ਕਰਨ ਵਾਲਿਆਂ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਪੰਜ ਮੈਂਬਰੀ ਕਮੇਟੀ ਬਣਾਈ ਗਈ ਹੈ, ਜਿਸ ਰਾਹੀਂ ਅੱਜ ਕੈਬਨਿਟ ਮੰਤਰੀ ਅੱਗੇ ਪ੍ਰਣ ਕੀਤਾ ਹੈ ਕਿ ਉਹ ਕੋਈ ਨਸ਼ਾ ਨਹੀਂ ਵੇਚਣਗੇ ਅਤੇ ਜੋ ਕੋਈ ਨਸ਼ਾ ਵੇਚਦਾ ਪਾਇਆ ਗਿਆ ਤਾਂ ਉਸ ਨੂੰ ਇੱਕ ਲੱਖ ਰੁਪਏ ਜੁਰਮਾਨਾ ਰੱਖਿਆ ਗਿਆ ਅਤੇ ਉਸ ਦਾ ਕੋਈ ਸਾਥ ਨਹੀਂ ਦਿੱਤਾ ਜਾਵੇਗਾ। ਇਸ ਮੌਕੇ 'ਤੇ ਆਮ ਆਦਮੀ ਪਾਰਟੀ ਦੇ ਆਗੂ ਅਤੇ ਸਾਬਕਾ ਨਗਰ ਕੌਂਸਲ ਪ੍ਰਧਾਨ ਸਤਿਗੁਰੂਦੇਵ ਪੱਪੀ ਨੇ ਮੁਹੱਲਾ ਵਾਸੀਆਂ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ।

# ਕਸ਼ਮੀਰ ਤੋਂ ਖਾਟੂ ਧਾਮ ਤੱਕ ਚੱਲ ਰਹੀ ਪੈਦਲ ਯਾਤਰਾ ਦਾ ਮਹਿਲ ਕਲਾਂ ਪੁੱਜਣ 'ਤੇ ਭਰਵਾਂ ਸੁਆਗਤ

**ਮਹਿਲ (ਬਲਵਿੰਦਰ ਵਜੀਦਕੇ,ਪ੍ਰਦੀਪ ਲੋਹਗੜ੍ਹ)**- ਕਸ਼ਮੀਰ ਤੋਂ ਖਾਟੂਧਾਮ ਤੱਕ ਸ਼ੁਰੂ ਹੋਈ 51 ਰੋਜ਼ਾ ਦੀ ਪੈਦਲ ਯਾਤਰਾ ਦਾ ਮਹਿਲ ਕਲਾਂ ਪੁੱਜਣ 'ਤੇ ਮਾਂ ਸਵਸਵਤੀ ਕਲੱਬ ਵੱਲੋਂ ਦੁਕਾਨਦਾਰ ਯੂਨੀਅਨ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਸ਼ਾਨਦਾਰ ਸੁਆਗਤ ਕੀਤਾ ਗਿਆ। ਮਹਿਲ ਕਲਾਂ ਦੇ ਮੁੱਖ ਚੌਂਕ 'ਚ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਮੀਤ ਪ੍ਰਧਾਨ ਰਿੰਕਾ ਕੁਤਬਾ ਬਾਹਮਣੀਆਂ ਨੇ ਯਾਤਰਾ ਦੀ ਅਗਵਾਈ ਕਰ ਰਹੇ ਜਥੇ ਦੇ ਮੈਂਬਰਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕਰਦਿਆਂ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਇਸ ਉਪਰੰਤ ਇਹ ਯਾਤਰਾ ਹੀਰਾ ਰਿਜ਼ੋਰਟ ਮਹਿਲ ਕਲਾਂ ਵਿਖੇ ਪਹੁੰਚੀ ਜਿੱਥੇ ਇਲਾਕੇ ਭਰ ਤੋਂ ਪਹੁੰਚੀਆਂ ਸੰਗਤਾਂ ਨੂੰ ਯਾਤਰਾ ਦੇ ਮੁੱਖ ਸੰਚਾਲਕ ਸੰਜੇ ਮਿੱਤਲ ਨੇ ਸ੍ਰੀ ਸ਼ਾਮ ਦਾ ਗੁਣਗਾਣ ਕਰ ਕੇ ਨਿਹਾਲ ਕੀਤਾ। ਉਨ੍ਹਾਂ ਕਿਹਾ ਕਿ ਸ੍ਰੀ ਸ਼ਾਮ ਜੀ ਦੀ ਅਪਾਰ ਕ੍ਰਿਪਾ ਦੇ ਸਦਕਾ ਇਹ ਯਾਤਰਾ ਸਫਤਲਾਪੂਰਵਕ ਢੰਗ ਨਾਲ ਚੱਲ ਰਹੀ ਹੈ, ਜਿਸ ਦਾ ਹਰ ਪੜਾਅ 'ਤੇ ਸ਼ਰਧਾਲੂ ਸੰਗਤਾਂ ਨੇ ਭਰਵਾਂ ਸੁਆਗਤ ਕੀਤਾ ਹੈ। ਵਰੁਣ ਕੁਮਾਰ ਗੋਪੀ ਨੇ ਵੀ ਧਾਰਮਿਕ ਪ੍ਰੋਗਰਾਮ ਪੇਸ਼ ਕੀਤਾ। ਇਸ ਮੌਕੇ ਸ਼ਾਮ ਪਰਵਾਰ ਰਾਏਕੋਟ ਵੱਲੋਂ ਵਿਕਾਸ ਬਾਂਸਲ, ਅਸ਼ੋਕ ਬਾਂਸਲ, ਰਾਜਿੰਦਰ ਗੋਇਲ, ਦਵਿੰਦਰ ਸਿੰਗਲਾ, ਮੁਕੇਸ਼ ਗੋਇਲ, ਲਕਸ਼ਮੀ ਨਰਾਇਣ ਗਰਗ, ਮਨਦੀਪ ਬਾਂਸਲ, ਵਿਨੈ ਅਰੋੜਾ, ਅਜੈ ਬਾਂਸਲ, ਰਾਜੀਵ ਗਰਗ, ਵਰੁਣ ਅੱਗਰਵਾਲ, ਹਲਕਾ ਇੰਚਾਰਜ ਨਾਥ ਸਿੰਘ ਹਮੀਦੀ, ਰਾਜਿੰਦਰ ਕੁਮਾਰ ਜਿੰਦਲ, ਸਾਬਕਾ ਚੇਅਰਮੈਨ ਹਰਵਿੰਦਰ ਕੁਮਾਰ ਜਿੰਦਲ, ਲੱਕੀ ਅੱਗਰਵਾਲ, ਅਸ਼ੋਕ ਕੁਮਾਰ ਅੱਗਰਵਾਲ, ਜਸਵੰਤ ਸਿੰਘ ਲਾਲੀ, ਦੁਕਾਨਦਾਰ ਯੂਨੀਅਨ ਦੇ ਪ੍ਰੇਮ ਕੁਮਾਰ ਪਾਸੀ, ਮਨਦੀਪ ਕੁਮਰ ਕੌਸ਼ਲ, ਰਾਹੁਲ ਕੌਸ਼ਲ, ਜਸਪਾਲ ਕੁਮਾਰ ਵਰਮਾ, ਪੰਨਾ ਮਿੱਤੂ, ਪੰਕਜ ਬਾਂਸਲ, ਭੁਪਿੰਦਰਪਾਲ ਸ਼ਰਮਾ, ਵਿਨੋਦ ਕੁਮਾਰ ਜੈਨ, ਪ੍ਰਦੀਪ ਕੁਮਾਰ ਕਲਾਲ, ਪਵਨ ਕੁਮਾਰ ਨਿਹਾਲੂਵਾਲ, ਗੋਲਡੀ ਵਰਮਾ, ਰਿੰਕੂ ਬਾਂਸਲ ਮਾਜਰਾ, ਬੌਬੀ ਅਰੋੜਾ ਆਦਿ ਨੇ ਸ਼ਮੂਲੀਅਤ ਕੀਤੀ।

ਇਸ ਮੌਕੇ ਪ੍ਰਬੰਧਕਾਂ ਵੱਲੋਂ ਇਲਾਕੇ ਦੀਆਂ ਵੱਖ-ਵੱਖ ਸ਼ਖਸੀਅਤਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਵੀ ਕੀਤਾ ਗਿਆ।



# ਗੁਲਾਬੀ ਸੁੰਡੀ ਦੀ ਰੋਕਥਾਮ ਲਈ ਚੱਕ ਬਧਾਈ 'ਚ ਕਿਸਾਨ ਸਿਖਲਾਈ ਕੈਂਪ




**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ /ਪੂਜਾ)**-ਖੇਤੀਬਾੜੀ ਵਿਭਾਗ ਵੱਲੋਂ ਸਹਾਇਕ ਪੌਦਾ ਸੁਰੱਖਿਆ ਅਫਸਰ ਡਾ. ਸੰਦੀਪ ਕੁਮਾਰ ਭਠੇਜਾ, ਬਲਾਕ ਸ੍ਰੀ ਮੁਕਤਸਰ ਸਾਹਿਬ ਦੀ ਅਗਵਾਈ ਹੇਠ ਨਰਮੇ ਦੀ ਫਸਲ ਵਿੱਚ ਖੁਰਾਕੀ ਪ੍ਰਬੰਧਨ ਅਤੇ ਗੁਲਾਬੀ ਸੁੰਡੀ ਦੀ ਸਰਵਪੱਖੀ ਰੋਕਥਾਮ ਲਈ ਪਿੰਡ ਪੱਧਰੀ ਕੈਂਪ ਲਗਾਏ ਜਾ ਰਹੇ ਹਨ। ਇਸ ਲੜੀ ਤਹਿਤ ਬਲਾਕ ਸ੍ਰੀ ਮੁਕਤਸਰ ਸਾਹਿਬ ਦੇ ਪਿੰਡ ਚੱਕ ਬਧਾਈ ਵਿਖੇ ਕਿਸਾਨ ਸਿਖਲਾਈ ਕੈਂਪ ਲਗਾਇਆ ਗਿਆ। ਡਾ. ਹਰਮਨਜੀਤ ਸਿੰਘ, ਖੇਤੀਬਾੜੀ ਵਿਕਾਸ ਅਫਸਰ (ਪੀ.ਪੀ) ਨੇ ਦੱਸਿਆ ਕਿ ਗੁਲਾਬੀ ਸੁੰਡੀ ਦੇ ਸੰਭਾਵੀ ਹਮਲੇ ਤੋਂ ਬਚਾਅ ਲਈ ਰੋਜ਼ਾਨਾ ਲਗਾਤਾਰ ਖੇਤਾਂ ਦਾ ਸਰਵੇਖਣ ਕਰਦੇ ਰਹਿਣਾ ਚਾਹੀਦਾ ਹੈ। ਖੇਤ ਵਿੱਚੋਂ ਅਲੱਗ-ਅਲੱਗ ਜਗ੍ਹਾ ਤੋਂ 100 ਫੁੱਲਾਂ ਦੀ ਜਾਂਚ ਕਰੋ। ਜੇਕਰ 5 ਗੁਲਾਬਨੁਮਾ ਫੁੱਲ ਜਾਂ ਗੁਲਾਬੀ ਸੁੰਡੀ ਦੁਆਰਾ ਨੁਕਸਾਨ ਮਿਲਦਾ ਹੈ ਜਾਂ ਖੇਤ ਵਿੱਚੋਂ ਅਲੱਗ-ਅਲੱਗ ਪੌਦਿਆਂ ਵਿੱਚੋ 20 ਹਰੇ ਟੀਂਡਿਆਂ ਵਿੱਚੋਂ 1 ਜਾਂ 1 ਤੋਂ ਵੱਧ ਸੁੰਡੀਆਂ ਮਿਲਦੀਆਂ ਹਨ ਤਾਂ ਇਸ ਦੀ ਰੋਕਥਾਮ ਕਰਨ ਲਈ ਨਰਮੇ ਦੀ ਫਸਲ ਵਿੱਚ 500 ਐਮ.ਐਲ ਪ੍ਰੋਫੈਨੋਫਾਸ 50 ਈ.ਸੀ (ਕਿਊਰਾਕਰਾਨ) ਜਾਂ 100 ਗ੍ਰਾਮ ਪ੍ਰੋਕਲੇਮ 5 ਐਸ ਜੀ (ਐਮਾਮੈਕਟਿਨ ਬੈਨਜੋਏਟ) ਜਾਂ 200 ਐਮ.ਐਲ ਇੰਡੋਕਸਾਕਾਰਬ 15 ਐਸ ਸੀ (ਅਵਾਂਟ) ਜਾਂ 250 ਗ੍ਰਾਮ ਥਾਇਓਡੀਕਾਰਬ 75 ਡਬਲਯੂ ਪੀ (ਲਾਰਵਿਨ) ਪ੍ਰਤੀ ਏਕੜ ਦਾ ਛਿੜਕਾਅ ਕਰੋ। ਲੋੜ ਪੈਣ 'ਤੇ ਦੂਸਰਾ ਛਿੜਕਾਅ 7 ਦਿਨਾਂ ਬਾਅਦ ਦੁਬਾਰਾ ਫਿਰ ਕਰੋ। ਕੈਂਪ ਦੌਰਾਨ ਡਾ. ਸ਼ਵਿੰਦਰ ਸਿੰਘ, ਏ.ਡੀ.ਓ (ਜ.ਕ) ਬਲਾਕ ਸ੍ਰੀ ਮੁਕਤਸਰ ਸਾਹਿਬ ਵੱਲੋਂ ਖਾਦ ਪ੍ਰਬੰਧਨ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਨਰਮੇ ਦੀ ਫਸਲ ਵਿੱਚ 45 ਕਿੱਲੋ ਪ੍ਰਤੀ ਏਕੜ ਯੂਰੀਆ ਬੂਟੇ ਵਿਰਲੇ ਕਰਨ ਸਮੇਂ ਅਤੇ ਬਾਕੀ 45 ਕਿਲੋ ਫੁੱਲ ਨਿਕਲਣ ਸਮੇਂ ਪਾ ਦੇਣੀ ਚਾਹੀਦੀ ਹੈ। ਉਹਨਾਂ ਦੱਸਿਆ ਗਿਆ ਕਿ ਨਰਮੇ ਦੀ ਫਸਲ ਵਿੱਚ ਵਧੇਰੇ ਝਾੜ ਲੈਣ ਲਈ 2 ਪ੍ਰਤੀਸ਼ਤ ਪੋਟਾਸ਼ੀਅਮ ਨਾਈਟ੍ਰੇਟ (13:0:45) ਦਾ ਫੁੱਲਾਂ ਦੇ ਸ਼ੁਰੂ ਹੋਣ ਤੋਂ ਲੈ ਕੇ ਇਕ ਹਫਤੇ ਦੇ ਵਕਫੇ ਤੇ 4 ਵਾਰ ਛਿੜਕਾਅ ਕਰਨਾ ਚਾਹੀਦਾ ਹੈ। ਨਰਮੇ ਵਿੱਚ ਪੱਤਿਆਂ ਦੀ ਲਾਲੀ ਦੀ ਰੋਕਥਾਮ ਲਈ 1 ਪ੍ਰਤੀਸ਼ਤ ਮੈਗਨੀਸ਼ੀਅਮ ਸਲਫੇਟ (1 ਕਿਲੋ ਪ੍ਰਤੀ 100 ਲੀਟਰ ਪਾਣੀ) ਦੇ ਦੋ ਸਪਰੇਅ ਫੁੱਲਡੋਡੀ ਪੈਣ ਅਤੇ ਟੀਂਡੇ ਬਣਨ ਵੇਲੇ ਕਰਨ ਲਈ ਕਿਹਾ ਗਿਆ, ਇਸ ਨਾਲ ਝਾੜ ਵਿੱਚ ਵਾਧਾ ਹੁੰਦਾ ਹੈ। ਡਾ. ਹਰਮਨਦੀਪ ਸਿੰਘ, ਖੇਤੀਬਾੜੀ ਵਿਕਾਸ ਅਫਸਰ ਵੱਲੋਂ ਝੋਨਾ/ਬਾਸਮਤੀ ਦੀ ਕਾਸ਼ਤ ਅਤੇ ਬਾਸਮਤੀ ਉੱਪਰ ਬੈਨ ਕੀਤੇ ਗਏ ਕੀਟਨਾਸ਼ਕਾਂ (ਦਵਾਈਆਂ) ਦੀ ਵਰਤੋ ਨਾ ਕਰਨ ਸੰਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਇਸ ਮੌਕੇ ਮਨਮੀਤ ਕੌਰ, ਏ.ਡੀ.ਓ. (ਮਾਰਕੀਟਿੰਗ) ਵੱਲੋਂ ਪੀ.ਐਮ. ਕਿਸਾਨ ਸਨਮਾਨ ਨਿਧੀ ਸਕੀਮ ਸੰਬੰਧੀ ਜਾਣਕਾਰੀ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਇਸ ਸਕੀਮ ਦਾ ਲਾਭ ਲੈਣ ਲਈ ਸਾਰੇ ਕਿਸਾਨਾਂ ਵੱਲੋਂ ਈ-ਕੇ ਵਾਈ ਸੀ ਕਰਵਾਉਣਾ ਯਕੀਨੀ ਬਣਾਇਆ ਜਾਵੇ ਅਤੇ ਜਿਹਨਾਂ ਕਿਸਾਨਾਂ ਦੀ ਪੀ.ਐਮ ਕਿਸਾਨ ਪੋਰਟਲ ਤੇ ਲੈਂਡ ਸੀਡਿੰਗ ਨੋ ਦੀ ਆਪਸ਼ਨ ਆ ਰਹੀ ਹੈ, ਉਹ ਆਪਣੀ ਜਮ੍ਹਾਬੰਦੀ ਅਤੇ ਅਧਾਰ ਕਾਰਡ ਦੀ ਕਾਪੀ ਬਲਾਕ ਖੇਤੀਬਾੜੀ ਦਫਤਰ ਵਿੱਚ ਜਮ੍ਹਾਂ ਕਰਵਾਉਣ। ਇਸ ਕੈਂਪ ਦਾ ਪ੍ਰਬੰਧ ਸਵਰਨਜੀਤ ਸਿੰਘ, ਏ.ਟੀ.ਐਮ (ਆਤਮਾ) ਵੱਲੋਂ ਕੀਤਾ ਗਿਆ। ਇਸ ਮੌਕੇ ਕਿਸਾਨ ਮਿੱਤਰ ਅਤੇ ਵੱਡੀ ਗਿਣਤੀ ਵਿੱਚ ਕਿਸਾਨ ਹਾਜ਼ਰ ਸਨ।

# ਪੀ ਜੀ ਆਈ 'ਚ ਬਿਨਾਂ ਓਪਨ ਹਾਰਟ ਸਰਜਰੀ ਦੇ ਟੀ ਐੱਮ ਵੀ ਆਰ ਪ੍ਰੋਸੀਜ਼ਰ ਨਾਲ ਬਦਲਿਆ ਵਾਲਵ



**ਸਮਰਾਲਾ, ( ਸੁਰਜੀਤ ਸਿੰਘ ) :** ਸਮਰਾਲਾ ਤਹਿਸੀਲ ਨੇੜੇ ਘੁੰਗਰਾਲੀ ਸਿੱਖਾਂ ਦੇ ਜੰਮਪਲ ਅਤੇ ਹੁਣ ਪੀ.ਜੀ.ਆਈ. ਐਡਵਾਂਸ ਕਾਰਡੀਅਕ ਸੈਂਟਰ ਵਿਚ ਸੇਵਾਵਾਂ ਦੇ ਰਹੇ ਡਾ. ਪਰਮਿੰਦਰ ਸਿੰਘ ਓਟਾਲ ਦੀ ਟੀਮ ਵੱਲੋਂ ਬਿਨਾਂ ਓਪਨ ਹਾਰਟ ਸਰਜਰੀ ਦੇ ਇਕ ਮਰੀਜ਼ ਦਾ ਵਾਲਵ ਬਦਲਿਆ ਹੈ। ਟਰਾਂਸਕਥੇਟਰ ਮਾਈਟ੍ਰਲ ਵਾਲਵ ਰਿਪਲੇਸਮੈਂਟ (ਟੀ.ਐਮ.ਵੀ.ਆਰ.) ਪ੍ਰੋਸੀਜਰ ਰਾਹੀਂ ਇਹ ਸਰਜਰੀ ਹੋਈ ਹੈ। ਨਾਰਥ ਇੰਡੀਆ ਵਿਚ ਪੀ.ਜੀ.ਆਈ. ਨੇ ਪਹਿਲੀ ਵਾਰ ਇਸ ਤਕਨੀਕ ਨਾਲ ਕਿਸੇ ਮਰੀਜ਼ ਦਾ ਇਲਾਜ ਕੀਤਾ ਹੈ। ਇਸ ਦੇ ਨਾਲ ਹੀ ਪੀ.ਜੀ.ਆਈ. ਦੇਸ਼ ਅਤੇ ਦੁਨੀਆ ਦੇ ਉਨ੍ਹਾਂ ਚੋਣਵੇਂ ਮੈਡੀਕਲ ਇੰਸਟੀਚਿਊਟ ਵਿਚ ਸ਼ਾਮਲ ਹੋ ਗਿਆ ਹੈ, ਜੋ ਇਸ ਤਕਨੀਕ ਨਾਲ ਕਾਰਡੀਅਕ ਮਰੀਜ਼ਾਂ ਦਾ ਇਲਾਜ ਕਰ ਰਹੇ ਹਨ। ਕਾਰਡੀਓਲਾਜਿਸਟ ਐਂਡ ਸਟਰੱਕਚਰਲ ਹਾਰਟ ਸਪੈਸਲਿਸਟ ਪ੍ਰੋ: ਡਾ. ਪਰਮਿੰਦਰ ਸਿੰਘ ਓਟਾਲ ਦੀ ਦੇਖ ਰੇਖ ਵਿਚ ਇਸ ਪ੍ਰੋਸੈੱਸ ਨੂੰ ਕੀਤਾ ਗਿਆ ਹੈ। ਟੀ.ਐੱਮ.ਵੀ.ਆਰ. ਇਕ ਅਜਿਹਾ ਪ੍ਰੋਸੈੱਸ ਹੈ, ਜਿਸ ਵਿਚ ਵੱਡੇ ਕੱਟ ਦੀ ਜ਼ਰੂਰਤ ਨਹੀਂ ਪੈਂਦੀ, ਪਰ ਇਹ ਬਹੁਤ ਚੈਲੇਂਜਿੰਗ ਪ੍ਰੋਸੈੱਸ ਹੈ। ਇਹ ਤਕਨੀਕ ਦਿਲ ਦੀਆਂ ਕੁਝ ਹੀ ਬਿਮਾਰੀਆਂ ਜਿਵੇਂ ਵਾਲਵ ਦਾ ਸੁੰਗੜ ਜਾਣਾ, ਲੀਕ ਹੋਣਾ ਜਾਂ ਦੋਵੇਂ ਪ੍ਰੇਸ਼ਾਨੀਆਂ ਇਕੱਠੀਆਂ ਹੋਣ ਵਾਲੀ ਹਾਲਤ ਵਿਚ ਹੀ ਇਸ ਦੀ ਵਰਤੋਂ ਕੀਤੀ ਜਾਂਦੀ ਹੈ। ਮਾਈਟ੍ਰਲ ਵਾਲਵ ਰਿਪਲੇਸਮੈਂਟ ਇਕ ਅਜਿਹੀ ਪ੍ਰਕਿਰਿਆ ਹੈ, ਜਿਸ ਵਿਚ ਖਰਾਬ ਹੋਏ ਮਾਈਟ੍ਰਲ ਵਾਲਵ ਨੂੰ ਆਰਟੀਫੀਸ਼ੀਅਲ ਵਾਲਵ ਨਾਲ ਬਦਲ ਦਿੱਤਾ ਜਾਂਦਾ ਹੈ। ਇਹ ਦਿਲ ਰਾਹੀਂ ਅਤੇ ਸਰੀਰ ਦੇ ਬਾਕੀ ਹਿੱਸਿਆਂ ਵਿਚ ਬਲੱਡ ਨੂੰ ਚਲਾਉਣ ਵਿਚ ਮਦਦ ਕਰਦਾ ਹੈ। ਇਸ ਤਕਨੀਕ ਵਿਚ ਪੱਟ ਦੇ ਰਸਤੇ ਇਕ ਪਤਲੀ ਕੈਥੇਟਰ (ਇਕ ਤਰ੍ਹਾਂ ਦੀ ਪਤਲੀ ਤਾਰ) ਪਾਈ ਜਾਂਦੀ ਹੈ, ਜਿਸ ਦੀ ਮਦਦ ਨਾਲ ਵਾਲਵ ਬਦਲਿਆ ਜਾਂਦਾ ਹੈ। ਇਹ ਤਕਨੀਕ ਇਸ ਲਈ ਵੀ ਖਾਸ ਹੈ ਕਿਉਂਕਿ ਇਸ ਵਿਚ ਕੋਈ ਵੱਡਾ ਕੱਟ ਨਹੀਂ ਲਗਦਾ। ਇਸ ਵਿਚ ਮਰੀਜ਼ ਦੀ ਜਾਨ ਦਾ ਜੋਖਮ ਘੱਟ ਹੁੰਦਾ ਹੈ। ਮਰੀਜ਼ ਦੀ ਰਿਕਵਰੀ ਜਲਦੀ ਹੁੰਦੀ ਹੈ। ਡਾ. ਪਰਮਿੰਦਰ ਸਿੰਘ ਓਟਾਲ ਹਾਲ ਹੀ ਵਿਚ ਇੰਗਲੈਂਡ ਤੋਂ ਫੈਲੋਸ਼ਿਪ ਕਰਕੇ ਪਰਤੇ ਹਨ। ਉਨ੍ਹਾਂ ਨੇ ਲਿਵਰਪੂਲ ਹਾਰਟ ਐਂਡ ਚੈਸਟ ਹਸਪਤਾਲ ਯੂ.ਕੇ. ਤੋਂ ਟਰਾਂਸਕਵੇਟਰ ਹਾਰਟ ਵਾਲਵ ਆਪ੍ਰੇਸ਼ਨ ਵਿਚ ਫੈਲੋਸ਼ਿਪ ਕੀਤੀ ਹੈ। ਉਨ੍ਹਾਂ ਦੱਸਿਆ ਕਿ ਜਿਹੜੇ ਮਰੀਜ਼ ਵਿਚ ਇਹ ਪ੍ਰੋਸੈੱਸ ਹੋਇਆ ਹੈ, ਉਹ 78 ਸਾਲਾ ਮਰੀਜ਼ ਹੈ, ਜਿਸ ਦੀ 2005 ਵਿਚ ਬਾਈਪਾਸ ਸਰਜਰੀ ਹੋ ਚੁੱਕੀ ਹੈ। ਇਸ ਵੱਡੀ ਸਰਜਰੀ ਵਿਚ ਕਈ ਚੈਲੇਂਜ ਹੁੰਦੇ ਹਨ, ਪਰ ਇਸ ਵਿਚ ਮਰੀਜ਼ ਦੀ ਉਮਰ ਇਕ ਵੱਡੀ ਚੁਣੌਤੀ ਸੀ, ਨਾਲ ਹੀ ਮਰੀਜ਼ ਨੂੰ ਦੂਜੀਆਂ ਕਈ ਬਿਮਾਰੀਆਂ ਜਿਵੇਂ ਹਾਈ ਬਲੱਡ ਪ੍ਰੈਸ਼ਰ, ਕਿਡਨੀ ਵਿਚ ਪ੍ਰੇਸ਼ਾਨੀ, ਪਲੇਟਲੈਟਸ ਵੀ ਘੱਟ ਸਨ। ਹਾਲ ਹੀ ਵਿਚ ਮਰੀਜ਼ ਨੂੰ ਸਾਹ ਲੈਣ ਵਿਚ ਜ਼ਿਆਦਾ ਪ੍ਰੇਸ਼ਾਨੀ ਹੋਣ ਲੱਗੀ ਸੀ, ਜਿਸ ਤੋਂ ਬਾਅਦ ਹਾਰਟ ਫੈਲੀਅਰ ਹੋਣ ਕਾਰਨ ਉਸ ਨੂੰ ਹਸਪਤਾਲ ਵਿਚ ਦਾਖਲ ਕੀਤਾ ਗਿਆ ਸੀ। ਮਰੀਜ਼ ਨੂੰ ਪਹਿਲਾਂ ਜੋ ਵਾਲਵ ਲਾਇਆ ਸੀ, ਉਸ ਵਿਚ ਲੀਕੇਜ ਹੋ ਰਹੀ ਸੀ, ਨਾਲ ਹੀ ਅੱਗੇ ਜਾਂਚ ਕੀਤੀ ਤਾਂ ਪਤਾ ਲੱਗਿਆ ਕਿ ਮਰੀਜ਼ ਦੇ ਵਾਲਵ ਵਿਚ ਬਲਾਕੇਜ ਵੀ ਸੀ। ਇਸ ਲਈ ਇਲਾਜ ਵਿਚ ਦੇਰੀ ਨਹੀਂ ਕੀਤੀ ਜਾ ਸਕਦੀ ਸੀ। ਡਾ. ਪਰਮਿੰਦਰ ਸਿੰਘ ਓਟਾਲ ਨੇ ਕਿਹਾ ਕਿ ਇਹ ਤਕਨੀਕ ਮਾਈਟ੍ਰਲ ਵਾਲਵ ਬਿਮਾਰੀ ਵਾਲੇ ਸਾਰੇ ਮਰੀਜ਼ਾਂ ਲਈ ਬਹੁਤ ਵਧੀਆ ਹੈ। ਸਰਜਰੀ ਟੀਮ ਵਿਚ ਕਾਰਡੀਓਲਾਜਿਸਟ, ਕਾਰਡੀਅਕ ਐਸਕੇਟਿਸ, ਪੈਗੀਆਪ੍ਰੇਟਿਵ, ਇੰਮੇਜਿੰਗ, ਤਕਨੀਸ਼ੀਅਨ ਅਤੇ ਨਰਸਿੰਗ ਦਾ ਸਹਿਯੋਗ ਰਿਹਾ। ਡਾ. ਅਨੰਦ ਮਿਸ਼ਰਾ ਦੀ ਅਗਵਾਈ ਵਿਚ ਕਾਰਡੀਅਲ ਸਰਜੀਕਲ ਟੀਮ ਵੱਲੋਂ ਸਰਜੀਕਲ ਬੈਕਅਪ ਅਤੇ ਕਾਰਡੀਅਰ ਐਨਸੋਈਸੀਆ ਦੇ ਐਸੋਸੀਏਟ ਪ੍ਰੋ: ਡਾ. ਰਾਜਰਾਜਨ ਨੇ ਸਹਿਯੋਗ ਦਿੱਤਾ। ਯੂ.ਕੇ. ਤੋਂ ਫੈਲੋਸ਼ਿਪ ਕਰਨ ਤੋਂ ਬਾਅਦ ਭਾਰਤ ਪਹੁੰਚ ਕੇ ਨਵੀਂ ਤਕਨੀਕ ਨਾਲ ਪੀ.ਜੀ.ਆਈ. ਹਸਪਤਾਲ ਵਿਚ ਦਿਲ ਦੇ ਮਰੀਜ਼ਾਂ ਦੀਆਂ ਜ਼ਿੰਦਗੀਆਂ ਬਚਾਉਣ ਲਈ ਕੀਤੇ ਜਾਂਦੇ ਉਪਰਾਲਿਆਂ ਦਾ ਪਿੰਡ ਵਾਸੀ ਬਹੁਤ ਮਾਣ ਮਹਿਸੂਸ ਕਰ ਰਹੇ ਹਨ। ਪਿੰਡ ਦੇ ਸਮਾਜਸੇਵੀ ਮੁਖਤਿਆਰ ਸਿੰਘ, ਸਾਬਕਾ ਸਰਪੰਚ ਗੁਰਪਾਲ ਸਿੰਘ, ਸਾਬਕਾ ਸਰਪੰਚ ਅਵਤਾਰ ਸਿੰਘ ਤੇ ਪੰਚ ਜਸਵੀਰ ਸਿੰਘ ਜੱਸੀ ਨੇ ਦੱਸਿਆ ਕਿ ਡਾਕਟਰ ਸਾਹਿਬ ਆਪਣੇ ਪਿੰਡ ਨਾਲ ਨਿੱਜੀ ਤੌਰ 'ਤੇ ਜੁੜੇ ਹੋਏ ਹਨ, ਜਦੋਂ ਵੀ ਸਮਰਾਲੇ ਇਲਾਕੇ ਦਾ ਕੋਈ ਵਿਅਕਤੀ ਉਨ੍ਹਾਂ ਕੋਲ ਇਲਾਜ ਲਈ ਜਾਂਦਾ ਹੈ ਤਾਂ ਉਹ ਬਹੁਤ ਸਤਿਕਾਰ ਦਿੰਦੇ ਹਨ ਅਤੇ ਆਪਣੇ ਜੱਦੀ ਪਿੰਡ ਵਿਚ ਡਾਕਟਰਾਂ ਦੀ ਪੂਰੀ ਟੀਮ ਨਾਲ ਮੁਫਤ ਕੈਂਪ ਲਗਾ ਚੁੱਕੇ ਹਨ।

page-6-6-July-2023-(SM).qxd 7/5/2023 10:55 PM Page 1



## ਤਹਿਸੀਲ ਕੰਪਲੈਕਸ ਲਈ ਉਸਾਰੀ ਜਾਣ ਵਾਲੀ ਬਿਲਡਿੰਗ ਸੰਬੰਧੀ ਡਿਪਟੀ ਕਮਿਸ਼ਨਰ ਨੇ ਕੀਤੀ ਮੀਟਿੰਗ

**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ/ਪੂਜਾ)**-ਗਿੱਦੜਬਾਹਾ ਵਿਖੇ ਤਹਿਸੀਲ ਕੰਪਲੈਕਸ ਲਈ ਨਵੀਂ ਉਸਾਰੀ ਜਾਣ ਵਾਲੀ ਬਿਲਡਿੰਗ ਸੰਬੰਧੀ ਡਾ. ਰੂਹੀ ਦੁੱਗ ਡਿਪਟੀ ਕਮਿਸ਼ਨਰ ਸ੍ਰੀ ਮੁਕਤਸਰ ਸਾਹਿਬ ਨੇ ਮੀਟਿੰਗ ਕੀਤੀ। ਇਸ ਮੀਟਿੰਗ ਵਿੱਚ ਜਸਨਜੀਤ ਸਿੰਘ ਐਸ.ਡੀ.ਐਮ. ਗਿੱਦੜਬਾਹਾ ਅਤੇ ਪੀ.ਡਬਲਯੂ.ਡੀ. ਬੀ.ਐਂਡ ਆਰ ਦੇ ਅਧਿਕਾਰੀ ਵੀ ਮੌਜੂਦ ਸਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਨਵੀਂ ਬਣਨ ਵਾਲੀ ਤਹਿਸੀਲ ਕੰਪਲੈਕਸ 'ਤੇ ਤਕਰੀਬਨ 7.70 ਕਰੋੜ ਰੁਪਏ ਖਰਚ ਆਵੇਗਾ। ਡਿਪਟੀ ਕਮਿਸ਼ਨਰ ਨੇ ਆਪਣੇ ਦੌਰੇ ਦੌਰਾਨ ਸੇਵਾ ਕੇਂਦਰ ਅਤੇ ਫਰਦ ਕੇਂਦਰ ਗਿੱਦੜਬਾਹਾ ਵਿਖੇ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਸੇਵਾਵਾਂ ਦਾ ਵੀ ਜਾਇਜ਼ਾ ਲਿਆ ਅਤੇ ਕੰਮ ਕਰਵਾਉਣ ਆਏ ਲੋਕਾਂ ਦੀਆਂ ਸਮੱਸਿਆਵਾਂ ਵੀ ਸੁਣੀਆਂ। ਉਨ੍ਹਾਂ ਸੇਵਾ ਕੇਂਦਰ ਅਤੇ ਫਰਦ ਕੇਂਦਰ ਦੇ ਕਰਮਚਾਰੀਆਂ ਨੂੰ ਹਦਾਇਤ ਕੀਤੀ ਕਿ ਕੰਮ ਕਰਵਾਉਣ ਆਏ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਮੁਸ਼ਕਲ ਪੇਸ਼ ਨਾ ਆਉਣ ਦਿੱਤੀ ਜਾਵੇ।

## ਮੂੰਹ 'ਤੇ ਕੱਪੜਾ ਬੰਨ੍ਹ ਕੇ ਦੋਪਹੀਆ ਵਾਹਨ ਚਲਾਉਣ ਵਾਲਿਆਂ 'ਤੇ ਪੁਲਸ ਨੇ ਕੱਸਿਆ ਸ਼ਿਕੰਜਾ

**ਫਤਿਹਗੜ੍ਹ ਚੂੜੀਆਂ, (ਜਸਦੇਵ ਮਾਨ)**-ਫਤਿਹਗੜ੍ਹ ਚੂੜੀਆਂ ਪੁਲਸ ਸਟੇਸ਼ਨ ਦੇ ਇੰਚਾਰਜ ਸੁਖਵਿੰਦਰ ਸਿੰਘ ਵੱਲੋਂ ਭਾਰੀ ਫੋਰਸ ਦੇ ਨਾਲ ਸ਼ਹਿਰ ਦੇ ਵੱਖ-ਵੱਖ ਥਾਵਾਂ 'ਤੇ ਨਾਕਾਬੰਦੀ ਕਰਕੇ ਜਿੱਥੇ ਵਾਹਨਾਂ ਦੀ ਚੈਕਿੰਗ ਕੀਤੀ ਗਈ, ਉੱਥੇ ਮੂੰਹ 'ਤੇ ਕੱਪੜਾ ਬੰਨ੍ਹ ਕੇ ਵਾਹਨ ਚਲਾਉਣ ਵਾਲਿਆਂ ਨੂੰ ਸਖ਼ਤ ਚਿਤਾਵਨੀ ਦਿੱਤੀ ਗਈ। ਇਸ ਸਬੰਧੀ ਗੱਲਬਾਤ ਕਰਦਿਆਂ ਐੱਸਐੱਚਓ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਮਾਨਯੋਗ ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਮੂੰਹ 'ਤੇ ਕੱਪੜਾ ਬੰਨ੍ਹ ਕੇ ਦੋਪਹੀਆ ਵਾਹਨ ਚਲਾਉਣ 'ਤੇ ਪਾਬੰਦੀ ਲਗਾਈ ਗਈ ਹੈ ਕਿਉਂਕਿ ਆਏ ਦਿਨ ਨਕਾਬਪੋਸ਼ਾਂ ਵੱਲੋਂ ਆਪਣੇ ਮੂੰਹ 'ਤੇ ਕੱਪੜਾ ਬੰਨ੍ਹ ਕੇ ਲੁੱਟਖੋਹਾਂ, ਕਤਲ, ਡਕੈਤੀਆਂ ਅਤੇ ਚੈਨ ਸਨੈਚਿੰਗ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਜਾਂਦਾ ਹੈ। ਪੁਲਸ ਅਧਿਕਾਰੀ ਨੇ ਦੱਸਿਆ ਕਿ ਜਦ ਪੁਲਸ ਵੱਲੋਂ ਵਾਰਦਾਤ ਵਾਲੀ ਜਗ੍ਹਾ 'ਤੇ ਲੱਗੇ ਸੀਸੀਟੀਵੀ ਫੁਟੇਜ ਦੀ ਪੜਤਾਲ ਕੀਤੀ ਜਾਂਦੀ ਹੈ ਤਾਂ ਫੁਟੇਜ ਵਿਚ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਵਿਅਕਤੀਆਂ ਦਾ ਮੂੰਹ ਕੱਪੜੇ ਜਾਂ ਮਾਸਕ ਨਾਲ ਪੂਰੀ ਤਰ੍ਹਾਂ ਢੱਕਿਆ ਹੁੰਦਾ ਹੈ ਜਿਸ ਕਾਰਨ ਕੇਸ ਨੂੰ ਹੱਲ ਕਰਨ 'ਚ ਭਾਰੀ ਪ੍ਰੇਸ਼ਾਨੀ ਹੁੰਦੀ ਹੈ। ਇਸ ਲਈ ਸੁਰੱਖਿਆ, ਅਮਨ ਅਤੇ ਕਾਨੂੰਨ ਦੀ ਸਥਿਤੀ ਨੂੰ ਮੁੱਖ ਰੱਖਦੇ ਹੋਏ ਜ਼ਿਲ੍ਹਾ ਗੁਰਦਾਸਪੁਰ ਵਿਚ ਕਿਸੇ ਵੀ ਵਿਅਕਤੀ ਵੱਲੋਂ ਆਪਣੇ ਮੂੰਹ ਨੂੰ ਕੱਪੜੇ ਨਾਲ ਢੱਕ ਕੇ ਪੈਦਲ ਚੱਲਣ ਜਾਂ ਦੋਪਹੀਆ ਵਾਹਨ ਚਲਾਉਣ 'ਤੇ ਪਾਬੰਦੀ ਲਗਾਈ ਗਈ ਹੈ ਪਰ ਅੱਜ ਵੇਖਿਆ ਗਿਆ ਕਿ ਦੋਪਹੀਆ ਵਾਹਨ ਚਲਾਉਣ ਵਾਲੇ ਨੌਜਵਾਨ ਲੜਕੇ ਅਤੇ ਲੜਕੀਆਂ ਸਮੇਤ ਲੋਕਾਂ ਵੱਲੋਂ ਆਪਣੇ ਵਾਹਨ ਚਲਾਏ ਜਾ ਰਹੇ ਸਨ ਜਿਨ੍ਹਾਂ ਵਿਚੋਂ ਕਈਆਂ ਦੇ ਚਲਾਨ ਕੀਤੇ ਗਏ ਹਨ ਜਦਕਿ ਕਈਆਂ ਨੂੰ ਚਿਤਾਵਨੀ ਦਿੱਤੀ ਗਈ ਹੈ। ਪੁਲਸ ਅਧਿਕਾਰੀ ਨੇ ਦੱਸਿਆ ਕਿ ਜਿਨ੍ਹਾਂ ਵਾਹਨਾਂ ਦੇ ਕੋਲ ਆਪਣੇ ਵਾਹਨਾਂ ਦੇ ਕਾਗਜ਼ਾਤ ਪੂਰੇ ਨਹੀਂ ਸਨ, ਜਿਨ੍ਹਾਂ ਨੇ ਹੈਲਮੇਟ ਨਹੀਂ ਪਾਇਆ ਹੋਇਆ ਸੀ, ਉਨ੍ਹਾਂ ਦੇ ਵੀ ਚਾਲਾਨ ਕੀਤੇ ਗਏ। ਉਨ੍ਹਾਂ ਦੱਸਿਆ ਕਿ ਇਹ ਅਭਿਆਨ ਅੱਗੇ ਵੀ ਜਾਰੀ ਰਹੇਗਾ।

## ਔਜਲਾ ਨੇ ਝਿਲਮਿਲ ਸਿੰਘ ਬਾਠ ਨਾਲ ਕੀਤਾ ਦੁੱਖ ਸਾਂਝਾ



ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਮਜੀਠਾ ਹਲਕੇ ਦੇ ਸੀਨੀਅਰ ਕਾਂਗਰਸੀ ਆਗੂ ਤੇ ਬਲਾਕ ਤਰਸਿੱਕਾ ਦੇ ਸੀਨੀਅਰ ਮੀਤ ਪ੍ਰਧਾਨ ਝਿਲਮਿਲ ਸਿੰਘ ਪਿੰਡ ਸਾਧਪੁਰ ਜਿਨ੍ਹਾਂ ਦੇ ਪਿਤਾ ਦਾਰਾ ਸਿੰਘ ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ, ਦੇ ਘਰ ਮੈਂਬਰ ਲੋਕ ਸਭਾ ਅੰਮ੍ਰਿਤਸਰ ਗੁਰਜੀਤ ਸਿੰਘ ਔਜਲਾ ਸਾਥੀਆਂ ਸਮੇਤ ਪੁੱਜੇ ਅਤੇ ਝਿਲਮਿਲ ਸਿੰਘ ਬਾਠ ਨਾਲ ਦੁੱਖ ਸਾਂਝਾ ਕੀਤਾ। ਉਨ੍ਹਾਂ ਦਾਰਾ ਸਿੰਘ ਦੀ ਹੋਈ ਬੇਵਕਤੀ ਮੌਤ ਨੂੰ ਕਦੇ ਵੀ ਪੂਰਾ ਨਾ ਹੋਣ ਵਾਲਾ ਘਾਟਾ ਦੱਸਿਆ। ਇਸ ਮੌਕੇ ਸਾਬਕਾ ਸਰਪੰਚ ਪਲਵਿੰਦਰ ਸਿੰਘ ਖੁਜਾਲਾ, ਕਰਮਜੀਤ ਸਿੰਘ ਸਾਧਪੁਰ, ਗੁਰਪ੍ਰੀਤ ਸਿੰਘ ਬਾਠ, ਮੈਂਬਰ ਰਾਜਵਿੰਦਰ ਸਿੰਘ ਸੋਨੀ, ਲਛਮਣ ਸਿੰਘ ਮੱਲ੍ਹੀ, ਅਜੀਤ ਸਿੰਘ ਭਾਈ, ਮੇਵਾ ਸਿੰਘ ਖਜਾਲਾ ਤੇ ਹੋਰ ਵੀ ਆਗੂ ਨਾਲ ਸਨ।

## ਤਹਿਸੀਲਦਾਰ ਨੇ ਲਿਆ ਜਾਇਜ਼ਾ

ਭਲਾਣ (ਢਿੱਲੋਂ)- ਜੋਰਦਾਰ ਬਾਰਿਸ਼ ਕਾਰਨ ਨੇੜਲੇ ਪਿੰਡ ਭੰਗਲ ਅਤੇ ਮਹਿੰਦਪੁਰ ਵਿੱਚ ਸੰਭਾਵੀ ਹੜ੍ਹਾਂ ਵਰਗੇ ਹਾਲਾਤ ਬਣਨ ਦੀ ਪੈਦਾ ਹੋਈ ਸਥਿਤੀ ਦਾ ਜਾਇਜ਼ਾ ਲੈਣ ਅਤੇ ਇਨ੍ਹਾਂ ਪਿੰਡਾਂ ਦੇ ਵਾਸੀਆਂ ਲਈ ਢੁੱਕਵੇ ਪ੍ਰਬੰਧ ਕਰਨ ਲਈ ਤਹਿਸੀਲਦਾਰ ਨੰਗਲ ਵਿਵੇਕ ਨਿਰਮੋਹੀ ਆਪਣੇ ਸਟਾਫ ਨਾਲ ਇਨ੍ਹਾਂ ਪਿੰਡਾਂ ਦਾ ਦੌਰਾ ਕਰਨ ਪਹੁੰਚੇ। ਇਸ ਮੌਕੇ ਉਨ੍ਹਾਂ ਪ੍ਰਭਾਵਿਤ ਸਥਾਨ ਦਾ ਜਾਇਜ਼ਾ ਲਿਆ ਅਤੇ ਸਥਾਨਕ ਨਿਵਾਸੀਆਂ ਨੂੰ ਹਰ ਸੰਭਵ ਸਹਾਇਤਾ ਦਾ ਭਰੋਸਾ ਦਿੱਤਾ। ਉਨ੍ਹਾਂ ਦੱਸਿਆ ਕਿ ਇਸ ਦੀ ਰਿਪੋਰਟ ਜਲਦੀ ਹੀ ਭੇਜ ਦਿੱਤੀ ਜਾਵੇਗੀ ਤਾਂ ਜੋ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ। ਇਸ ਮੌਕੇ ਵੱਡੀ ਗਿਣਤੀ ਵਿੱਚ ਪਿੰਡ ਦੇ ਲੋਕ ਹਾਜਰ ਸਨ।

### Public Notice

I Som Ali S/o Shinda Ram R/o Basti Sheikh, Jalandhar. Affirming that on 05-06-2023 I have lost S.P.A No.1622 dated 06-07-2011 registered with S.R Jalandhar-2 in favour of Paramjit Kumar S/o Tulsi Ram of the property situated at Abadi Jallowal, Basti Sheikh, Tehsil & Distt. Jalandhar. I have lodged the DDR bearing Sr.No.358723/2023 dated 05-07-2023 at PSOC Div No.5 Jalandhar. Though if any person find the same kindly return me on above noted address & contact me 98141-46020.Jatinder Khanda, Advocate. All please note.

### Court Notice

In the Court of
Ms. Gurpreet Kaur
Civil Judge Junior Division, Ajnala
CNR No. PBASA0-000886-2022
Case No. CS/679/2022 Next Date : 24-07-2023
Davinder Singh Plaintiff
Versus
Ajit Singh Defendant
Notice to Defendant No. 2
02 Sarwan Singh S/o Banta Singh R/o Village Manj, Tehsil Ajnala, Distt. Amritsar.

In above titled petition the respondent could not be served. It is ordered that the respondent should appear in person or through counsel on 24-07-2023 at 10.00 a.m.

For details logon to Eg-http/high court chd.govt.in/?trs=district notice & distt, =Amritsar.

Civil Judge Junior Division Ajnala

### ਅਦਾਲਤੀ ਇਸ਼ਤਿਹਾਰ

ਬਾ ਅਦਾਲਤ-ਸ੍ਰੀ ਅਜੇ ਪਾਲ, ਸਬ ਰਜਿਸਟਰਾਰ, ਅੰਮ੍ਰਿਤਸਰ-3

ਵਿਸ਼ਾ : ਸ੍ਰੀ ਲਖਵਿੰਦਰ ਸਿੰਘ ਪੁੱਤਰ ਲੇਟ ਸ੍ਰੀ ਕਰਤਾਰ ਸਿੰਘ ਵਾਸੀ 1640, ਗਲੀ ਪ੍ਰਤਾਪ ਸਿੰਘ, ਸ਼ਹੀਦ ਭਗਤ ਸਿੰਘ ਰੋਡ, ਅੰਮ੍ਰਿਤਸਰ ਵੱਲੋਂ ਪੇਸ਼ ਕੀਤੀ ਗਈ ਵਸੀਅਤ ਜ਼ੇਰ ਧਾਰਾ 40 ਭਾਰਤੀ ਰਜਿਸਟਰੇਸ਼ਨ ਐਕਟ ਅਧੀਨ ਤਸਦੀਕ ਕਰਨ ਬਾਰੇ।

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਲਖਵਿੰਦਰ ਸਿੰਘ ਪੁੱਤਰ ਲੇਟ ਸ੍ਰੀ ਕਰਤਾਰ ਸਿੰਘ ਵਾਸੀ 1640, ਗਲੀ ਪ੍ਰਤਾਪ ਸਿੰਘ, ਸ਼ਹੀਦ ਭਗਤ ਸਿੰਘ ਰੋਡ, ਅੰਮ੍ਰਿਤਸਰ ਨੇ ਇੱਕ ਦਰਖਾਸਤ ਨਿਮਨਹਸਤਾਖਰ ਦੀ ਅਦਾਲਤ ਵਿੱਚ ਪੇਸ਼ ਕੀਤੀ ਹੈ। ਜਿਸ ਨਾਲ ਪ੍ਰਾਰਥੀ ਨੇ ਆਪਣੇ ਪਿਤਾ ਸ੍ਰੀ ਕਰਤਾਰ ਸਿੰਘ ਪੁੱਤਰ ਸ੍ਰੀ ਮਨਜੀਤ ਸਿੰਘ ਵਾਸੀ 1640, ਗਲੀ ਪ੍ਰਤਾਪ ਸਿੰਘ ਸ਼ਹੀਦ ਭਗਤ ਸਿੰਘ ਰੋਡ, ਅੰਮ੍ਰਿਤਸਰ ਵੱਲੋਂ ਕੀਤੀ ਗਈ ਅਣਰਜਿਸਟਰਡ ਵਸੀਅਤ ਨੱਥੀ ਕੀਤੀ ਅਤੇ ਪ੍ਰਾਰਥੀ ਨੇ ਆਪਣੀ ਦਰਖਾਸਤ ਵਿੱਚ ਲਿਖਿਆ ਹੈ ਕਿ ਉਸ ਦੇ ਪਿਤਾ ਦੀ ਮੌਤ ਮਿਤੀ 14-04-1995 ਨੂੰ ਹੋ ਚੁੱਕੀ ਹੈ। ਉਸ ਦੇ ਪਿਤਾ ਨੇ ਇੱਕ ਵਸੀਅਤ ਪ੍ਰਾਰਥੀ (ਲਖਵਿੰਦਰ ਸਿੰਘ) ਦੇ ਨਾਂਅ ਮਿਤੀ 6-12-1994 ਨੂੰ ਲਿਖੀ ਸੀ, ਜਿਸ ਨੂੰ ਸਬ ਰਜਿਸਟਰਾਰ ਅੰਮ੍ਰਿਤਸਰ ਵਿਖੇ ਤਸਦੀਕ ਨਹੀਂ ਕਰਵਾ ਸਕੇ। ਪ੍ਰਾਰਥੀ ਸ੍ਰੀ ਲਖਵਿੰਦਰ ਸਿੰਘ ਪੁੱਤਰ ਲੇਟ ਸ੍ਰੀ ਕਰਤਾਰ ਸਿੰਘ ਵਾਸੀ 1640, ਗਲੀ ਪ੍ਰਤਾਪ ਸਿੰਘ, ਸ਼ਹੀਦ ਭਗਤ ਸਿੰਘ ਰੋਡ, ਅੰਮ੍ਰਿਤਸਰ ਉਕਤ ਦਰਖਾਸਤ ਰਾਹੀਂ ਇਹ ਅਣਰਜਿਸਟਰਡ ਵਸੀਅਤ ਭਾਰਤੀ ਰਜਿਸਟਰੇਸ਼ਨ ਐਕਟ ਦੀ ਧਾਰਾ 40 ਅਧੀਨ ਰਜਿਸਟਰਡ ਕਰਵਾਉਣਾ ਚਾਹੁੰਦਾ ਹੈ।

ਇਹ ਅਣਰਜਿਸਟਰਡ ਵਸੀਅਤ ਭਾਰਤੀ ਰਜਿਸਟਰੇਸ਼ਨ ਐਕਟ ਦੀ ਧਾਰਾ 40 ਅਧੀਨ ਰਜਿਸਟਰਡ ਕਰਨ ਲਈ ਨਿਮਨ ਹਸਤਾਖਰ ਦੇ ਪੇਸ਼ ਹੋਈ ਹੈ। ਮ੍ਰਿਤਕ ਸ੍ਰੀ ਕਰਤਾਰ ਸਿੰਘ ਪੁੱਤਰ ਸ੍ਰੀ ਮਨਜੀਤ ਸਿੰਘ ਵਾਸੀ 1640 ਗਲੀ ਪ੍ਰਤਾਪ ਸਿੰਘ ਸ਼ਹੀਦ ਭਗਤ ਸਿੰਘ ਰੋਡ ਅੰਮ੍ਰਿਤਸਰ ਦੇ ਵਾਰਸਾਂ ਅਤੇ ਆਮ ਜਨਤਾ ਦੀ ਜਾਣਕਾਰੀ ਲਈ ਅਖਬਾਰ ਵਿੱਚ ਇਸ਼ਤਿਹਾਰ ਦਿੱਤਾ ਜਾਵੇ ਕਿ ਇਹ ਵਸੀਅਤ ਭਾਰਤੀ ਰਜਿਸਟਰੇਸ਼ਨ ਐਕਟ ਦੀ ਧਾਰਾ 40 ਅਧੀਨ ਰਜਿਸਟਰਡ ਕਰਨ ਵਿੱਚ ਕਿਸੇ ਨੂੰ ਕੋਈ ਇਤਰਾਜ਼ ਹੈ ਤਾਂ ਉਹ ਇਹ ਇਸ਼ਤਿਹਾਰ ਜਾਰੀ ਹੋਣ ਤੋਂ 30 ਦਿਨ ਦੇ ਅੰਦਰ-ਅੰਦਰ ਇਸ ਅਦਾਲਤ ਵਿੱਚ ਅਸਾਲਤਨ ਜਾਂ ਵਕਾਲਤਨ ਉਜ਼ਰ ਪੇਸ਼ ਸਕਦਾ ਹੈ। ਬਾਅਦ ਕੋਈ ਇਤਰਾਜ਼ ਨਹੀਂ ਸੁਣਿਆ ਜਾਵੇਗਾ ਅਤੇ ਇਹ ਵਸੀਅਤ ਜ਼ੇਰ ਧਾਰਾ 40 ਭਾਰਤੀ ਰਜਿਸਟਰੇਸ਼ਨ ਐਕਟ ਅਧੀਨ ਤਸਦੀਕ/ਰਜਿਸਟਰਡ ਕਰ ਦਿੱਤੀ ਜਾਵੇਗੀ।

ਇਹ ਅਖਬਾਰ ਵਿੱਚ ਇਸ਼ਤਿਹਾਰ ਅੱਜ ਮਿਤੀ 08-06-2023 ਨੂੰ ਮੇਰੇ ਹਸਤਾਖਰ ਅਤੇ ਮੋਹਰ ਅਦਾਲਤ ਨਾਲ ਜਾਰੀ ਕੀਤਾ ਗਿਆ ਹੈ।

ਸਬ ਰਜਿਸਟਰਾਰ, ਅੰਮ੍ਰਿਤਸਰ
ਨੰਬਰ ਆਰ ਸੀ/71 ਮਿਤੀ : 08-06-2023

### ਨੋਟਿਸ

ਦੀ ਕਲਿਆਣਪੁਰ ਕੋ-ਆਪ ਐਗਰੀਕਲਚਰ ਮਲਟੀਪਰਪਜ਼ ਸਰਵਿਸ ਸਭਾ ਲਿਮਟਿਡ ਕਲਿਆਣਪੁਰ ਜਲੰਧਰ ਦੇ ਸਾਰੇ ਹਿੱਸੇਦਾਰਾਂ/ਮੈਂਬਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਭਾ ਦੀ ਪ੍ਰਬੰਧਕ ਕਮੇਟੀ ਦੀ ਚੋਣ ਕਰਵਾਏ ਜਾਣ ਲਈ ਸਭਾ ਦੇ ਸਤੱਕਰ ਵੱਲੋਂ ਹਲਕਾ ਨਿਰੀਖਕ ਸਹਿਕਾਰੀ ਸਭਾਵਾਂ ਕਲਿਆਣਪੁਰ ਰਾਹੀਂ ਜ਼ੋਨਲ ਲਿਸਟਾਂ ਇਸ ਨੂੰ ਪ੍ਰਵਾਨਗੀ ਲਈ ਭੇਜੀਆਂ ਗਈਆਂ ਹਨ, ਜੋ ਕਿ ਸਭਾ ਦੇ ਦਫਤਰ ਅਤੇ ਨਿਮਨਹਸਤਾਖਰੀ ਦੇ ਦਫਤਰ ਵਿਖੇ ਕਿਸੇ ਵੀ ਕੰਮ ਵਾਲੇ ਦਿਨ ਦੇਖੀਆਂ ਜਾ ਸਕਦੀਆਂ ਹਨ। ਇਨ੍ਹਾਂ ਦੀ ਪ੍ਰਵਾਨਗੀ ਬਾਰੇ ਕਿਸੇ ਵੀ ਮੈਂਬਰ/ਹਿੱਸੇਦਾਰ ਨੂੰ ਜੇ ਕੋਈ ਇਤਰਾਜ਼ ਹੋਵੇ ਜਾਂ ਲਿਸਟ ਵਿੱਚ ਨਾਂਅ ਸ਼ਾਮਲ ਨਾ ਕੀਤਾ ਹੋਵੇ ਤਾਂ ਉਹ ਆਪਣਾ ਇਤਰਾਜ਼ ਮਿਤੀ 21-07-2023 ਤੱਕ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਜਲੰਧਰ-2 (ਦੀ ਜਲੰਧਰ ਕੇਂਦਰੀ ਸਹਿਕਾਰੀ ਬੈਂਕ ਲਿਮਟਿਡ ਜਲੰਧਰ ਦੀ ਚੌਥੀ ਮੰਜ਼ਿਲ) ਦੇ ਦਫਤਰ ਵਿੱਚ ਦੇ ਸਕਦੇ ਹਨ। ਇਨ੍ਹਾਂ ਇਤਰਾਜ਼ਾਂ ਦੀ ਸੁਣਵਾਈ ਮਿਤੀ 24-07-2023 ਨੂੰ ਸਵੇਰੇ 12 ਵਜੇ ਨਿਮਨਹਸਤਾਖਰੀ ਦੇ ਦਫਤਰ ਵਿਖੇ ਕੀਤੀ ਜਾਵੇਗੀ। ਸੁਣਵਾਈ ਸਮੇਂ ਹਾਜ਼ਰ ਹੋ ਕੇ ਆਪਣਾ ਪੱਖ/ਸਬੂਤ ਪੇਸ਼ ਕੀਤਾ ਜਾਵੇ। ਇਸ ਉਪਰੰਤ ਜ਼ੋਨਾਂ ਦੀ ਪ੍ਰਵਾਨਗੀ ਦੇ ਦਿੱਤੀ ਜਾਵੇਗੀ।

ਰੋਹਿਤ ਕੁਮਾਰ ਰਤਨ
ਪੀ ਸੀ ਐੱਸ-2 ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਜਲੰਧਰ-2

### Court Notice

(U/o 5 Rule 20 CPC)
In the Court of Ms. Roopa Dhaliwal, Sub Divisional Judicial Magistrate, Malerkotla
CNR No. PBSGC1-000117-2020
Next Date : 26-07-2023
Mohd. Younis
Vs.
Capic Consultants

Publication Issued to : (1) Capic Consultants, SCO 286, Sector 35-D, Chandigarh through its partner Richa Kamra, 2 Richa Kamra Partner/authorized signatory of Capic Consultants, SCO 286, Sector 35-D-, Chandigarh, Wife of Amit Kumar R/o 156-B, Industrial Area Phase-1, Chandigarh, 3 Jyoti Bhatia, Partner of Capi Consultants, SCO 286, Sector 35-D, Chandigarh W/o Mandeep Singh R/o House No. 50, Sector 15-A, Chandigarh.

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 26-07-2023 at 10.00 a.m.

For details logon to https://highcourtvhd.gov.in/?trs=district_notice&district=Sangrur.

Sub Divisional Judicial magistrate, Malerkotla
Dated, this day of 04-07-2023

### Public Notice

I, Surjit Singh s/o Manohar Singh has lost sale deed no. 3948 dated 15.01.2013 relating to Property Measuring 6.5 Marla comprising under Khasra no. 70//8 situated at Village Budhatheh, Tehsil Baba Bakala Sahib and Distt. Amritsar and same is not traceable. I am rising loan from Kogta Financial (I) Limited and same is required for this loan. If anyone have any objection or have found before said Sale Deed, He can contact Lalit Kakkar, Advocate on his Mobile No. 9876107449.

### Court Notice

In the Court of Ms. Kamaldeep Kaur, Judicial Magistrate Ist Class, Amritsar
CNR NO. :PBAS030156762020
Next Date : 14.07.2023
M/s Indusind Bank Ltd (PPD) having its Branch Office at Ist Floor, Indusind Bank, Mall Road, Amritsar through Rishab Malhotra its Attorney holder. .... Complainant
Versus
Harpreet Singh
U/S 138 Negotiable Instruments Act.
Notice to : Mr. Harpreet Singh S/o Mr. Lal Singh R/o Vill. Bhure Gill, P.O. Padhri Kalan, Tarn Taran ... Accused

Whereas complaint has been made before me that the above said accused has committed (or) suspected to have committed the offence punishable under section 138 of Negotiable Instrument Act and it has been returned to warrant of arrest thereupon issued that the said accused cannot be found and wheres it has been shown to my satisfaction that the said accused has absconded (or is concealing himself the service of the said warrant)

Proclamation is hereby made the said accused to required to appear before this Court (or before me) to answer the said complaint on 14.07.2023

For details logon to https://highcourtchd. gov.in/?trs=district_notice&district=amritsar.

Judicial Magistrate Ist Class, Amritsar

### Court Notice

(U/o 5 Rule 20 CPC)
In the Court of
Sh. Amardeep Singh Bains
Additional Civil Judge (Senior Division), Mukerian.
CNR No. PBHOC0-000105-2019 Next Date : 04-10-2023
Des Raj S/o Bhoto Ram R/o Village Rakri, Tehsil Mukerian, Distt. Hoshiarpur. Vs.
Balwant Singh and others
Application for passing final decree
Publication Issued to :
1 (a) Acchar Singh S/o Balwant Singh S/o Amar Singh 3 (a) Sushma Wd/o Parduman Singh 3 (b) Navtej Singh S/o Parduman Singh all resident of Village Rakri Tehsil Mukerian, Distt. Hoshiarpur.

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 04-10-2023 at 10.00 a.m.

For details logon to https://highcourtchd.gov.in/?trs=district_notice&district=Hoshiarpur.

Additional Civil Judge (Senior Division), Mukerian.
Dated, this day of 04-07-2023

### Court Notice

(U/o 5 Rule 20 CPC)
In the Court of Sh. Amanpreet Singh, Civil Judge Senior Division), Rupnagar
CS/524/2023
CNR No. PBRO02-000766-2023
Next Date : 03-08-2023
Swaranjit Kaur W/o Late Shiv Ram, Resident of Village Purkhali, Tehsil and Distt. Rupnagar.
Vs.
General Public
Suit for declaration
Publication Issued to :
General Public

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 03-08-2023 at 10.00 a.m.

For details logon to https://highcourtchd.gov.in/?trs=district_notice&district=ropar

Civil Judge (Senior Division), Rupnagar.
Dated, this day of 26-06-2023

### Court Notice

(U/o 5 Rule 20 CPC)
(Under Guardian and Ward Act)
In the Court of
Sh. Amanpreet Singh, Civil Judge (Senior Division), Rupnagar.
CNR No. PBRO 02-000778-2023 Next Date : 29-07-2023
GW/06/2023
Sucha Singh S/o Tulsi Singh R/o Village Mothapur, Tehsil Anandpur Sahib, Distt. Rupnagar.
VS
General Public and another
Application for G & W Act
Notice to : General Public

In above titled case, the defendant(s)/respondent(s) could not be served, It is ordered that defendant(s)/respondent(s) should appear in person or through counsel on 29-07-2023 at 10.00 am.

For details logon to https://highcourtchd.gov.in/?trs=district-notice&district=Rupnagar.

Civil Judge (Senior Division), Rupnagar.
Deted, this day of 26-06-2023



### Lost & Found

Original sale deed No.1742,dated 05.10.2016 (One property with total area 5M-7S,Khasra No.597/1(0-13),Wakia Rakba Village Mehta,Tehsil Baba Bakala Sahib,Distt.Amritsar) in favour of Rajwant Kaur,Gurmeet Kaur,Baljit Kaur and Ramandeep Kaur has been lost if anyone found it please contact 9915754908.

### Public Notice

I, Beant Singh S/o Baldev Singh R/o Ward No. 3, Mohalla Singhpura Urmar, Tehsil Dasuya, Distt. Hoshiarpur, I was lost my 10th class Statements of Marks under No. TZ 60056985 & Pass Certificates No. TZ 70056560, Both Index No. T/1806/018, ICSE Board, Session 2010-11 and same my 12th class Statements of Marksheet SR. No. SSCE/2013-0305027 & Roll No. 2690846, CBSE Board. Session 2012-13 that if someone finds above documents kindly please inform me mobile No. 7380150867

### ਆਮ ਸੂਚਨਾ

ਸ੍ਰੀ ਜੋਗਿੰਦਰ ਸਿੰਘ ਪੁੱਤਰ ਸ੍ਰੀ ਬੰਤਾ ਸਿੰਘ ਵਾਸੀ ਭੁਲੱਥ ਜ਼ਿਲ੍ਹਾ ਕਪੂਰਥਲਾ ਦੇ ਨਾਂਅ 'ਤੇ 05 ਬੀ ਐੱਚ ਪੀ ਦਾ ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ ਏ ਪੀ 12/0555X (3004514016) ਪਿੰਡ ਭੁਲੱਥ ਵਿੱਚ ਚੱਲ ਰਿਹਾ ਹੈ, ਜੋ ਸ੍ਰੀ ਪਰਦੀਪ ਘਈ ਪੁੱਤਰ ਸ੍ਰੀ ਰਵੀ ਚਰਨ ਘਈ ਵਾਸੀ ਭੁਲੱਥ ਜ਼ਿਲ੍ਹਾ ਕਪੂਰਥਲਾ ਆਪਣੇ ਨਾਂਅ 'ਤੇ ਤਬਦੀਲ ਕਰਵਾਉਣਾ ਚਾਹੁੰਦਾ ਹੈ । ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ 30 ਦਿਨਾਂ ਦੇ ਅੰਦਰ-ਅੰਦਰ ਉੱਪ ਮੰਡਲ ਅਫਸਰ ਪਾਵਰਕਾਮ ਭੁਲੱਥ ਨਾਲ ਸੰਪਰਕ ਕਰੇ। (5029)

ਸ੍ਰੀ ਪ੍ਰੀਤਮ ਲਾਲ ਪੁੱਤਰ ਸ੍ਰੀ ਰਾਮ ਕਿਸ਼ਨ ਵਾਸੀ ਭੁਲੱਥ, ਜ਼ਿਲ੍ਹਾ ਕਪੂਰਥਲਾ ਦੇ ਨਾਂਅ 'ਤੇ 03 ਬੀ ਐੱਚ ਪੀ ਦਾ ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ ਏ ਪੀ 12/0919 (3004514022) ਪਿੰਡ ਭੁਲੱਥ ਵਿੱਚ ਚੱਲ ਰਿਹਾ ਹੈ, ਜੋ ਕਿ ਹੁਣ ਸ੍ਰੀ ਜਤਿੰਦਰ ਕੁਮਾਰ ਪੁੱਤਰ ਸ੍ਰੀ ਅਸ਼ੋਕ ਕੁਮਾਰ ਵਾਸੀ ਭੁਲੱਥ, ਜ਼ਿਲ੍ਹਾ ਕਪੂਰਥਲਾ ਆਪਣੇ ਨਾਂਅ 'ਤੇ ਤਬਦੀਲ ਕਰਵਾਉਣਾ ਚਾਹੁੰਦਾ ਹੈ । ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ 30 ਦਿਨਾਂ ਦੇ ਅੰਦਰ-ਅੰਦਰ ਉੱਪ ਮੰਡਲ ਅਫਸਰ ਪਾਵਰਕਾਮ ਭੁਲੱਥ ਨਾਲ ਸੰਪਰਕ ਕਰੇ। (8029)

ਮੈਂ ਅਮਰੀਕ ਸਿੰਘ ਪੁੱਤਰ ਗੁਰਮੇਲ ਸਿੰਘ ਵਾਸੀ ਮਕਾਨ ਨੰ.3778/29,ਗਲੀ ਨੰ.1,ਕੋਟ ਬਾਬਾ ਦੀਪ ਸਿੰਘ,ਸੁਲਤਾਨਵਿੰਡ ਰੋਡ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰੇ ਭਰਾ ਕੁਲਵਿੰਦਰ ਸਿੰਘ,ਜਸਪਾਲ ਸਿੰਘ,ਹਰਜੀਤ ਸਿੰਘ ਅਤੇ ਉਨ੍ਹਾਂ ਦੀਆਂ ਪਤਨੀਆਂ ਅਤੇ ਉਨ੍ਹਾਂ ਦੇ ਬੱਚੇ ਅਤੇ ਪਰਮਿੰਦਰ ਸਿੰਘ ਜੋ ਕੁਆਰਾ ਹੈ ਸਾਰੇ ਮੇਰੇ ਕਹਿਣੇ ਤੋਂ ਬਾਹਰ ਹਨ। ਮੈ ਅਤੇ ਮੇਰਾ ਪਰਿਵਾਰ ਇਨ੍ਹਾਂ ਸਭ ਨਾਲ ਆਪਣੇ ਸਾਰੇ ਸਬੰਧ ਖਤਮ ਕਰ ਰਹੇ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਿਵਾਰ ਜ਼ਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜ਼ਿੰਮੇਵਾਰ ਹੋਣਗੇ। ਮੇਰਾ ਤੇ ਮੇਰੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ।

ਮੋਟਰ ਕਨੈਕਸ਼ਨ ਖਾਤਾ ਨੰਬਰ ਐਮ.ਟੀ.31 ਜਰਨੈਲ ਸਿੰਘ ਪੁੱਤਰ ਚੇਤ ਸਿੰਘ ਨੂੰ ਆਪਣੇ ਨਾਮ ਕਰਨ ਲਈ ਕਰਨਜੀਤ ਸਿੰਘ ਪੁੱਤਰ ਬਾਜ ਸਿੰਘ ਹਿੱਸੇਦਾਰ ਰਕਬਾ ਕਾਮਲ ਵਾਲਾ ਉਰਫ ਮੁਠਿਆ ਵਾਲਾ ਨੇ ਇਸ ਦਫਤਰ ਨੂੰ ਬੇਨਤੀ ਕੀਤੀ ਹੈ ਇਤਰਾਜ਼ਯੋਗ ਵਿਅਕਤੀ 10 ਦਿਨਾਂ ਦੇ ਵਿਚ ਐਸ.ਡੀ.ਓ. ਵੰਡ ਮੱਲਾਂਵਾਲਾ ਨਾਲ ਸੰਪਰਕ ਕਰੇ ।

ਮੈਂ, ਸਰਬਜੀਤ ਸਿੰਘ ਪੁੱਤਰ ਹਰਪਾਲ ਸਿੰਘ ਵਾਸੀ ਪਿੰਡ ਪੰਨਵਾਂ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰੇ ਭਰਾ ਦਾ ਬੇਟਾ ਜਗਮੀਤ ਸਿੰਘ ਅਤੇ ਇਸ ਦੀ ਪਤਨੀ ਲਵਪ੍ਰੀਤ ਕੌਰ ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਹੁਣ ਮੇਰਾ ਇਨ੍ਹਾਂ ਦੋਨਾਂ ਨਾਲ ਕੋਈ ਤਾਲੁਕ-ਵਾਸਤਾ ਨਹੀਂ ਰਿਹਾ। ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਇੱਕ ਟਿਊਬਵੈੱਲ ਕੁਨੈਕਸ਼ਨ, ਜਿਸ ਦਾ ਖਾਤਾ ਨੰ. ਏ ਪੀ 12/1600 ਐੱਨ, 2 ਐੱਚ ਪੀ, ਜੋ ਸਵਰਨ ਕੌਰ ਪਤਨੀ ਸੁਰਜੀਤ ਸਿੰਘ ਵਾਸੀ ਮੇਹਰ ਚੰਦ ਰੋਡ ਗੁਰਦਾਸਪੁਰ। ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ ਦੇ ਨਾਂਅ 'ਤੇ ਚੱਲ ਰਿਹਾ ਹੈ। ਹੁਣ ਇਸ ਨੂੰ ਸੁਨੀਤਾ ਪਤਨੀ ਵਿਲਸਨ ਪੁੱਤਰ ਯੂਨਸ ਮਸੀਹ ਵਾਸੀ ਪਿੰਡ ਘੁਰਾਲਾ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ ਦੇ ਨਾਂਅ ਬਦਲੀ ਕਰਨਾ ਹੈ। ਜੇਕਰ ਕਿਸੇ ਨੂੰ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ ਅੰਦਰ ਉਹ ਆਪਣਾ ਇਤਰਾਜ਼ ਦਫਤਰ ਪੀ ਐੱਸ ਪੀ ਸੀ ਐੱਲ ਤਿੱਬੜ ਵਿਖੇ ਪੇਸ਼ ਕਰ ਸਕਦਾ ਹੈ। (ਡੋਗਰਾ)

ਮੈਂ, ਰੁੜ ਸਿੰਘ ਪੁੱਤਰ ਸੋਹਣ ਸਿੰਘ ਵਾਸੀ ਪਿੰਡ ਨਾਰੰਗਪੁਰ, ਡਾਕਖਾਨਾ ਕਪੂਰ ਪਿੰਡ, ਜ਼ਿਲਾਂ ਜਲੰਧਰ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਬਲਜਿੰਦਰ ਸਿੰਘ ਅਤੇ ਉਸਦੀ ਪਤਨੀ ਨਰਿੰਦਰ ਕੌਰ ਅਤੇ ਇਹਨਾਂ ਦੀ ਲੜਕੀ ਰਮਨਜੋਤ ਕੌਰ ਨੂੰ ਮੇਰੇ ਕਹਿਣੇ ਵਿੱਚ ਨਾ ਹੋਣ ਕਰਕੇ ਅਖ਼ਬਾਰ ਰਾਹੀਂ ਬੇਦਖਲ ਕੀਤਾ ਸੀ। ਹੁਣ ਇਹ ਸਾਰੇ ਮੇਰੇ ਕਹਿਣੇ ਵਿੱਚ ਹਨ। ਮੈਂ ਇਹਨਾਂ ਦੀ ਬੇਦਖਲੀ ਵਾਪਿਸ ਲੈਂਦਾ ਹਾਂ। ਹੁਣ ਇਹ ਮੇਰੀ ਚੱਲ-ਅਚੱਲ ਜਾਇਦਾਦ ਦੇ ਵਾਰਿਸ ਹੋਣਗੇ। ਸੰਬੰਧਿਤ ਨੋਟ ਕਰਨ।

ਅਸੀਂ, ਰਮੇਸ਼ ਕੁਮਾਰ ਪੁੱਤਰ ਬਿਹਾਰੀ ਲਾਲ ਅਤੇ ਕਮਲੇਸ਼ ਪਤਨੀ ਰਮੇਸ਼ ਕੁਮਾਰ ਵਾਸੀਆਨ ਮਕਾਨ ਨੰ. 2577, ਭਾਰਗੋ ਨਗਰ, ਜਲੰਧਰ ਬਿਆਨ ਕਰਦੇ ਹਾਂ ਕਿ ਅਸੀਂ ਆਪਣੇ ਲੜਕੇ ਚੰਦਨ ਨੂੰ ਸਾਡੇ ਕਹਿਣੇ ਵਿੱਚ ਨਾ ਹੋਣ ਕਰਕੇ ਮਿਤੀ 13-06-2023 ਨੂੰ ਅਖ਼ਬਾਰ ਵਿੱਚ ਦਿੱਤੇ ਇਸ਼ਤੇਹਾਰ ਰਾਹੀਂ ਬੇਦਖਲ ਕੀਤਾ ਸੀ। ਹੁਣ ਸਾਡਾ ਲੜਕਾ ਚੰਦਨ ਸਾਡੇ ਕਹਿਣੇ ਵਿੱਚ ਹੈ। ਅਸੀਂ ਇਸ ਦੀ ਬੇਦਖਲੀ ਵਾਪਿਸ ਲੈਂਦੇ ਹਾਂ। ਹੁਣ ਇਹ ਸਾਡੀ ਚੱਲ-ਅਚੱਲ ਜਾਇਦਾਦ ਦਾ ਵਾਰਿਸ ਹੋਵੇਗਾ। ਸੰਬੰਧਿਤ ਨੋਟ ਕਰਨ।

### ਬੇਦਖਲੀ ਨੋਟਿਸ

ਮੈਂ ਹਰਦੀਪ ਸਿੰਘ ਪੁੱਤਰ ਸ. ਮਹਿੰਗਾ ਸਿੰਘ ਵਾਸੀ ਮਹਿਤਾ ਚੌਕ ਜ਼ਿਲ੍ਹਾ ਅੰਮ੍ਰਿਤਸਰ। ਮੇਰਾ ਲੜਕਾ ਰਣਬੀਰ ਸਿੰਘ ਮੇਰੇ ਕਹਿਣੇ ਸੁਣਨੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ, ਮੈਂ ਆਪਣੇ ਲੜਕੇ ਰਣਬੀਰ ਸਿੰਘ ਨੂੰ ਆਪਣੀ ਚੱਲ -ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ, ਲੈਣ ਦੇਣ ਕਰਨ ਵਾਲੇ ਅਤੇ ਇਸ ਵੱਲੋਂ ਕੀਤੇ ਗਏ ਮਾੜੇ ਚੰਗੇ ਕੰਮਾਂ ਦਾ ਇਹ ਖੁਦ ਜ਼ਿੰਮੇਵਾਰ ਹੋਵੇਗਾ । ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਤਾਲੁਕ-ਵਾਸਤਾ ਨਹੀਂ ਰਿਹਾ। ਸੰਬੰਧਤ ਨੋਟ ਕਰਨ ।

ਮੈਂ, ਉਰਮਿਲਾ ਦੇਵੀ ਪਤਨੀ ਓਪਿੰਦਰ ਵਾਸੀ ਮਕਾਨ ਨੰ. 2021, ਗਲੀ ਨੰ. 6, ਈਸ਼ਵਰ ਨਗਰ, ਗੁਰੂ ਨਾਨਕ ਕਾਲੋਨੀ, ਤਰਨ ਤਾਰਨ ਰੋਡ, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਕਪਿਲ ਅਤੇ ਉਸ ਦੀ ਪਤਨੀ ਰਾਧਾ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਕਰਮਜੀਤ ਪੁੱਤਰ ਲੇਟ ਅਮਰ ਨਾਥ ਵਾਸੀ ਮਕਾਨ ਨੰ. 437-ਈ/6, ਸੰਗਲਪੁਰਾ ਰੋਡ, ਗੁਰਦਾਸਪੁਰ। ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰਾ ਪੁੱਤਰ ਦੀਪਕ ਕੁਮਾਰ ਅਤੇ ਉਸ ਦੀ ਪਤਨੀ ਸ਼ਿਲਪਾ ਚੰਦਰ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ। (ਡੋਗਰਾ)

### ਬੇਦਖਲੀ ਨੋਟਿਸ

ਅਸੀਂ ਸੁਰਿੰਦਰ ਕੌਰ ਪਤਨੀ ਸੁਰਜੀਤ ਸਿੰਘ ਪੁੱਤਰ ਅਮਰ ਸਿੰਘ ਪਿੰਡ ਕੁੰਢਾਲੀਆਂ ਗੜ੍ਹਦੀਵਾਲਾ ਤਹਿਸੀਲ ਦਸੂਹਾ ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਪ੍ਰਦੀਪ ਸਿੰਘ, ਉਸ ਦੀ ਪਤਨੀ ਰੇਨੂ ਸਾਡੇ ਕਹਿਣੇਕਾਰ ਤੋਂ ਬਾਹਰ ਹਨ। ਇਸ ਲਈ ਅਸੀਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਨ੍ਹਾਂ ਦੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੇ ਅਸੀਂ ਜ਼ਿੰਮੇਵਾਰ ਨਹੀਂ, ਉਹ ਆਪਣੇ ਕੰਮਾਂ ਦੇ ਖੁਦ ਜ਼ਿੰਮੇਵਾਰ ਹੋਣਗੇ, ਸੰਬੰਧਤ ਨੋਟ ਕਰਨ। (ਡੋਗਰਾ)

ਮੈ, ਸੀਤਾ ਰਾਣੀ ਪਤਨੀ ਹਰੀ ਕ੍ਰਿਸ਼ਨ ਵਾਸੀਆਨ ਮੁਹੱਲਾ ਮੇਹਤਿਆ, ਵਾਰਡ ਨੰਬਰ 9, ਪਿੰਡ ਤੇ ਡਾਕ. ਹਰਿਆਣਾ, ਜਿਲਾ ਹੁਸ਼ਿਆਰਪੁਰ (ਪੰਜਾਬ) ਆਪਣੇ ਲੜਕੇ ਤਰੁਣ ਕੁਮਾਰ ਅਤੇ ਉਸਦੀ ਪਤਨੀ ਰਜਵਿੰਦਰ ਕੌਰ, ਜੋ ਕਿ ਸਾਡੇ ਕਹਿਣੇ ਤੋ ਬਾਹਰ ਹੈ, ਨੂੰ ਆਪਣੀ ਚੱਲ ਅਤੇ ਅੱਚਲ ਜਾਇਦਾਦ ਤੋ ਬੇਦਖਲ ਕਰਦੀ ਹਾਂ। ਸਾਡਾ ਇਨ੍ਹਾਂ ਨਾਲ ਕੋਈ ਰਿਸਤਾ ਨਹੀ ਹੈ। ਇਨ੍ਹਾਂ ਨਾਲ ਲੈਣ - ਦੇਣ ਕਰਨ ਵਾਲਾ ਖੁੱਦ ਜਿਮੇਵਾਰ ਹੋਵੇਗਾ, ਸੰਬੰਧਤ ਨੋਟ ਕਰਨ।

ਮੈਂ, ਪ੍ਰਕਾਸ਼ ਕੌਰ ਵਿਧਵਾ ਕਸ਼ਮੀਰ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਖਾਨਕੋਟ, ਬਲਾਕ ਵੇਰਕਾ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਹਰਦੀਪ ਸਿੰਘ ਅਤੇ ਮੇਰੀ ਨੂੰਹ ਰੁਪਿੰਦਰ ਕੌਰ ਮੇਰੇ ਕਹਿਣੇਕਾਰ ਤੋਂ ਬਾਹਰ ਹਨ। ਇਸ ਲਈ ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਨ੍ਹਾਂ ਦੇ ਕਿਸੇ ਤਰ੍ਹਾਂ ਦੇ ਲੈਣ-ਦੇਣ ਜਾਂ ਮਾੜੇ-ਚੰਗੇ ਕੰਮਾਂ ਦੀ ਮੈਂ ਜ਼ਿੰਮੇਵਾਰ ਨਹੀਂ, ਉਹ ਆਪਣੇ ਕੰਮਾਂ ਦੇ ਖੁਦ ਜ਼ਿੰਮੇਵਾਰ ਹੋਣਗੇ, ਸੰਬੰਧਤ ਨੋਟ ਕਰਨ। (ਨਾਰੰਗ)

ਮੈਂ ਅਜੀਤ ਸਿੰਘ ਪੁੱਤਰ ਦਲੀਪ ਸਿੰਘ ਵਾਸੀ ਮਕਾਨ ਨੰ.5ਡੀ/2525,ਗਲੀ ਨੰ.1,ਗੁਰੂ ਨਾਨਕਪੁਰਾ,ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਰਜਵਿੰਦਰ ਕੌਰ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ,ਸਾਡੀ ਕੋਈ ਵੀ ਗੱਲ ਨਹੀਂ ਮੰਨਦੀ ਅਤੇ ਬੁਰੀ ਸੰਗਤ ਵਿਚ ਪੈ ਗਈ ਹੈ ਅਤੇ ਆਪਣੀ ਮਰਜੀ ਨਾਲ ਵਿਆਹ ਕਰਵਾ ਲਿਆ ਹੈ। ਮੈਂ ਉਸਨੂੰ ਆਪਣੀ ਚੱਲ ਅਚੱਲ ਜਾਇਦਾਦ ਅਤੇ ਸਮਾਜਿਕ ਰਿਸ਼ਤਿਆਂ ਤੋਂ ਬੇਦਖਲ ਕਰਦਾ ਹਾਂ। ਉਸ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਵੇਗੀ। ਮੇਰਾ ਤੇ ਮੇਰੇ ਪਰਿਵਾਰ ਦਾ ਉਸ ਨਾਲ ਕੋਈ ਤਲਕਵਾਸਤਾ ਨਹੀਂ।

ਮੈਂ ਸਪਨਾ ਅਰੋੜਾ ਪਤਨੀ ਸੁਸ਼ੀਲ ਕੁਮਾਰ ਅਰੋੜਾ ਵਾਸੀ ਮਕਾਨ ਨੰ.62,ਕ੍ਰਿਸ਼ਨਾ ਸਕੇਅਰ, ਫੇਜ-1, ਨੇੜੇ ਸ਼ਿਵਾਲਾ ਭਾਈਆਂ ਮੰਦਿਰ,ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸਾਗਰ ਅਰੋੜਾ ਅਤੇ ਉਸਦੀ ਪਤਨੀ ਅਦਿੱਤੀ ਅਰੋੜਾ ਅਤੇ ਇਨ੍ਹਾਂ ਦਾ ਲੜਕਾ ਹਰਦੀਆਂਸ਼ ਅਰੋੜਾ ਜੋ ਕਿ ਸਾਰੇ ਮੇਰੇ ਕਹਿਣੇ ਤੋਂ ਬਾਹਰ ਹਨ,ਮਾੜੀ ਸੰਗਤ ਦਾ ਸ਼ਿਕਾਰ ਹਨ ਅਤੇ ਬਹੁਤ ਤੰਗ ਪਰੇਸ਼ਾਨ ਕਰਦੇ ਹਨ। ਮੈਂ ਉਨ੍ਹਾਂ ਸਭ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਣਗੇ। ਮੇਰਾ ਤੇ ਮੇਰੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ।

ਅਸੀਂ ਪੂਰਨ ਸਿੰਘ ਪੁੱਤਰ ਸ੍ਰੀ ਹਰੀ ਸਿੰਘ ਅਤੇ ਕੁਲਵੰਤ ਕੌਰ ਪਤਨੀ ਪੂਰਨ ਸਿੰਘ ਵਾਸੀ ਮਕਾਨ ਨੰਬਰ 3 ਰਾਜਨ ਨਗਰ, ਨੇੜੇ ਮੰਡ ਚੱਕ ਬਸਤੀ ਪੀਰ ਦਾਦ ਖਾਂ ਜ਼ਿਲ੍ਹਾ ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਸਤਨਾਮ ਸਿੰਘ ਉਰਫ ਹੈਪੀ ਅਤੇ ਇਸਦੀ ਪਤਨੀ ਮੀਨਾ ਸਾਡੇ ਕਹਿਣੇ ਤੋਂ ਬਾਹਰ ਹਨ। ਇਸ ਲਈ ਅਸੀਂ ਆਪਣੇ ਲੜਕੇ ਸਤਨਾਮ ਸਿੰਘ ਉਰਫ ਹੈਪੀ ਅਤੇ ਇਸਦੀ ਪਤਨੀ ਮੀਨਾ ਨੂੰ ਆਪਣੀ ਚੱਲ - ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਜੋ ਕੋਈ ਵੀ ਇਨ੍ਹਾਂ ਦੇ ਨਾਲ ਪੈਸੇ ਦਾ ਲੈਣ ਦੇਣ ਕਰਦਾ ਹੈ ਇਸ ਦਾ ਖੁਦ ਜਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਅਸੀਂ, ਮੁਹੰਮਦ ਜਹੀਰ ਖਾਨ ਪੁੱਤਰ ਮੁਹੰਮਦ ਸਾਗੀਰ ਖਾਨ ਅਤੇ ਸਾਂਜੀਦਾ ਖਾਤੂਨ ਪਤਨੀ ਮੁਹੰਮਦ ਜਹੀਰ ਖਾਨ ਵਾਸੀ ਮਕਾਨ ਨੰ. ਈ-ਆਰ. 237, ਪੱਕਾ ਬਾਗ, ਡਾਕਖਾਨਾ ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਮੁਹੰਮਦ ਨਾਫੀਸ ਖਾਨ ਸਾਡੇ ਕਹਿਣੇ ਤੋਂ ਬਾਹਰ ਹੈ ਜਿਸ ਕਰਕੇ ਅਸੀਂ ਆਪਣੇ ਲੜਕੇ ਮੁਹੰਮਦ ਨਾਫੀਸ ਖਾਨ ਨੂੰ ਆਪਣੀ ਚੱਲ ਅਚੱਲ ਜਾਇਦਾਦ 'ਚੋਂ ਬੇਦਖਲ ਕਰਦੇ ਹਾਂ। ਜੋ ਕੋਈ ਵੀ ਇਸ ਦੇ ਨਾਲ ਕਿਸੇ ਤਰ੍ਹਾਂ ਦਾ ਲੈਣ ਦੇਣ ਕਰਦਾ ਹੈ , ਇਸ ਦਾ ਖੁਦ ਜਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ ਅਮਰਜੀਤ ਸਿੰਘ ਪੁੱਤਰ ਪਿਆਰਾ ਸਿੰਘ, ਵਾਸੀ ਮਕਾਨ ਨੰਬਰ 134-, ਨਿਊ ਦਸਮੇਸ ਨਗਰ, ਨੇੜੇ ਬਸਤੀ ਸੇਖ ਚੁੰਗੀ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਦਵਿੰਦਰ ਸਿੰਘ ਉਰਫ ਬੱਬਲੂ ਮੇਰੇ ਕਹਿਣੇ ਤੋ ਬਾਹਰ ਹੈ ਜਿਸ ਕਾਰਨ ਮੈਂ ਉਸ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਕੋਈ ਵੀ ਇਸ ਦੇ ਨਾਲ ਪੈਸੇ ਦਾ ਲੈਣ ਦੇਣ ਕਰਦਾ ਹੈ , ਇਸ ਦਾ ਖੁਦ ਜਿੰਮੇਵਾਰ ਹੋਵੇਗਾ । ਸੰਬੰਧਤ ਨੋਟ ਕਰਨ।

ਮੈਂ, ਹਰਨੇਕ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਪਿੰਡ ਮਿਸ਼ਰਪੁਰਾ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਮ੍ਰਿਤਪਾਲ ਸਿੰਘ ਅਤੇ ਮੇਰੀ ਨੂੰਹ ਰਮਨਦੀਪ ਕੌਰ ਦੋਵੇਂ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

### ਨਾਂਅ ਦੀ ਬਦਲੀ

ਮੈਂ ਵਿਸ਼ਾਲੀ ਪੁੱਤਰੀ ਜੈ ਕਰਨ ਸਿੰਘ ਪਿੰਡ ਤੇ ਡਾਕਖਾਨਾ ਜਾਡਲਾ, ਤਹਿਸੀਲ ਨਵਾਂ ਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੇ ਆਪਣਾ ਨਾਂਅ ਬਦਲ ਕੇ ਵਿਸ਼ਾਲੀ ਤੋਂ ਦੀਕਸ਼ਾ ਰੱਖ ਲਿਆ ਹੈ, ਸੰਬੰਧਤ ਨੋਟ ਕਰਨ। (ਦੁੱਗਲ)

ਮੈਂ, ਚਰਨਜੀਤ ਕੌਰ ਪਤਨੀ ਬਲਬੀਰ ਸਿੰਘ ਗਿੱਲ ਵਾਸੀ ਬਹਾਦਰ ਪੱਤੀ, ਪਿੰਡ ਅਤੇ ਡਾਕਖਾਨਾ ਕਾਲੇਕੇ, ਤਹਿਸੀਲ ਬਾਘਾ ਪੁਰਾਣਾ, ਜ਼ਿਲ੍ਹਾ ਮੋਗਾ ਨੂੰ Charanjit Kaur, Charnjeet Kaur, Charanjeet Kaur ਇਨ੍ਹਾਂ ਨਾਵਾਂ ਨਾਲ ਜਾਣਿਆ ਜਾਂਦਾ ਹੈ। ਇਹ ਨਾਂਅ ਮੇਰੇ ਹਨ, ਸੰਬੰਧਤ ਨੋਟ ਕਰਨ।

ਮੈਂ, ਵਿਸ਼ਾਲ ਪੁੱਤਰ ਤਰਸੇਮ ਸਿੰਘ ਵਾਸੀ ਪਿੰਡ ਪੀਰ ਮਾਨਾ, ਡਾਕ: ਨੌਸ਼ਹਿਰਾ ਮੱਝਾ ਸਿੰਘ, ਤਹਿਸੀਲ ਅਤੇ ਜ਼ਿਲ੍ਹਾ ਗੁਰਦਾਸਪੁਰ, ਪੰਜਾਬ ਬਿਆਨ ਕਰਦਾ ਹਾਂ ਕਿ ਮੈਂ ਆਪਣਾ ਨਾਂਅ ਵਿਸ਼ਾਲ ਤੋਂ ਬਦਲ ਕੇ ਵਿਸ਼ਾਲਦੀਪ ਸਿੰਘ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

ਮੈਂ ਜਗਨਾਮ ਸਿੰਘ ਪੁੱਤਰ ਸੁਖਵਿੰਦਰ ਸਿੰਘ ਵਾਸੀ ਪਿੰਡ: ਮੋਰਾਂਵਾਲੀ (ਫਰੀਦਕੋਟ) ਨੇ ਆਪਣਾ ਨਾਮ ਬਦਲ ਕੇ ਜਗਨਾਮ ਸਿੰਘ ਮਾਨ ਰੱਖ ਲਿਆ ਹੈ।

ਮੈਂ ਹਰਦਮ ਪੁੱਤਰੀ ਗੁਲਸ਼ਨ ਕੁਮਾਰ ਵਾਸੀ ਮਕਾਨ ਨੰਬਰ 61 ਬੇਦੀਆਂ ਮੁਹੱਲਾ ਖਲਵਾੜਾ ਗੇਟ ਫਗਵਾੜਾ (ਕਪੂਰਥਲਾ) ਨੇ ਆਪਣਾ ਨਾਮ ਬਦਲ ਕੇ ਹਰਦਮ ਦੇਵੀ ਰੱਖ ਲਿਆ ਹੈ।

### Change of Name

I, Rajiv Kumar S/o Rajender Singh R/o Panna Choudhran, Badli(72), Badli Jhajjar, Haryana-124105. I have changed the name of my minor Son Jaideep to Jaideep Gulia. All Please Note.

I, Parminder Kaur Alias Teena D/o Balbir Singh W/o Suraj Kumar resident at Suraj Villa, Rahon Road , College Colony, Nawanshahr, Shaheed Bhagat Singh Nagar have changed my name from Parminder Kaur Alias Teena to Parminder Kaur. All concerned please note.

### Change of Name

I, Sheetal Kumar s/o Hazara Ram, R/o H.no-129, Ravidass Gurudwara Sahib Gali, Reru, Jalandhar have changed my name from Sheetal Kumar to Sital Kumar.

I, Seetal Kumar S/o Hazara Ram, R/o H.no-129, Ravidass Gurudwara Sahib Gali, Reru ,Jalandhar have changed my name from Seetal Kumar to Sital Kumar

I, Gaganpreet S/o Ranvir Singh R/o bhel, P.O Najka Distt. Jalandhar, Punjab have changed my name from Gaganpreet to Gaganpreet Nijjar.

I, Manav S/o Brij Mohan Sanger R/o. H.No.279,Bambi wali Gali,Sonia Mohalla, Near Gurudwara Sahib, Batala, Distt Gurdaspur.Have Changed My name from Manav to Manav Sanger.Concerned Note.

I, Brij Mohan S/o Om Parkash, R/o. H.No.279,Bambi wali Gali, Sonia Mohalla,Near Gurudwara Sahib,Batala, Distt Gurdaspur.Have Changed my name from Brij Mohan to Brij Mohan Sanger.Concerned Note.

I Satish Kumar S/o Pran Nath R/o H.no.580 Varindavan Garden Fatehgarh Churian Road Amritsar Have Changed My Name To Satish Kumar Mehta

I Sudesh W/O Satish Kumar Mehta R/o H.no.580 Varindavan Garden Fatehgarh Churian Road Amritsar Have Changed My Name To Sudesh Mehta

I Sarbjit Kaur W/o Sakattar Singh R/o Hno.9 Gali No.5 Friends Avenue Plah Sahib Road Amritsar Have Changed My Name Sarbjit Kaur To Sarabjit Kaur(same Person) All Please Note

I Sakatar Singh C/o Bharpoor Singh R/o H no.9 Gali No.5 Friends Avenue Plah Sahib Road Amritsar Have Changed My Name Sakatar Singh To Sakattar Singh(same Person )All Please Note

I, Sonikanta Behura S/o Shashikanta Behura R/o H.No. 38, Gali No.4, Gali Banke Bihari Batala Road, Parkash Vihar, Amritsar declare that my father's name Shashi Kanta Behura and Shashikanta Behura both names are same person

I,Paramjit Kaur W/O Gurpreet Singh R/O VPO Mehta Tehsil Baba Bakala Distt. Amritsar,Punjab have changed my name from Paramjit Kaur to Parmjeet Kaur.Concerned note.

I,Bhavya Soni alias Bhavya Verma S/O Ashu Soni R/O H.No.1877, Gali Dabgaran,Cheel Mandi, Mahan Singh Gate, Amritsar, Punjab have changed my name from Bhavya Soni alias Bhavya Verma to Bhavya Soni. Concerned note.

I Mandip Kaur W/O Sukhjinder Singh R/O House No 129 Shivala Colony Near Bagha Councillor Shivalla Colony Amritsar Have Changed My Name From Mandip Kaur To Mandeep Kaur.

I, Navneet Kaur Brar D/o Jagtar Singh R/o VPO Satkoha, Tehsil & Distt. Gurdaspur, Punjab have changed my name Navneet Kaur Brar to Navneet Kaur. All concerned please note.

I, Kuldeep Singh S/o Tarlok Singh R/o Vill. Ibrahimpur, Tehsil Dasuya (Hoshiarpur), Punjab, have changed my name to Kuldip Singh. All concerned please note.

I Rajwant Kaur W/o Buta Singh, R/o.I Village Khizarpur, Talwandi Chaudhrian, District Kapurthala, Punjab - 144606. That now I want to change my name from RAJWANT KAUR and RAJVANT KAUR to RAJWINDER KAUR.

I Balwinder Singh S/O Hari Chand R/O 7a Lane No 2 Dasonda Singh Road Amritsar Have Changed My Name From Balwinder Singh To Balvinder Singh

I, Lalita Devi W/o Yogesh Kumar R/o Street No. 4, New Guru Nanak Nagar, Jalandhar, Punjab- 144013. have changed my name and shall hereafter be Known as Madhu. All Please Note.

I, Dhanwant Singh S/o Sewa Singh R/o Village Bhulana Barian, Bariana, Hoshiarpur, Punjab- 144208, have changed my name and shall hereafter be Known as Dhalwant Singh. All Please Note.

I, Rajesh Kumar S/o Om Parkash Kohli resident at H.No. B-1/180, Mohalla Kohlian, VPO Nurmahal, Tehsil Phillaur Distt. Jalandhar have changed my name from Rajesh Kumar to Rajesh Kohli. All concerned please note.

I, Deepak s/o Surinder Singh r/o Vill.Rampur, Po.Kala Sanghian, Distt.Kapurthala, Punjab have changed my name to Deepak Singh. All Please Note.

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਸਵੇਰ ਤੋਂ ਹੋ ਰਹੀ ਬਰਸਾਤ ਨੇ ਨਗਰ ਕੌਂਸਲ ਦੇ ਦਾਅਵਿਆਂ ਦੀ ਖੋਲ੍ਹੀ ਪੋਲ



ਜਗਰਾਉਂ (ਅਮਿਤ ਖੰਨਾ)-ਬੁੱਧਵਾਰ ਸਵੇਰ ਤੋਂ ਹੋ ਰਹੀ ਬਰਸਾਤ ਨੇ ਜਿੱਥੇ ਸ਼ਹਿਰ ਵਾਸੀਆਂ ਨੂੰ ਅੱਤ ਦੀ ਗਰਮੀ ਤੋਂ ਰਾਹਤ ਦਿਵਾਈ ਉੱਥੇ ਹੀ ਦੂਜੇ ਪਾਸੇ ਬੁੱਧਵਾਰ ਦੀ ਸਵੇਰ ਤੋਂ ਹੋ ਰਹੀ ਬਰਸਾਤ ਦੇ ਚਲਦਿਆਂ ਸ਼ਹਿਰ ਦੇ ਹੇਠਲੇ ਇਲਾਕਿਆਂ ਵਿੱਚ ਬਰਸਾਤੀ ਪਾਣੀ ਜਮ੍ਹਾਂ ਹੋ ਗਿਆ। ਜਿਸ ਦੇ ਚਲਦਿਆਂ ਲੋਕਾਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਸਵੇਰ ਤੋਂ ਹੋ ਰਹੀ ਬਰਸਾਤ ਕਾਰਨ ਸ਼ਹਿਰ ਦਾ ਮੁੱਖ ਕਮਲ ਚੌਕ, ਸਵਾਮੀ ਨਾਰਾਇਣ ਚੌਕ, ਕੁੱਕੜ ਚੌਕ, ਪੁਰਾਣੀ ਸਬਜ਼ੀ ਮੰਡੀ ਰੋਡ, ਪੁਰਾਣੀ ਦਾਣਾ ਮੰਡੀ ਵਿੱਚ ਬਰਸਾਤੀ ਪਾਣੀ ਜਮ੍ਹਾਂ ਹੋ ਗਿਆ ਜਿਸ ਦੇ ਚਲਦਿਆਂ ਪੁਰਾਣੀ ਦਾਣਾ ਮੰਡੀ ਦੇ ਵਪਾਰੀਆਂ ਅਤੇ ਸ਼ਹਿਰ ਦੇ ਮੁੱਖ ਚੌਕ ਵਿੱਚ ਦੁਕਾਨਦਾਰਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਅਤੇ ਕਈ ਦੁਕਾਨਦਾਰ ਤਾਂ ਬਰਸਾਤੀ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਆਪਣੀਆਂ ਦੁਕਾਨਾਂ ਦੇ ਸ਼ਟਰ ਥੱਲੇ ਸੁੱਟ ਘਰਾਂ ਵੱਲ ਪਰਤਦੇ ਗਏ। ਆਪਣਾ ਦੁਕਾਨਦਾਰਾਂ ਕਿਹਾ ਕਿ ਹਲਕਾ ਜਗਰਾਉਂ ਵਿਧਾਇਕਾ ਬੀਬੀ ਸਰਬਜੀਤ ਕੌਰ ਮਾਣੂਕੇ, ਨਗਰ ਕੌਂਸਲ ਪ੍ਰਧਾਨ ਅਤੇ ਅਧਿਕਾਰੀਆਂ ਵੱਲੋਂ ਵੱਡੇ-ਵੱਡੇ ਦਾਅਵੇ ਕੀਤੇ ਜਾਂਦੇ ਹਨ ਕਿ ਇਸ ਸਾਲ ਸ਼ਹਿਰ ਵਾਸੀਆਂ ਨੂੰ ਬਰਸਾਤੀ ਪਾਣੀ ਦੀ ਨਿਕਾਸੀ ਦੀ ਸਮੱਸਿਆ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ ਪਰ ਜਿਵੇਂ ਹੀ ਬਰਸਾਤ ਪੈਂਦੀ ਹੈ ਤਾਂ ਇਨ੍ਹਾਂ ਵੱਲੋਂ ਕੀਤੇ ਗਏ ਸਾਰੇ ਦਾਅਵੇ ਅਤੇ ਵਾਅਦੇ ਖੋਖਲੇ ਸਾਬਤ ਹੁੰਦੇ ਸਾਫ ਦਿਖਾਈ ਦਿੰਦੇ ਹਨ। ਜਿਸ ਦੀ ਤਾਜ਼ਾ ਮਿਸਾਲ ਅੱਜ ਬੁੱਧਵਾਰ ਦੀ ਸਵੇਰ ਤੋਂ ਹੋ ਰਹੀ ਬਰਸਾਤ ਦੇ ਚਲਦਿਆਂ ਸ਼ਹਿਰ ਦੇ ਮੁੱਖ ਬਜ਼ਾਰਾਂ ਵਿੱਚ ਇਕੱਠਾ ਹੋਇਆ ਬਰਸਾਤੀ ਪਾਣੀ ਹੈ।

## ਪ੍ਰਸ਼ਾਸਨਕ ਅਧਿਕਾਰੀਆਂ ਨੇ ਇਨਸਾਫ ਨਾ ਦਿੱਤਾ ਤਾਂ ਸੰਘਰਸ਼ ਕੀਤਾ ਜਾਵੇਗਾ : ਆਗੂ



ਨਾਭਾ (ਵਰਿੰਦਰ ਵਰਮਾ)-ਪਿਛਲੇ ਦਿਨੀਂ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਰਜਿ. ਏਟਕ ਦੇ ਸੂਬਾ ਪ੍ਰਧਾਨ ਕਸ਼ਮੀਰ ਸਿੰਘ ਗਦਾਈਆ 'ਤੇ ਪਿੰਡ ਸੁੱਖੇਵਾਲ (ਨੇੜੇ ਨਾਭਾ) ਦੇ ਧਰਮਿੰਦਰ ਸਿੰਘ ਵਗੈਰਾ ਵੱਲੋਂ ਪਿੰਡ ਦੇ ਗੁਰੂਘਰ ਵਿੱਚ ਗੁੰਡਾਗਰਦੀ ਅਤੇ ਜਾਤੀ ਵਿਤਕਰੇ ਤਹਿਤ ਕੀਤੇ ਗਏ ਹਮਲੇ ਸੰਬੰਧੀ ਇਨਸਾਫ਼ ਲੈਣ ਲਈ ਹਜ਼ਾਰਾਂ ਮਜ਼ਦੂਰਾਂ ਵੱਲੋਂ ਮਿਤੀ 30 ਜੂਨ ਨੂੰ ਨਾਭਾ ਐਸ ਡੀ ਐਮ ਦਫਤਰ ਅੱਗੇ ਰੋਸ ਧਰਨਾ ਲਗਾ ਕੇ ਇਨਸਾਫ ਲੈਣ ਲਈ ਰੋਸ ਪ੍ਰਦਰਸ਼ਨ ਕੀਤਾ ਗਿਆ ਸੀ।

ਜ਼ਿਕਰਯੋਗ ਹੈ ਕਿ 24 ਜੂਨ ਨੂੰ ਉੱਕਤ ਕਸ਼ਮੀਰ ਸਿੰਘ 'ਤੇ ਹੋਏ ਹਮਲੇ ਵਾਲੇ ਦਿਨ ਦੀ ਦਰਖਾਸਤ ਪੀੜਤ ਕਸ਼ਮੀਰ ਸਿੰਘ ਵੱਲੋਂ ਇਨਸਾਫ ਲੈਣ ਲਈ ਸੰਬੰਧਤ ਥਾਣਾ ਸਦਰ ਨਾਭਾ ਵਿਖੇ ਦਿੱਤੀ ਹੋਈ ਹੈ। ਪ੍ਰਦਰਸ਼ਨ ਸਮੇਂ ਇਨਸਾਫ ਲੈਣ ਲਈ ਬਣੀ ਐਕਸ਼ਨ ਕਮੇਟੀ ਵੱਲੋਂ ਮੁੱਖ ਮੰਤਰੀ ਪੰਜਾਬ ਦੇ ਨਾਂਅ ਐਸ.ਡੀ.ਐਮ ਨਾਭਾ ਰਾਹੀਂ ਇਕ ਮੰਗ ਪੱਤਰ ਦਿੱਤਾ ਗਿਆ ਸੀ। ਜਦੋਂ ਕਿ ਮੰਗ ਪੱਤਰ ਪ੍ਰਾਪਤ ਕਰਨ ਸਮੇਂ ਐਸ.ਡੀ.ਐਮ ਨਾਭਾ ਨੇ ਲੋਕਾਂ ਦੇ ਇਕੱਠ ਵਿੱਚ ਬੋਲ ਕੇ 7 ਦਿਨ ਤੱਕ ਇਨਸਾਫ ਦੇਣ ਦਾ ਵਾਅਦਾ ਕੀਤਾ ਗਿਆ ਸੀ। ਅੱਜ ਜਦੋਂ ਉਕਤ ਦਿੱਤੇ ਮੰਗ ਪੱਤਰ ਦੀ ਜਾਣਕਾਰੀ ਲੈਣ ਲਈ ਉੱਕਤ ਜਬਰ ਵਿਰੋਧੀ ਐਕਸ਼ਨ ਕਮੇਟੀ ਵੱਲੋਂ ਨਾਮਜ਼ਦ ਕੀਤੇ ਇੱਕ ਡੈਪੂਟੇਸ਼ਨ ਵੱਲੋਂ ਸੰਬੰਧਤ ਐਸ.ਡੀ.ਐਮ ਦਫਤਰੋਂ ਇਸ ਸੰਬੰਧੀ ਜਾਣਕਾਰੀ ਲੈਣੀ ਚਾਹੀ ਤਾਂ ਉਸ ਮੌਕੇ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ 30 ਜੂਨ ਨੂੰ ਦਿੱਤਾ ਗਿਆ ਮੰਗ ਪੱਤਰ ਮੁੱਖ ਮੰਤਰੀ ਪੰਜਾਬ ਨੂੰ ਨਾ ਭੇਜ ਕੇ ਸਗੋਂ ਐਸ.ਡੀ.ਐਮ ਦਫਤਰ ਦੇ ਟੇਬਲ ਦਾ ਸ਼ਿੰਗਾਰ ਬਣਿਆ ਪਿਆ ਦੇਖਿਆ। ਉਕਤ ਐਕਸ਼ਨ ਕਮੇਟੀ ਨੇ ਅੱਜ ਪ੍ਰੈਸ ਦੇ ਨਾਂਅ ਇੱਕ ਪ੍ਰੈਸ ਨੋਟ ਜਾਰੀ ਕਰਦਿਆਂ ਕਿਹਾ ਕਿ ਜੇਕਰ ਲੋਕਾਂ ਦੇ ਬੇਹੱਦ ਸੀਰੀਅਸ ਮਸਲਿਆਂ ਵੱਲ ਲੋਕਲ ਨਾਭਾ ਪ੍ਰਸ਼ਾਸਨ ਧਿਆਨ ਨਹੀਂ ਦਿੰਦਾ ਤਾਂ ਲਾਜ਼ਮੀ ਐਕਸ਼ਨ ਕਮੇਟੀ ਨੂੰ ਵੱਡੇ ਸੰਘਰਸ਼ ਦਾ ਸੱਦਾ ਦੇਣ ਲਈ ਮਜਬੂਰ ਹੋਣਾ ਪਵੇਗਾ। ਉਕਤ ਲਿਖਤੀ ਮੰਗ ਪੱਤਰ ਰਾਹੀਂ ਦੱਸਿਆ ਗਿਆ ਸੀ ਕਿ ਕਿਵੇਂ ਪਿੰਡ ਸੁੱਖੇਵਾਲ ਦੇ ਆਮ ਬੰਦੇ ਬੀ ਡੀ ਪੀ ਓ ਨਾਭਾ ਪ੍ਰਸ਼ਾਸਨ ਦੀ ਸ਼ਹਿ 'ਤੇ ਪਿੰਡ ਦੇ ਗੁਰਦੁਆਰੇ ਵਿਚ ਜਾਅਲੀ ਸੋਸ਼ਲ ਆਡਿਟ ਦੇ ਨਾਂਅ ਹੇਠ ਮੇਟ ਬਦਲੀ ਕਰ ਰਹੇ ਸਨ। ਸਾਥੀ ਕਸ਼ਮੀਰ ਸਿੰਘ ਗੁਦਾਈਆ ਦੇ ਜਾਅਲੀ ਕੰਮ ਦਾ ਨੋਟਿਸ ਲੈਣ 'ਤੇ ਸਮਾਜਕ ਆਡਿਟ ਦੌਰਾਨ ਮੇਟ ਨਾ ਬਦਲਣ ਦਾ ਸਵਾਲ ਖੜ੍ਹਾ ਕਰਨ ਤੇ ਉਨ੍ਹਾਂ ਵੱਲੋਂ ਯੋਜਨਾਬੱਧ ਤਰੀਕੇ ਨਾਲ ਕੁੱਟਮਾਰ ਕੀਤੀ ਗਈ ਤੇ ਜਾਤੀਸੂਚਕ ਸ਼ਬਦਾਂ ਰਾਹੀਂ ਗਾਲੀ ਗਲੋਚ ਕੀਤਾ ਗਿਆ। ਜੇਕਰ 7 ਜੁਲਾਈ ਤੱਕ ਪ੍ਰਸ਼ਾਸਨ ਨੇ ਐਕਸ਼ਨ ਕਮੇਟੀ ਵੱਲੋਂ ਭੇਜੇ ਮੰਗ ਪੱਤਰ ਵੱਲ ਠੋਸ ਧਿਆਨ ਦੇ ਕੇ ਇਨਸਾਫ ਨਾ ਦਿੱਤਾ ਤਾਂ ਸੰਬੰਧਤ ਐਕਸ਼ਨ ਕਮੇਟੀ ਵੱਲੋਂ ਅਗਲੀ ਮੀਟਿੰਗ ਕਰਕੇ ਪੰਜਾਬ ਪੱਧਰੀ ਤਿੱਖੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ।

ਇਸ ਮੌਕੇ ਡੈਮੋਕਰੇਟਿਕ ਮਨਰੇਗਾ ਫਰੰਟ ਦੇ ਰਾਜਕੁਮਾਰ ਕਨਸੂਹਾ, ਜਬਰ ਵਿਰੋਧੀ ਸਾਂਝਾ ਮਜ਼ਦੂਰ ਮੋਰਚਾ ਦੇ ਕ੍ਰਿਸ਼ਨ ਸਿੰਘ ਭੜੋ, ਆਈ.ਡੀ.ਪੀ ਦੇ ਗੁਰਮੀਤ ਸਿੰਘ ਥੂਹੀ, ਦਿਹਾਤੀ ਮਜ਼ਦੂਰ ਸਭਾ ਦੇ ਜ਼ਮੀਨ ਪ੍ਰਾਪਤੀ ਸੰਘਰਸ਼ਾਂ ਕਮੇਟੀ ਦੇ ਮੁਕੇਸ਼ ਮਲੌਦ, ਦਿਹਾਤੀ ਮਜ਼ਦੂਰ ਸਭਾ ਦੇ ਗੁਰਮੀਤ ਸਿੰਘ ਕਾਲਾਝਾੜ, ਰਵਿਦਾਸ ਸੇਵਾ ਸੁਸਾਇਟੀ ਨਾਭਾ ਦੇ ਰਾਮਧਨ ਨਾਭਾ, ਮਨਰੇਗਾ (ਸੀਟੂ) ਦੇ ਨਛੱਤਰ ਸਿੰਘ ਗੁਰਦਿੱਤਪੁਰਾ ਆਦਿ ਹਾਜ਼ਰ ਸਨ।

## ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੀ ਜ਼ਿਲ੍ਹਾ ਪੱਧਰੀ ਮੀਟਿੰਗ



ਪਟਿਆਲਾ : ਅੱਜ ਗੁਰਦੁਆਰਾ ਸ੍ਰੀ ਦੁੱਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਦੀ ਜਿਲਾ ਪਟਿਆਲਾ ਦੀ ਮਹੀਨਾਵਾਰ ਮੀਟਿੰਗ ਸੂਬਾ ਪ੍ਰਧਾਨ ਡਾ. ਦਰਸ਼ਨ ਪਾਲ ਦੀ ਮੌਜੂਦਗੀ ਵਿੱਚ ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਦਿੱਤੂਪੁਰ ਦੀ ਅਗਵਾਈ ਹੇਠ ਹੋਈ।

ਮੀਟਿੰਗ ਵਿੱਚ ਕਿਸਾਨਾਂ ਦੇ ਵੱਖ ਵੱਖ ਮੁੱਦਿਆਂ 'ਤੇ ਚਰਚਾ ਹੋਈ ਅਤੇ ਪ੍ਰਸ਼ਾਸਨ ਕੋਲ ਲਟਕਦੇ ਮਸਲਿਆਂ ਨੂੰ ਹੱਲ ਕਰਵਾਉਣ ਲਈ ਯੂਨੀਅਨ ਵੱਲੋਂ 18 ਜੁਲਾਈ ਨੂੰ ਡਿਪਟੀ ਕਮਿਸ਼ਨਰ ਪਟਿਆਲਾ ਦੇ ਦਫਤਰ ਦੇ ਅੱਗੇ ਧਰਨਾ ਰੱਖਿਆ ਗਿਆ ਹੈ। ਇਸ ਦੀ ਤਿਆਰੀ ਲਈ ਪਿੰਡਾਂ ਵਿੱਚ ਮੋਟਰਸਾਈਕਲਾਂ 'ਤੇ ਪ੍ਰਦਰਸ਼ਨ ਕੀਤਾ ਜਾਵੇਗਾ। ਅੱਜ ਜ਼ਿਲ੍ਹਾ ਪਟਿਆਲਾ ਦੇ ਖ਼ਜ਼ਾਨਚੀ ਦੇ ਅਹੁਦੇ ਦੀ ਜ਼ਿੰਮੇਵਾਰੀ ਹਰਮੇਲ ਸਿੰਘ ਤੁੰਗਾ ਨੂੰ ਸੌਂਪੀ ਗਈ।

ਹਰਮੇਲ ਸਿੰਘ ਵੱਲੋਂ ਯੂਨੀਅਨ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਇਸ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣਗੇ। ਆਗੂਆਂ ਨੇ ਦੱਸਿਆ ਕਿ ਜੇਕਰ ਪ੍ਰਸ਼ਾਸਨ ਨੇ ਲੋਕਾਂ ਦੇ ਮਸਲਿਆਂ ਦਾ ਹੱਲ ਨਾ ਕੀਤਾ ਤਾਂ ਧਰਨੇ ਨੂੰ ਜਾਰੀ ਰੱਖਿਆ ਜਾ ਸਕਦਾ ਹੈ।

ਇਸ ਮੌਕੇ ਸੁਖਵਿੰਦਰ ਸਿੰਘ ਤੁੱਲੇਵਾਲ, ਨਿਸ਼ਾਨ ਸਿੰਘ ਧਰਮਹੇੜੀ, ਜਰਨੈਲ ਸਿੰਘ ਪੰਜੋਲਾ, ਸੁਖਵਿੰਦਰ ਸਿੰਘ ਲਾਲੀ, ਲਖਵਿੰਦਰ ਸਿੰਘ ਬਲਬੇੜਾ, ਅਵਤਾਰ ਸਿੰਘ ਕੌਰਜੀਵਾਲਾ ਜ਼ਿਲ੍ਹਾ ਸਕੱਤਰ, ਸੁਖਵਿੰਦਰ ਸਿੰਘ ਫਤਿਹਮਾਜਰੀ, ਸਰਦੂਲ ਬੁੱਧਮੋਰ, ਰਣਜੀਤ ਸਿੰਘ ਜਾਫਰਪੁਰ, ਗੁਰਮੇਲ ਸਿੰਘ ਚਰਾਸੋ, ਸ਼ਿੰਗਾਰਾ ਸਿੰਘ ਡਕਾਲਾ, ਨਿਰਮਲ ਸਿੰਘ ਲਚਕਾਣੀ, ਸਾਧਾ ਸਿੰਘ ਕਰਹਾਲੀ ਸਾਹਿਬ, ਜਤਿੰਦਰ ਸਿੰਘ ਅਸਾਮਪੁਰ, ਸਰਦੂਲ ਸਿੰਘ, ਜਰਨੈਲ ਡੰਡੋਆ, ਜਗਜੀਤ ਸਿੰਘ ਪਹਾੜਪੁਰ, ਹਰਜੀਤ ਸਿੰਘ ਕਕਰਾਲਾ ਸੀਨੀਅਰ ਮੀਤ ਪ੍ਰਧਾਨ, ਸੁਰਜੀਤ ਸਿੰਘ ਚਤੈਰਾ, ਬਲਬੀਰ ਸਿੰਘ ਮਵੀ ਸੱਪਾਂ ਪ੍ਰੈਸ ਸਕੱਤਰ ਸਮਾਣਾ, ਅਵਤਾਰ ਸਿੰਘ ਅਸਰਪੁਰ, ਮਨਜੀਤ ਕੌਰ ਤੇ ਜਸਵੀਰ ਕੌਰ ਆਗੂ ਇਸਤਰੀ ਵਿੰਗ ਤੇ ਹੋਰ ਆਗੂ ਕਿਸਾਨ ਹਾਜ਼ਰ ਸਨ।


### ਉੱਤਰ ਰੇਲਵੇ

G20 · ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

**ਈ-ਨਿਵਿਦਾ ਸੂਚਨਾ**

ਸੀਨੀਅਰ ਮੰਡਲ ਇੰਜੀਨੀਅਰ-ਤੀਜਾ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਟੈਂਡਰ ਬੋਲੀ ਅੰਤਮ ਮਿਤੀ 27.07.2023 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਫਾਰਮ ਦੀ ਬਿਆਨਾ ਰਾਸ਼ੀ ਦੀ ਜਗ੍ਹਾ ਦਾ ਭੁਗਤਾਨ www.ireps.gov.in ਪੋਰਟਲ 'ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ ਕਰੈਡਿਟ ਕਾਰਡ ਆਦਿ ਦੇ ਭੁਗਤਾਨ ਨਾਲ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ |
| ਟੈਂਡਰ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
| 05.07.2023 | 13.07.2023 | 27.07.2023 / 15:00 ਵਜੇ |

| ਲ. ਨ. | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ |
|---|---|---|
| 1. | 119-2023-24-ADEN-II-ASR | ਸਹਾਇਕ ਮੰਡਲ ਇੰਜੀਨੀਅਰ-ਸੈਕਿੰਡ/ਅੰਮ੍ਰਿਤਸਰ ਦੇ ਤਹਿਤ ਸੀਨੀਅਰ ਸੇਕਸ਼ਨ ਇੰਜੀਨੀਅਰ/ਵਰਕਸ/ਬਿਆਸ ਅਤੇ ਸੀਨੀਅਰ ਸੈਕਸ਼ਨ ਸੇਕਸ਼ਨ/ਵਰਕਸ/ਬ੍ਰਾਂਚ ਲਾਈਨ/ਅੰਮ੍ਰਿਤਸਰ ਦੇ ਸੈਕਸ਼ਨ ਵਿਚ ਐਲਐਚਐਸ ਦੀ ਡੀਵਾਟਰਿੰਗ ਦੇ ਕੰਮ ਲਈ। |

| ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
|---|---|---|---|
| 34,99,944,11/- | 70,000/- | 60 ਦਿਨ | 04 ਮਹੀਨੇ |

ਸਮਾਨ ਨੇਚਰ ਦਾ ਕੰਮ : - "ਕੋਈ ਨਹੀਂ।"

ਨੋਟ 1. ਨਿਵਿਦਾ ਪਾਉਣ ਤੋਂ ਪਹਿਲਾਂ, ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸੁਧੀਪੱਤਰ ਦੀ ਜਾਂਚ ਕਰਨਗੇ।

ਨਿਵਿਦਾ ਸੂਚਨਾ ਪੱਤਰ ਨੰ.: 119-2023-24-ADEN-II/ASR ਤਾਰੀਕ : 05.07.2023 2084/23

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਪਾਵਰਕਾਮ ਦੇ ਜੇ ਈਜ਼ ਨੇ ਵੀ ਵਜਾਇਆ ਸੰਘਰਸ਼ ਦਾ ਬਿਗਲ

**ਧੂਰੀ, (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)** -ਅੱਜ ਪੀ.ਐਸ.ਪੀ.ਸੀ.ਐਲ. ਵੰਡ ਮੰਡਲ ਧੂਰੀ ਵਿਖੇ ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰ ਦੀ ਪ੍ਰਧਾਨ ਬਲਵਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੇ ਵੇਰਵੇ ਪ੍ਰੈੱਸ ਨੂੰ ਜਾਰੀ ਕਰਦਿਆਂ ਪ੍ਰਧਾਨ ਬਲਵਿੰਦਰ ਸਿੰਘ ਅਤੇ ਜਨਰਲ ਸਕੱਤਰ ਮਨਪ੍ਰੀਤ ਸਿੰਘ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਜੇ ਈਜ਼ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਪ੍ਰਤੀ ਪਾਵਰਕਾਮ ਮੈਨੇਜਮੈਂਟ ਵੱਲੋਂ ਬਿਲਕੁਲ ਵੀ ਹਾਂ ਪੱਖੀ ਨਜ਼ਰੀਆ ਨਹੀਂ ਰੱਖਿਆ ਜਾ ਰਿਹਾ, ਜਿਸ ਕਰਕੇ ਸਾਰੇ ਪੰਜਾਬ ਦੇ ਜੇ ਈਜ਼ ਸੰਘਰਸ਼ ਦੇ ਰਾਹ 'ਤੇ ਚੱਲਣ ਲਈ ਮਜਬੂਰ ਹਨ। ਮੀਟਿੰਗ ਵਿੱਚ ਜੂਨੀਅਰ ਇੰਜੀਨੀਅਰਾਂ ਨਾਲ ਵਾਪਰ ਰਹੀਆਂ ਘਟਨਾਵਾਂ ਜਿਵੇਂ ਕਿ ਪਠਾਨਕੋਟ ਵਿਖੇ ਯੁਵਰਾਜ ਸਿੰਘ ਜੇ.ਈ. ਉੱਤੇ ਹੋਏ ਜਾਨਲੇਵਾ ਹਮਲੇ ਦੀ ਸਖਤ ਨਿਖੇਧੀ ਕੀਤੀ ਗਈ ਅਤੇ ਇੱਕ ਹੋਰ ਘਟਨਾ ਜਲੰਧਰ ਵਿਖੇ ਆਨ ਡਿਊਟੀ ਜੇ.ਈ. ਹਰੀਸ਼ ਉੱਤੇ ਸੜਿਆ ਟਰਾਂਸਫਾਰਮਰ ਬਦਲੀ ਕਰਨ ਸਮੇਂ ਡਿੱਗਣ ਕਾਰਨ ਆਈ.ਸੀ.ਯੂ. ਵਿੱਚ ਭਰਤੀ ਹੈ। ਇਹ ਸਭ ਹਾਦਸੇ ਮਹਿਕਮੇ ਦੇ ਘਟੀਆ ਪ੍ਰਬੰਧ ਕਾਰਨ ਹੋ ਰਹੇ ਹਨ। ਮੀਟਿੰਗ ਵਿੱਚ ਜੇ ਈਜ਼ ਨੂੰ ਆ ਰਹੀਆਂ ਮੁਸ਼ਕਲਾਂ ਵਿਚਾਰੀਆਂ ਗਈਆਂ ਜੋ ਕਿ ਮੈਨੇਜਮੈਂਟ ਨੂੰ ਕਾਫੀ ਸਮਾਂ ਪਹਿਲਾਂ ਹੀ ਸੌਂਪ ਦਿੱਤੀਆਂ ਗਈਆਂ ਸਨ ਪ੍ਰੰਤੂ ਉਹਨਾਂ ਦਾ ਉੱਚ ਅਧਿਕਾਰੀਆਂ ਵੱਲੋਂ ਕੋਈ ਹੱਲ ਨਹੀਂ ਕੀਤਾ ਗਿਆ ਜਿਹਨਾਂ ਵਿੱਚ ਮੁੱਖ ਮੰਗਾਂ ਜੇ ਈ ਦੀ ਡਿਊਟੀ ਦਾ ਸਮਾਂ ਨਿਰਧਾਰਤ ਕਰਨਾ, ਕਿਸੇ ਘਾਤਕ ਹਾਦਸੇ ਵਿੱਚ ਸਿੱਧਾ ਜੇ ਈ ਤੇ ਐਫ. ਆਈ.ਆਰ ਕਰਨੀ, ਢੋਆ-ਢੁਆਈ ਸਾਧਨ/ਕਰੇਨਾਂ ਦਾ ਨਾ ਹੋਣਾ, ਲਾਈਨਮੈਨਾਂ ਦੀ ਕਮੀ ਆਦਿ, ਸ਼ਾਮਲ ਹਨ। ਉਨ੍ਹਾਂ ਚੇਤਾਵਨੀ ਭਰੇ ਲਹਿਜੇ ਵਿੱਚ ਕਿਹਾ ਕਿ ਸਾਰੇ ਪੰਜਾਬ ਵਿੱਚ ਪੀ.ਐਸ.ਪੀ.ਸੀ.ਐਲ. ਦੇ ਜੇ ਈਜ਼ ਵੱਲੋਂ 6 ਜੁਲਾਈ ਤੋਂ ਸਾਰੇ ਨਵੇਂ ਕੰਮ ਅਤੇ ਨਵੇਂ ਮੀਟਰ ਲਗਾਉਣੇ ਬੰਦ ਕਰ ਦਿੱਤੇ ਜਾਣਗੇ। ਜੇਕਰ ਇਹਨਾਂ ਮੰਗਾਂ ਦਾ ਹੱਲ ਨਾ ਹੋਇਆ ਤਾਂ 14 ਜੁਲਾਈ ਤੋਂ ਇਸ ਦੇ ਨਾਲ-ਨਾਲ ਵਰਕ ਟੂ ਰੂਲ ਤਹਿਤ ਜੇ ਈ ਦੁਆਰਾ ਸਿਰਫ 8 ਘੰਟੇ ਹੀ ਡਿਊਟੀ ਕੀਤੀ ਜਾਵੇਗੀ।

# ਸੂਬਾ ਸਰਕਾਰ ਹਰ ਖੇਤਰ 'ਚ ਬਿਜਲੀ ਦੀ ਨਿਰਵਿਘਨ ਸਪਲਾਈ ਲਈ ਵਚਨਵੱਧ : ਹਰਭਜਨ ਸਿੰਘ

**ਬਠਿੰਡਾ, (ਪਰਵਿੰਦਰ ਜੀਤ ਸਿੰਘ)**- ਪੰਜਾਬ ਸਰਕਾਰ ਕਿਸਾਨਾਂ, ਆਮ ਲੋਕਾਂ ਤੋਂ ਇਲਾਵਾ ਹਰ ਖੇਤਰ 'ਚ ਬਿਜਲੀ ਦੀ ਨਿਰਵਿਘਨ ਸਪਲਾਈ ਦੇਣ ਲਈ ਵਚਨਵੱਧ ਤੇ ਯਤਨਸ਼ੀਲ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ ਨੇ ਬਠਿੰਡਾ ਵਿਖੇ ਕੀਤੇ ਗਏ ਆਪਣੇ ਅਚਨਚੇਤੀ ਦੌਰੇ ਦੌਰਾਨ ਕੀਤਾ। ਇਸ ਮੌਕੇ ਉਨ੍ਹਾਂ ਨਾਲ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ, ਜ਼ਿਲ੍ਹਾ ਪੁਲਸ ਮੁਖੀ ਗੁਲਨੀਤ ਸਿੰਘ ਖੁਰਾਨਾ ਅਤੇ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਅੰਮ੍ਰਿਤ ਲਾਲ ਅਗਰਵਾਲ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਇਸ ਦੌਰਾਨ ਕੈਬਨਿਟ ਮੰਤਰੀ ਹਰਭਜਨ ਸਿੰਘ ਨੇ ਵੈਸਟ ਜ਼ੋਨ ਦਫ਼ਤਰ, ਐਸ ਸੀ ਓ ਐਮ, ਐਸ ਸੀ ਇੰਨਫੋਰਸਮੈਂਟ, ਟੈਕਨੀਕਲ ਆਡਿਟ ਦਫ਼ਤਰ ਦੀ ਅਚਨਚੇਤ ਚੈਕਿੰਗ ਕੀਤੀ। ਇਸ ਮੌਕੇ ਦਫ਼ਤਰ ਦੇ ਸਾਰੇ ਅਧਿਕਾਰੀ ਅਤੇ ਕਰਮਚਾਰੀ ਮੌਕੇ 'ਤੇ ਹਾਜ਼ਰ ਪਾਏ ਗਏ। ਉਨ੍ਹਾਂ ਦਫ਼ਤਰੀ ਕੰਮਾਂ ਨੂੰ ਸੁਚੱਜੇ ਤੇ ਬਾਖੂਬੀ ਢੰਗ ਨਾਲ ਨਿਭਾਉਣ ਤੇ ਅਧਿਕਾਰੀਆਂ ਤੇ ਕਰਮਚਾਰੀਆਂ ਦੀ ਸ਼ਲਾਘਾ ਕੀਤੀ ਅਤੇ ਨਵੇਂ ਭਰਤੀ ਹੋਏ ਕਰਮਚਾਰੀਆਂ ਨੂੰ ਅੱਗੇ ਹੋਰ ਸਖਤ ਮਿਹਨਤ ਕਰਨ ਲਈ ਪ੍ਰੇਰਿਤ ਵੀ ਕੀਤਾ। ਇਸ ਦੌਰਾਨ ਬਿਜਲੀ ਮੰਤਰੀ ਹਰਭਜਨ ਸਿੰਘ ਨੇ ਵੈਸਟ ਜ਼ੋਨ ਬਠਿੰਡਾ ਦੇ ਅਧਿਕਾਰੀਆਂ ਨਾਲ ਬਠਿੰਡਾ ਸਰਕਲ, ਵੈਸਟ ਜ਼ੋਨ ਦੀਆਂ ਮੋਟਰਾਂ ਦੀ ਸਪਲਾਈ ਸੰਬੰਧੀ ਸਮੀਖਿਆ ਮੀਟਿੰਗ ਕੀਤੀ। ਬੈਠਕ ਦੀ ਪ੍ਰਧਾਨਗੀ ਕਰਦਿਆਂ ਹਰਭਜਨ ਸਿੰਘ ਨੇ ਬਿਜਲੀ ਸੰਬੰਧੀ ਚੱਲ ਰਹੇ ਵਿਕਾਸ ਕਾਰਜਾਂ ਤੋਂ ਇਲਾਵਾ ਭਵਿੱਖ 'ਚ ਹੋਣ ਵਾਲੇ ਸਾਰੇ ਕਾਰਜਾਂ ਸੰਬੰਧੀ ਬਾਰੀਕੀ ਨਾਲ ਜਾਣਕਾਰੀ ਹਾਸਲ ਕੀਤੀ। ਇਸ ਮੌਕੇ ਕੈਬਨਿਟ ਮੰਤਰੀ ਨੇ ਸੂਬੇ ਦੇ ਆਮ ਲੋਕਾਂ ਤੇ ਖਾਸ ਕਰਕੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਸੂਬੇ ਵਿੱਚ ਬਿਜਲੀ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਕਿਸੇ ਵੀ ਤਕਨੀਕੀ ਸਮੱਸਿਆ ਨਾਲ ਨਜਿੱਠਣ ਲਈ ਵਿਭਾਗ ਵੱਲੋਂ ਪਹਿਲਾਂ ਹੀ ਬਿਜਲੀ ਦੇ ਬਦਲਵੇਂ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਪ੍ਰਬੰਧਾਂ ਸਦਕਾ ਹੀ ਇਸ ਸਾਲ 15325 ਮੈਗਾਵਾਟ ਬਿਜਲੀ ਦੇ ਰਿਕਾਰਡ ਸਭ ਤੋਂ ਵੱਧ ਮੰਗ ਨੂੰ ਵੀ ਪੂਰਾ ਕੀਤਾ ਗਿਆ। ਇਸ ਦੌਰਾਨ ਮੰਤਰੀ ਹਰਭਜਨ ਸਿੰਘ ਨੇ ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦਾ ਦੌਰਾ ਕਰਕੇ ਜਾਇਜ਼ਾ ਲਿਆ। ਉਨ੍ਹਾਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਆਜ਼ਾਦੀ ਘੁਲਾਟੀਆਂ ਦੀਆਂ ਤਸਵੀਰਾਂ ਨੂੰ ਪ੍ਰਣਾਮ ਕੀਤਾ। ਇਸ ਦੌਰਾਨ ਉਨ੍ਹਾਂ ਲੋਕ ਨਿਰਮਾਣ ਵਿਭਾਗ ਦਫ਼ਤਰ ਦਾ ਦੌਰਾ ਕੀਤਾ। ਉਨ੍ਹਾਂ ਅਧਿਕਾਰੀਆਂ ਪਾਸੋਂ ਜ਼ਿਲ੍ਹੇ ਅੰਦਰ ਚੱਲ ਰਹੇ ਵਿਕਾਸ ਕਾਰਜਾਂ ਬਾਰੇ ਜਾਣਕਾਰੀ ਹਾਸਲ ਕਰਦਿਆਂ ਕਿਹਾ ਕਿ ਚੱਲ ਰਹੇ ਵਿਕਾਸ ਕਾਰਜਾਂ 'ਚ ਤੇਜ਼ੀ ਲਿਆਉਂਦਿਆਂ ਕੰਮਾਂ ਨੂੰ ਜਲਦ ਨੇਪਰੇ ਚਾੜ੍ਹਿਆ ਜਾਵੇ। ਇਸ ਦੌਰਾਨ ਉਨ੍ਹਾਂ ਦਫ਼ਤਰੀ ਰਿਕਾਰਡ ਦੀ ਚੈਕਿੰਗ ਕੀਤੀ। ਇਸ ਮੌਕੇ ਉਨ੍ਹਾਂ ਦਫ਼ਤਰ ਜ਼ਿਲ੍ਹਾ ਯੋਜਨਾ ਕਮੇਟੀ ਵਿਖੇ ਵੀ ਦੌਰਾ ਕੀਤਾ। ਇਸ ਮੌਕੇ ਚੀਫ਼ ਇੰਜੀਨੀਅਰ ਐਚ ਐਸ ਬਿੰਦਰਾ, ਐਸ ਸੀ ਉਪਰੇਸ਼ਨ ਸਰਕਲ ਬਠਿੰਡਾ ਇੰਜੀਨੀਅਰ ਹਰੀਸ਼ ਗੋਠਵਾਲ, ਲੋਕ ਨਿਰਮਾਣ ਵਿਭਾਗ ਦੇ ਨਿਗਰਾਨ ਇੰਜੀਨੀਅਰ ਸੁਰਿੰਦਰ ਕੁਮਾਰ, ਸੀਨੀਅਰ ਕਾਰਜਕਾਰੀ ਇੰਜੀਨੀਅਰ ਸੰਦੀਪ ਕੁਮਾਰ ਗਰਗ, ਕਾਰਜਕਾਰੀ ਇੰਜੀਨੀਅਰ ਆਯੂਸ਼ ਗੋਇਲ ਤੋਂ ਇਲਾਵਾ ਹੋਰ ਅਧਿਕਾਰੀ ਆਦਿ ਹਾਜ਼ਰ ਸਨ।

# ਸਸਪੈਂਡ ਕੀਤੇ ਜੇ ਈ ਦੇ ਹੱਕ 'ਚ ਆਏ ਕੁੰਨਰਾਂ ਦੇ ਲੋਕ



**ਲੌਂਗੋਵਾਲ , (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅਤਰੀ)**-ਨੇੜਲੇ ਪਿੰਡ ਕੁੰਨਰਾਂ ਦੇ ਪੰਚਾਇਤ ਮੈਂਬਰਾਂ ਨੇ ਇਕ ਲਿਖਤੀ ਬਿਆਨ ਰਾਹੀਂ ਦੱਸਿਆ ਕਿ ਜੇ ਈ ਗਿਆਨ ਸਿੰਘ ਸਬ ਡਵੀਜ਼ਨ ਲੌਂਗੋਵਾਲ ਬਾਰੇ ਕੁਝ ਵਿਅਕਤੀ ਯੂਨੀਅਨ ਨਾਲ ਰਲ ਕੇ ਗਲਤ ਪ੍ਰਚਾਰ ਕਰ ਰਹੇ ਹਨ ਤੇ ਰਿਸ਼ਵਤ ਆਦਿ ਦੇ ਦੋਸ਼ ਲਾ ਰਹੇ ਹਨ ਜੋ ਕਿ ਬਿਲਕੁਲ ਝੂਠੇ ਹਨ। ਇਹ ਜੇ ਈ ਬਹੁਤ ਵਧੀਆ ਤੇ ਮਿਹਨਤੀ ਹਨ। ਇਸ ਨੇ ਸਾਡੇ ਖੇਤਾਂ ਨੂੰ ਜਾਂਦੀਆਂ ਬਿਜਲੀ ਦੀਆਂ ਤਾਰਾਂ ਜੋ ਕਿ ਮੁਲਾਜ਼ਮਾਂ ਅਤੇ ਸਾਡੇ ਲਈ ਖਤਰੇ ਦਾ ਘਰ ਸੀ ਉਨ੍ਹਾਂ ਨੂੰ ਨਵੀਂ ਲਾਈਨ ਕੱਢ ਕੇ ਪਿੰਡ ਵਾਲਿਆਂ ਨੂੰ ਬੇਨਤੀ ਕਰ ਕੇ ਕੰਮ ਨੇਪਰੇ ਚਾੜ੍ਹਿਆ ਭਾਵੇਂ ਠੇਕੇਦਾਰ ਕੰਮ ਅੱਧ ਵਿਚਕਾਰ ਛੱਡ ਕੇ ਭੱਜ ਗਿਆ ਸੀ। ਲਗਭਗ ਪਿਛਲੇ ਵੀਹ ਸਾਲਾਂ ਤੋਂ ਇਸ ਲਾਈਨ ਦਾ ਕੰਮ ਅੱਧ ਵਿਚਕਾਰ ਛੱਡਿਆ ਗਿਆ ਸੀ। ਉਹਦਾ ਕੰਮ ਉਕਤ ਜੇ ਈ ਨੇ ਆਪਣੀ ਸੂਝ ਬੂਝ ਨਾਲ ਅਤੇ ਆਪਣੇ ਸਾਥੀਆਂ ਦੀ ਮਦਦ ਨਾਲ ਸਾਰੀ ਲਾਈਨ ਦਾ ਕੰਮ ਨਕਸ਼ੇ ਅਨੁਸਾਰ ਕਰ ਕੇ ਪੂਰਾ ਕੀਤਾ । ਜਿਹੜੇ ਕਿਸਾਨਾਂ ਦਾ ਖੇਤੀਬਾੜੀ ਮੋਟਰ ਕੁਨੈਕਸ਼ਨ ਦਾ ਲੋਡ ਵਾਧਾ ਕੀਤਾ ਹੋਇਆ ਸੀ ਉਨ੍ਹਾਂ ਨੂੰ ਪਿੰਡ ਦੇ ਗੁਰਦੁਆਰਾ ਸਾਹਿਬ ਤੋਂ ਅਨਾਊਂਸਮੈਂਟ ਕਰਵਾ ਕੇ ਆਪ ਘਰ ਘਰ ਜਾ ਕੇ ਲਗਭਗ 300 ਕਿਸਾਨਾਂ ਦੇ ਟਰਾਂਸਫਾਰਮਰ ਵੱਡੇ ਕਰ ਕੇ ਕਿਸਾਨਾਂ ਨੂੰ ਆ ਰਹੀਆਂ ਮੁਸ਼ਕਲਾਂ ਤੋਂ ਰਾਹਤ ਦਿਵਾਉਣ ਦਾ ਕੰਮ ਕੀਤਾ। ਸਾਡੇ ਸਾਰੇ ਪਿੰਡ ਦੀ 24 ਘੰਟੇ ਬਿਜਲੀ ਸਪਲਾਈ ਆਪ ਹਾਜ਼ਰ ਰਹਿ ਕੇ ਬਿਜਲੀ ਮੁਲਾਜ਼ਮਾਂ ਨੂੰ ਨਾਲ ਲੈ ਕੇ ਤੁਰੰਤ ਸਪਲਾਈ ਚਾਲੂ ਕਰਵਾਉਣ ਦਾ ਕੰਮ ਕਰਦੇ ਹਨ। ਅਸੀਂ ਸਾਰੇ ਪਿੰਡ ਵਾਸੀ ਅਤੇ ਸਾਰੀ ਪੰਚਾਇਤ ਪਿੰਡ ਕੁੰਨਰਾਂ ਉਕਤ ਜੇ ਈ ਦੇ ਕੀਤੇ ਕੰਮਾਂ ਤੋਂ ਖੁਸ਼ ਹਾਂ। ਅਸੀਂ ਸਾਰੇ ਚਾਹੁੰਦੇ ਹਾਂ ਕਿ ਇਹਨਾਂ ਦੀ ਬਦਲੀ ਨਹੀਂ ਹੋਣੀ ਚਾਹੀਦੀ। ਕੁਝ ਲੋਕ ਜਿਨ੍ਹਾਂ ਨੇ ਮੋਟਰ ਦਾ ਲੋਡ ਨਹੀਂ ਵਧਾਇਆ ਉਹ ਲੋਕ ਟਰਾਂਸਫਾਰਮਰ ਵੱਡਾ ਕਰਵਾਉਣਾ ਚਾਹੁੰਦੇ ਹਨ ਜੋ ਨਹੀਂ ਹੋ ਸਕਦਾ । ਪੰਚਾਇਤ ਤਾਂ ਕਨੂੰਨਾਂ ਬਾਰੇ ਜਾਣਦੀ ਹੈ ਪ੍ਰੰਤੂ ਕੁਝ ਲੋਕ ਗਲਤ ਪ੍ਰਚਾਰ ਕਰਦੇ ਹਨ । ਸਾਡੀ ਸਮੂਹ ਪੰਚਾਇਤ ਉਕਤ ਜੇ ਈ ਉਤੇ ਕੀਤੀ ਕਾਰਵਾਈ ਦਾ ਵਿਰੋਧ ਕਰਦੀ ਹੈ । ਇਹਨਾਂ ਦੀ ਕੀਤੀ ਬਦਲੀ ਨੂੰ ਤੁਰੰਤ ਰੱਦ ਕੀਤਾ ਜਾਵੇ ਅਤੇ ਬਾਬਾ ਨਿੱਕਾ ਸਿੰਘ ਵੈਲਫੇਅਰ ਕਮੇਟੀ ਰੰਧਾਵਾ ਪੱਤੀ ਲੌਂਗੋਵਾਲ ਦੇ ਮੈਂਬਰਾਂ ਨੇ ਵੀ ਆਪਣੇ ਬਿਆਨ ਵਿੱਚ ਕਿਹਾ ਕਿ ਸਾਡੀ ਕਮੇਟੀ ਦੇ ਪ੍ਰਧਾਨ ਜਗਤਾਰ ਸਿੰਘ ਨੇ ਗੁਰਦੁਆਰਾ ਸਾਹਿਬ ਵਿਖੇ 24 ਘੰਟੇ ਬਿਜਲੀ ਸਪਲਾਈ ਦੀ ਮੰਗ ਕੀਤੀ ਤਾਂ ਉਕਤ ਜੇ ਈ ਨੇ ਸਾਡੀ ਮੰਗ ਨੂੰ ਪੂਰਾ ਕੀਤਾ ਟਰਾਂਸਫਾਰਮਰ ਰੱਖ ਕੇ ਬਿਜਲੀ ਸਪਲਾਈ ਚਾਲੂ ਕਰ ਦਿੱਤੀ। ਉਹਨਾਂ ਦੱਸਿਆ ਕਿ ਖੇਤਾਂ ਵਿਚ ਨੀਵੀਆਂ ਤਾਰਾਂ ਨੂੰ ਠੀਕ ਕਰਨ ਲਈ ਲੱਖਾਂ ਰੁਪਏ ਦਾ ਬਿਜਲੀ ਦਾ ਸਮਾਨ ਕਢਵਾਇਆ ਪਿਆ ਹੈ ਸੋ ਅਸੀਂ ਜੇ ਈ ਗਿਆਨ ਸਿੰਘ ਦੀ ਕੀਤੀ ਬਦਲੀ ਨੂੰ ਤੁਰੰਤ ਰੱਦ ਕਰਨ ਦੀ ਮੰਗ ਕਰਦੇ ਹਾਂ ।

## ਔਰਤ ਤੋਂ ਪਰਸ ਝਪਟਣ ਵਾਲਾ ਪੁਲਸ ਅੜਿੱਕੇ

**ਧੂਰੀ, (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)** -ਥਾਣਾ ਸਿਟੀ ਧੂਰੀ ਦੀ ਪੁਲਸ ਵੱਲੋਂ ਰਾਹ ਤੁਰੀ ਜਾਂਦੀ ਇੱਕ ਔਰਤ ਤੋਂ ਪਰਸ ਖੋਹਣ ਦੇ ਮਾਮਲੇ ਵਿੱਚ ਇੱਕ ਵਿਅਕਤੀ ਖਿਲਾਫ਼ ਮੁੱਕਦਮਾ ਦਰਜ ਕਰਕੇ ਗ੍ਰਿਫਤਾਰ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਥਾਣਾ ਸਿਟੀ ਧੂਰੀ ਦੇ ਮੁਖੀ ਇੰਸਪੈਕਟਰ ਰਮਨਦੀਪ ਸਿੰਘ ਬਾਵਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਿਰਨਜੀਤ ਕੌਰ ਪਿੰਡ ਬਰੜ੍ਹਵਾਲ ਨੇ ਪੁਲਸ ਨੂੰ ਇਤਲਾਹ ਦਿੱਤੀ ਸੀ ਕਿ ਜਦੋਂ ਉਹ ਲੋਹਾ ਬਜ਼ਾਰ ਧੂਰੀ ਵਿਖੇ ਜਾ ਰਹੀ ਸੀ ਤਾਂ ਮੋਟਰਸਾਈਕਲ ਸਵਾਰ ਉਸ ਦਾ ਪਰਸ ਝਪਟ ਕੇ ਫਰਾਰ ਹੋ ਗਿਆ, ਜਿਸ ਵਿੱਚ ਮੋਬਾਇਲ ਅਤੇ 2000 ਰੁਪੈ ਦੀ ਨਕਦੀ ਸੀ। ਉਨ੍ਹਾ ਦੱਸਿਆ ਇਸ ਮਾਮਲੇ ਹੁਸਨਦੀਪ ਸਿੰਘ ਵਾਸੀ ਭੱਦਲਵੱਡ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਪੁੱਛਗਿੱਛ ਕੀਤੀ ਜਾ ਰਹੀ ਹੈ।

## ਬੱਚਿਆਂ ਨੂੰ ਸਟੇਸ਼ਨਰੀ ਤੇ ਰਿਫਰੈਸ਼ਮੈਂਟ ਵੰਡੀ

**ਮਾਛੀਵਾੜਾ ਸਾਹਿਬ ( ਜਗਦੀਸ਼ ਰਾਏ, ਸ਼ੈਂਕੀ ਸ਼ਰਮਾ )** ਸਮਾਜ ਸੇਵੀ ਸਵ. ਨਰਿੰਦਰਪਾਲਜੀਤ ਸਿੰਘ ਦੇ ਜਨਮ ਦਿਨ ਦੀ ਯਾਦ ਵਿੱਚ ਉਨ੍ਹਾਂ ਦੇ ਪਰਵਾਰ ਪਬਲਿਕ ਕਲੀਨਿਕ ਲੈਬੋਰੇਟਰੀ ਅਤੇ ਪੁਲਸ ਜ਼ਿਲ੍ਹਾ ਸਾਂਝ ਕੇਂਦਰ ਖੰਨਾ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਮਾਛੀਵਾੜਾ -1 ਅਤੇ ਸਰਕਾਰੀ ਪ੍ਰਾਇਮਰੀ ਸਕੂਲ, ਬ੍ਰਾਂਚ ਦਸ਼ਮੇਸ਼ ਨਗਰ ਵਿੱਚ 425 ਬੱਚਿਆਂ ਨੂੰ ਸਟੇਸ਼ਨਰੀ ਅਤੇ ਰਿਫਰੈਸ਼ਮੈਂਟ ਵੰਡੀ ਗਈ। ਇਸ ਮੌਕੇ ਸਵ. ਨਰਿੰਦਰਪਾਲਜੀਤ ਸਿੰਘ ਦੀ ਪਤਨੀ ਬਲਦੀਪ ਕੌਰ ਤੇ ਬੇਟੇ ਪਰਮਦੀਪਪਾਲ ਸਿੰਘ ਅਤੇ ਜ਼ਿਲ੍ਹਾ ਪੁਲਸ ਸਾਂਝ ਕੇਂਦਰ ਦੇ ਇੰਚਾਰਜ ਇੰਸਪੈਕਟਰ ਕੁਲਜੀਤ ਸਿੰਘ ਵੱਲੋਂ ਸੰਯੁਕਤ ਰੂਪ ਵਿੱਚ ਬੱਚਿਆਂ ਨੂੰ ਕਾਪੀਆਂ ਕਿਤਾਬਾਂ ਸਟੇਸ਼ਨਰੀ ਅਤੇ ਰਿਫਰੈਸ਼ਮੈਂਟ ਵੰਡੀ ਗਈ। ਮਾਛੀਵਾੜਾ ਸਾਹਿਬ ਸੋਸ਼ਲ ਵੈਲਫੇਅਰ ਸੁਸਾਇਟੀ ਐਨ ਜੀ ਓ (ਰਜਿ) ਦੇ ਪ੍ਰਧਾਨ ਸਮਾਜ ਸੇਵੀ ਸ਼ਿਵ ਕੁਮਾਰ ਸ਼ਿਵਲੀ ਨੇ ਕਿਹਾ ਕਿ ਪਬਲਿਕ ਕਲੀਨਿਕ ਲੈਬੋਰਟਰੀ ਅਤੇ ਸਾਂਝ ਕੇਂਦਰ ਵੱਲੋਂ ਸਵ. ਨਰਿੰਦਰਪਾਲਜੀਤ ਸਿੰਘ ਦੇ ਜਨਮ ਦਿਨ ਦੀ ਯਾਦ ਵਿੱਚ ਇਹੋ ਜਿਹਾ ਉਪਰਾਲਾ ਕਰਨਾ ਬਹੁਤ ਹੀ ਸ਼ਲਾਘਾਯੋਗ ਹੈ। ਉਨ੍ਹਾਂ ਹੋਰਨਾਂ ਲੋਕਾਂ ਨੂੰ ਵੀ ਇਹੋ ਜਿਹੇ ਉਪਰਾਲੇ ਕਰਨ ਦੀ ਅਪੀਲ ਕੀਤੀ ਜਿਸ ਨਾਲ ਕਿਸੇ ਲੋੜਵੰਦ ਦੀ ਮਦਦ ਕੀਤੀ ਜਾ ਸਕੇ। ਇਸ ਮੌਕੇ ਸਮਾਜ ਸੇਵੀ ਸ਼ਿਵ ਕੁਮਾਰ ਸ਼ਿਵਲੀ, ਇੰਸਪੈਕਟਰ ਕੁਲਜੀਤ ਸਿੰਘ ਗਿੱਲ, ਬਲਦੀਪ ਕੌਰ, ਸੈਂਟਰ ਮੁੱਖ ਅਧਿਆਪਕ ਪਰਦੀਪ ਕੁਮਾਰ ਕੁੰਦਰਾ, ਸ਼ਿਵਚਰਨ ਸ਼ਰਮਾ, ਪਰਮਦੀਪਪਾਲ ਸਿੰਘ, ਨਿਧੀ ਸ਼ਰਮਾ, ਜਗਦੀਸ਼ ਚਾਨਣਾ, ਮਿੰਕੂ ਹੰਸ, ਲਵਰੀਸ਼ ਸ਼ਰਮਾ, ਪਰਮਜੀਤ ਕੌਰ ਸੈਣੀ, ਮੀਨਾ ਪਰਾਸ਼ਰ, ਮਨਦੀਪ ਸਿੰਘ, ਸਰਬਜੀਤ ਕੌਰ, ਅਮਨਜੋਤ ਕੌਰ, ਚੰਦਰਕਾਂਤਾ, ਕੁਲਦੀਪ ਕੌਰ, ਰਮੇਸ਼ ਕੁਮਾਰ, ਸੋਨੂੰ ਰਾਣੀ, ਸੁਸ਼ਮਾ ਰਾਣੀ, ਜਸਵੀਰ ਕੌਰ, ਗਗਨਦੀਪ, ਗੁਰਦੀਪ ਕੌਰ, ਪੂਜਾ ਦਾਨੀ ਅਤੇ ਡਾਲੀ ਆਦਿ ਹਾਜ਼ਰ ਸਨ।

## ਜਗੇੜਾ ਰੋਡ ਅਹਿਮਦਗੜ੍ਹ ਵਾਲੇ ਫਾਟਕ ਭਲਕੇ ਤੱਕ ਰਹਿਣਗੇ ਬੰਦ

**ਅਹਿਮਦਗੜ੍ਹ (ਪਵਨ ਗੁਪਤਾ)**- ਸੀਨੀਅਰ ਸੈਕਸ਼ਨ ਇੰਜਨੀਅਰ ਉਤਰ ਰੇਲਵੇ ਧੂਰੀ ਤੋਂ ਪ੍ਰਾਪਤ ਪੱਤਰ ਅਨੁਸਾਰ ਮੰਡੀ ਅਹਿਮਦਗੜ੍ਹ ਦੀ ਜਗੇੜਾ ਰੋਡ ਨੇੜੇ ਗਊਸ਼ਾਲਾ ਦੇ ਫਾਟਕ (ਗੇਟ ਨੰਬਰ 26 ਐਸ ਪੀ ਐਲ) 7 ਜੁਲਾਈ ਤੱਕ ਬੰਦ ਰਹਿਣਗੇ। ਪ੍ਰਾਪਤ ਜਾਣਕਾਰੀ ਅਨੁਸਾਰ ਕੁਝ ਜ਼ਰੂਰੀ ਮੁਰੰਮਤ ਕਾਰਨ ਅਤੇ ਰੇਲ ਗੱਡੀਆਂ ਅਤੇ ਸਵਾਰੀਆਂ ਦੇ ਹਿਤ ਨੂੰ ਧਿਆਨ 'ਚ ਰੱਖਦੇ ਹੋਏ 5 ਜੁਲਾਈ ਸਵੇਰੇ 8 ਵਜੇ ਤੋਂ 7 ਜੁਲਾਈ ਸ਼ਾਮ 6 ਵਜੇ ਤੱਕ ਇਹ ਫਾਟਕ ਬੰਦ ਰਹਿਣਗੇ। ਇਸ ਰਸਤੇ ਤੋਂ ਲੰਘਣ ਵਾਲੇ ਲੋਕ ਆਪਣਾ ਨਵਾਂ ਰੂਟ ਪਲਾਨ ਤਿਆਰ ਕਰਕੇ ਪੋਹੀੜ ਰੋਡ ਜਾਂ ਜੰਡਾਲੀ ਰੋਡ ਰਾਹੀਂ ਸ਼ਹਿਰ ਵਿਚ ਆ ਜਾ ਸਕਦੇ ਹਨ।

## ਸੋਸ਼ਲ ਵੈੱਲਫੇਅਰ ਸੋਸਾਇਟੀ ਵੱਲੋਂ ਖੂਨਦਾਨ ਤੇ ਮੈਡੀਕਲ ਕੈਂਪ

**ਮਾਛੀਵਾੜਾ ਸਾਹਿਬ ( ਜਗਦੀਸ਼ ਰਾਏ, ਸ਼ੈਂਕੀ ਸ਼ਰਮਾ )**- ਸਮਾਜ ਸੇਵੀ ਕਾਰਜਾਂ ਵਿੱਚ ਜੁਟੀ ਸੰਸਥਾ ਮਾਛੀਵਾੜਾ ਸਾਹਿਬ ਸੋਸ਼ਲ ਵੈਲਫੇਅਰ ਸੋਸਾਇਟੀ ਐਨ ਜੀ ਓ (ਰਜਿ:) ਅਤੇ ਪੁਲਸ ਜ਼ਿਲ੍ਹਾ ਸਾਂਝ ਕੇਂਦਰ ਖੰਨਾ ਵੱਲੋਂ ਸਮਾਜ ਸੇਵੀ ਸ਼ਿਵ ਕੁਮਾਰ ਸ਼ਿਵਲੀ ਦੇ ਬੇਟੇ ਐਡਵੋਕੇਟ ਦੀਪਕ ਸ਼ਰਮਾ ਦੇ ਜਨਮ ਦਿਨ ਦੀ ਖੁਸ਼ੀ ਵਿੱਚ ਮਾਛੀਵਾੜਾ ਸਾਹਿਬ ਵਿਖੇ ਖੂਨਦਾਨ ਤੇ ਮੁਫਤ ਮੈਡੀਕਲ ਕੈਂਪ ਲਗਾਇਆ। ਖੂਨਦਾਨ ਅਤੇ ਮੁਫਤ ਮੈਡੀਕਲ ਕੈਂਪ ਦਾ ਉਦਘਾਟਨ ਡਾ. ਜਸਦੇਵ ਸਿੰਘ ਐਸ ਐਮ ਓ ਮਾਛੀਵਾੜਾ ਸਾਹਿਬ ਵੱਲੋਂ ਕੀਤਾ ਗਿਆ। ਇਸ ਕੈਂਪ ਵਿੱਚ ਸਿਵਲ ਬਲੱਡ ਬੈਂਕ ਰੋਪੜ ਦੀ ਟੀਮ ਵੱਲੋਂ ਖੂਨ ਇਕੱਤਰ ਕੀਤਾ ਗਿਆ। ਇਸ ਤੋਂ ਇਲਾਵਾ ਆਈ ਵੀ ਵਾਈ ਹਸਪਤਾਲ ਖੰਨਾ ਦੇ ਡਾਕਟਰਾਂ ਦੀ ਟੀਮ ਵੱਲੋਂ ਮਰੀਜ਼ਾਂ ਦੀ ਮੁਫਤ ਜਾਂਚ ਕੀਤੀ ਗਈ ਤੇ ਉਨ੍ਹਾਂ ਨੂੰ ਮੁਫਤ ਦਵਾਈਆਂ ਦਿੱਤੀਆਂ ਗਈਆਂ। ਸੰਸਥਾ ਦੇ ਪ੍ਰਧਾਨ ਸ਼ਿਵ ਕੁਮਾਰ ਸ਼ਿਵਲੀ ਨੇ ਕਿਹਾ ਕਿ ਬਲੱਡ ਬੈਂਕ ਵਿੱਚ ਖੂਨ ਦੀ ਬਹੁਤ ਘਾਟ ਹੈ, ਇਸ ਲਈ ਉਨਾਂ ਨੇ ਵੱਧ ਤੋਂ ਵੱਧ ਲੋਕਾਂ ਨੂੰ ਖੂਨਦਾਨ ਕਰਨ ਦੀ ਅਪੀਲ ਕੀਤੀ। ਇਸ ਮੌਕੇ ਸਮਾਜ ਸੇਵੀ ਸ਼ਿਵ ਕੁਮਾਰ ਸ਼ਿਵਲੀ, ਇੰਸਪੈਕਟਰ ਕੁਲਜੀਤ ਸਿੰਘ ਗਿੱਲ, ਇੰਸਪੈਕਟਰ ਵਿਪਨ ਕੁਮਾਰ, ਜਗਦੀਸ਼ ਚਾਨਣਾ, ਮਿੰਕੂ ਹੰਸ, ਨੀਰਜ ਸਿਹਾਲਾ,ਪਰਮਦੀਪਪਾਲ ਸਿੰਘ, ਪਰਮਜੀਤ ਕੌਰ ਸੈਣੀ, ਨਿਧੀ ਸ਼ਰਮਾ, ਅੰਤਰਜੋਤ ਸਿੰਘ, ਜਰਨੈਲ ਸਿੰਘ, ਅੰਮ੍ਰਿਤ ਪੁਰੀ, ਲਾਲੀ ਪਾਮੇ, ਜਗਤਾਰ ਸਿੰਘ ਜੱਸੋਵਾਲ, ਸੁਰਿੰਦਰ ਸਿੰਘ ਆਦਿ ਹਾਜ਼ਰ ਸਨ।

# ਬਾਬਾ ਮੋਤੀ ਰਾਮ ਮਹਿਰਾ ਸਮਾਜ ਵੱਲੋਂ ਚੇਅਰਮੈਨ ਦਾ ਸਨਮਾਨ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** -ਅੱਜ ਇਥੇ ਵੱਖ ਵੱਖ ਜ਼ਿਲ੍ਹਿਆਂ ਤੋਂ ਆਏ ਬਾਬਾ ਮੋਤੀ ਰਾਮ ਮਹਿਰਾ ਸਮਾਜ ਦੇ ਪ੍ਰਮੁੱਖ ਮੈਂਬਰਾਂ ਦੀ ਇਕ ਮੀਟਿੰਗ ਚੇਅਰਮੈਨ ਨਿਰਮਲ ਸਿੰਘ ਐਸ ਐਸ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਸਾਰੇ ਮੈਂਬਰਾਂ ਨੇ ਸਮਾਜ ਦੀ ਤਰੱਕੀ ਲਈ ਵਿਦਵਾਨ ਤੇ ਮਿਹਨਤਕਸ਼ ਪਰਵਾਰਾਂ ਨੂੰ ਨਾਲ ਲੈ ਕੇ ਨਵੀਆਂ ਤਕਨੀਕਾਂ ਦੇ ਅਨੁਕੂਲ ਸਮਾਜ ਨੂੰ ਅੱਗੇ ਲਿਜਾਣ ਲਈ ਸੁਝਾਅ ਪੇਸ਼ ਕੀਤੇ। ਇਸ ਮੌਕੇ ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਦੀ ਸ਼ਹਾਦਤ ਅਤੇ ਸੇਵਾ ਭਾਵਨਾ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਲਈ ਯਤਨ ਤੇਜ਼ ਕਰਨ ਲਈ ਵੀ ਕਿਹਾ ਗਿਆ। ਚੇਅਰਮੈਨ ਨਿਰਮਲ ਸਿੰਘ ਐਸ ਐਸ ਨੇ ਸਮੂਹ ਮੈਂਬਰਾਂ ਨੂੰ ਅਪੀਲ ਕੀਤੀ ਕਿ ਟਰੱਸਟ ਨਾਲ ਵੱਧ ਤੋਂ ਵੱਧ ਮੈਂਬਰ ਬਣਾ ਕੇ ਬਾਬਾ ਜੀ ਦੇ ਪ੍ਰਚਾਰ ਪ੍ਰਸਾਰ ਨੂੰ ਘਰ ਘਰ ਪਹੁੰਚਾਇਆ ਜਾਵੇ ਤਾਂ ਜੋ ਸਾਡੇ ਸਮਾਜ ਦੇ ਲੋਕਾਂ ਵਿੱਚ ਜਾਗਰਿਤੀ ਤੇ ਸਿੱਖੀ ਸੇਵਕੀ ਲਈ ਚਾਨਣ ਹੋ ਸਕੇ। ਚੇਅਰਮੈਨ ਨੇ ਸਮਾਜ ਨੂੰ ਭਰੋਸਾ ਦਿੱਤਾ ਕਿ ਟਰੱਸਟ ਉਨ੍ਹਾਂ ਦੀਆਂ ਉਮੀਦਾਂ 'ਤੇ ਖਰਾ ਉਤਰਨ ਦੀ ਪੂਰੀ ਕੋਸ਼ਿਸ਼ ਕਰੇਗਾ। ਇਸ ਮੌਕੇ ਨਵੇਂ ਬਣੇ ਚੇਅਰਮੈਨ ਨਿਰਮਲ ਸਿੰਘ ਐਸ ਐਸ ਦਾ ਮੈਂਬਰਾਂ ਵੱਲੋਂ ਸਨਮਾਨ ਕੀਤਾ ਗਿਆ ਅਤੇ ਪਿਛਲੇ ਹੋਏ ਵਿਕਾਸ ਕਾਰਜਾਂ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਬਲਦੇਵ ਸਿੰਘ ਦੁਸਾਂਝ, ਰਾਏ ਸਿੰਘ, ਸੁਖਦੇਵ ਸਿੰਘ ਰਾਜ, ਦਰਸਨ ਸਿੰਘ, ਜੈਕਿਸਨ ਕਸ਼ਿਅਪ, ਤਰਵਿੰਦਰ ਸਿੰਘ ਲੁਧਿਆਣਾ, ਗੁਰਦੇਵ ਸਿੰਘ ਨਾਭਾ, ਅਮੀਚੰਦ ਮਾਛੀਵਾੜਾ, ਜਸਪਾਲ ਸਿੰਘ ਕੁਲਦੀ, ਸਰਵਨ ਸਿੰਘ ਬੇਹਾਲ, ਨਿਰਮਲ ਸਿੰਘ ਮੰਨਿਆ, ਬਨਾਰਸੀ ਦਾਸ, ਜੋਗਿੰਦਰਪਾਲ ਸਿੰਘ, ਕਰਮ ਸਿੰਘ ਨਡਿਆਲੀ, ਬਲਜਿੰਦਰ ਕੌਰ ਗੋਬਿੰਦਗੜ੍ਹ, ਮਹਿੰਦਰ ਕੌਰ ਪਟਿਆਲਾ, ਬਲਵਿੰਦਰ ਕੌਰ ਧਨੇਰਾ, ਕੈਪਟਨ ਤਰਸੇਮ ਸਿੰਘ, ਮਹਿੰਦਰ ਸਿੰਘ ਮੋਰਿੰਡਾ, ਰਾਮ ਸਿੰਘ, ਤਰਸੇਮ ਸਿੰਘ, ਹਰਨੇਕ ਸਿੰਘ, ਰਾਜਕੁਮਾਰ ਪਾਤੜਾ, ਗੁਰਮੀਤ ਸਿੰਘ ਮੋਰਿੰਡਾ, ਪਰਮਜੀਤ ਸਿੰਘ, ਮਹਿੰਦਰ ਸਿੰਘ ਖੰਨਾ, ਰਾਜਕੁਮਾਰ, ਗੁਰਚਰਨ ਸਿੰਘ ਧਨੌਲਾ, ਤਾਰਾ ਸਿੰਘ ਈਸੜੂ, ਕੁਲਦੀਪ ਸਿੰਘ ਜੇ ਈ ਸੰਤੋਖ ਸਿੰਘ, ਨਵਤੇਜ ਸਿੰਘ, ਦਰਸਨ ਸਿੰਘ ਪਾਇਲ, ਬਲਦੇਵ ਸਿੰਘ ਲੁਹਾਰਾ, ਨਵਜੋਤ ਸਿੰਘ ਮੈਨੇਜਰ, ਹਰਦੀਪ ਸਿੰਘ ਹੈੱਡ ਗ੍ਰੰਥੀ ਆਦਿ ਤੋਂ ਇਲਾਵਾ ਸਮਾਜ ਦੇ ਹੋਰ ਸੱਜਣ ਵੀ ਹਾਜ਼ਰ ਸਨ।

## ਦਸਮੇਸ਼ ਪਬਲਿਕ ਸਕੂਲ ਫਰੀਦਕੋਟ ਦੇ ਖਿਡਾਰੀਆਂ ਨੇ ਜਿੱਤੇ ਤਮਗੇ

**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਜ਼ਿਲ੍ਹਾ ਰਾਇਫਲ ਸ਼ੂਟਿੰਗ ਐਸੋਸੀਏਸ਼ਨ ਵੱਲੋਂ ਬਾਬਾ ਫਰੀਦ ਪਬਲਿਕ ਸਕੂਲ ਦੀ ਸ਼ੂਟਿੰਗ ਰੇਂਜ ਵਿਖੇ ਜ਼ਿਲ੍ਹਾ ਸ਼ੂਟਿੰਗ ਚੈਂਪੀਅਨਸ਼ਿਪ ਕਰਵਾਈ ਗਈ। ਜਿਸ ਵਿੱਚ ਹਮੇਸ਼ਾ ਦੀ ਤਰ੍ਹਾਂ ਵਿੱਦਿਅਕ ਅਤੇ ਖੇਡ ਖੇਤਰ ਵਿੱਚ ਮੋਹਰੀ ਰਹਿਣ ਵਾਲੀ ਸੰਸਥਾ ਦਸਮੇਸ਼ ਪਬਲਿਕ ਸਕੂਲ ਫਰੀਦਕੋਟ ਦੇ ਖਿਡਾਰੀਆਂ ਨੇ 10 ਮੀਟਰ ਏਅਰ ਪਿਸਟਲ ਦੇ ਵੱਖ-ਵੱਖ ਵਰਗਾਂ ਵਿੱਚ ਭਾਗ ਲੈ ਕੇ ਸੋਨੇ, ਚਾਂਦੀ ਅਤੇ ਕਾਂਸੇ ਦੇ ਤਮਗੇ ਜਿੱਤੇ। ਸਕੂਲ ਦੇ ਪ੍ਰਿੰਸੀਪਲ ਅਪੂਰਵ ਦੇਵਗਨ ਨੇ ਦੱਸਿਆ ਕਿ ਗੁਰਨਿਵਾਜ਼ ਸਿੰਘ ਜਮਾਤ ਬਾਰਵੀਂ ਨੇ ਸੀਨੀਅਰ ਵਰਗ ਵਿੱਚੋਂ ਚਾਂਦੀ ਅਤੇ ਯੂਥ ਵਰਗ ਵਿੱਚੋਂ ਕਾਂਸੇ ਦਾ ਤਮਗਾ ਜਿੱਤਿਆ, ਅਰਮਾਨਦੀਪ ਸਿੰਘ ਜਮਾਤ ਅੱਠਵੀਂ ਨੇ ਵਰਗ ਸਬ-ਜੂਨੀਅਰ ਵਿੱਚੋਂ ਸੋਨੇ, ਯੂਥ ਵਿੱਚੋਂ ਚਾਂਦੀ ਅਤੇ ਜੂਨੀਅਰ ਵਿੱਚੋਂ ਕਾਂਸੇ ਦਾ ਤਮਗਾ ਪ੍ਰਾਪਤ ਕੀਤਾ। ਇਸੇ ਤਰ੍ਹਾਂ ਲਵਪ੍ਰੀਤ ਸਿੰਘ ਜਮਾਤ ਅੱਠਵੀਂ ਨੇ ਵਰਗ ਯੂਥ ਅਤੇ ਅਭੀਰਾਜ ਸਿੰਘ ਸੇਖੋਂ ਨੇ ਵਰਗ ਸਬ-ਯੂਥ ਵਿੱਚੋਂ ਕਾਂਸੇ ਦੇ ਤਮਗੇ ਪ੍ਰਾਪਤ ਕੀਤੇ। ਇਨ੍ਹਾਂ ਜੇਤੂਆਂ ਦਾ ਸਕੂਲ ਪਹੁੰਚਣ 'ਤੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਜਸਬੀਰ ਸਿੰਘ ਸੰਧੂ ਨੇ ਪ੍ਰਿੰਸੀਪਲ, ਬੱਚਿਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਹੋਣ ਵਾਲੀਆਂ ਖੇਡਾਂ ਵਿੱਚ ਵੀ ਇਸੇ ਤਰ੍ਹਾਂ ਮੱਲਾਂ ਮਾਰਨ ਲਈ ਪ੍ਰੇਰਿਤ ਕੀਤਾ। ਇਸ ਸਮੇਂ ਸਕੂਲ ਦੇ ਕੋਆਰਡੀਨੇਟਰ ਰਾਕੇਸ਼ ਧਵਨ, ਗੌਰਵ ਅਰੋੜਾ ਅਤੇ ਸਪੋਰਟਸ ਕੋਆਰਡੀਨੇਟਰ ਮਨਦੀਪ ਸਿੰਘ ਹਾਜ਼ਰ ਸਨ।

# ਤਾਲਮੇਲ ਕਮੇਟੀ ਵੱਲੋਂ ਡਿਪਟੀ ਕਮਿਸ਼ਨਰ ਨਾਲ ਮੁਲਾਕਾਤ ਅੱਜ : ਢੋਸੀਵਾਲ

**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ /ਪੂਜਾ )** ਸਮਾਜ ਦੇ ਭਲੇ ਅਤੇ ਵਿਕਾਸ ਨੂੰ ਸਮਰਪਤ ਪ੍ਰਮੁੱਖ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਵੱਲੋਂ ਸ਼ਹਿਰੀ ਸਮੱਸਿਆਵਾਂ ਨੂੰ ਪ੍ਰਸ਼ਾਸਨ ਦੇ ਧਿਆਨ ਵਿਚ ਲਿਆਉਣ ਹਿੱਤ ਮਿਸ਼ਨ ਪ੍ਰਸ਼ਾਸਨ ਤਾਲਮੇਲ ਕਮੇਟੀ ਅਤੇ ਮਿਸ਼ਨ ਸੇਵਕ ਦੀ ਨਿਯੁਕਤੀ ਕੀਤੀ ਗਈ ਹੈ। ਇਹ ਕਮੇਟੀ ਸਮੇਂ-ਸਮੇਂ 'ਤੇ ਸ਼ਹਿਰ ਦੇ ਆਮ ਲੋਕਾਂ ਦੀਆਂ ਮੁਸ਼ਕਲਾਂ ਨੂੰ ਸਮੇਂ-ਸਮੇਂ 'ਤੇ ਸੰਬੰਧਤ ਅਧਿਕਾਰੀਆਂ ਦੇ ਧਿਆਨ ਵਿਚ ਲਿਆਉਂਦੀ ਹੈ। ਇਸੇ ਲੜੀ ਅਧੀਨ ਮਿਸ਼ਨ ਦੀ ਤਾਲਮੇਲ ਕਮੇਟੀ ਅਤੇ ਸੀਨੀਅਰ ਸਾਥੀਆਂ ਦੇ ਵਫ਼ਦ ਵੱਲੋਂ ਅੱਜ 06 ਜੁਲਾਈ ਵੀਰਵਾਰ ਨੂੰ ਜ਼ਿਲੇ ਦੀ ਡਿਪਟੀ ਕਮਿਸ਼ਨਰ ਡਾ. ਰੂਹੀ ਦੁੱਗ ਨਾਲ ਉਹਨਾਂ ਦੇ ਦਫਤਰ ਵਿਖੇ ਮੁਲਾਕਾਤ ਕੀਤੀ ਜਾਵੇਗੀ।

ਵਫ਼ਦ ਦੀ ਅਗਵਾਈ ਮਿਸ਼ਨ ਮੁਖੀ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਕਰਨਗੇ। ਮੁਲਾਕਾਤ ਦੌਰਾਨ ਸ਼ਹਿਰੀ ਸਮੱਸਿਆਵਾਂ ਬਾਰੇ ਡਿਪਟੀ ਕਮਿਸ਼ਨਰ ਨੇ ਧਿਆਨ ਵਿਚ ਲਿਆ ਕੇ ਉਹਨਾਂ ਦੇ ਹੱਲ ਲਈ ਬੇਨਤੀ ਕੀਤੀ ਜਾਵੇਗੀ। ਅੱਜ ਇਥੇ ਇਹ ਜਾਣਕਾਰੀ ਦਿੰਦੇ ਹੋਏ ਢੋਸੀਵਾਲ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਨਾਲ ਮੁਲਾਕਾਤ ਦੌਰਾਨ ਸ਼ਹਿਰ ਅੰਦਰ ਕਈ ਸੈਂਕੜਿਆਂ ਦੀ ਗਿਣਤੀ ਵਿੱਚ ਚੱਲ ਰਹੇ ਆਟੋ ਰਿਕਸ਼ਾ ਅਤੇ ਈ-ਰਿਕਸ਼ਾ ਚਾਲਕਾਂ ਵੱਲੋਂ ਸਰੇਆਮ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਅਤੇ ਆਮ ਲੋਕਾਂ ਦੇ ਜੀਵਨ ਨਾਲ ਖਿਲਵਾੜ ਦਾ ਮਾਮਲਾ ਮੁੱਖ ਰੂਪ ਵਿਚ ਵਿਚਾਰਿਆ ਜਾਵੇਗਾ। ਇਸ ਤੋਂ ਇਲਾਵਾ ਸਥਾਨਕ ਰੈੱਡ ਕਰਾਸ ਦੀਆਂ ਦੁਕਾਨਾਂ ਦੇ ਕਿਰਾਏਦਾਰਾਂ ਵੱਲੋਂ ਰੈਂਟ ਐਗਰੀਮੈਂਟ ਦੇ ਉਲਟ ਆਮ ਲੋਕਾਂ ਲਈ ਬਣਾਏ ਗਏ ਸਰਕਾਰੀ ਵਰਾਂਡਿਆਂ ਉਪਰ ਨਜਾਇਜ਼ ਕਬਜ਼ੇ, ਗਲਤ ਢੰਗ ਨਾਲ ਕੀਤੀ ਜਾਣ ਵਾਲੀ ਵਾਹਨ ਪਾਰਕਿੰਗ ਅਤੇ ਕਈ ਸਾਲ ਤੋਂ ਗੈਰ ਕਾਨੂੰਨੀ ਢੰਗ ਨਾਲ ਸਥਾਨਕ ਗੁਗਲਾਨੀ ਪਲੇਅ ਵੇਅ ਐਂਡ ਪਬਲਿਕ ਸਕੂਲ ਸੰਚਾਲਕਾਂ ਵਿਰੁੱਧ ਕਾਰਵਾਈ ਦੀ ਮੰਗ ਬਾਰੇ ਡਿਪਟੀ ਕਮਿਸ਼ਨਰ ਨਾਲ ਗੱਲਬਾਤ ਕੀਤੀ ਜਾਵੇਗੀ। ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਕੋਲ ਬਣੇ ਡਾ. ਅੰਬੇਡਕਰ ਪਾਰਕ ਦੀ ਸਹੀ ਸੇਵਾ ਸੰਭਾਲ, ਮੇਨ ਬੱਸ ਸਟੈਂਡ ਕੋਲ ਡਾ. ਅੰਬੇਡਕਰ ਚੌਕ ਦੇ ਪੁਨਰ ਨਿਰਮਾਣ ਅਤੇ ਰੈਡ ਕਰਾਸ ਕੰਪਲੈਕਸ ਅੰਦਰ ਬਣੇ ਯਾਦਗਾਰੀ ਸਤੰਭ ਦੀ ਹਾਲਤ ਸੁਧਾਰਨ ਬਾਰੇ ਵੀ ਚਰਚਾ ਕੀਤੀ ਜਾਵੇਗੀ। ਇਸ ਦੇ ਨਾਲ ਹੀ ਸਥਾਨਕ ਗੁਰੂ ਗੋਬਿੰਦ ਸਿੰਘ ਪਾਰਕ ਕੋਲ ਬੈਠਣ ਅਤੇ ਅਰਾਮ ਕਰਨ ਵਾਲੇ ਮਿਸਤਰੀ ਮਜ਼ਦੂਰਾਂ ਦੀਆਂ ਮੁਸ਼ਕਲਾਂ ਬਾਰੇ ਵੀ ਡਿਪਟੀ ਕਮਿਸ਼ਨਰ ਦੇ ਧਿਆਨ ਵਿੱਚ ਲਿਆਂਦਾ ਜਾਵੇਗਾ। ਉਕਤ ਜਾਣਕਾਰੀ ਦਿੰਦੇ ਹੋਏ ਪ੍ਰਧਾਨ ਢੋਸੀਵਾਲ ਨੇ ਅੱਗੇ ਦੱਸਿਆ ਹੈ ਕਿ ਉਕਤ ਮੁਲਾਕਾਤ ਦੌਰਾਨ ਸਥਾਨਕ ਚੱਕ ਬੀੜ ਸਰਕਾਰ ਰੋਡ ਤੇ ਕਈ ਦਿਨਾਂ ਤੋਂ ਸੀਵਰੇਜ ਦੇ ਓਵਰ ਫਲੋ ਹੋ ਰਹੇ ਗੰਦੇ ਪਾਣੀ, ਸਥਾਨਕ ਸਿਵਲ ਹਸਪਤਾਲ ਦੇ ਨੇੜੇ ਸੀਵਰੇਜ ਦੇ ਭਰੇ ਪਾਣੀ ਅਤੇ ਅਮਨ ਕਲੋਨੀ ਵਿਖੇ ਸੀਵਰੇਜ ਦੇ ਓਵਰ ਫਲੋ ਨਾਲ ਹੋਈ ਦੁਰਦਸ਼ਾ ਬਾਰੇ ਵੀ ਡਿਪਟੀ ਕਮਿਸ਼ਨਰ ਨੂੰ ਜਾਣਕਾਰੀ ਦਿੱਤੀ ਜਾਵੇਗੀ ਅਤੇ ਉਕਤ ਸਾਰੇ ਮਸਲਿਆਂ ਦੇ ਹੱਲ ਲਈ ਮੰਗ ਪੱਤਰ ਵੀ ਦਿੱਤਾ ਜਾਵੇਗਾ। ਪ੍ਰਧਾਨ ਢੋਸੀਵਾਲ ਨੇ ਮਿਸ਼ਨ ਦੀ ਤਾਲਮੇਲ ਕਮੇਟੀ, ਹੋਰ ਸੀਨੀਅਰ ਮੈਂਬਰਾਂ ਅਤੇ ਸਪੈਸ਼ਲ ਇਨਵਾਇਟੀ ਮੈਂਬਰਾਂ ਨੂੰ6 ਜੁਲਾਈ ਵੀਰਵਾਰ ਨੂੰ ਸਵੇਰੇ 11:00 ਵਜੇ ਤੋਂ ਪਹਿਲਾਂ ਡਿਪਟੀ ਕਮਿਸ਼ਨਰ ਦਫਤਰ ਵਿਖੇ ਪਹੁੰਚਣ ਦੀ ਅਪੀਲ ਕੀਤੀ ਹੈ।

# ਰੁਕੇ ਪੁਰਾਣੇ ਕੰਮਾਂ ਨੂੰ ਜਲਦ ਕੀਤਾ ਜਾਵੇਗਾ ਪੂਰਾ : ਕਾਕਾ ਬਰਾੜ



**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ /ਪੂਜਾ)** : ਨਜ਼ਦੀਕੀ ਪਿੰਡ ਫੱਤਣਵਾਲਾ ਦੇ ਸੋਹਣੇਵਾਲਾ ਰਾਹ 'ਤੇ ਪੈਂਦੀ ਗਲੀ ਦੀ ਕਰੀਬ 15 ਸਾਲਾਂ ਬਾਅਦ ਆਖਰਕਾਰ ਸੁਣਵਾਈ ਹੋਈ। ਆਮ ਆਦਮੀ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਅਤੇ ਵਿਧਾਇਕ ਜਗਦੀਪ ਸਿੰਘ 'ਕਾਕਾ ਬਰਾੜ' ਨੇ ਪਹਿਲ ਦੇ ਅਧਾਰ 'ਤੇ ਗਲੀ ਦਾ ਕੰਮ ਮੁਕੰਮਲ ਕਰਵਾਕੇ ਉਸ ਦਾ ਉਦਘਾਟਨ ਕੀਤਾ। ਇਸ ਮੌਕੇ ਆਪਣੇ ਸੰਬੋਧਨ ਦੌਰਾਨ ਵਿਧਾਇਕ ਜਗਦੀਪ ਸਿੰਘ 'ਕਾਕਾ ਬਰਾੜ' ਨੇ ਆਖਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਲੋਕ ਪੱਖੀ ਕੰਮਾਂ ਨੂੰ ਪਹਿਲ ਦੇ ਰਹੀ ਹੈ। ਇਸੇ ਕੜੀ ਤਹਿਤ ਹਲਕਾ ਸ੍ਰੀ ਮੁਕਤਸਰ ਸਾਹਿਬ ਵਿਖੇ ਵੀ ਪੁਰਾਣੇ ਰੁਕੇ ਕੰਮਾਂ ਨੂੰ ਸਿਰੇ ਲਗਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਗਲੀ ਦੀ ਹਾਲਤ ਬਹੁਤ ਬੁਰੀ ਸੀ ਅਤੇ ਪਿਛਲੇ ਕਰੀਬ 15 ਸਾਲਾਂ ਤੋਂ ਲੋਕ ਦਰ ਦਰ ਦੀ ਠੋਕਰਾਂ ਇਸ ਨੂੰ ਬਣਾਉਣ ਲਈ ਖਾ ਰਹੇ ਸਨ ਪ੍ਰੰਤੂ ਉਨ੍ਹਾਂ ਵੱਲੋਂ ਇਸ ਗਲੀ ਨੂੰ ਪਹਿਲ ਦੇ ਅਧਾਰ 'ਤੇ ਬਣਾਇਆ ਗਿਆ। ਜਿਸ ਨਾਲ ਲੋਕਾਂ ਨੂੰ ਵੱਡੀ ਸਹੂਲਤ ਮਿਲੇਗੀ। ਕਾਕਾ ਬਰਾੜ ਨੇ ਪਿੰਡ ਵਾਸੀਆਂ ਨੂੰ ਵਿਸ਼ਵਾਸ ਦੁਆਇਆ ਕਿ ਰਹਿੰਦੇ ਕੰਮ ਵੀ ਜਲਦ ਮੁਕੰਮਲ ਕਰ ਦਿੱਤੇ ਜਾਣਗੇ। ਇਸ ਦੌਰਾਨ ਪਿੰਡ ਵਾਸੀਆਂ ਨੇ ਵਿਧਾਇਕ ਜਗਦੀਪ ਸਿੰਘ 'ਕਾਕਾ ਬਰਾੜ' ਦਾ ਦਿਲੋਂ ਧੰਨਵਾਦ ਕਰਦਿਆਂ ਆਖਿਆ ਕਿ ਇਹ ਪਹਿਲੀ ਵਾਰ ਹੋਇਆ ਜਿਸ ਨੇ ਬਿਨਾਂ ਪੱਖਪਾਤ ਦੇ ਕੰਮ ਕੀਤਾ ਹੋਵੇ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ 15 ਸਾਲ ਨਰਕ ਭੋਗਿਆ ਅਤੇ ਹੁਣ ਉਨ੍ਹਾਂ ਨੂੰ ਰਾਹਤ ਮਿਲੀ ਹੈ। ਇਸ ਮੌਕੇ ਪਿੰਡ ਵਾਸੀ ਪੀ.ਏ.ਡੀ.ਬੀ ਚੇਅਰਮੈਨ ਗੁਰਦਿੱਤਾ ਸਿੰਘ ਸੰਧੂ, ਸੁਖਪਾਲ ਸਿੰਘ ਬਰਾੜ, ਜਸਪਾਲ ਸਿੰਘ ਬਰਾੜ, ਟਰੱਕ ਯੂਨੀਅਨ ਦੇ ਪ੍ਰਧਾਨ ਸੁਖਜਿੰਦਰ ਸਿੰਘ ਬੱਬਲੂ ਬਰਾੜ, ਪਰਮਜੀਤ ਸਿੰਘ ਪੰਮਾ ਨੰਬਰਦਾਰ, ਜਗਦੀਪ ਸਿੰਘ ਢਿੱਲੋਂ, ਇਕਬਾਲ ਸਿੰਘ, ਅਮਰਿੰਦਰ ਸਿੰਘ, ਨਵਦੀਪ ਸਿੰਘ, ਹਰਗੋਪਾਲ ਸਿੰਘ, ਅਕਾਸ਼ਦੀਪ ਬਰਾੜ, ਮਨਜੀਤ ਸਿੰਘ, ਕਰਤਾਰ ਸਿੰਘ, ਅਮਰ ਚੰਦ, ਹਰਪਾਲ ਸਿੰਘ, ਸੈਕਟਰੀ ਧਰਮ ਸਿੰਘ, ਜਸਵਿੰਦਰ ਸਿੰਘ ਭੱਟੀ, ਸੈਕਟਰੀ ਬਿਕਰਮ ਸਿੰਘ, ਇਕਬਾਲ ਸਿੰਘ ਜੇ.ਈ, ਹੈਪੀ ਖਿੱਚੀ ਆਦਿ ਹਾਜ਼ਰ ਸਨ।

# ਸੀਨੀਅਰ ਸੈਕੰਡਰੀ ਸਕੂਲ ਚੱਕ ਨਿਧਾਨਾ 'ਚ ਕਾਨੂੰਨੀ ਸਾਖਰਤਾ 'ਤੇ ਸੈਮੀਨਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**: ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐੱਸ ਏ ਐੱਸ ਨਗਰ ਮੋਹਾਲੀ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਮਿਸ ਏਕਤਾ ਉੱਪਲ, ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਸਹਿਤ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਿਰੋਜ਼ਪੁਰ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਚੱਕ ਨਿਧਾਨਾ ਫਿਰੋਜ਼ਪੁਰ ਵਿਖੇ ਕਾਨੂੰਨੀ ਸਾਖਰਤਾ ਦੇ ਸੰਬੰਧ 'ਚ ਸੈਮੀਨਾਰ ਕੀਤਾ ਗਿਆ। ਇਸ ਸੈਮੀਨਾਰ 'ਚ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਸਹਿਤ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਿਰੋਜ਼ਪੁਰ ਮਿਸ ਏਕਤਾ ਉੱਪਲ ਨੇ ਦੱਸਿਆ ਕਿ ਸਾਡੇ ਦਫ਼ਤਰ ਵੱਲੋਂ ਜ਼ਿਲ੍ਹਾ ਫਿਰੋਜ਼ਪੁਰ ਦੇ ਵੱਖ ਵੱਖ ਸਰਕਾਰੀ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਲੀਗਲ ਲਿਟਰੇਸੀ ਕਲੱਬ ਖੋਲ੍ਹੇ ਗਏ ਹਨ। ਇਨ੍ਹਾਂ ਕਲੱਬਾਂ ਵਿੱਚ ਲੀਗਲ ਲਿਟਰੇਸੀ ਦੇ ਮਕਸਦ ਨਾਲ ਪੜ੍ਹਾਈ ਦੇ ਨਾਲ ਨਾਲ ਵੱਖ ਵੱਖ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ।

ਜਿਨ੍ਹਾਂ ਵਿੱਚ ਪੋਸਟਰ ਮੇਕਿੰਗ, ਭਾਸ਼ਣ ਪ੍ਰਤੀਯੋਗਤਾ, ਸੁੰਦਰ ਲਿਖਾਈ ਮੁਕਾਬਲੇ, ਪੇਂਟਿੰਗ ਮੁਕਾਬਲੇ ਅਤੇ ਹੋਰ ਬਹੁਤ ਸਾਰੀਆਂ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ। ਇਸ ਨਾਲ ਵਿਦਿਆਰਥੀਆਂ ਦੀ ਸ਼ਖਸ਼ੀਅਤ ਵਿੱਚ ਬਹੁਪੱਖੀ ਵਿਕਾਸ ਕਰਨ ਵੱਲ ਵਿਸ਼ੇਸ਼ ਤੌਰ 'ਤੇ ਜ਼ੋਰ ਦਿੱਤਾ ਜਾਂਦਾ ਹੈ। ਇਸ ਮੌਕੇ ਜੱਜ ਨੇ ਦੱਸਿਆ ਕਿ ਜ਼ਿਲ੍ਹਾ ਫਿਰੋਜ਼ਪੁਰ ਦੇ ਸਰਕਾਰੀ ਸਕੂਲਾਂ ਦੇ ਲੀਗਲ ਲਿਟਰੇਸੀ ਕਲੱਬਾਂ ਵੱਲੋਂ ਸਮੇਂ ਸਮੇਂ ਤੇ ਵੱਖ ਵੱਖ ਗਤੀਵਿਧੀਆਂ ਕੀਤੀਆਂ ਜਾਂਦੀਆਂ ਹਨ ਅਤੇ ਮਿਤੀ 9 ਸਤੰਬਰ 2023 ਨੂੰ ਲੱਗਣ ਵਾਲੀ ਕੌਮੀ ਲੋਕ ਅਦਾਲਤ ਬਾਰੇ ਵਿਸਥਾਰ ਸਹਿਤ ਦੱਸਿਆ ਕਿ ਕਿਸ ਤਰ੍ਹਾਂ ਆਮ ਜਨਤਾ ਇਸ ਦਫ਼ਤਰ ਵੱਲੋਂ ਮਿਲਣ ਵਾਲੀਆਂ ਸਹੂਲਤਾਂ ਦਾ ਫਾਇਦਾ ਉਠਾ ਸਕਦੇ ਹਨ।

ਇਸ ਸੈਮੀਨਾਰ 'ਚ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਸਹਿਤ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਮਿਸ ਏਕਤਾ ਉੱਪਲ ਦੱਸਿਆ ਕਿ ਮਾਨਯੋਗ ਨੈਸ਼ਨਲ ਲੀਗਲ ਸਰਵਿਸਜ਼ ਅਥਾਰਟੀ ਵੱਲੋਂ ਕਾਨੂੰਨੀ ਸਾਖਰਤਾ ਦੇ ਸੰਬੰਧ ਵਿੱਚ ਮੁਫ਼ਤ ਕਾਨੂੰਨੀ ਸੇਵਾਵਾਂ, ਵਿਕਟਮ ਕੰਪਨਸੇਸ਼ਨ, ਸਥਾਈ ਲੋਕ ਅਦਾਲਤ ਅਤੇ ਮਿਡੀਏਸ਼ਨ ਸੈਂਟਰ ਬਾਰੇ ਵਿਸਥਾਰ ਸਹਿਤ ਦੱਸਿਆ ਗਿਆ। ਇਸ ਤੋਂ ਇਲਾਵਾ ਦਫ਼ਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਟੋਲ ਫਰੀ ਨੰਬਰ 1968 ਅਤੇ ਲੈਂਡਲਾਈਨ ਨੰਬਰ 01632-235034 ਦਾ ਵੀ ਪ੍ਰਚਾਰ ਕੀਤਾ ਗਿਆ ਅਤੇ ਔਰਤਾਂ ਦੇ ਹੱਕਾਂ ਪ੍ਰਤੀ ਉਨ੍ਹਾਂ ਨੂੰ ਸੁਚੇਤ ਕੀਤਾ ਗਿਆ। ਇਹ ਸੈਮੀਨਾਰ ਇਸ ਸਕੂਲ ਦੇ ਲੀਗਲ ਲਿਟਰੇਸੀ ਕਲੱਬ ਇੰਚਾਰਜ ਰਾਜਦੀਪ ਸਿੰਘ ਵੱਲੋਂ ਕਰਵਾਇਆ ਗਿਆ।

# ਪਰਾਲੀ ਪ੍ਰਬੰਧਨ ਲਈ ਕਿਸਾਨਾਂ ਨੂੰ ਸਬਸਿਡੀ 'ਤੇ 20 ਹਜ਼ਾਰ ਤੋਂ ਵੱਧ ਮਸ਼ੀਨਾਂ : ਖੁੱਡੀਆਂ

**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ /ਪੂਜਾ)**-ਮੁੱਖ ਮੰਤਰੀ ਭਗਵੰਤ ਮਾਨ ਦੀ ਸੂਬੇ 'ਚ ਪਰਾਲੀ ਸਾੜਨ ਦੀ ਸਮੱਸਿਆ ਨਾਲ ਨਜਿੱਠਣ ਲਈ ਬਦਲਵੇਂ ਕਦਮ ਚੁੱਕਣ ਦੀ ਵਚਨਬੱਧਤਾ ਤਹਿਤ ਪੰਜਾਬ ਦੇ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਇਸ ਸਾਲ ਸਬਸਿਡੀ 'ਤੇ 20 ਹਜ਼ਾਰ ਤੋਂ ਵੱਧ ਮਸ਼ੀਨਾਂ ਕਿਸਾਨਾਂ ਨੂੰ ਉਪਲਬਧ ਕਰਵਾਉਣ ਦੀ ਯੋਜਨਾ ਹੈ। ਇਹ ਜਾਣਕਾਰੀ ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਦਿੱਤੀ। ਕੈਬਨਿਟ ਮੰਤਰੀ ਨੇ ਦੱਸਿਆ ਕਿ ਇਸ ਲਈ ਸਰਕਾਰ ਨੇ 350 ਕਰੋੜ ਰੁਪਏ ਦੀ ਕਾਰਜ ਯੋਜਨਾ ਦਾ ਖਰੜਾ ਤਿਆਰ ਕੀਤਾ ਹੈ। ਇਸ ਪਹਿਲ ਤਹਿਤ ਜਿੱਥੇ ਪਰਾਲੀ ਪ੍ਰਬੰਧਨ ਮਸ਼ੀਨਾਂ ਉਤੇ ਸਹਿਕਾਰੀ ਸਭਾਵਾਂ ਤੇ ਹੋਰ ਸਮੂਹ 80 ਫ਼ੀਸਦ ਸਬਸਿਡੀ ਦਾ ਲਾਭ ਲੈ ਸਕਦੇ ਹਨ, ਉਥੇ ਦੂਜੇ ਪਾਸੇ ਵਿਅਕਤੀਗਤ ਕਿਸਾਨਾਂ ਨੂੰ 50 ਫ਼ੀਸਦ ਸਬਸਿਡੀ ਮਿਲ ਸਕੇਗੀ। ਖੁੱਡੀਆਂ ਨੇ ਦੱਸਿਆ ਕਿ ਵਿਭਾਗ ਵੱਲੋਂ ਮੌਜੂਦਾ ਸਾਲ 'ਚ ਵਿਅਕਤੀਗਤ ਕਿਸਾਨਾਂ ਨੂੰ 20,000 ਤੋਂ ਵੱਧ ਮਸ਼ੀਨਾਂ ਸਬਸਿਡੀ ਤੇ ਉਪਲਬਧ ਕਰਵਾਈਆਂ ਜਾਣਗੀਆਂ ਅਤੇ ਇਸ ਦੇ ਨਾਲ ਹੀ 1000 ਕਸਟਮ ਹਾਇਰਿੰਗ ਸੈਂਟਰ ਵੀ ਸਥਾਪਤ ਕੀਤੇ ਜਾਣਗੇ। ਉਨ੍ਹਾ ਕਿਹਾ ਕਿ ਵਿਭਾਗ ਨੇ ਸਾਉਣੀ ਸੀਜ਼ਨ 2023 ਦੌਰਾਨ ਵੱਖ ਵੱਖ ਫਸਲੀ ਰਹਿੰਦ ਖੂੰਹਦ ਪ੍ਰਬੰਧਨ (ਸੀ.ਆਰ.ਐਮ.) ਮਸ਼ੀਨਰੀ 'ਤੇ ਸਬਸਿਡੀ ਲੈਣ ਦੇ ਚਾਹਵਾਨ ਕਿਸਾਨਾਂ, ਸਹਿਕਾਰੀ ਸਭਾਵਾਂ, ਐਫ.ਪੀ.ਓਜ਼ ਅਤੇ ਪੰਚਾਇਤਾਂ ਤੋਂ ਬਿਨੈਪੱਤਰਾਂ ਦੀ ਮੰਗ ਕੀਤੀ ਹੈ। ਇਸ ਸਕੀਮ ਤਹਿਤ ਇਨਸੀਟੂ ਪ੍ਰਬੰਧਨ ਲਈ ਸੁਪਰ ਐਸ.ਐਮ.ਐਸ., ਸੁਪਰ ਸੀਡਰ, ਸਮਾਰਟ ਸੀਡਰ, ਹੈਪੀ ਸੀਡਰ, ਪੈਡੀ ਸਟਰਾਅ ਚੌਪਰ/ਸਰੈਡਰ/ਮਲਚਰ, ਹਾਈਡ੍ਰੋਲਿਕ ਰਿਵਰਸੀਬਲ ਮੋਲਡ ਬੋਰਡ ਪਲੌਅ ਤੇ ਜ਼ੀਰੋ ਟਿੱਲ ਡਰਿੱਲ ਅਤੇ ਐਕਸਸੀਟੂ ਪ੍ਰਬੰਧਨ ਵਿੱਚ ਬੇਲਰ ਅਤੇ ਰੇਕ ਸਬਸਿਡੀ 'ਤੇ ਉਪਲਬਧ ਕਰਵਾਏ ਜਾ ਰਹੇ ਹਨ। ਵਿਅਕਤੀਗਤ ਕਿਸਾਨਾਂ ਲਈ ਉਪਰੋਕਤ ਮਸ਼ੀਨਾਂ ਤੇ ਸਬਸਿਡੀ ਦੀ ਦਰ ਉਪਕਰਣਾਂ ਦੀ ਕੀਮਤ ਦਾ 50 ਫ਼ੀਸਦ ਅਤੇ ਸਹਿਕਾਰੀ ਸਭਾਵਾਂ, ਐਫ.ਪੀ.ਓਜ਼, ਪੰਚਾਇਤਾਂ ਲਈ ਇਸ ਸਕੀਮ ਅਨੁਸਾਰ ਵੱਧ ਤੋਂ ਵੱਧ 80 ਫ਼ੀਸਦ ਤੱਕ ਰੱਖੀ ਗਈ ਹੈ।

ਸੂਬੇ 'ਚ ਫਸਲੀ ਰਹਿੰਦ ਖੂੰਹਦ ਸਾੜਨ ਦੇ ਰੁਝਾਨ ਨੂੰ ਬਿਲਕੁਲ ਖ਼ਤਮ ਕਰਨ ਲਈ ਕਿਸਾਨਾਂ ਨੂੰ ਇਸ ਸਕੀਮ ਦਾ ਵੱਧ ਤੋਂ ਵੱਧ ਲਾਹਾ ਲੈਣ ਦੀ ਅਪੀਲ ਕਰਦਿਆਂ ਖੁੱਡੀਆਂ ਨੇ ਦੱਸਿਆ ਕਿ ਸਬਸਿਡੀ ਪ੍ਰਾਪਤ ਕਰਨ ਲਈ ਵਿਭਾਗ ਦੇ ਪੋਰਟਲ ਉਤੇ ਮਿਤੀ 20 ਜੁਲਾਈ, 2023 ਤੱਕ ਅਪਲਾਈ ਕੀਤਾ ਜਾ ਸਕਦਾ ਹੈ। ਉਨ੍ਹਾ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਇਸ ਸੰਬੰਧੀ ਹੋਰ ਜਾਣਕਾਰੀ ਲਈ ਬਲਾਕ ਖੇਤੀਬਾੜੀ ਦਫਤਰਾਂ ਨਾਲ ਰਾਬਤਾ ਕਰ ਸਕਦੇ ਹਨ।

# ਸੰਧਵਾਂ ਵੱਲੋਂ ਫਿਰੋਜ਼ਪੁਰ ਪੱਟੀ 'ਚ ਮਿਰਚਾਂ ਦੀ ਕਾਸ਼ਤ ਕਰ ਰਹੇ ਕਿਸਾਨਾਂ ਨੂੰ ਸੰਭਵ ਸਹਾਇਤਾ ਦੇਣ ਦਾ ਭਰੋਸਾ



**ਫਰੀਦਕੋਟ (ਐਲਿਗਜੈਂਡਰ ਡਿਸੂਜਾ)** -ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਫਿਰੋਜ਼ਪੁਰ ਪੱਟੀ ਅਤੇ ਸਰਹੱਦੀ ਖੇਤਰ ਵਿੱਚ ਮਿਰਚਾਂ ਦੀ ਕਾਸ਼ਤ ਕਰ ਰਹੇ ਕਿਸਾਨਾਂ ਨੂੰ ਆ ਰਹੀਆਂ ਸਮੱਸਿਆਵਾਂ ਦਾ ਹੱਲ ਤਲਾਸ਼ਣ 'ਤੇ ਜ਼ੋਰ ਦਿੱਤਾ। ਵਿਧਾਨ ਸਭਾ ਸਕੱਤਰੇਤ ਵਿਖੇ ਕਿਸਾਨਾਂ ਅਤੇ ਖੇਤੀਬਾੜੀ ਵਿਭਾਗ, ਪੰਜਾਬ ਮੰਡੀ ਬੋਰਡ, ਪੰਜਾਬ ਐਗਰੋ ਐਕਸਪੋਰਟ ਕਾਰਪੋਰੇਸ਼ਨ ਅਤੇ ਮਾਰਕਫੈਡ ਦੇ ਮਾਹਰਾਂ ਤੇ ਅਧਿਕਾਰੀਆਂ ਨਾਲ ਹੋਈ ਮੀਟਿੰਗ ਦੌਰਾਨ ਸੰਧਵਾਂ ਨੇ ਕਿਹਾ ਕਿ ਫਿਰੋਜ਼ਪੁਰ ਪੱਟੀ ਅਤੇ ਸਰਹੱਦੀ ਖੇਤਰ 'ਚ ਮਿਰਚਾਂ ਦੀ ਕਾਸ਼ਤ ਕਰ ਰਹੇ ਕਿਸਾਨਾਂ ਲਈ ਕੋਲਡ ਸਟੋਰ ਅਤੇ ਮਿਰਚਾਂ ਸੁਕਾਉਣ ਲਈ ਘੱਟ ਲਾਗਤ ਵਾਲੇ ਸੋਲਰ ਡਰਾਇਰ ਸਥਾਪਤ ਕਰਨਾ ਸਮੇਂ ਦੀ ਵੱਡੀ ਲੋੜ ਹੈ ਅਤੇ ਪੰਜਾਬ ਸਰਕਾਰ ਵੱਲੋਂ ਮਿਰਚ-ਕਾਸ਼ਤਕਾਰਾਂ ਦੀਆਂ ਸਮੱਸਿਆਵਾਂ ਦੇ ਨਿਪਟਾਰੇ ਲਈ ਹਰ ਸੰਭਵ ਸਹਿਯੋਗ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਸੰਬੰਧੀ ਇੱਕ ਤਜਵੀਜ਼ ਮਾਰਕਫੈਡ ਅਤੇ ਪੰਜਾਬ ਐਗਰੋ ਵੱਲੋਂ ਤਿਆਰ ਕਰਕੇ ਮੁੱਖ ਮੰਤਰੀ ਪੰਜਾਬ ਨੂੰ ਭੇਜੀ ਜਾਵੇਗੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਮਿਰਚ ਕਾਸ਼ਤਕਾਰਾਂ ਦੀ ਆਮਦਨ ਵਧਾਉਣ, ਚੰਗੇ ਤੇ ਵੱਧ ਝਾੜ ਪੈਦਾ ਕਰਨ ਵਾਲੇ ਬੀਜ ਉਪਲੱਬਧ ਕਰਾਉਣ ਅਤੇ ਪ੍ਰੋਸੈਸਿੰਗ ਤੇ ਵੇਚਣ ਲਈ ਹਰ ਤਕਨੀਕੀ ਸਹਾਇਤਾ ਦੇਣ ਲਈ ਵਚਨਬੱਧ ਹੈ। ਸਪੀਕਰ ਨੇ ਕਿਹਾ ਕਿ ਮਿਰਚ ਕਾਸ਼ਤਕਾਰ ਕਿਸਾਨਾਂ ਦੀ ਚੰਗੀ ਫਸਲ, ਸਮੇਂ ਸਿਰ ਮੰਡੀਕਰਨ ਤੇ ਪ੍ਰੋਸੈਸਿੰਗ ਸੰਬੰਧੀ, ਕਾਸ਼ਤ ਦਾ ਢੁਕਵਾਂ ਮੁੱਲ ਅਤੇ ਮੁਨਾਫ਼ੇ ਦੇ ਸੰਬੰਧ ਵਿੱਚ ਸੂਬਾ ਸਰਕਾਰ ਹਰ ਸੰਭਵ ਮਦਦ ਕਰੇਗੀ। ਉਨ੍ਹਾਂ ਨੇ ਅਧਿਕਾਰੀਆਂ ਨੂੰ ਕਿਹਾ ਕਿ ਫਿਰੋਜ਼ਪੁਰ ਖੇਤਰ 'ਚ ਮਿਰਚਾਂ ਤੋਂ ਇਲਾਵਾ ਹੋਰ ਸਬਜ਼ੀਆਂ ਦੀ ਵੀ ਚੰਗੀ ਪੈਦਾਵਾਰ ਹੁੰਦੀ ਹੈ, ਇਸ ਲਈ ਮਿਰਚ-ਕਾਸ਼ਤਕਾਰੀ ਦੇ ਨਾਲ ਨਾਲ ਹੋਰ ਸਬਜ਼ੀਆਂ ਦੀ ਕਾਸ਼ਤ ਲਈ ਵੀ ਢੁੱਕਵੇਂ ਉਪਰਾਲੇ ਕੀਤੇ ਜਾਣ। ਇਸ ਮੌਕੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਫਿਰੋਜ਼ਪੁਰ ਇਲਾਕੇ ' ਮਿਰਚਾਂ ਦਾ ਵੱਡਾ ਕਾਰੋਬਾਰ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਖੇਤੀਬਾੜੀ ਵਿਭਾਗ ਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਕਿਸਾਨਾਂ ਨੂੰ ਮਿਰਚਾਂ ਦੀ ਕਾਸ਼ਤ, ਪ੍ਰੋਸੈਸਿੰਗ ਅਤੇ ਬਰੈਂਡਿੰਗ ਸੰਬੰਧੀ ਸਿਖਲਾਈ ਦੇਣ ਲਈ ਤਿਆਰ ਹੈ ਤਾਂ ਜੋ ਕਿਸਾਨ ਵੱਧ ਤੋਂ ਵੱਧ ਲਾਭ ਪ੍ਰਾਪਤ ਕਰ ਸਕਣ। ਉਨ੍ਹਾਂ ਕਿਹਾ ਕਿ ਖੇਤੀਬਾੜੀ ਵਿਭਾਗ, ਪੰਜਾਬ ਮੰਡੀ ਬੋਰਡ ਅਤੇ ਪੰਜਾਬ ਐਗਰੋ ਅਤੇ ਮਾਰਕਫੈਡ ਦੇ ਅਧਿਕਾਰੀਆਂ ਦੀ ਇੱਕ ਸਾਂਝੀ ਕਮੇਟੀ ਬਣਾਈ ਜਾਵੇਗੀ, ਜੋ ਮਿਰਚ ਕਾਸ਼ਤਕਾਰਾਂ ਨੂੰ ਉਤਸ਼ਾਹਿਤ ਕਰਨ ਅਤੇ ਹੋਰ ਵੱਖ-ਵੱਖ ਪ੍ਰਬੰਧਾਂ ਬਾਰੇ ਆਪਣੇ ਸੁਝਾਅ ਦੇਵੇਗੀ। ਉਨ੍ਹਾਂ ਕਿਹਾ ਕਿ ਬਿਨਾਂ ਰਸੀਦ ਬੀਜ ਵੇਚਣ ਵਾਲੇ ਵਿਕਰੇਤਾਵਾਂ ਨੂੰ ਸਖ਼ਤੀ ਨਾਲ ਨਜਿੱਠਿਆ ਜਾਵੇਗਾ ਅਤੇ ਮਿਰਚ ਦੇ ਬੀਜ ਨਿਰਧਾਰਤ ਮੁੱਲ 'ਤੇ ਮਿਲਣੇ ਯਕੀਨੀ ਬਣਾਏ ਜਾਣਗੇ। ਇਸ ਮੀਟਿੰਗ ਵਿੱਚ ਵਿਧਾਇਕ ਰਣਬੀਰ ਸਿੰਘ ਭੁੱਲਰ, ਵਿਧਾਇਕ ਰਜਨੀਸ਼ ਕੁਮਾਰ ਦਹੀਆ, ਵਿਧਾਇਕ ਫੌਜਾ ਸਿੰਘ ਸਰਾਰੀ, ਵਿਧਾਇਕ ਨਰੇਸ਼ ਕਟਾਰੀਆ, ਡਾ. ਸਤਬੀਰ ਸਿੰਘ ਗੋਸਲ ਉਪ ਕੁਲਪਤੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਮਹਿੰਦਰ ਸਿੰਘ ਸਿੱਧੂ ਚੇਅਰਮੈਨ ਪਨਸੀਡ, ਮੰਗਲ ਸਿੰਘ ਚੇਅਰਮੈਨ ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਲਿਮਟਿਡ, ਰਾਹੁਲ ਗੁਪਤਾ ਵਧੀਕ ਸਕੱਤਰ ਐਗਰੀ ਤੇ ਐਮ.ਡੀ. ਮਾਰਕਫੈਡ, ਦਲਵਿੰਦਰਜੀਤ ਸਿੰਘ ਵਧੀਕ ਸਕੱਤਰ ਮੰਡੀ ਬੋਰਡ ਤੋਂ ਇਲਾਵਾ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਪੰਜਾਬ ਐਗਰੋ, ਪਨਸੀਡ, ਪੰਜਾਬ ਬਾਗਵਾਨੀ ਵਿਭਾਗ, ਪੰਜਾਬ ਮੰਡੀ ਬੋਰਡ, ਮਾਰਕਫੈਡ ਦੇ ਸੀਨੀਅਰ ਅਧਿਕਾਰੀ, ਡਿਪਟੀ ਕਮਿਸ਼ਨਰ ਫਿਰੋਜ਼ਪੁਰ, ਸੰਯੁਕਤ ਰਜਿਸਟਰਾਰ ਸਹਿਕਾਰੀ ਸਭਾਵਾਂ ਫਿਰੋਜ਼ਪੁਰ ਅਤੇ ਮਿਰਚ ਕਾਸ਼ਤਕਾਰ ਕਿਸਾਨ ਹਾਜ਼ਰ ਸਨ।

# ਕਿਤਾਬਾਂ ਤੇ ਵਰਦੀਆਂ ਦੀ ਵੰਡ ਹੋਈ ਸ਼ੁਰੂ




**ਮਲੋਟ, (ਗੁਰਮੀਤ ਸਿੰਘ ਮੱਕੜ)**: ਪੰਜਾਬ ਸਰਕਾਰ ਵੱਲੋਂ ਰਾਜ ਵਿਚ ਸਿੱਖਿਆ ਸੁਧਾਰਾਂ ਦੀ ਲੜੀ 'ਚ ਕੀਤੇ ਜਾ ਰਹੇ ਉਪਰਾਲਿਆਂ ਦੇ ਸਾਰਥਕ ਨਤੀਜੇ ਨਿਕਲਣ ਲੱਗੇ ਹਨ। ਪਹਿਲੀ ਵਾਰ ਹੋਇਆ ਹੈ ਕਿ ਸੈਸ਼ਨ ਦੇ ਸ਼ੁਰੂਆਤੀ ਦੌਰ 'ਚ ਹੀ ਬੱਚਿਆਂ ਨੂੰ ਵਰਦੀਆਂ ਮਿਲ ਰਹੀਆਂ ਹਨ ਜਦ ਕਿ ਕਿਤਾਬਾਂ ਦੀ ਪਹੁੰਚ ਵਿਦਿਆਰਥੀਆਂ ਤੱਕ ਪਹਿਲਾਂ ਹੀ ਕਰ ਦਿੱਤੀ ਗਈ ਹੈ। ਇਹ ਗੱਲ ਪੰਜਾਬ ਦੇ ਸਮਾਜਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਪਿੰਡ ਰੱਥੜੀਆਂ 'ਚ ਸਰਕਾਰੀ ਪ੍ਰਾਇਮਰੀ ਸਕੂਲ ਦੇ ਵਿਦਿਆਰਥੀਆਂ ਨੂੰ ਵਰਦੀਆਂ ਭੇਟ ਕਰਨ ਮੌਕੇ ਆਖੀ। ਕੈਬਨਿਟ ਮੰਤਰੀ ਨੇ ਕਿਹਾ ਕਿ ਸਰਕਾਰ ਵੱਲੋਂ ਸਰਕਾਰੀ ਸਕੂਲਾਂ 'ਚ ਵਿੱਦਿਆ ਦਾ ਪੱਧਰ ਵਿਸ਼ਵ ਪੱਧਰ ਦਾ ਕਰਨ ਲਈ ਕੋਸ਼ਿਸ਼ਾਂ ਆਰੰਭੀਆਂ ਗਈਆਂ ਹਨ ਤਾਂ ਜੋ ਸਾਡੇ ਸਰਕਾਰੀ ਸਕੂਲਾਂ ਦੇ ਬੱਚਿਆਂ ਨੂੰ ਮਿਆਰੀ ਸਿੱਖਿਆ ਮਿਲ ਸਕੇ ਅਤੇ ਉਹ ਜਦ ਪੜ੍ਹਾਈ ਪੂਰੀ ਕਰਕੇ ਸਮਾਜ ਵਿਚ ਜਾਣ ਤਾਂ ਉਹ ਕਿਸੇ ਤੋਂ ਵੀ ਘੱਟ ਨਾ ਹੋਣ। ਡਾ. ਬਲਜੀਤ ਕੌਰ ਨੇ ਦੱਸਿਆ ਕਿ ਇਸ ਲਈ ਸਰਕਾਰੀ ਸਕੂਲਾਂ 'ਚ ਅਧਿਆਪਕਾਂ ਦੀ ਘਾਟ ਦੂਰ ਕਰਨ ਦੇ ਨਾਲ ਬੁਨਿਆਦੀ ਢਾਂਚੇ 'ਚ ਵੀ ਸੁਧਾਰ ਕੀਤਾ ਜਾ ਰਿਹਾ ਹੈ। ਇਸੇ ਤਰ੍ਹਾਂ ਵਿਦਿਆਰਥੀਆਂ ਨੂੰ ਸਮੇਂ ਸਿਰ ਕਿਤਾਬਾਂ ਅਤੇ ਵਰਦੀਆਂ ਮਿਲਣ ਇਸ ਨੂੰ ਇਸ ਸਾਲ ਤਰਜੀਹੀ ਅਧਾਰ 'ਤੇ ਲਾਗੂ ਕੀਤਾ ਗਿਆ ਹੈ। ਕੈਬਨਿਟ ਮੰਤਰੀ ਨੇ ਦੱਸਿਆ ਕਿ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਵਰਦੀਆਂ ਮੁਹੱਈਆ ਕਰਵਾਉਣ ਲਈ ਸਰਕਾਰ ਵੱਲੋਂ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਵਿਚ ਹੀ 5 ਕਰੋੜ 2 ਲੱਖ 20 ਹਜ਼ਾਰ 400 ਰੁਪਏ ਖਰਚ ਕੀਤੇ ਜਾ ਰਹੇ ਹਨ ਅਤੇ ਇਸ ਨਾਲ 326 ਪ੍ਰਾਇਮਰੀ ਸਕੂਲਾਂ ਦੇ 83688 ਵਿਦਿਆਰਥੀਆਂ ਨੂੰ ਵਰਦੀਆਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾ ਕਿਹਾ ਕਿ ਇਹ ਵਰਦੀਆਂ ਹਰ ਵਰਗ ਦੇ ਵਿਦਿਆਰਥੀਆਂ ਨੂੰ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਐਸਸੀ ਵਿਦਿਆਰਥੀਆਂ ਨੂੰ ਸਮੇਂ ਸਿਰ ਵਜ਼ੀਫਾ ਮਿਲੇ, ਇਸ ਲਈ ਵੀ ਉਨ੍ਹਾ ਦਾ ਵਿਭਾਗ ਲਗਾਤਾਰ ਕੰਮ ਕਰ ਰਿਹਾ ਹੈ ਅਤੇ ਆਨਲਾਈਨ ਪੋਰਟਲ ਤਿਆਰ ਕੀਤਾ ਗਿਆ ਹੈ। ਇਸ ਤੋਂ ਬਾਅਦ ਉਨ੍ਹਾਂ ਨੇ ਪਿੰਡ ਵਿਚ ਇਕ ਗਲੀ ਨੂੰ ਇੰਟਰਲਾਕਿੰਗ ਰਾਹੀਂ ਪੱਕਾ ਕਰਨ ਦੇ ਕੰਮ ਦੀ ਸ਼ੁਰੂਆਤ ਵੀ ਕਰਵਾਈ ਅਤੇ ਪਿੰਡ ਵਾਸੀਆਂ ਨੂੰ ਦੱਸਿਆ ਕਿ ਪਿੰਡ ਦੇ ਵਿਕਾਸ ਸੰਬੰਧੀ ਸਾਰੀਆਂ ਮੰਗਾਂ ਸਰਕਾਰ ਨੇ ਪ੍ਰਵਾਨ ਕਰ ਲਈਆਂ ਹਨ ਅਤੇ ਜਲਦ ਹੀ ਨਿਰਮਾਣ ਕਾਰਜ ਸ਼ੁਰੂ ਕੀਤੇ ਜਾਣਗੇ। ਇਸ ਮੌਕੇ ਉਨ੍ਹਾਂ ਨੇ ਰੱਥੜੀਆਂ ਪਿੰਡ ਦੇ ਲੋਕਾਂ ਦੀਆਂ ਮੁਸ਼ਕਿਲਾਂ ਵੀ ਸੁਣੀਆਂ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫਸਰ ਪ੍ਰਭਜੋਤ ਕੌਰ ਨੇ ਵਿਭਾਗ ਵੱਲੋਂ ਕੈਬਨਿਟ ਮੰਤਰੀ ਦਾ ਇਥੇ ਪ੍ਰੁੱਜਣ 'ਤੇ ਸਵਾਗਤ ਕਰਦਿਆਂ ਕਿਹਾ ਕਿ ਪਹਿਲੀ ਵਾਰ ਹੋਇਆ ਹੈ ਕਿ ਸਰਕਾਰੀ ਸਕੂਲਾਂ ਦੀਆਂ ਚਾਰਦੀਵਾਰੀਆਂ ਲਈ ਗ੍ਰਾਂਟ ਆਈ ਹੈ ਅਤੇ ਲਗਭਗ ਹਰ ਸਕੂਲ 'ਚ ਸਕੂਲ ਦੀ ਜ਼ਰੂਰਤ ਅਨੁਸਾਰ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਫੰਡ ਮੁਹੱਈਆ ਕਰਵਾਏ ਗਏ ਹਨ।

## ਸੇਵਾ ਮੁਕਤ ਕਰਮਚਾਰੀਆਂ ਨਾਲ ਕੀਤਾ ਜਾ ਰਿਹੈ ਮਤਰੇਈ ਮਾਂ ਵਾਲਾ ਸਲੂਕ : ਆਗੂ

**ਮਹਿਲ ਕਲਾਂ, (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਜ਼ ਯੂਨੀਅਨ ਪੰਜਾਬ ਰਜਿ: ਦੀ ਭਰਵੀਂ ਮੀਟਿੰਗ ਮੰਡਲ ਪ੍ਰਧਾਨ ਕੇਵਲ ਸਿੰਘ ਧਾਲੀਵਾਲ ਦੀ ਪ੍ਰਧਾਨਗੀ ਹੇਠ ਮਹਿਲ ਕਲਾਂ ਵਿਖੇ ਹੋਈ । ਇਸ ਮੌਕੇ ਜਥੇਬੰਦੀ ਦੇ ਆਗੂਆਂ ਨੇ ਪੰਜਾਬ ਸਰਕਾਰ ਵੱਲੋਂ ਸੇਵਾਮੁਕਤ ਕਰਮਚਾਰੀਆਂ ਨਾਲ ਕੀਤੇ ਜਾ ਰਹੇ ਮਤਰੇਈ ਮਾਂ ਵਾਲੇ ਸਲੂਕ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਸੂਬਾ ਵਿੱਤ ਸਕੱਤਰ ਸੁਖਜੰਟ ਸਿੰਘ ਬਰਨਾਲਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਆਪਣੀ ਜ਼ਿੰਮੇਵਾਰੀ ਨਿਭਾਉਣ ਦੀ ਬਜਾਏ ਹਰ ਰੋਜ਼ ਮੁਲਾਜ਼ਮ ਮਾਰੂ ਫੈਸਲੇ ਲੈ ਰਹੀ ਹੈ। ਹੁਣ ਪੰਜਾਬ ਸਰਕਾਰ ਵੱਲੋਂ ਸੇਵਾ ਮੁਕਤ ਕਰਮਚਾਰੀਆਂ ਦੀ ਪੈਨਸ਼ਨ ਚੋਂ 200 ਰੁਪਏ ਵਿਕਾਸ ਫੰਡ ਕੱਟਣ ਦਾ ਲਿਆ ਗਿਆ ਫੈਸਲਾ ਸਰਾਸਰ ਗਲਤ ਹੈ, ਜਿਸ ਨਾਲ ਸਮੁੱਚੇ ਸੇਵਾ ਮੁਕਤ ਮੁਲਾਜ਼ਮਾਂ 'ਚ ਰੋਸ ਦੀ ਲਹਿਰ ਹੈ। ਉਨ੍ਹਾਂ ਮੰਗ ਕੀਤੀ ਕਿ ਪੰਜਾਬ ਸਰਕਾਰ ਆਪਣਾ ਇਹ ਮਾਰੂ ਫੈਸਲਾ ਵਾਪਸ ਲਵੇ ਨਹੀਂ ਤਾਂ ਸੰਘਰਸ਼ ਤਿੱਖਾ ਕੀਤਾ ਜਾਵੇਗਾ। ਆਗੂਆਂ ਨੇ ਸੰਗਰੂਰ ਵਿਖੇ ਪੰਜਾਬ ਪੁਲਸ ਵਲੋਂ ਅਧਿਆਪਕਾਂ 'ਤੇ ਬੇਰਹਿਮੀ ਨਾਲ ਕੀਤੇ ਗਏ ਲਾਠੀਚਾਰਜ ਦੀ ਜ਼ੋਰਦਾਰ ਸ਼ਬਦਾਂ 'ਚ ਨਿਖੇਧੀ ਕੀਤੀ। ਇਸ ਮੌਕੇ ਸਾਧੂ ਸਿੰਘ, ਸੁਖਦੇਵ ਸਿੰਘ ਝਲੂਰ, ਦਰਸ਼ਨ ਸਿੰਘ ਜੌਹਲਾਂ, ਦਰਸ਼ਨ ਸਿੰਘ ਕਲਾਲ ਮਾਜਰਾ ਨੇ ਵੀ ਵਿਚਾਰ ਰੱਖੇ।

## ਦਿਆਲਗੜ੍ਹ ਜੇਜੀਆਂ 'ਚ ਸਰਕਾਰ ਦੀ ਅਰਥੀ ਫੂਕੀ

ਦਿੜਬਾ (ਜਸਵੀਰ ਲਾਡੀ)- ਅੱਜ ਦਿੜਬਾ ਦੇ ਪਿੰਡ ਦਿਆਲਗੜ੍ਹ ਜੈਜੀਆਂ ਵਿਖੇ ਪੰਜਾਬ ਸਰਕਾਰ ਦੀ ਅਰਥੀ ਸੂਬਾ ਪ੍ਰਧਾਨ ਕਾਮਰੇਡ ਗੋਬਿੰਦ ਸਿੰਘ ਛਾਜਲੀ ਦੀ ਅਗਵਾਈ ਹੇਠ ਫੂਕੀ ਗਈ ਅਤੇ ਪੰਜਾਬ ਸਰਕਾਰ ਦਾ ਪਿੱਟ ਸਿਆਪਾ ਕਰਦੇ ਹੋਏ ਜਮ ਕੇ ਨਾਅਰੇਬਾਜ਼ੀ ਕੀਤੀ। ਇਸ ਦੌਰਾਨ ਛਾਜਲੀ ਨੇ ਸਰਕਾਰ 'ਤੇ ਤਨਜ਼ ਕੱਸਦਿਆਂ ਕਿਹਾ ਕਿ ਮਾਨ ਸਰਕਾਰ ਗਰੀਬ ਵਿਰੋਧੀ ਸਾਬਤ ਹੋਈ ਹੈ। ਰੋਜ਼ਾਨਾ ਦੀ ਤਾਦਾਦ ਵਿੱਚ ਮਜ਼ਦੂਰਾਂ 'ਤੇ ਧਨਾਢਾਂ ਵੱਲੋਂ ਅੱਤਿਆਚਾਰ ਢਾਹੇ ਜਾ ਰਹੇ ਹਨ ਪਰ ਪੰਜਾਬ ਸਰਕਾਰ ਦੀ ਜ਼ੁਬਾਨ ਬੰਦ ਹੈ ਕਿਉਂਕਿ ਸਰਕਾਰ ਮਜ਼ਦੂਰਾਂ ਨੂੰ ਦੱਬਣਾ ਕੁਚਲਣਾ ਚਾਹੁੰਦੀ ਹੈ। ਜੋ ਲੋਕ ਆਪਣੇ ਹੱਕਾਂ ਲਈ ਸੰਘਰਸ਼ ਕਰਦੇ ਹਨ ਉਨ੍ਹਾਂ 'ਤੇ ਪੰਜਾਬ ਸਰਕਾਰ ਦੀ ਸ਼ਹਿ 'ਤੇ ਲਾਠੀਚਾਰਜ ਕੀਤਾ ਜਾਂਦਾ ਹੈ।

ਇਸ ਮੌਕੇ ਪਾਲੀ ਸਿੰਘ ਦਿਆਲਗੜ੍ਹ, ਗੁਰਲਾਲ ਸਿੰਘ, ਕਾਲਾ ਸਿੰਘ, ਗੱਗ ਸਿੰਘ, ਹਮੀਰ ਸਿੰਘ, ਗੁਰਧਿਆਨ ਸਿੰਘ ਆਦਿ ਹਾਜ਼ਰ ਸਨ।

G20

**ਉੱਤਰ ਰੇਲਵੇ**

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

**ਈ-ਟੈਂਡਰ ਸੂਚਨਾ**

ਸੀਨੀ. ਮੰਡਲ ਵਿਯੁਤ ਇੰਜੀਨੀਅਰ/ਸਾਮਾਨਯ, ਉੱਤਰ ਰੇਲਵੇ ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਈ ਟੈਂਡਰਾ (www.ireps.gov.in) ਮੰਗ ਕੀਤੀ ਜਾਂਦੀ ਹੈ। ਟੈਂਡਰਕਾਰ ਅਪਣੇ ਮੂਲ/ਸੰਸ਼ੋਧਿਤ ਟੈਂਡਰਾ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ।

| ਟੈਂਡਰ ਨੰਬਰ | ਕੰਮਾਂ ਦਾ ਵੇਰਵਾ | ਅਨੁਮਾਨਿਤ ਲਾਗਤ (₹) | ਬਿਆਨਾ ਰਾਸ਼ੀ (₹) | ਕੰਮ ਦਾ ਸਮਾਂ | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਵੇਬਸਾਈਟ |
|---|---|---|---|---|---|---|
| 251-ਵਿਯੁਤ-T-09/2023-24 | ਫਿਰੋਜ਼ਪੁਰ ਮੰਡਲ ਦੇ 57 ਥਾਨਾ/ਚੋਕੀ ਉਤੇ ਵੀਡਿਯੋ ਸਰਵਿਲਾਂਸ ਸਿਸਟਮ (ਵੀਐਸਐਸ) ਦੇ ਲਈ ਬਿਜਲੀ ਦੇ ਕੰਮ ਦਾ ਪ੍ਰਾਵਧਾਨ ਅਤੇ ਹੋਰ ਸਬੰਧਤ ਵਿਯੁਤ ਕੰਮ ਲਈ। | 48,45,539.65 | 96,900.00 | 06 ਮਹੀਨੇ | 27.07.2023 15:00 ਵਜੇ ਦੇ ਬਾਦ | www.ireps.gov.in |
| 251- ਵਿਯੁਤ-T-12/2023-24 | ਜਲੰਧਰ ਕੈਂਟ ਵਿਚ ਡਿਪਟੀ ਸੀਈ/ਡਬਲਯੂਐਸ/ਜੇਆਰਸੀ ਦੇ ਤਹਿਤ ਬ੍ਰਿਜ ਵਰਕ ਸ਼ਾਪ ਦੇ ਆਧੁਨਿਕੀਕਰਣ ਦੇ ਸਬੰਧ ਵਿਚ ਵਿਯੁਤ ਕੰਮ ਲਈ। | 1,91,07,167,02 | 2,45,500.00 | 06 ਮਹੀਨੇ | 27.07.2023 15:00 ਵਜੇ ਦੇ ਬਾਦ | www.ireps.gov.in |

251 ਵਿਯੁਤ-ਟੈਂਡਰ ਨੋਟਿਸ ਨੰ: 08-ਵਿਯੁਤ-2022-23 ਮਿਤੀ : 05.07.2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

2083/23

6-July-PAGE-8.qxd 7/5/2023 10:54 PM Page 1



# ਇਨਕਲੂਸਿਵ ਐਜੂਕੇਸ਼ਨ ਰਿਸੋਰਸ ਅਧਿਆਪਕ ਯੂਨੀਅਨ ਵੱਲੋਂ ਅੱਜ ਤੋਂ ਕੰਮ ਦਾ ਬਾਈਕਾਟ



**ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)**

ਇਨਕਲੂਸਿਵ ਐਜੂਕੇਸ਼ਨ ਰਿਸੋਰਸ ਅਧਿਆਪਕ ਸਾਲ 2005 ਤੋਂ ਸਰਵ ਸਿੱਖਿਆ ਅਭਿਆਨ ਅਥਾਰਟੀ (ਸਮੱਗਰਾ) ਪੰਜਾਬ ਅਧੀਨ ਕੰਮ ਕਰ ਰਹੇ ਹਨ ਜੋ ਕਿ ਦਿਵਿਆਂਗ ਬੱਚਿਆਂ ਨੂੰ ਪੜ੍ਹਾਉਣ ਦਾ ਕੰਮ ਕਰਦੇ ਹਨ। ਇਸ ਸੰਬੰਧੀ ਗੱਲਬਾਤ ਕਰਦਿਆਂ ਬਲਾਕ ਸ੍ਰੀ ਚਮਕੌਰ ਸਾਹਿਬ ਤੋਂ ਵਿਸ਼ੇਸ਼ ਅਧਿਆਪਕ ਆਈ.ਈ.ਆਰ.ਟੀ. ਸੋਨਿਕਾ ਦੱਤਾ,ਕੰਚਨ ਅਤੇ ਅਨੀਸਾ ਨੇ ਭਾਵੁਕ ਹੁੰਦਿਆਂ ਕਿਹਾ ਕਿ ਪਿਛਲੀ ਸਰਕਾਰ ਵੱਲੋਂ 01/04/2018 ਤੋਂ ਸਰਵ ਸਿੱਖਿਆ ਅਭਿਆਨ/ਰਮਸਾ ਅਧੀਨ ਕੰਮ ਕਰਦੇ 8886ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵਿੱਚ ਪੂਰੇ ਗ੍ਰੇਡ ਤੇ ਰੈਗੂਲਰ ਕਰਨ ਦਿੱਤਾ ਗਿਆ ਸੀ,ਪਰ ਇਨਕਲੂਸਿਵ ਐਜੂਕੇਸ਼ਨ ਰਿਸੋਰਸ ਅਧਿਆਪਕਾਂ ਨਾਲ ਸਰਕਾਰ ਵੱਲੋਂ ਵਿਤਕਰਾ ਕਰਦਿਆਂ ਇਨ੍ਹਾਂ ਅਧਿਆਪਕਾਂ ਨੂੰ ਰੈਗੂਲਰ ਨਹੀਂ ਕੀਤਾ ਗਿਆ ਸੀ। ਨਵੀਂ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਪਹਿਲਾਂ ਇਨ੍ਹਾਂ ਪੀੜ੍ਹਤ ਅਧਿਆਪਕਾਂ ਨੂੰ ਆਪਣੀ ਸਰਕਾਰ ਬਣਨ ਤੇ ਰੈਗੂਲਰ ਕਰਨ ਦਾ ਵਾਅਦਾ ਕੀਤਾ ਗਿਆ ਸੀ ਅਤੇ ਸਰਕਾਰ ਬਣਨ ਤੋਂ ਬਾਅਦ ਵਾਅਦੇ ਅਨੁਸਾਰ ਮੰਤਰੀ ਮੰਡਲ ਵੱਲੋਂ ਮਿਤੀ 5ਸਤੰਬਰ 2022 ਨੂੰ ਸਿਖਿਆ ਵਿਭਾਗ ਦੇ ਕੱਚੇ ਕਰਮਚਾਰੀਆਂ ਅਤੇ ਸਰਵ ਸਿੱਖਿਆ ਅਭਿਆਨ ਅਥਾਰਟੀ (ਸਮੱਗਰਾ) ਅਧੀਨ ਕੰਮ ਕਰਦੇ ਕਰਮਚਾਰੀਆਂ ਨੂੰ ਰੈਗੂਲਰ ਕਰਨ ਦਾ ਮਤਾ ਪਾਸ ਕੀਤਾ ਗਿਆ ਸੀ ਅਤੇ ਇਸ ਸੰਬੰਧੀ ਪੰਜਾਬ ਸਰਕਾਰ ਦੇ ਪਰਸੋਨਲ ਵਿਭਾਗ ਵੱਲੋਂ ਮਿਤੀ 7 ਅਕਤੂਬਰ 2022 ਨੂੰ ਪੱਤਰ ਨੰਬਰ 11/07/2022-43/850 ਰਾਹੀਂ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਸੀ। ਉਸ ਉਪਰੰਤ ਇਸ ਸਕੀਮ ਅਧੀਨ ਕੰਮ ਕਰਦੇ ਕਰਮਚਾਰੀਆਂ ਤੋਂ ਆਨ ਲਾਈਨ ਅਰਜੀਆਂ ਲੈਣ ਲਈ ਈ.ਪੰਜਾਬ ਪੋਰਟਲ ਖੋਲਿਆ ਗਿਆ ਸੀ ਜਿਸ ਵਿੱਚ ਸਾਰੇ ਕਰਮਚਾਰੀਆਂ ਵੱਲੋਂ ਡਾਟਾ ਭਰ ਕੇ ਰੈਗੂਲਰ ਹੋਣ ਲਈ ਆਪਣੀ ਸਹਿਮਤੀ ਪ੍ਰਗਟਾਈ ਗਈ ਸੀ ਅਤੇ ਜ਼ਿਲ੍ਹਾ ਪੱਧਰੀ ਕਮੇਟੀ ਵੱਲੋਂ ਇਨ੍ਹਾਂ ਦੀ ਵੈਰੀਫਿਕੇਸ਼ਨ ਵੀ ਕੀਤੀ ਜਾ ਚੁੱਕੀ ਹੈ। ਪਰ ਇਸ ਦੇ ਬਾਵਜੂਦ 10 ਮਹੀਨਿਆਂ ਦਾ ਸਮਾਂ ਬੀਤਣ ਉਪਰੰਤ ਵੀ ਇਨ੍ਹਾਂ ਕਰਮਚਾਰੀਆਂ ਨੂੰ ਰੈਗੂਲਰ ਦੇ ਆਰਡਰ ਨਹੀਂ ਦਿੱਤੇ ਜਾ ਰਹੇ ਅਤੇ ਇਨ੍ਹਾਂ ਕਰਮਚਾਰੀਆਂ ਨੂੰ ਅਣਗੌਲਿਆਂ ਕੀਤਾ ਜਾ ਰਿਹਾ ਹੈ। ਜਿਸ ਦੇ ਰੋਸ ਵਜੋਂ ਇਨਕਲੂਸਿਵ ਐਜੂਕੇਸ਼ਨ ਰਿਸੋਰਸ ਅਧਿਆਪਕ ਯੂਨੀਅਨ ਵੱਲੋਂ 6ਜੁਲਾਈ ਤੋਂ ਸਕੂਲ ਵਿਜਟ,ਹੋਰ ਕੰਮਾਂ ਅਤੇ ਡਾਕ ਦੇਣ ਦਾ ਮੁਕੰਮਲ ਬਾਈਕਾਟ ਕਰਨ ਦਾ ਐਲਾਨ ਕਰਦਿਆਂ ਇਹ ਸਪੱਸ਼ਟ ਕੀਤਾ ਹੈ ਕਿ ਇਸ ਦੌਰਾਨ ਜੇਕਰ ਕਿਸੇ ਵੀ ਤਰ੍ਹਾਂ ਦਾ ਵਿਭਾਗੀ ਨੁਕਸਾਨ ਹੁੰਦਾ ਹੈ ਤਾਂ ਇਸ ਦੀ ਨਿਰੋਲ ਜ਼ਿੰਮੇਵਾਰੀ ਪੰਜਾਬ ਸਰਕਾਰ ਅਤੇ ਵਿਭਾਗ ਦੀ ਹੋਵੇਗੀ। ਇਸ ਮੌਕੇ ਨੀਰਜ ਕੁਮਾਰ,ਰੁਪਿੰਦਰ ਸਿੰਘ ਅਤੇ ਗੁਰਵਿੰਦਰ ਸਿੰਘ ਵੀ ਹਾਜਰ ਸਨ।

# ਉਰਦੂ ਭਾਸ਼ਾ ਦੇ ਮੁਫ਼ਤ ਸਿਖਲਾਈ ਕੋਰਸ ਦੀ ਮਿਤੀ 'ਚ 11 ਤੱਕ ਵਾਧਾ

**ਕਪੂਰਥਲਾ, ( ਰਾਵਿੰਦਰ ਸਿੰਘ)**- ਜ਼ਿਲ੍ਹਾ ਭਾਸ਼ਾ ਅਫ਼ਸਰ ਕਪੂਰਥਲਾ ਸ਼੍ਰੀਮਤੀ ਜਸਪ੍ਰੀਤ ਕੌਰ ਨੇ ਦੱਸਿਆ ਕਿ ਭਾਸ਼ਾ ਵਿਭਾਗ, ਪੰਜਾਬ ਵੱਲੋਂ ਹਰ ਜ਼ਿਲ੍ਹਾ ਸਦਰ ਮੁਕਾਮਾਂ ਰਾਹੀਂ ਉਰਦੂ ਭਾਸ਼ਾ ਦੀ ਸਿਖਲਾਈ ਮੁਫ਼ਤ ਦਿੱਤੀ ਜਾਂਦੀ ਹੈ। ਇਹ ਉਰਦੂ ਭਾਸ਼ਾ ਦੀ ਸਿਖਲਾਈ ਗੁਰੂ ਨਾਨਕ ਜ਼ਿਲ੍ਹਾ ਲਾਇਬ੍ਰੇਰੀ ਨੇੜੇ ਪੁਰਾਣੀ ਕਚਹਿਰੀ ਕਪੂਰਥਲਾ ਵਿਖੇ ਦਿੱਤੀ ਜਾਵੇਗੀ। ਇਹ ਕੋਰਸ ਛੇ ਮਹੀਨੇ ਦਾ ਹੁੰਦਾ ਹੈ। ਪਾਸ ਹੋਣ ਵਾਲੇ ਵਿਦਿਆਰਥੀਆਂ ਨੂੰ ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ ਵਲੋਂ ਸਰਟੀਫਿਕੇਟ ਵੀ ਜਾਰੀ ਕੀਤੇ ਜਾਣਗੇ। ਉਰਦੂ ਸਿਖਲਾਈ ਕੋਰਸ ਵਿੱਚ ਦਾਖਲਾ ਲੈਣ ਦੀ ਮਿਤੀ 03-07-2023 ਤੋਂ ਵਧਾ ਕੇ ਹੁਣ 11-07-2023 ਤੱਕ ਕਰ ਦਿੱਤੀ ਗਈ ਹੈ। ਕਲਾਸ ਦਾ ਸਮਾਂ ਸ਼ਾਮ 05.15 ਤੋਂ 06.15 ਵਜੇ ਤੱਕ ਹੋਵੇਗਾ। ਕਪੂਰਥਲਾ ਜ਼ਿਲ੍ਹੇ ਨਾਲ ਸਬੰਧਤ ਜਿਹੜੇ ਵਿਅਕਤੀ ਉਰਦੂ ਸਿੱਖਣ ਦੇ ਚਾਹਵਾਨ ਹੋਣ, ਉਹ ਮਿਤੀ 11-07-2023 ਤੱਕ ਜ਼ਿਲ੍ਹਾ ਭਾਸ਼ਾ ਦਫ਼ਤਰ, ਕਮਰਾ ਨੰਬਰ 404, ਚੌਥੀ ਮੰਜ਼ਿਲ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, (ਕਾਦੂਪੁਰ) ਕਪੂਰਥਲਾ ਵਿਖੇ ਆਪਣਾ ਨਾਮ ਦਰਜ ਕਰਵਾ ਕੇ ਦਾਖਲਾ ਲੈ ਸਕਦੇ ਹਨ।

# ਪਾਬੰਦੀਸ਼ੁਦਾ ਗੋਲੀਆਂ ਸਣੇ ਨਾਈਜੀਰੀਅਨ ਪੁਲਸ ਅੜਿੱਕੇ

**ਫਗਵਾੜਾ (ਰਮਨ ਸ਼ਰਮਾ)**

ਥਾਣਾ ਸਤਨਾਮਪੁਰਾ ਅਧੀਨ ਆਉਂਦੀ ਚੌਕੀ ਮਹੇੜੂ ਪੁਲਸ ਵੱਲੋਂ ਪਾਬੰਦੀਸ਼ੁਦਾ ਗੋਲੀਆਂ ਸਮੇਤ ਇਕ ਵਿਅਕਤੀ ਨੂੰ ਕਾਬੂ ਕੀਤਾ ਗਿਆ ਹੈ। ਐੱਸ.ਐੱਚ.ਓ.ਰਮਨਦੀਪ ਕੁਮਾਰ ਨੇ ਦੱਸਿਆ ਕਿ ਚੌਕੀ ਇੰਚਾਰਜ ਮਹੇੜੂ ਦਰਸ਼ਨ ਸਿੰਘ ਭੱਟੀ ਸਮੇਤ ਪੁਲਸ ਪਾਰਟੀ ਮਾੜੇ ਅਨਸਰਾਂ ਦੀ ਤਲਾਸ਼ 'ਚ ਪਿੰਡ ਨਾਨਕ ਨਗਰੀ ਤੋਂ ਲਾਅ ਗੇਟ ਵੱਲ ਨੂੰ ਜਾ ਰਹੇ ਸੀ ਕਿ ਜਦ ਪੁਲਸ ਪਾਰਟੀ ਟਿਪਟਾਪ ਪੀ.ਜੀ.ਟਾਵਰ ਤੋਂ ਥੋੜ੍ਹਾ ਪਿੱਛੇ ਪੁੱਜੀ ਤਾਂ ਇਕ ਨੌਜਵਾਨ ਵਿਦੇਸ਼ੀ ਨਾਗਰਿਕ ਟਾਵਰ ਵੱਲੋਂ ਪੈਦਲ ਆਉਂਦਾ ਦਿਖਾਈ ਦਿੱਤਾ ਜੋ ਪੁਲਸ ਪਾਰਟੀ ਨੂੰ ਦੇਖ ਕੇ ਘਬਰਾ ਕੇ ਇਕਦਮ ਪਿੱਛੇ ਨੂੰ ਮੁੜ ਪਿਆ ਅਤੇ ਉਸ ਵੱਲੋਂ ਆਪਣੀ ਪਹਿਨੀ ਹੋਈ ਕਾਲੇ ਰੰਗ ਦੀ ਕੈਪਰੀ ਵਿਚੋਂ ਕਾਲੇ ਰੰਗ ਦਾ ਮੋਮੀ ਲਿਫਾਫਾ ਕੱਢ ਕੇ ਘਾਹ ਫੂਸ ਵਿਚ ਸੁੱਟ ਦਿੱਤਾ । ਇਸ ਨੂੰ ਪੁਲਸ ਪਾਰਟੀ ਵੱਲੋਂ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਜਦੋਂ ਉਸ ਵੱਲੋਂ ਸੁੱਟੇ ਹੋਏ ਲਿਫਾਫੇ ਨੂੰ ਚੈੱਕ ਕੀਤਾ ਤਾਂ ਉਸ ਵਿਚੋਂ 209 ਪਾਬੰਦੀਸ਼ੁਦਾ ਗੋਲੀਆਂ ਬਰਾਮਦ ਹੋਈਆਂ ।



ਮੁਲਜਮ ਦੀ ਪਛਾਣ ਅਬਦੁਲਾਹੀ ਪੁੱਤਰ ਸੇਹੂ ਗੇਜਾਵਾ ਵਾਸੀ ਸਾਰਦਾ, ਜ਼ਿਲ੍ਹਾ ਗੇਜਾਵਾ ਨਾਜੀਰੀਆ ਹਾਲ ਵਾਸੀ ਲਾਅ ਗੇਟ ਮਹੇੜੂ ਵਜੋਂ ਹੋਈ ਹੈ। ਨਾਈਜੀਰੀਅਨ ਮੁਲਜ਼ਮ ਖਿਲਾਫ 22-61-85 ਐੱਨਡੀਪੀਐੱਸ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

# ਏ ਐੱਸ ਆਈ ਦੀ ਗਲਤ ਦਵਾਈ ਖਾਣ ਨਾਲ ਮੌਤ

**ਕਪੂਰਥਲਾ (ਬਲਵਿੰਦਰ ਸਿੰਘ ਧਾਲੀਵਾਲ)**

ਕਪੂਰਥਲਾ ਸਿਟੀ ਥਾਣੇ ਵਿੱਚ ਤਾਇਨਾਤ ਇੱਕ ਏ ਐਸ ਆਈ ਦੀ ਗਲਤ ਦਵਾਈ ਖਾਣ ਨਾਲ ਮੌਤ ਹੋ ਗਈ ਹੈ। ਮ੍ਰਿਤਕ ਦੀ ਪਛਾਣ ਏ ਐਸ ਆਈ ਮਨਜੀਤ ਸਿੰਘ ਪੁੱਤਰ ਚੰਨਣ ਸਿੰਘ ਵਾਸੀ ਪਿੰਡ ਖਾਨੋਵਾਲ ਵਜੋਂ ਹੋਈ ਹੈ, ਜੋ ਥਾਣਾ ਸਿਟੀ ਵਿੱਚ ਤਾਇਨਾਤ ਸੀ ਅਤੇ ਕਿਸੇ ਬਿਮਾਰੀ ਕਾਰਨ ਉਸ ਦਾ ਇਲਾਜ ਚੱਲ ਰਿਹਾ ਸੀ। ਦੇਰ ਸ਼ਾਮ ਉਸ ਨੇ ਅਚਾਨਕ ਘਰ ਵਿੱਚ ਪਈ ਕੋਈ ਹੋਰ ਦਵਾਈ ਖਾ ਲਈ ਅਤੇ ਉਸ ਦੀ ਸਿਹਤ ਵਿਗੜ ਗਈ। ਰਿਸ਼ਤੇਦਾਰਾਂ ਨੇ ਤੁਰੰਤ ਉਸ ਨੂੰ ਜਲੰਧਰ ਦੇ ਇੱਕ ਨਿੱਜੀ ਹਸਪਤਾਲ ਵਿੱਚ ਦਾਖਲ ਕਰਵਾਇਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਥਾਣਾ ਸਦਰ ਦੀ ਇੰਚਾਰਜ ਸੋਨਮਦੀਪ ਕੌਰ ਨੇ ਦੱਸਿਆ ਕਿ ਏ ਐਸ ਆਈ ਮਨਜੀਤ ਸਿੰਘ ਦੀ ਪਤਨੀ ਨਿਰਮਲ ਕੌਰ ਦੇ ਬਿਆਨਾਂ ਦੇ ਆਧਾਰ 'ਤੇ ਧਾਰਾ 174 ਤਹਿਤ ਕਾਰਵਾਈ ਕਰਦਿਆਂ ਲਾਸ਼ ਦਾ ਪੋਸਟਮਾਰਟਮ ਕਰਵਾ ਕੇ ਵਾਰਸਾਂ ਹਵਾਲੇ ਕਰ ਦਿੱਤੀ ਹੈ।



# ਦੋ ਦੁਕਾਨਾਂ ਨੂੰ ਸੰਨ੍ਹ ਲਾ ਕੇ ਕੀਤੀ ਚੋਰੀ



ਦੁਕਾਨਦਾਰ ਗੁਰਵਿੰਦਰ ਸਿੰਘ ਚੋਰੀ ਹੋਏ ਸਮਾਨ ਸੰਬੰਧੀ ਜਾਣਕਾਰੀ ਦਿੰਦਾ ਹੋਇਆ।

**ਸ਼ਾਹਕੋਟ (ਗਿਆਨ ਸੈਦਪੁਰੀ)**- ਪਿੰਡ ਸੈਦਪੁਰ ਝਿੜੀ ਵਿਖੇ ਨਾਲ ਨਾਲ ਲੱਗਦੀਆਂ ਦੋ ਦੁਕਾਨਾਂ ਨੂੰ ਸੰਨ੍ਹ ਲਾ ਕੇ ਚੋਰੀ ਹੋਣ ਦੀ ਸੂਚਨਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਲੰਘੀ ਰਾਤ ਪਲੰਬਰ ਦੀ ਦੁਕਾਨ ਦੀ ਪਿਛਲੀ ਕੰਧ ਪਾੜ ਕੇ ਹਜਾਰਾਂ ਰੁਪਏ ਦਾ ਸਮਾਨ ਚੋਰੀ ਕਰ ਲਿਆ। ਦੁਕਾਨਦਾਰ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਉਸ ਨੇ ਸਵੇਰੇ ਆ ਕੇ ਦੇਖਿਆ ਕਿ ਉਸ ਦਾ ਬਹੁਤ ਸਾਰਾ ਸਮਾਨ ਚੋਰੀ ਹੋ ਗਿਆ । ਇਸ ਵਿੱਚ ਲੈਂਟਰ ਪਾੜਨ ਵਾਲੀਆਂ ਦੋ ਵੱਡੀਆਂ ਮਸ਼ੀਨਾਂ, ਦੋ ਛੋਟੀਆਂ ਮਸੀਨਾਂ, ਇੱਕ ਵੱਡੀ ਡਰਿੱਲ ਮਸ਼ੀਨ, ਦੋ ਛੋਟੇ ਕਟਰ, ਤਿੰਨ ਪੀ. ਪੀ. ਆਰ ਮਸ਼ੀਨਾਂ ਅਤੇ 6 ਕਿੱਲੋ ਪਿੱਤਲ ਸ਼ਾਮਲ ਹੈ। ਇਸੇ ਤਰ੍ਹਾਂ ਨਾਲ ਲੱਗਦੀ ਨਾਈ ਦੀ ਦੁਕਾਨ ਤੋਂ ਵੀ ਇੱਕ ਏ. ਸੀ, ਇਨਵਰਟਰ ਤੇ ਕੁਝ ਹੋਰ ਸਮਾਨ 'ਤੇ ਚੋਰ ਹੱਥ ਸਾਫ ਕਰ ਗਏ। ਇਸ ਚੋਰੀ ਬਾਰੇ ਮਾਡਲ ਥਾਣਾ ਸ਼ਾਹਕੋਟ ਵਿਖੇ ਸੂਚਨਾ ਦੇ ਦਿੱਤੀ ਗਈ ਹੈ। ਮਾਡਲ ਥਾਣਾ ਸ਼ਾਹਕੋਟ ਦੇ ਮੁਖੀ ਮੈਡਮ ਅਮਨਪ੍ਰੀਤ ਕੌਰ ਨੇ ਜਾਣਕਾਰੀ ਦਿੱਤੀ ਕਿ ਚੋਰੀ ਹੋਇਆ ਸਮਾਨ ਮਿਲ ਗਿਆ ਹੈ। ਚੋਰਾਂ ਦੀ ਸਰਗਰਮੀ ਨਾਲ ਭਾਲ ਕੀਤੀ ਜਾ ਰਹੀ ਹੈ।

# ਗਿੱਲਾ ਤੇ ਸੁੱਕਾ ਕੂੜਾ ਵੱਖ-ਵੱਖ ਇਕੱਠਾ ਕਰਨ ਲੋਕ : ਰਘਬੋਤਰਾ



**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**

ਸੀਨੀਅਰ ਸਿਟੀਜ਼ਨ ਕੇਅਰ ਸੈਂਟਰ ਖੇੜਾ ਰੋਡ ਫਗਵਾੜਾ ਵਿਖੇ ਭਾਰਤ ਸਰਕਾਰ ਦੇ ਸਵੱਛ ਭਾਰਤ ਮਿਸ਼ਨ ਦੀ ਸਫਲਤਾ ਅਤੇ ਗਿੱਲੇ ਅਤੇ ਸੁੱਕੇ ਕੂੜੇ ਨੂੰ ਵੱਖ-ਵੱਖ ਡਸਟਬਿਨਾਂ ਵਿੱਚ ਇਕੱਠਾ ਕਰਨ ਦੀ ਮੁਹਿੰਮ ਨੂੰ ਮੁਕੰਮਲ ਰੂਪ ਵਿੱਚ ਲਾਗੂ ਕਰਨ ਸਬੰਧੀ ਵਿਚਾਰ ਚਰਚਾ ਦਾ ਆਯੋਜਨ ਸਾਬਕਾ ਨਗਰ ਕੌਂਸਲ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਦੇ ਯਤਨਾਂ ਸਦਕਾ ਕੀਤਾ ਗਿਆ। ਇਸ ਦੌਰਾਨ ਸਵੱਛ ਭਾਰਤ ਮਿਸ਼ਨ ਦੇ ਨੁਮਾਇੰਦੇ ਸੁਨੀਤਾ ਸ਼ਰਮਾ, ਪੂਜਾ ਕੁਮਾਰੀ, ਨਗਰ ਨਿਗਮ ਫਗਵਾੜਾ ਦੇ ਸੈਨੇਟਰੀ ਮੇਹਟ ਰੋਸ਼ਨ ਕੁਮਾਰ, ਸੰਨੀ ਕੁਮਾਰ ਅਤੇ ਇਲਾਕਾ ਨਿਵਾਸੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਬੁਲਾਰਿਆਂ ਨੇ ਕਿਹਾ ਕਿ ਜਾਗਰੂਕਤਾ ਦੀ ਘਾਟ ਕਾਰਨ ਸਵੱਛ ਭਾਰਤ ਮਿਸ਼ਨ ਨੂੰ ਅਜੇ ਤੱਕ ਉਨੀ ਸਫਲਤਾ ਨਹੀਂ ਮਿਲੀ ਜਿੰਨੀ ਕਿ ਇਸ ਦੀ ਸ਼ੁਰੂਆਤ ਵਿੱਚ ਉਮੀਦ ਕੀਤੀ ਜਾ ਰਹੀ ਸੀ। ਇਸ ਦੌਰਾਨ ਫੈਸਲਾ ਕੀਤਾ ਗਿਆ ਕਿ ਮੁਹੱਲਾ ਪ੍ਰੇਮ ਨਗਰ ਨੂੰ ਸਫਾਈ ਪੱਖੋਂ ਮਾਡਲ ਸਟਰੀਟ ਬਣਾਇਆ ਜਾਵੇਗਾ। ਜਿਸ ਤਹਿਤ ਘਰਾਂ ਵਿੱਚ ਗਿੱਲਾ ਅਤੇ ਸੁੱਕਾ ਕੂੜਾ ਵੱਖ-ਵੱਖ ਇਕੱਠਾ ਕਰਨ ਲਈ ਦੋ-ਦੋ ਡਸਟਬਿਨ ਮੁਫ਼ਤ ਵੰਡੇ ਜਾਣਗੇ, ਜਿਸ ਵਿੱਚ ਵਿਸ਼ਵਾਮਿੱਤਰ ਸ਼ਰਮਾ ਅਤੇ ਪ੍ਰੇਮ ਨਗਰ ਸੇਵਾ ਸੁਸਾਇਟੀ ਸਹਿਯੋਗ ਕਰਨਗੇ। ਸੈਨੇਟਰੀ ਵਰਕਰ ਘਰਾਂ ਤੋਂ ਕੂੜਾ ਇਕੱਠਾ ਕਰਨ ਵਾਲੇ ਰਿਕਸ਼ਾ ਚਾਲਕਾਂ ਨੂੰ ਗਿੱਲਾ ਅਤੇ ਸੁੱਕਾ ਕੂੜਾ ਵੱਖ-ਵੱਖ ਇਕੱਠਾ ਕਰਨ ਲਈ ਪ੍ਰੇਰਿਤ ਕਰਨਗੇ। ਇੱਕ ਮੁਹੱਲਾ ਕਮੇਟੀ ਵੀ ਬਣਾਈ ਗਈ ਜੋ ਘਰ-ਘਰ ਜਾ ਕੇ ਲੋਕਾਂ ਨੂੰ ਇਸ ਮੁਹਿੰਮ ਨਾਲ ਜੁੜਨ ਲਈ ਪ੍ਰੇਰਿਤ ਕਰੇਗੀ।

ਇਸ ਤੋਂ ਇਲਾਵਾ ਲੋਕਾਂ ਨੂੰ ਧਾਰਮਿਕ ਸਥਾਨਾਂ ਤੋਂ ਗਿੱਲਾ ਅਤੇ ਸੁੱਕਾ ਕੂੜਾ ਵੱਖ-ਵੱਖ ਇਕੱਠਾ ਕਰਨ ਲਈ ਅਪੀਲ ਕੀਤਾ ਜਾਵੇਗੀ। ਮਲਕੀਅਤ ਸਿੰਘ ਰਘਬੋਤਰਾ ਨੇ ਨਗਰ ਨਿਗਮ ਕਮਿਸ਼ਨਰ ਡਾ: ਨਯਨ ਜੱਸਲ ਨੂੰ ਵੀ ਇਸ ਮੁਹਿੰਮ ਦੀ ਸਫ਼ਲਤਾ ਲਈ ਯਤਨ ਕਰਨ ਦੀ ਅਪੀਲ ਕੀਤੀ। ਇਸ ਮੌਕੇ ਧੀਰਜ ਸਿੰਘ ਸੱਗੂ ਪ੍ਰਧਾਨ ਸੀਨੀਅਰ ਸਿਟੀਜ਼ਨ ਵੈਲਫੇਅਰ ਸੁਸਾਇਟੀ, ਸੁਧੀਰ ਸ਼ਰਮਾ ਪ੍ਰਧਾਨ ਪ੍ਰੇਮ ਨਗਰ ਸੇਵਾ ਸੁਸਾਇਟੀ, ਵੰਦਨਾ ਸ਼ਰਮਾ, ਵਿਸ਼ਵਾਮਿੱਤਰ ਸ਼ਰਮਾ, ਬਲਦੇਵ ਸ਼ਰਮਾ, ਕੁਲਦੀਪ ਸਿੰਘ, ਰਾਮ ਲੁਭਾਇਆ, ਬ੍ਰਿਜ ਭੂਸ਼ਨ, ਰਾਮ ਰਤਨ ਵਾਲੀਆ, ਦਿਲਾਵਰ ਸਿੰਘ ਪਰਮਾਰ, ਦਲਜੀਤ ਤੋਂ ਇਲਾਵਾ ਦਲਜੀਤ ਢੰਡਵਾਲ, ਐੱਸ.ਸੀ. ਚਾਵਲਾ, ਰੋਸ਼ਨ ਲਾਲ ਚੋਪੜਾ, ਚੰਦਰ ਮੋਹਨ ਨਰੂਲਾ ਸਮੇਤ ਨਗਰ ਨਿਗਮ ਦੇ ਸਫਾਈ ਸੇਵਕ ਅਤੇ ਸਵੱਛ ਭਾਰਤ ਮਿਸ਼ਨ ਦੇ ਨੁਮਾਇੰਦੇ ਹਾਜ਼ਰ ਸਨ।

# ਘਨਾਰੂ, ਮਹਿਰੋਲੀ ਤੇ ਮਥੁਰਾ 'ਚ ਅੱਜ ਲੱਗੇਗਾ 'ਜਨ ਸੁਣਾਵੀ ਕੈਂਪ'



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** - ਮਨੀਸ਼ਾ ਰਾਣਾ ਉਪ ਮੰਡਲ ਮੈਜਿਸਟ੍ਰੇਟ ਸ੍ਰੀ ਅਨੰਦਪੁਰ ਸਾਹਿਬ ਨੇ ਦੱਸਿਆ ਕਿ ਘਨਾਰੂ, ਮਹਿਰੋਲੀ ਤੇ ਮਥੁਰਾ ਦੇ ਵਸਨੀਕਾਂ ਦੀਆਂ ਮੁਸ਼ਕਿਲਾਂ/ਸਮੱਸਿਆਵਾਂ ਹੱਲ ਕਰਨ ਲਈ ਘਨਾਰੂ ਦੇ ਕਮਿਊਨਿਟੀ ਸੈਂਟਰ ਵਿਖੇ 6 ਜੁਲਾਈ ਨੂੰ ਸਵੇਰੇ 10 ਵਜੇ "ਜਨ ਸੁਣਾਵੀ ਕੈਂਪ" ਲਗਾਇਆ ਜਾ ਰਿਹਾ ਹੈ। ਇਸ ਕੈਂਪ ਵਿੱਚ ਜ਼ਿਲ੍ਹੇ ਦੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਮੌਕੇ 'ਤੇ ਲੋਕਾਂ ਦੀਆਂ ਮੁਸ਼ਕਿਲਾਂ ਦਾ ਨਿਪਟਾਰਾ ਕਰਨਗੇ ਅਤੇ ਬਕਾਇਆ ਸਮੱਸਿਆਵਾਂ ਦਾ ਸਮਾਂਬੱਧ ਹੱਲ ਕੀਤਾ ਜਾਵੇਗਾ। ਐਸ.ਡੀ.ਐਮ ਨੇ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾ ਅਨੁਸਾਰ ਜਿਲ੍ਹੇ ਵਿੱਚ ਨਿਰੰਤਰ ਹਫਤਾਵਾਰੀ "ਜਨ ਸੁਣਾਵੀ ਕੈਂਪ" ਲਗਾਏ ਜਾ ਰਹੇ ਹਨ। ਦੂਰ-ਦੁਰਾਡੇ ਪੇਂਡੂ ਖੇਤਰਾਂ ਵਿੱਚ ਰਹਿ ਰਹੇ ਲੋਕਾਂ ਨੂੰ ਜ਼ਿਲ੍ਹਾ ਹੈਡਕੁਆਰਟਰ ਅਤੇ ਉਪ ਮੰਡਲ ਦਫਤਰਾਂ ਵਿੱਚ ਆਉਣ ਜਾਣ ਦੀ ਖੱਜਲ-ਖੁਆਰੀ ਅਤੇ ਸਮੇਂ ਦੀ ਬੱਚਤ ਲਈ ਇਹ ਉਪਰਾਲਾ ਕੀਤਾ ਗਿਆ ਹੈ। ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਵੱਲੋਂ ਇਨ੍ਹਾਂ ਕੈਂਪਾਂ ਨੂੰ ਅਸਰਦਾਰ ਬਣਾਉਣ ਲਈ ਪੰਚਾਇਤਾਂ, ਸੰਗਠਨਾਂ, ਸੰਸਥਾਵਾਂ ਤੇ ਆਮ ਲੋੜਵੰਦ ਲੋਕਾਂ ਵੱਲੋਂ ਕੈਂਪ ਵਿੱਚ ਵਿਚਾਰੇ ਜਾਣ ਵਾਲੇ ਮਸਲਿਆਂ ਦੀ ਪ੍ਰਗਤੀ ਬਾਰੇ ਨਿਰੰਤਰ ਰੀਵਿਊ ਕੀਤਾ ਜਾ ਰਿਹਾ ਹੈ।

# ਜ਼ਿਲ੍ਹਾ ਸਲਾਹਕਾਰ ਕਮੇਟੀ ਦੀ ਮੀਟਿੰਗ 'ਚ ਬੈਂਕਾਂ ਦੀ ਕਾਰਗੁਜ਼ਾਰੀ ਦੀ ਸਮੀਖਿਆ



**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**

ਜ਼ਿਲ੍ਹਾ ਸਲਾਹਕਾਰ ਕਮੇਟੀ/ਜ਼ਿਲ੍ਹਾ ਪੱਧਰੀ ਸਮੀਖਿਆ ਕਮੇਟੀ ਜਲੰਧਰ ਦੀ ਤਿਮਾਹੀ ਸਮੀਖਿਆ ਮੀਟਿੰਗ ਸਹਾਇਕ ਕਮਿਸ਼ਨਰ ਗੁਰਸਿਮਰਨਜੀਤ ਕੌਰ ਦੀ ਪ੍ਰਧਾਨਗੀ ਹੇਠ ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਹੋਈ, ਜਿਸ ਵਿੱਚ ਸਾਲਾਨਾ ਕਰਜ਼ਾ ਯੋਜਨਾ 2022-23 ਦੀ 31 ਮਾਰਚ, 2023 ਨੂੰ ਖਤਮ ਹੋਈ ਤਿਮਾਹੀ ਲਈ ਮਿੱਥੇ ਗਏ ਟੀਚੇ ਅਤੇ ਨਤੀਜਿਆਂ ਦੀ ਸਮੀਖਿਆ ਕੀਤੀ ਗਈ । ਜ਼ਿਲ੍ਹੇ ਵਿੱਚ ਕੰਮ ਕਰਦੇ ਸਮੂਹ ਸਰਕਾਰੀ, ਸਹਿਕਾਰੀ ਅਤੇ ਗੈਰ ਸਰਕਾਰੀ ਬੈਂਕਾਂ ਦੀ ਕਾਰਗੁਜ਼ਾਰੀ ਦਾ ਲੇਖਾ-ਜੋਖਾ ਮੀਟਿੰਗ ਦੇ ਕਨਵੀਨਰ ਐੱਮ ਐੱਸ ਮੋਤੀ ਪ੍ਰਮੁੱਖ ਜ਼ਿਲ੍ਹਾ ਪ੍ਰਬੰਧਕ ਨੇ ਕਮੇਟੀ ਦੇ ਸਨਮੁੱਖ ਰੱਖਿਆ । ਸਹਾਇਕ ਕਮਿਸ਼ਨਰ ਨੇ ਜਿੱਥੇ ਕਾਰਗੁਜ਼ਾਰੀ 'ਤੇ ਤਸੱਲੀ ਪ੍ਰਗਟਾਈ ਉਥੇ ਹੀ ਕਰਜ਼ੇ ਅਤੇ ਸੀ.ਡੀ.ਰੇਸ਼ੋ ਦੇ ਨਿਰਧਾਰਤ ਸਾਲਾਨਾ ਟੀਚਿਆਂ ਦੀ ਪ੍ਰਾਪਤੀ ਲਈ ਬੈਂਕਾਂ ਨੂੰ ਹੋਰ ਕੰਮ ਕਰਨ ਲਈ ਕਿਹਾ।ਪ੍ਰਮੁੱਖ ਜ਼ਿਲ੍ਹਾ ਪ੍ਰਬੰਧਕ ਨੇ ਸਾਲਾਨਾ ਕਰਜ਼ਾ ਯੋਜਨਾ 2022-23 ਤਹਿਤ ਮਾਰਚ 2023 ਤੱਕ ਦੀ ਪ੍ਰਗਤੀ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਤਰਜੀਹੀ ਖੇਤਰ ਵਿੱਚ 8865 ਕਰੋੜ ਰੁਪਏ ਦੇ ਕਰਜ਼ੇ ਦਿੱਤੇ ਗਏ ਹਨ। ਜਦਕਿ ਕੁੱਲ 13343 ਕਰੋੜ ਰੁਪਏ ਦੇ ਕਰਜ਼ੇ ਮਨਜ਼ੂਰ ਕੀਤੇ ਗਏ ਹਨ। ਬੈਂਕਾਂ ਨੂੰ ਨਿਰਧਾਰਤ ਟੀਚਿਆਂ ਦੀ ਸੌ ਫੀਸਦੀ ਪ੍ਰਾਪਤੀ ਦੀ ਹਦਾਇਤ ਕਰਦਿਆਂ ਸਹਾਇਕ ਕਮਿਸ਼ਨਰ ਨੇ ਸਾਰੇ ਬੈਂਕਾਂ ਨੂੰ ਖੇਤੀਬਾੜੀ ਅਤੇ ਸਹਾਇਕ ਧੰਦਿਆਂ ਲਈ ਵੱਧ ਤੋਂ ਵੱਧ ਕਰਜ਼ੇ ਦੀ ਸਹੂਲਤ ਦੇਣ ਦੇ ਨਿਰਦੇਸ਼ ਦਿੱਤੇ ।ਮੀਟਿੰਗ ਵਿੱਚ ਰਿਜ਼ਰਵ ਬੈਂਕ ਆਫ ਇੰਡੀਆ ਚੰਡੀਗੜ੍ਹ ਤੋਂ ਐਲ. ਡੀ. ਓ. ਵਿਸ਼ਾਲ ਕੁਮਾਰ, ਵੱਖ-ਵੱਖ ਬੈਂਕਾਂ ਦੇ ਜ਼ਿਲ੍ਹਾ ਕੋਆਰਡੀਨੇਟਰ, ਡਿਸਟ੍ਰਿਕਟ ਇੰਡਸਟਰੀਅਲ ਕਾਰਪੋਰੇਸ਼ਨ, ਰੂਡਸੈਟ ਇੰਸਟੀਚਿਊਟ ਜਲੰਧਰ, ਜ਼ਿਲ੍ਹਾ ਖੇਤੀਬਾੜੀ, ਡੇਅਰੀ ਵਿਕਾਸ, ਬਾਗਬਾਨੀ, ਐਸ ਸੀ ਕਾਰਪੋਰੇਸ਼ਨ, ਨਾਬਾਰਡ ਅਤੇ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ। ਇਸ ਮੌਕੇ ਰੂਡਸੈਟ ਇੰਸਟੀਚਿਊਟ ਵੱਲੋਂ ਆਪਣੀਆਂ ਸਰਗਰਮੀਆਂ ਦੀ ਰਿਪੋਰਟ ਵੀ ਜਾਰੀ ਕੀਤੀ ਗਈ

# ਬੱਚੀ ਨੂੰ ਚਾਇਲਡ ਹੈਲਪ ਲਾਈਨ ਹਵਾਲੇ ਕੀਤਾ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਦਸ਼ਮੇਸ਼ ਹਾਲ ਵਿਖੇ ਕੋਈ ਵਿਅਕਤੀ 4-5 ਸਾਲ ਦੀ ਬੱਚੀ ਛੱਡ ਗਿਆ, ਜਿਸ ਸਬੰਧੀ ਸ੍ਰੀ ਅਨੰਦਪੁਰ ਸਾਹਿਬ ਪੁਲਿਸ ਵਲੋਂ ਕਾਰਵਾਈ ਕਰਦਿਆਂ ਬੱਚੀ ਨੂੰ ਚਾਇਲਡ ਹੈਲਪ ਲਾਈਨ 1098 ਦੇ ਹਵਾਲੇ ਕਰ ਦਿੱਤਾ ਗਿਆ। ਇਸ ਸਬੰਧੀ ਚੌਕੀ ਇੰਚਾਰਜ ਗੁਰਮੁਖ ਸਿੰਘ ਅਤੇ ਪੰਜਾਬ ਪੁਲਸ ਮਹਿਲਾ ਮਿੱਤਰ ਹੈਲਪ ਤੋਂ ਅਮਨਦੀਪ ਕੌਰ ਨੇ ਦੱਸਿਆ ਕਿ ਸਾਨੂੰ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਛੱਡੀ ਗਈ ਬੱਚੀ ਦਾ ਪਤਾ ਲਗਿਆ ਤਾਂ ਅਸੀਂ ਤੁਰੰਤ ਕਾਰਵਾਈ ਕਰਦਿਆਂ ਚਾਇਲਡ ਹੈਲਪ ਲਾਈਨ 1098 ਰੂਪਨਗਰ ਦੀ ਟੀਮ ਨੂੰ ਬੁਲਾਇਆ ਅਤੇ ਬੱਚੀ ਨੂੰ ਉਨ੍ਹਾਂ ਦੇ ਸਪੁਰਦ ਕਰ ਦਿੱਤਾ। ਇਸ ਸਬੰਧੀ ਜਦੋਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਗੁਰਪ੍ਰੀਤ ਸਿੰਘ ਰੋਡੇ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਸਾਨੂੰ ਸਵੇਰੇ 9 ਕੁ ਵਜੇ ਦੇ ਕਰੀਬ ਇਸਦਾ ਪਤਾ ਲੱਗਾ ਤਾਂ ਅਸੀਂ ਤੁਰੰਤ ਪੁਲਸ ਨੂੰ ਇਸ ਸਬੰਧੀ ਜਾਣਕਾਰੀ ਦਿੱਤੀ ਤੇ ਪੁਲਸ ਵਲੋਂ ਬੱਚੀ ਨੂੰ ਸੁਰੱਖਿਅਤ ਜਗ੍ਹਾ 'ਤੇ ਪਹੁੰਚਾ ਦਿੱਤਾ ਗਿਆ।

# ਪੰਜਾਬ ਦੇ ਪੰਜ ਨੌਜਵਾਨਾਂ ਨੂੰ ਮਿਲਿਆ ਰਾਸ਼ਟਰੀ ਪਰਾਈਡ ਸਨਮਾਨ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਇੰਦੌਰ ਮੱਧ ਪ੍ਰਦੇਸ਼ ਵਿਚ ਸੋਸਲੀ ਪੋਆਇੰਟ ਸੰਸਥਾ ਭਾਰਤ ਵੱਲੋਂ ਰਾਸ਼ਟਰੀ ਪਰਾਈਡ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ । ਭਾਰਤ ਦੇ ਹਜਾਰਾਂ ਯੁਵਕ ਅਤੇ ਯੁਵਤੀਆਂ ਨੇ ਭਾਗ ਲਿਆ ਅਤੇ ਕੁਝ ਚੁਨਿੰਦਾ ਨੌਜਵਾਨਾਂ ਨੂੰ ਉਨ੍ਹਾਂ ਦੇ ਕੰਮ ਅਤੇ ਨਿਸ਼ਕਾਮ ਸੇਵਾਵਾਂ ਬਦਲੇ ਸਨਮਾਨਿਆ ਗਿਆ । ਰਾਸ਼ਟਰੀ ਪਰਾਈਡ ਅਵਾਰਡ 2023 ਲਈ ਭਾਰਤ ਦੇ ਹਜਾਰਾਂ ਯੁਵਕ ਅਤੇ ਯੁਵਤੀਆਂ ਨੇ ਨਾਮਜਦਗੀ ਫਾਰਮ ਭਰੇ ਜਿਨ੍ਹਾਂ ਵਿੱਚੋਂ ਸਮਾਜ ਸੇਵਾ , ਲੋਕ ਕਲਾਵਾਂ ਅਤੇ ਲੋਕ ਨਾਚਾਂ ਦੇ ਖੇਤਰ ਵਿਚ ਨਾਮਣਾ ਖੱਟਣ ਵਾਲੇ ਪੰਜਾਬ ਦੇ ਪੰਜ ਨੌਜਵਾਨਾਂ ਨੂੰ ਚੁਣਿਆ ਗਿਆ । ਦੀਦ ਨੇ ਦੀਦਾਰ ਸੰਸਥਾ ਦੇ ਮਨਿੰਦਰਪਾਲ ਸਿੰਘ (ਲੋਕ ਕਲਾਵਾਂ ਅਤੇ ਸਮਾਜ ਸੇਵਾ) ਹਰਲੀਨ ਸਿੰਘ (ਲੋਕ ਨਾਚ ) ਅਤੇ ਅਮਰਦੀਪ ਸਿੰਘ (ਲੋਕ ਨਾਚ ) , ਫੋਕ ਆਰਟ ਲਵਰ ਅਕਾਦਮੀ ਦੇ ਜਤਿੰਦਰ ਸਿੰਘ ਨੂੰ ਅਤੇ ਡਗਾ ਅਕੈਡਮੀ ਦੇ ਸੁਖਦੇਵ ਸਿੰਘ ਨੂੰ ਲੋਕ ਕਲਾਵਾਂ ਲਈ ਨੈਸ਼ਨਲ ਪ੍ਰਾਈਡ ਅਵਾਰਡ ਨਾਲ ਸਨਮਾਨਿਤ ਗਿਆ । ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਨੌਜਵਾਨਾਂ ਨੇ ਆਪਣਾ ਇਹ ਅਵਾਰਡ ਆਪਣੇ ਗੁਰੂ ਸਵਰਗਵਾਸੀ ਹਰਿੰਦਰਪਾਲ ਸਿੰਘ ਨੂੰ ਸਮਰਪਿਤ ਕੀਤਾ। ਇਸ ਸਮਾਰੋਹ ਵਿਚ ਕਲਾ ਅਤੇ ਰਾਜਨੀਤੀ ਦੇ ਖੇਤਰ ਨਾਲ ਜੁੜੀਆਂ ਕਈ ਮਾਇਨਾਜ ਹਸਤੀਆਂ ਨੇ ਸ਼ਿਰਕਤ ਕੀਤੀ।



# ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਵਿਰਕ ਦਾ ਬਾਰ੍ਹਵੀਂ ਤੇ ਦਸਵੀਂ ਦਾ ਨਤੀਜਾ ਸ਼ਾਨਦਾਰ ਰਿਹਾ



**ਫਗਵਾੜਾ (ਡਾ.ਰਮਨ ਸ਼ਰਮਾ)**

ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਵਿਰਕ (ਜਲੰਧਰ) ਦਾ ਬਾਰਵੀਂ ਅਤੇ ਦਸਵੀਂ ਜਮਾਤ ਦਾ ਨਤੀਜਾ ਹਰ ਸਾਲ ਦੀ ਤਰ੍ਹਾਂ ਇਸ ਵਾਰੀ ਵੀ ਸ਼ਾਨਦਾਰ ਰਿਹਾ। ਵਿਦਿਆਰਥੀਆਂ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਬਾਰਵੀਂ ਅਤੇ ਦਸਵੀਂ ਜਮਾਤ ਦੇ ਨਤੀਜਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ । ਸਕੂਲ ਪ੍ਰਿੰਸੀਪਲ ਸੁਰਿੰਦਰ ਪਾਲ ਵੱਲੋਂ ਖੁਸ਼ੀ ਦਾ ਇਜ਼ਹਾਰ ਕਰਦਿਆਂ ਦੱਸਿਆ ਕਿ ਸਕੂਲ ਦਾ ਨਤੀਜਾ ਬਹੁਤ ਹੀ ਸ਼ਾਨਦਾਰ ਰਿਹਾ। ਬਾਰਵੀਂ ਵਿੱਚ ਮਨਵੀਰ ਨੇ 88% ,ਵੀਨਸ ਨੇ 88% ਅਤੇ ਕਮਲਦੀਪ ਨੇ 86 % ਪ੍ਰਾਪਤ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ। ਦਸਵੀਂ ਵਿੱਚ ਅਰਸ਼ਦੀਪ ਨੇ 84%, ਅਫਸਾਨਾ ਨੇ 83% ਅਤੇ ਪੰਕਜ ਨੇ 82% ਨੰਬਰ ਪ੍ਰਾਪਤ ਕੀਤੇ । ਸਕੂਲ ਦੇ ਬਾਕੀ ਵਿਦਿਆਰਥੀਆਂ ਨੇ ਵੀ ਸ਼ਾਨਦਾਰ ਅੰਕ ਹਾਸਿਲ ਕੀਤੇ ਹਨ।

# ਸੁਨੀਲ ਜਾਖੜ ਨੂੰ ਪੰਜਾਬ ਪ੍ਰਧਾਨ ਨਿਯੁਕਤ ਕਰਨ 'ਤੇ ਵਧਾਈ

**ਮਹਿਤਪੁਰ (ਰਾਜਾ)**- ਕਮਲ ਹੀਰ ਆਈ ਟੀ ਇੰਚਾਰਜ਼ ਬੀਜੇਪੀ ਨੇ ਕਿਹਾ ਕਿ ਪੰਜਾਬ ਦੀ ਰਾਜਨੀਤੀ ਵਿੱਚ ਨਵੀਂ ਅਤੇ ਉਚੀ ਸੋਚ ਦੇ ਮਾਲਕ ਸਾਬਕਾ ਸਾਂਸਦ ਸੁਨੀਲ ਜਾਖੜ ਨੂੰ ਭਾਰਤੀ ਜਨਤਾ ਪਾਰਟੀ ਪੰਜਾਬ ਦਾ ਸੂਬਾ ਪ੍ਰਧਾਨ ਨਿਯੁਕਤ ਹੋਣ 'ਤੇ ਹਾਰਦਿਕ ਵਧਾਈ ਅਤੇ ਸ਼ੁਭਕਾਮਨਾਵਾਂ ਦਿੰਦਾ ਹਾਂ। ਹੀਰ ਨੇ ਕਿਹਾ ਕਿ ਜਾਖੜ ਪੰਜਾਬ ਅਤੇ ਲੋਕਾਂ ਦੀਆਂ ਉਮੀਦਾਂ ਨੂੰ ਸਿਖਰਾਂ 'ਤੇ ਜਰੂਰ ਲੈ ਕੇ ਜਾਣਗੇ ਲੋਕਾਂ ਦੀਆਂ ਆਸਾਂ 'ਤੇ ਖਰੇ ਉਤਰਨਗੇ। ਉਜੜ ਰਹੇ ਪੰਜਾਬ ਨੂੰ ਇੱਕ ਚੰਗੇ ਵਾਰਸ ਦੀ ਲੋੜ ਸੀ ਜੋ ਕਿ ਹੁਣ ਭਾਜਪਾ ਹਾਈ ਕਮਾਂਡ ਨੇ ਸਹੀ ਟਾਇਮ ਸਹੀ ਫੈਸਲਾ ਕੀਤਾ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਹਾਈਕਮਾਂਡ ਦਾ ਧੰਨਵਾਦ ਕਰਦਾ ਹਾਂ।



# ਏ ਐਸ ਆਈ ਬਲਵੀਰ ਸਿੰਘ ਬੁੱਟਰ ਨੂੰ ਚੌਂਕੀ ਇੰਚਾਰਜ ਨਾ ਲਗਾਉਣ ਦੀ ਮੰਗ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**-ਸਮੂਹ ਇਲਾਕਾ ਨਿਵਾਸੀ ਪਿੰਡਾਂ ਦੇ ਸਰਪੰਚ ਪੰਚ ਅਤੇ ਐਮ. ਸੀ ਅਤੇ ਹੋਰ ਮੋਹਤਵਰ ਵਿਅਕਤੀਆਂ ਵੱਲੋਂ ਮੰਗ ਕੀਤੀ ਗਈ ਕਿ ਏ. ਐਸ. ਆਈ. ਬਲਵੀਰ ਸਿੰਘ ਬੁੱਟਰ ਦਾ ਅਕਸ ਠੀਕ ਨਾ ਹੋਣ ਕਰਕੇ ਇਸ ਨੂੰ ਚੌਕੀ ਇੰਚਾਰਜ ਅਲਾਵਲਪੁਰ ਵਿਖੇ ਨਾ ਲਗਾਇਆ ਜਾਵੇ ਤਾਂ ਜੋ ਸਾਡੇ ਹਲਕੇ ਦਾ ਮਾਹੌਲ ਠੀਕ ਰਹਿ ਸਕੇ। ਇਲਾਕਾ ਨਿਵਾਸੀਆਂ ਦਾ ਕਹਿਣਾ ਹੈ ਹੈ ਕਿ ਇਸਦੀ ਪਿਛਲੀ ਤੈਨਾਤੀ ਦੌਰਾਨ ਕਾਰਗੁਜਾਰੀ ਠੀਕ ਨਹੀਂ ਰਹੀ ਅਤੇ ਇਸ ਦਾ ਲੋਕਾਂ ਪ੍ਰਤੀ ਵਿਹਾਰ ਠੀਕ ਨਹੀਂ ਰਿਹਾ, ਇਸ ਲਈ ਸਾਰੇ ਇਲਾਕਾ ਨਿਵਾਸੀਆਂ ਵੱਲੋਂ ਬੇਨਤੀ ਕੀਤੀ ਗਈ ਹੈ ਕਿ ਏ. ਐਸ. ਆਈ ਬਲਵੀਰ ਸਿੰਘ ਬੁੱਟਰ ਨੂੰ ਅਲਾਵਲਪੁਰ ਚੌਕੀ ਇੰਚਾਰਜ ਨਾਲ ਲਗਾਇਆ ਜਾਵੇ। ਇਸ ਸੰਬੰਧੀ ਇਲਾਕਾ ਨਿਵਾਸੀਆਂ ਵੱਲੋਂ ਲਿਖਤੀ ਤੌਰ ਤੇ ਸਾਂਸਦ ਸੁਸ਼ੀਲ ਰਿੰਕੂ ਨੂੰ ਮੰਗ ਪੱਤਰ ਦਿੱਤਾ ਗਿਆ।

# ਗੁਰਦੁਆਰਾ ਤਲਾਵਾਂ ਸਾਹਿਬ ਵਿਖੇ ਤੀਸਰਾ ਧਾਰਮਿਕ ਸਮਾਗਮ ਕਰਵਾਇਆ



**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)**- ਗੁਰਦੁਆਰਾ ਤਲਾਵਾਂ ਸਾਹਿਬ ਪਿੰਡ ਸ਼ਾਲਾਪੁਰ ਵਿਖੇ ਇੱਕ ਮਹੀਨਾ ਚੱਲਣ ਵਾਲੇ ਧਾਰਮਿਕ ਸਮਾਗਮ ਦੀ ਲੜੀ ਤਹਿਤ ਤੀਸਰੇ ਬੁੱਧਵਾਰ ਦਾ ਧਾਰਮਿਕ ਸਮਾਗਮ ਕਰਵਾਇਆ ਗਿਆ ਵਿਚ ਦੂਰੋਂ ਨੇੜਿਓਂ ਸੰਗਤਾਂ ਨੇ ਵੱਡੀ ਗਿਣਤੀ ਵਿਚ ਹਾਜਰੀ ਲਗਵਾਈ। ਸਭ ਤੋਂ ਪਹਿਲਾਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਇਸ ਮੌਕੇ ਸਜਾਏ ਗਏ ਧਾਰਮਿਕ ਦੀਵਾਨ ਵਿਚ ਭਾਈ ਸੁਖਜਿੰਦਰ ਸਿੰਘ ਨੰਗਲ ਖੂੰਗਾ, ਭਾਈ ਜਸਵਿੰਦਰ ਸਿੰਘ ਸੋਨੂੰ,ਭਾਈ ਕਰਮਜੀਤ ਸਿੰਘ ਦੇ ਰਾਗੀ ਜਥਿਆਂ ਨੇ ਸਮੂਹ ਸੰਗਤ ਨੂੰ ਮਨੋਹਰ ਸ਼ਬਦ ਕੀਰਤਨ ਨਾਲ ਨਿਹਾਲ ਕੀਤਾ ਸੇਵਾ ਤੇ ਸਿਮਰਨ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਪ੍ਰਧਾਨ ਹਰਿਮੰਦਰਜੀਤ ਸਿੰਘ, ਸੈਕਟਰੀ ਦਲਜੀਤ ਸਿੰਘ, ਮਲਕੀਤ ਸਿੰਘ ਬੰਬੇ, ਜੀਤ ਸਿੰਘ, ਬਲਵਿੰਦਰ ਸਿੰਘ ਇਟਲੀ,ਗਿਆਨੀ ਗੁਰਬਚਨ ਸਿੰਘ, ਜੋਗਿੰਦਰ ਸਿੰਘ, ਦੀਪ ਸਿੰਘ, ਗੁਰਪ੍ਰੀਤ ਸਿੰਘ ਗੋਲਡੀ, ਲਾਡੀ ਸ਼ਾਲਾਪੁਰ,ਗੋਗੀ ਸਾਲਾਪੁਰ, ਬਾਬਾ ਹਰਜੀਤ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਮੌਜੂਦ ਸਨ।

# ਮਾਸਟਰ ਮਹਿੰਦਰ ਚੰਦ ਪੋਜੇਵਾਲ ਨੂੰ ਕਾਂਗਰਸ ਦਾ ਵਾਈਸ ਪ੍ਰਧਾਨ ਬਣਾਉਣ 'ਤੇ ਖੁਸ਼ੀ ਪ੍ਰਗਟ

**ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)**-ਕਾਂਗਰਸ ਪਾਰਟੀ ਵਲੋਂ ਮਾਸਟਰ ਮਹਿੰਦਰ ਪਾਲ ਪੋਜੇਵਾਲ ਨੂੰ ਜ਼ਿਲ੍ਹਾ ਕਾਗਰਸ ਕਮੇਟੀ ਦੇ ਵਾਇਸ ਪ੍ਰਧਾਨ ਨਿਯੁਕਤ ਕਰਨ 'ਤੇ ਉਹਨਾਂ ਚਹੇਤਿਆਂ ਵਲੋਂ ਖੁਸ਼ੀ ਦਾ ਇਜਹਾਰ ਕੀਤਾ ਗਿਆ ਅਤੇ ਸਮੁੱਚੀ ਲੀਡਰਸ਼ਿਪ ਅਤੇ ਸਾਬਕਾ ਵਿਧਾਇਕ ਦਰਸ਼ਨ ਲਾਲ ਮੰਗੂਪੁਰ ਦਾ ਧੰਨਵਾਦ ਕੀਤਾ ਗਿਆ। ਮਾਸਟਰ ਮਹਿੰਦਰ ਚੰਦ ਨੇ ਕਿਹਾ ਕਿ ਕਾਂਗਰਸ ਨੇ ਪਾਰਟੀ ਪ੍ਰਤੀ ਵਫਾਦਾਰੀ ਨਾਲ ਕੰਮ ਕਰਨ ਵਾਲਿਆਂ ਨੂੰ ਆਹੁਦੇਦਾਰੀਆਂ ਦੇ ਕੇ ਇਲਾਕੇ ਨੂੰ ਬਣਦਾ ਮਾਣ ਸਤਿਕਾਰ ਦਿੱਤਾ ਹੈ। ਉਨਾਂ ਕਿਹਾ ਕਿ ਪਾਰਟੀ ਵਲੋਂ ਦਿੱਤੀ ਗਈ ਜਿੰਮੇਵਾਰੀ ਨੂੰ ਪਹਿਲਾ ਨਾਲੋਂ ਵੱਧ ਕੇ ਨਿਭਾਉਣਗੇ ਤਾਂ ਜੋ ਪਾਰਟੀ ਹੋਰ ਮਜਬੂਤ ਹੋ ਸਕੇ। ਇਸ ਮੌਕੇ ਉਨਾਂ ਦੇ ਚਹੇਤਿਆਂ ਪਰਮਿੰਦਰ ਸਿੰਘ, ਕਮਲ ਸਿੰਘ, ਜੋਗਿੰਦਰ ਸਿੰਘ, ਜਰਨੈਲ ਸਿੰਘ, ਸੁਖਵਿੰਦਰ ਸਿੰਘ, ਪਰਸ ਰਾਮ, ਬਲਵੀਰ ਸਿੰਘ, ਰਾਮ ਪਾਲ, ਸਰਬਣ ਸਿੰਘ ਜਗਤਾਰ ਸਿੰਘ ਨਲਹੋਟੀ, ਰਸ਼ਪਾਲ ਸਿੰਘ, ਰਾਜ ਕੁਮਾਰ, ਸੁਰਿੰਦਰ ਕੁਮਾਰ ਆਦਿ ਨੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ।



# ਆਦਰਸ਼ ਸਕੂਲ ਟੀਚਰਾਂ ਨੂੰ ਟੀਚਰ ਮੰਨ ਕੇ ਨਿਬੇੜਾ ਕਰੇ ਸਰਕਾਰ : ਖੱਟੜਾ, ਮਾਵੀ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਆਦਰਸ਼ ਸਕੂਲਾਂ ਦੇ ਟੀਚਰਾਂ ਨੂੰ ਠੇਕਾ ਟੀਚਰ ਜਾਂ ਕੰਪਨੀ ਕਰਿੰਦੇ ਸਮਝਣ ਦੀ ਥਾਂ ਇਹਨਾਂ ਨੂੰ ਟੀਚਰ ਮੰਨਦਿਆਂ ਪੱਕੇ ਕਰਕੇ ਇਹਨਾਂ ਨੂੰ ਚਿੰਤਾਮੁਕਤ ਕੀਤਾ ਜਾਏ। ਪ੍ਰੈਸ ਦੇ ਨਾਂਅ ਜਾਰੀ ਬਿਆਨ ਵਿੱਚ ਜੀ ਟੀ ਯੂ ਦੇ ਸਾਬਕਾ ਜਨ. ਸਕੱਤਰ ਸੁੱਚਾ ਸਿੰਘ ਖੱਟੜਾ ਅਤੇ ਸਾਬਕਾ ਪ੍ਰੈਸ ਸਕੱਤਰ ਹਰਨੇਕ ਮਾਵੀ ਨੇ ਉਪਰੋਕਤ ਮੰਗ ਕਰਦਿਆਂ ਅੱਗੇ ਕਿਹਾ, ਜੇਕਰ ਇਹ ਅਧਿਆਪਕ ਆਪਣੇ ਅਨਿਸਚਤ ਭਵਿੱਖ ਦੇ ਹੁੰਦਿਆਂ ਸਕੂਲ ਵਿੱਚ ਆਪਣੇ ਕੰਮ ਦੇ ਮਿਆਰ ਕਾਰਨ ਵਿਦਿਆਰਥੀਆਂ ਅਤੇ ਮਾਪਿਆਂ ਦੀਆਂ ਅੱਖਾਂ ਦੇ ਤਾਰੇ ਹਨ, ਤਾਂ ਪੱਕੇ ਹੋ ਕੇ ਸਕੂਲ ਨੂੰ, ਪੰਜਾਬ ਤਾਂ ਕੀ ਦੇਸ਼ ਦੇ ਨਕਸ਼ੇ ਉੱਤੇ ਲੈ ਆਉਣਗੇ। ਖੱਟੜਾ ਅਤੇ ਮਾਵੀ ਨੇ ਕਿਹਾ ਕਿ ਆਪ ਪਾਰਟੀ ਦੀ ਸਰਕਾਰ ਦੀ ਵਡਿਆਈ ਪਹਿਲੀਆਂ ਸਰਕਾਰਾਂ ਦੀਆਂ ਗਲਤੀਆਂ ਸਿਰੇ ਲਗਾਉਣ ਜਾਂ ਦੁਹਰਾਉਣ ਵਿੱਚ ਨਹੀਂ, ਸਗੋਂ ਉਹਨਾਂ ਗਲਤੀਆਂ ਨੂੰ ਸੁਧਾਰਨ ਵਿੱਚ ਹੈ। ਆਗੂਆਂ ਵਲੋਂ ਆਦਰਸ਼ ਸਕੂਲਾਂ, ਮੈਰੀਟੋਰੀਅਸ ਅਤੇ ਸਰਕਾਰੀ ਸਕੂਲ ਟੀਚਰਾਂ ਤੋਂ ਉਮੀਦ ਕੀਤੀ ਕਿ ਉਹ ਵੀ ਆਦਰਸ਼ ਸਕੂਲ ਕਾਲੇ ਵਾਲ (ਕੁਰਾਲੀ) ਦੇ ਆਦਰਸ਼ ਟੀਚਰਾਂ ਦਾ ਕੰਮ ਸਭਿਆਚਾਰ ਅਪਣਾਉਣਗੇ। ਸਾਬਕਾ ਅਧਿਆਪਕ ਆਗੂਆਂ ਨੇ ਕਿਹਾ ਕਿ ਆਦਰਸ਼ ਸਕੂਲਾਂ ਵਿੱਚ ਪਿਛਲੇ ਲੰਮੇ ਸਮੇਂ ਤੋਂ ਕੰਮ ਕਰ ਰਹੇ ਅਧਿਆਪਕ ਉਸ ਵੇਲੇ ਦੀ ਸਰਕਾਰ ਵੱਲੋਂ ਨਿਰੋਲ ਮੈਰਿਟ ਦੇ ਆਧਾਰ 'ਤੇ ਗੁਣਾਤਮਿਕ ਸਿੱਖਿਆ ਦੇਣ ਲਈ ਭਰਤੀ ਕੀਤੇ ਗਏ ਸਨ,ਜਿਸ ਸੋਚ ਅਧੀਨ ਅਜੋਕੀ ਸਰਕਾਰ ਸਕੂਲ ਆਫ ਐਮੀਨੈਂਸ ਪ੍ਰੋਜੈਕਟ 'ਤੇ ਕੰਮ ਕਰ ਰਹੀ ਹੈ। ਬਿਆਨ ਦੇ ਅੰਤ ਵਿੱਚ ਖੱਟੜਾ ਅਤੇ ਮਾਵੀ ਨੇ ਸਰਕਾਰ ਤੋਂ ਜੋਰਦਾਰ ਮੰਗ ਕੀਤੀ ਕਿ ਉਹ ਆਦਰਸ਼ ਅਤੇ ਮੈਰੀਟੋਰੀਅਸ ਸਕੂਲਾਂ ਅਤੇ ਅਧਿਆਪਕਾਂ ਨੂੰ ਤੁਰੰਤ ਟੇਕ ਓਵਰ ਕਰਕੇ ਮਸਲੇ ਦਾ ਮਿਸਾਲੀ ਹਲ ਕਰੇ।

# ਕੇਂਦਰ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਖਿਲਾਫ ਮੁਹਿੰਮ ਚਲਾਵਾਂਗੇ : ਸੇਖੋਂ



**ਨਵਾਂਸ਼ਹਿਰ (ਮਨੋਜ ਲਾਡੀ, ਕੁਲਵਿੰਦਰ ਦੁਰਗਾਪੁਰੀਆ)**

ਸੀ ਪੀ ਆਈ ਐਮ ਦੀ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਸੀ ਪੀ ਆਈ ਐਮ ਦੇ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਕੇਂਦਰ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦੇ ਖਿਲਾਫ 11 ਜੁਲਾਈ ਤੋਂ 15 ਅਗਸਤ ਤੱਕ ਮੁਹਿੰਮ ਲਾਮਬੰਦ ਕਰਾਂਗੇ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਜੋ ਲੋਕਾਂ ਨਾਲ ਝੂਠ ਬੋਲ ਰਹੀ ਹੈ, ਉਸਨੂੰ ਬੇਨਕਾਬ ਕਰਾਂਗੇ। ਮਹਿੰਗਾਈ , ਭ੍ਰਿਸ਼ਟਾਚਾਰ ਅਤੇ ਬੇਰੁਜਗਾਰੀ ਨੂੰ ਦੂਰ ਕਰਨ ਦੇ ਲਾਰੇ ਸਾਹਮਣੇ ਆ ਰਹੇ ਹਨ। ਇਸ ਲਈ ਮੋਦੀ ਸਰਕਾਰ ਨੂੰ 2024 ਦੀਆਂ ਚੋਣਾਂ ਵਿੱਚ ਚਲਦਾ ਕਰਨ ਲਈ ਹਰ ਕੋਸ਼ਿਸ਼ ਕਰਾਂਗੇ। ਉਨ੍ਹਾਂ ਨੇ ਪੰਜਾਬ ਸਰਕਾਰ ਬਾਰੇ ਬੋਲਦਿਆਂ ਕਿਹਾ ਕਿ ਇਹ ਸਰਕਾਰ ਪ੍ਰਚਾਰ ਰਾਹੀਂ ਹੀ ਆਪਣੇ ਕੰਮ ਦੱਸਦੀ ਹੈ ਪ੍ਰਚਾਰ ਲਈ ਵੀ ਕਰਜਾ ਚੁੱਕਿਆ ਜਾ ਰਿਹਾ ਹੈ ਕਰਜਾ ਚੁੱਕ ਕੇ ਕਿੰਨਾ ਚਿਰ ਪੰਜਾਬੀਆਂ ਨੂੰ ਧੋਖੇ ਵਿਚ ਰਖਿਆ ਜਾ ਸਕਦਾ ਹੈ। ਅੱਜ ਦੀ ਤਰੀਕ ਤੱਕ ਹਰ ਪੰਜਾਬੀ ਬੱਚੇ ਦੇ ਸਿਰ ਇੱਕ ਲੱਖ ਦਾ ਕਰਜਾ ਹੈ ਇਸ ਲਈ ਸਾਨੂੰ ਇਸ ਸਰਕਾਰ ਦੀਆਂ ਨੀਤੀਆਂ ਖਿਲਾਫ ਲੋਕਾਂ ਵਿੱਚ ਪ੍ਰਚਾਰ ਕਰਨ ਦੀ ਜਰੂਰਤ ਹੈ। ਇਸ ਮੀਟਿੰਗ ਵਿੱਚ ਇੱਕ ਮਤਾ ਪਾਸ ਕਰਕੇ ਗਰੀਬਾਂ ਦੇ ਕੱਟੇ ਗਏ ਨੀਲੇ ਕਾਰਡ ਕੱਟਣ ਦੀ ਨਿੰਦਾ ਕੀਤੀ ਗਈ ਅਤੇ ਮੁੜ ਨਵੇਂ ਕਾਰਡ ਬਣਾਉਣ ਦੀ ਮੰਗ ਕੀਤੀ ਗਈ। ਦੂਜੇ ਮਤੇ ਰਾਹੀਂ ਸੰਗਰੂਰ ਵਿਖੇ ਕੱਚੇ ਅਧਿਆਪਕਾਂ 'ਤੇ ਮੁੱਖ ਮੰਤਰੀ ਮਾਨ ਦੀ ਕੋਠੀ ਅੱਗੇ ਲਾਠੀਚਾਰਜ ਕਰਨ ਦੀ ਨਿਖੇਧੀ ਕੀਤੀ ਹੈ। ਮੀਟਿੰਗ ਵਿੱਚ ਸੂਬਾ ਸਕੱਤਰੇਤ ਮੈਂਬਰ ਕਾਮਰੇਡ ਬਲਵੀਰ ਸਿੰਘ ਜਾਡਲਾ, ਰਾਮ ਸਿੰਘ ਨੂਰਪੁਰੀ, ਗੁਰਨੇਕ ਸਿੰਘ ਭੱਜਲ, ਜ਼ਿਲ੍ਹਾ ਸਕੱਤਰੇਤ ਮੈਂਬਰ ਕਾਮਰੇਡ ਚਰਨਜੀਤ ਸਿੰਘ ਦੌਲਤਪੁਰ, ਕੁਲਦੀਪ ਝਿੰਗੜ, ਸੁਨੀਤਾ ਤਲਵੰਡੀ, ਸਰਾਧੂ ਰਾਮ ਤਾਜੋਵਾਲ ਤੇ ਸੁਖਦੇਵ ਸਿੰਘ ਗਰਚਾ ਨੇ ਸ਼ਮੂਲੀਅਤ ਕੀਤੀ। ਰੌਸ਼ਨ ਲਾਲੀ ਦੀ ਪ੍ਰਧਾਨਗੀ ਹੇਠ ਸਾਰੀ ਮੀਟਿੰਗ ਦੀ ਕਾਰਵਾਈ ਚੱਲੀ।

# ਫਰਾਂਸ ਦੇ ਸਿਆਸੀ ਸੰਕਟ ਪਿੱਛੇ ਹਰਕਤਸ਼ੀਲ ਮੁੱਦੇ ... (ਸਫਾ 4 ਦੀ ਬਾਕੀ)

ਫਰਾਂਸ ਆਰਥਿਕ ਵਿਕਾਸ ਦੇ ਮਾਮਲੇ ਵਿੱਚ ਯੂਰਪ ਦੇ ਬਾਕੀ ਵੱਡੇ ਦੇਸ਼ਾਂ ਦੇ ਮੁਕਾਬਲੇ ਪਛੜਨ ਲੱਗ ਪਿਆ, ਪਰ ਜੇਕਰ ਅੱਜ ਜੈਕ ਸਿਰਾਕ ਦਾ ਮੁਕਾਬਲਾ ਅਜੋਕੇ ਫ਼ਰਾਂਸੀਸੀ ਲੀਡਰਾਂ ਨਾਲ ਕੀਤਾ ਜਾਵੇ ਤਾਂ ਉਹ ਅਜੇ ਵੀ ਜਨ ਮਾਨਸ ਵਿੱਚ ਸਤਿਕਾਰ ਦਾ ਪਾਤਰ ਮੰਨਿਆ ਜਾਂਦਾ ਹੈ । ਇਹ ਉਵੇਂ ਹੀ ਹੈ, ਜਿਵੇਂ ਭਾਰਤ ਵਿੱਚ ਜਵਾਹਰ ਲਾਲ ਨਹਿਰੂ ਦੀ ਹਰਮਨ-ਪਿਆਰਤਾ ਘੱਟ ਨਹੀਂ ਹੋ ਸਕੀ। ਫਰਾਂਸ ਦੇ ਅਜੋਕੇ ਸਮਿਆਂ ਵੱਲ ਨਜ਼ਰ ਮਾਰੀ ਜਾਵੇ ਤਾਂ ਇਮੈਨੂਅਲ ਮੈਕਰੋਂ ਨੇ ਰਾਸ਼ਟਰਪਤੀ ਵਜੋਂ ਆਪਣੇ ਪਹਿਲੇ ਕੁਝ ਮਹੀਨਿਆਂ ਵਿੱਚ ਹੀ ਜਨਤਕ ਨੈਤਿਕਤਾ, ਕਿਰਤ ਕਾਨੂੰਨਾਂ, ਟੈਕਸਾਂ ਅਤੇ ਕਾਨੂੰਨ ਲਾਗੂ ਕਰਨ ਵਾਲੇ ਅਦਾਰਿਆਂ ਦੀਆਂ ਸ਼ਕਤੀਆਂ ਵਿਚ ਤਬਦੀਲੀਆਂ ਕਰਨ 'ਤੇ ਜ਼ੋਰ ਦਿੱਤਾ ਸੀ। ਉਸ ਨੇ ਰਾਜਨੀਤੀ ਵਿੱਚ ਸਮੂਹਿਕ ਭ੍ਰਿਸ਼ਟਾਚਾਰ ਨੂੰ ਰੋਕਣ ਲਈ ਯਤਨ ਅਰੰਭ ਦਿੱਤੇ, ਚੁਣੇ ਹੋਏ ਪ੍ਰਤੀਨਿਧਾਂ ਨੂੰ ਆਪਣੇ ਪਰਵਾਰਕ ਮੈਂਬਰਾਂ ਨੂੰ ਨੌਕਰੀ 'ਤੇ ਰੱਖਣ 'ਤੇ ਪਾਬੰਦੀ ਲਗਾ ਦਿੱਤੀ, ਪਰ ਖੁਦ ਉਸ ਨੇ ਆਪਣੀ ਪਤਨੀ ਨੂੰ ਸਰਕਾਰੀ ਕੰਮਕਾਜ ਵਿੱਚ ਦਖਲਅੰਦਾਜ਼ੀ ਕਰਨ ਲਈ ਨਿਯਮਾਂ ਵਿੱਚ ਸੋਧ ਕਰ ਦਿੱਤੀ, ਜਿਸ ਕਰਕੇ ਉਸ ਨੂੰ ਜਨਤਕ ਅਲੋਚਨਾ ਦਾ ਸ਼ਿਕਾਰ ਬਣਨਾ ਪਿਆ। ਲੱਗਭੱਗ ਤਿੰਨ ਲੱਖ ਲੋਕਾਂ ਨੇ ਵਿਰੋਧ ਪਟੀਸ਼ਨ ਪਾ ਕੇ ਉਸ ਨੂੰ ਆਪਣੀ ਸਕੀਮ ਤਿਆਗਣ ਲਈ ਮਜਬੂਰ ਕਰ ਦਿੱਤਾ । ਮਜ਼ਦੂਰਾਂ ਸੰਬੰਧੀ ਨੀਤੀਆਂ ਅਤੇ ਯੂਨੀਅਨਾਂ ਦੇ ਸੰਬੰਧ ਵਿੱਚ ਮੈਕਰੋਂ ਨੂੰ ਮਾਲਕ-ਮਜ਼ਦੂਰ ਸਹਿਮਤੀ ਵਾਲੀ ਪ੍ਰਣਾਲੀ ਨੂੰ ਲਾਗੂ ਕਰਨ ਵੱਲ ਮੁੜਨਾ ਪਿਆ ਹੈ । ਉਸ ਨੇ ਪੂਰਬੀ ਯੂਰਪ ਤੋਂ ਸਸਤੇ ਮਜ਼ਦੂਰਾਂ ਨੂੰ ਰੁਜ਼ਗਾਰ ਦੇਣ ਵਾਲੀਆਂ ਕੰਪਨੀਆਂ ਵਿਰੁੱਧ ਕਾਰਵਾਈ ਕਰਨ ਦਾ ਵਾਅਦਾ ਵੀ ਕੀਤਾ ਹੈ, ਜੋ ਕਿ ਫਰਾਂਸੀਸੀ ਕਾਮਿਆਂ ਦੀਆਂ ਨੌਕਰੀਆਂ ਨੂੰ ਪ੍ਰਭਾਵਿਤ ਕਰ ਰਹੀਆਂ ਸਨ । ਇਸ ਨੂੰ ਉਸ ਨੇ "ਸਮਾਜਿਕ ਡੰਪਿੰਗ" ਦਾ ਨਾਂਅ ਦਿੱਤਾ ਸੀ । ਯੂਰਪੀ ਯੂਨੀਅਨ ਦੀਆਂ ਨੀਤੀਆਂ ਮੁਤਾਬਕ ਪੂਰਬੀ ਯੂਰਪ ਦੇ ਦੇਸ਼ਾਂ ਵਿੱਚ ਕਾਮਿਆਂ ਨੂੰ ਮੂਲ ਤਨਖਾਹ ਦੇ ਪੱਧਰ 'ਤੇ ਸੀਮਤ ਸਮੇਂ ਲਈ ਨੌਕਰੀ ਦਿੱਤੀ ਜਾ ਸਕਦੀ ਹੈ, ਜਿਸ ਕਾਰਨ ਯੂਰਪੀ ਯੂਨੀਅਨ ਦੇ ਦੇਸਾਂ ਵਿਚਕਾਰ ਵਿਵਾਦ ਪੈਦਾ ਹੋ ਗਿਆ ਹੈ । ਫਰਾਂਸ ਅੰਦਰ ਮਜ਼ਦੂਰ ਅਤੇ ਮੁਲਾਜ਼ਮਾਂ ਦੀ ਬੇਚੈਨੀ ਲਗਾਤਾਰ ਵ ਧ ਰਹੀ ਹੈ । ਰਾਸ਼ਟਰਪਤੀ ਇਮੈਨੂਅਲ ਮੈਕਰੋਂ ਦੇ ਪ੍ਰਸਤਾਵਿਤ ਪੈਨਸ਼ਨ ਸੁਧਾਰਾਂ ਦੇ ਜਵਾਬ ਵਿੱਚ 24 ਮਾਰਚ, 2023 ਨੂੰ ਫਰਾਂਸ ਵਿੱਚ 10 ਲੱਖ ਤੋਂ ਵੱਧ ਪ੍ਰਦਰਸ਼ਨਕਾਰੀ ਸੜਕਾਂ 'ਤੇ ਉੱਤਰ ਆਏ ਸਨ । ਮਿਤੀ 9 ਜਨਵਰੀ 2023 ਤੋਂ ਬਾਅਦ ਵਿਆਪਕ ਲਾਮਬੰਦੀ ਦਾ ਇਹ 10ਵਾਂ ਦਿਨ ਸੀ ਅਤੇ ਵਿਰੋਧ ਪ੍ਰਦਰਸ਼ਨਾਂ ਦੇ ਰੁਕਣ ਦਾ ਕੋਈ ਸੰਕੇਤ ਦਿਖਾਈ ਨਹੀਂ ਦਿੰਦਾ। ਇਸ ਤੋਂ ਪਤਾ ਚੱਲਦਾ ਹੈ ਕਿ ਫਰਾਂਸ ਵਿੱਚ ਰਾਜਨੀਤਕ ਸਥਿਤੀ ਕਿੰਨੀ ਡਾਵਾਂਡੋਲ ਹੈ । ਰਾਸ਼ਟਰਪਤੀ ਨੂੰ ਲੋਕ ਸਭਾ ਅੰਦਰ ਵੱਖ- ਵੱਖ ਰਾਜਨੀਤਕ ਪਾਰਟੀਆਂ ਨਾਲ ਸੌਦੇਬਾਜ਼ੀ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ। ਉਸ ਲਈ ਵੱਡਾ ਸਵਾਲ ਇਹ ਹੈ ਕਿ ਉਹ ਰਾਜਨੀਤਕ ਵਖਰੇਵਿਆਂ ਨੂੰ ਕਿਵੇਂ ਦੂਰ ਕਰ ਸਕਦਾ ਹੈ। ਫਰਾਂਸ ਦੇ ਸੱਜੇ ਅਤੇ ਖੱਬੇ ਪੱਖੀ ਸਿਆਸੀ ਗਠਜੋੜ "ਨਾ ਝੁਕਣ ਵਾਲਾ ਫਰਾਂਸ" (ਲਾ ਫਰਾਂਸ ਆਂਸੌਮਿਸ) ਨੇ ਸੰਕੇਤ ਦਿੱਤਾ ਹੈ ਕਿ ਉਹ ਯੂਕਰੇਨ ਵਾਸਤੇ ਬਿਨਾਂ ਸ਼ਰਤ ਫਰਾਂਸੀਸੀ ਮਦਦ ਦੀ ਹਮਾਇਤ ਨਹੀਂ ਕਰੇਗਾ । ਹਾਲਾਂਕਿ ਖੱਬੇ ਪੱਖੀ ਪਾਰਟੀਆਂ ਦਾ ਇੱਕ ਵਿਆਪਕ ਗੱਠਜੋੜ ਘਰੇਗੀ ਨੀਤੀ ਦੇ ਮੁੱਖ ਮੁੱਦਿਆਂ ਉੱਪਰ ਮੈਕਰੋਂ ਨਾਲ ਇਤਫਾਕ ਰੱਖਦਾ ਹੈ । ਇਹ ਪਾਰਟੀਆਂ ਵਿਦੇਸ਼ੀ ਨੀਤੀ 'ਤੇ ਵੱਖ ਹੋ ਜਾਂਦੀਆਂ ਹਨ, ਖਾਸ ਤੌਰ 'ਤੇ ਜਦੋਂ ਇਹ ਮਸਲਾ ਰੂਸ ਅਤੇ ਯੂਕਰੇਨ ਜੰਗ ਵਰਗੇ ਮੁੱਦਿਆਂ ਨਾਲ ਸੰਬੰਧਤ ਹੋਵੇ । ਇਸ ਸਮੇਂ ਯੂਰਪ ਵਿੱਚ ਇੱਕ ਪ੍ਰਮੁੱਖ ਮੁੱਦਾ ਇਹ ਯਕੀਨੀ ਬਣਾ ਰਿਹਾ ਹੈ ਕਿ ਯੂਕਰੇਨ ਨੂੰ ਸਮਰਥਨ ਦੇਣ ਲਈ ਯੂਰਪੀਅਨ ਅਤੇ ਟਰਾਂਸ ਐਟਲਾਂਟਿਕ ਏਕਤਾ ਨੂੰ ਨਾ ਸਿਰਫ਼ ਕਾਇਮ ਰੱਖਿਆ ਜਾਵੇ, ਸਗੋਂ ਮਜ਼ਬੂਤ ਵੀ ਕੀਤਾ ਜਾਵੇ । ਜੇਕਰ ਫਰਾਂਸ ਯੂਕਰੇਨ ਸਬੰਧੀ ਆਪਣੀ ਹਮਾਇਤ ਵਿੱਚ ਤਬਦੀਲੀ ਕਰਦਾ ਹੈ ਤਾਂ ਇਸ ਦੇ ਯੂਰਪੀ ਯੂਨੀਅਨ ਨਾਲ ਏਕਤਾ ਅਤੇ ਭਵਿੱਖ ਲਈ ਨਤੀਜੇ ਬਹੁਤ ਗੰਭੀਰ ਹੋਣਗੇ । ਦਿਲਚਸਪ ਗੱਲ ਇਹ ਹੈ ਕਿ ਫਰਾਂਸੀਸੀ ਸੰਵਿਧਾਨ ਅਤੇ "ਪੰਜਵਾਂ ਗਣਰਾਜ" ਹੁਣ ਮੈਕਰੋਂ ਉੱਪਰ ਇੱਕ ਸਰਬ ਸਾਂਝਾ ਅਤੇ ਉਸਾਰੂ ਰਸਤਾ ਲੱਭਣ ਦੀ ਜ਼ਿੰਮੇਵਾਰੀ ਪਾ ਰਹੇ ਹਨ । ਸਿਆਸੀ ਸੰਕਟ ਦੇ ਹੱਲ ਲਈ ਮੈਕਰੋਂ ਨੂੰ ਆਪਣੇ ਤੌਰ-ਤਰੀਕਿਆਂ ਵਿੱਚ ਤਬਦੀਲੀ ਕਰਨ ਦੀ ਲੋੜ ਹੈ, ਤਾਂ ਜੋ ਉਹ ਆਪਣੇ ਦੂਜੇ ਕਾਰਜਕਾਲ ਦੇ ਬਾਕੀ ਰਹਿੰਦੇ ਚਾਰ ਸਾਲਾਂ ਨੂੰ ਕੁਝ ਸੁਧਾਰ ਲਿਆਉਣ ਲਈ ਸਮਰਪਿਤ ਕਰ ਸਕੇ, ਨਹੀਂ ਤਾਂ ਆਰਥਿਕ ਸੁਧਾਰਾਂ ਤੋਂ ਲੈ ਕੇ ਨਸਲਵਾਦ ਵਿਰੁੱਧ ਸ਼ੁਰੂ ਹੋਇਆ ਅਜੋਕਾ ਅੰਦੋਲਨ ਫਰਾਂਸ ਅੰਦਰ ਵਿਆਪਕ ਬਦਲਾਅ ਦਾ ਸਬੱਬ ਬਣ ਸਕਦਾ ਹੈ ।

6-July-PAGE-9.qxd 7/5/2023 10:53 PM Page 1



# ਲੋਕ ਸਭਾ ਮੈਂਬਰ ਨੇ ਮੁੱਖ ਮੰਤਰੀ ਅੱਗੇ ਵੈਟ ਮਾਮਲਿਆਂ ਦੇ ਯਕਮੁਸ਼ਤ ਨਿਪਟਾਰੇ ਦਾ ਮਾਮਲਾ ਉਠਾਇਆ

**ਜਲੰਧਰ ( ਇਕਬਾਲ ਸਿੰਘ ਉੱਭੀ, ਸ਼ੈਲੀ ਐਲਬਰਟ )**

ਲੋਕ ਸਭਾ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅੱਗੇ ਵਪਾਰੀਆਂ ਅਤੇ ਉਦਯੋਗਪਤੀਆਂ ਦੇ 2015-16, 16-17 ਅਤੇ 17-18 ਦੇ ਲੰਬਿਤ ਵੈਟ ਮੁਲਾਂਕਣ ਕੇਸਾਂ ਸਬੰਧੀ ਯਕਮੁਸ਼ਤ ਨਬੇੜਾ (ਵਨ ਟਾਈਮ ਸੈਟਲਮੈਂਟ) ਸਕੀਮ ਦਾ ਮੁੱਦਾ ਉਠਾਇਆ। ਸੰਸਦ ਮੈਂਬਰ ਨੇ ਦੱਸਿਆ ਕਿ ਮੁੱਖ ਮੰਤਰੀ ਵੱਲੋਂ ਵੈਟ ਮੁਲਾਂਕਣ ਦੇ ਸਾਰੇ ਬਕਾਇਆ ਮਾਮਲਿਆਂ ਦੇ ਨਿਪਟਾਰੇ ਲਈ ਜਲਦ ਹੀ ਸੂਬਾ ਪੱਧਰੀ ਨੀਤੀ ਬਣਾਉਣ ਦਾ ਭਰੋਸਾ ਦਿੱਤਾ ਗਿਆ ਹੈ ਤਾਂ ਜੋ ਸੂਬੇ ਦੇ ਵਪਾਰੀ ਭਾਈਚਾਰੇ ਨੂੰ ਸੁਵਿਧਾ ਦਿੱਤੀ ਜਾ ਸਕੇ। ਓ.ਟੀ.ਐਸ ਸਕੀਮ ਦੀ ਸ਼ੁਰੂਆਤ ਵਪਾਰੀਆਂ ਦੀ ਚਿਰੋਕਣੀ ਮੰਗ ਸੀ, ਜਿਸ ਨੂੰ ਪਿਛਲੀਆਂ ਸਰਕਾਰਾਂ ਵੱਲੋਂ ਅਣਗੌਲਿਆ ਕਰ ਦਿੱਤਾ ਗਿਆ। ਹਾਲਾਂਕਿ, ਸੂਬੇ ਦੇ ਵਪਾਰੀ ਭਾਈਚਾਰੇ ਦੀ ਸਹੂਲਤ ਲਈ ਅਜਿਹੀ ਨੀਤੀ ਨੂੰ ਲਾਗੂ ਕਰਨਾ ਸਮੇਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜਲਦ ਹੀ ਵਪਾਰੀਆਂ ਦੀ ਸਹੂਲਤ ਲਈ ਅਜਿਹੀ ਨੀਤੀ ਲਿਆਂਦੀ ਜਾਵੇਗੀ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਸੂਬੇ ਦੇ ਉਦਯੋਗਿਕ ਵਿਕਾਸ ਨੂੰ ਹੋਰ ਹੁਲਾਰਾ ਦੇਣ ਲਈ ਵਚਨਬੱਧ ਹੈ ਅਤੇ ਇਸ ਮਿਸ਼ਨ ਦੀ ਪ੍ਰਾਪਤੀ ਲਈ ਕੋਈ ਕਸਰ ਨਹੀਂ ਛੱਡੀ ਜਾਵੇਗੀ।



ਉਨ੍ਹਾਂ ਨੇ ਅੱਗੇ ਦੱਸਿਆ ਕਿ ਜ਼ਿਲ੍ਹੇ ਦੇ ਸਮੁੱਚੇ 9 ਵਿਧਾਨ ਸਭਾ ਹਲਕਿਆਂ ਦੇ ਸਰਬਪੱਖੀ ਵਿਕਾਸ ਦੇ ਸਬੰਧ ਵਿੱਚ ਮੁੱਖ ਮੰਤਰੀ ਨਾਲ ਵਿਸਥਾਰ ਨਾਲ ਚਰਚਾ ਕੀਤੀ ਗਈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਜਲੰਧਰ ਜ਼ਿਲ੍ਹੇ ਨੂੰ ਵਿਕਾਸ ਦੀਆਂ ਉੱਚ ਲੀਹਾਂ 'ਤੇ ਲਿਜਾਣ ਲਈ ਨਵੀਆਂ ਪਹਿਲਕਦਮੀਆਂ ਸ਼ੁਰੂ ਕਰਨ ਲਈ ਪਹਿਲਾਂ ਹੀ ਖਾਕਾ ਤਿਆਰ ਕੀਤਾ ਜਾ ਚੁੱਕਾ ਹੈ।

# ਪ ਸ ਸ ਫ ਨੇ ਕੌਮੀ ਵਿਰੋਧ ਦਿਵਸ ਮਨਾਇਆ, ਮੰਗਾਂ ਨੂੰ ਲੈ ਕੇ ਕੀਤੀ ਜ਼ੋਰਦਾਰ ਨਾਅਰੇਬਾਜ਼ੀ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**

ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ਼ ਫੈਡਰੇਸ਼ਨ ਵਲੋਂ ਮੁਲਾਜ਼ਮਾਂ,ਮਜ਼ਦੂਰਾਂ ਆਮ ਜਨ ਸਧਾਰਨ ਦੀਆਂ ਸਾਂਝੀਆਂ ਮੰਗਾਂ ਅਤੇ ਸਮੱਸਿਆਵਾਂ ਨੂੰ ਲੈ ਕੇ 04 ਜੁਲਾਈ ਨੂੰ ਦੇਸ਼ ਭਰ ਵਿੱਚ ਕੌਮੀ ਵਿਰੋਧ ਦਿਵਸ ਮਨਾਉਣ ਦੇ ਦਿੱਤੇ ਸੱਦੇ ਅਨੁਸਾਰ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਜ਼ਿਲ੍ਹਾ ਜਲੰਧਰ ਨੇ ਬਲਾਕ ਨੂਰਮਹਿਲ ਦੇ ਪ੍ਰਧਾਨ ਮਨੋਜ ਕੁਮਾਰ ਸਰੋਏ ਦੀ ਅਗਵਾਈ ਵਿੱਚ ਨੂਰਮਹਿਲ ਵਿਖੇ ਜੋਰਦਾਰ ਨਾਅਰੇ ਬਾਜ਼ੀ ਕਰਦਿਆਂ ਕੌਮੀ ਵਿਰੋਧ ਦਿਵਸ ਮਨਾਇਆ। ਮੁਲਾਜ਼ਮਾਂ ਨੂੰ ਸੰਬੋਧਨ ਕਰਦੇ ਹੋਏ ਪ.ਸ.ਸ.ਫ.ਦੇ ਸੂਬਾ ਜਨਰਲ ਸਕੱਤਰ ਅਤੇ ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ਼ ਫੈਡਰੇਸ਼ਨ ਦੀ ਕੌਮੀ ਕਾਰਜਕਾਰਨੀ ਦੇ ਮੈਂਬਰ ਸਾਥੀ ਤੀਰਥ ਸਿੰਘ ਬਾਸੀ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਅਤੇ ਵੱਖ-ਵੱਖ ਰਾਜਾਂ ਦੀਆਂ ਸਰਕਾਰਾਂ ਦੇ ਦੌਰਾਨ ਅਤਿ ਦੀ ਮਹਿੰਗਾਈ ਵਧੀ ਹੈ। ਕੇਂਦਰ ਦੀ ਮੋਦੀ ਸਰਕਾਰ ਵੱਲੋਂ ਪਬਲਿਕ ਸੈਕਟਰ ਦੇ ਅਦਾਰੇ ਕੌਡੀਆਂ ਦੇ ਭਾਅ ਆਪਣੇ ਕਾਰਪੋਰੇਟ ਮਿੱਤਰਾਂ ਨੂੰ ਵੇਚੇ ਜਾ ਰਹੇ ਹਨ, ਜਿਸ ਕਰਕੇ ਆਮ ਜਨ ਸਧਾਰਨ ਦੇ ਸਰਕਾਰੀ ਨੌਕਰੀਆਂ ਪ੍ਰਾਪਤ ਕਰਨ ਦੇ ਸੁਪਨੇ ਚਕਨਾਚੂਰ ਹੋ ਰਹੇ ਹਨ। ਹਰ ਪੱਧਰ 'ਤੇ ਨਿੱਜੀਕਰਨ ਨੂੰ ਹੁਲਾਰਾ ਦੇਣ ਦੇ ਕਾਰਨ ਉੱਕੀ ਪੁੱਕੀ ਤਨਖਾਹ ਤੇ ਅਤੇ ਆਊਟਸੋਰਸ ਰਾਹੀਂ ਭਰਤੀਆਂ ਕੀਤੀਆਂ ਜਾ ਰਹੀਆਂ ਹਨ,ਜਿਸ ਕਰਕੇ ਹਰ ਵਰਗ ਦੇ ਮੁਲਾਜਮਾਂ ਨੂੰ ਆਪਣੇ ਪਰਵਾਰ ਪਾਲਣੇ ਔਖੇ ਹੋਏ ਪਏ ਹਨ ਜਦੋਂ ਕਿ ਕੇਂਦਰ/ਰਾਜ ਸਰਕਾਰਾਂ ਦੀ ਕਾਰਪੋਰੇਟ ਘਰਾਣਿਆਂ ਨੂੰ ਲਾਭ ਪਹੁੰਚਾਉਣ ਵਾਲੀਆਂ ਨੀਤੀਆਂ ਦੇ ਕਾਰਨ ਕਾਰਪੋਰੇਟ ਘਰਾਣਿਆਂ ਦੇ ਖ਼ਜ਼ਾਨੇ ਦਿਨ ਦੂਣੀ ਰਾਤ ਚੌਗੁਣੀ ਰਫ਼ਤਾਰ ਨਾਲ਼ ਭਰ ਰਹੇ ਹਨ,ਜਿਸ ਕਰਕੇ ਆਮ ਜਨ-ਸਧਾਰਨ ਦਾ ਜਿਉਣਾ ਬਹੁਤ ਹੀ ਮੁਸ਼ਕਿਲ ਹੋਇਆ ਪਿਆ ਹੈ।




ਪ.ਸ.ਸ.ਫ. ਜ਼ਿਲ੍ਹਾ ਜਲੰਧਰ ਦੇ ਜਨਰਲ ਸਕੱਤਰ ਨਿਰਮੋਲਕ ਸਿੰਘ ਹੀਰਾ, ਕੁਲਦੀਪ ਵਾਲੀਆ ਜ਼ਿਲ੍ਹਾ ਕਨਵੀਨਰ ਪੁਰਾਣੀ ਪੈਂਨਸ਼ਨ ਬਹਾਲੀ ਸੰਘਰਸ਼ ਕਮੇਟੀ,ਅਕਲ ਚੰਦ ਸਿੰਘ ਚੇਅਰਮੈਨ ਪੀ.ਡਬਲਯੂ.ਡੀ.ਫੀਲਡ ਐਂਡ ਵਰਕਸ਼ਾਪ ਯੂਨੀਅਨ ਨੇ ਦੱਸਿਆ ਕਿ ਐਕਟ ਤੁਰੰਤ ਰੱਦ ਕੀਤਾ ਜਾਵੇ ਅਤੇ 2004 ਤੋਂ ਬਾਅਦ ਨਿਯੁਕਤ ਸਮੂਹ ਮੁਲਾਜਮਾਂ ਦੀ ਨਵੀਂ ਪੈਨਸ਼ਨ ਸਕੀਮ ਨੂੰ ਰੱਦ ਕਰਕੇ ਪੁਰਾਣੀ ਪੈਂਨਸ਼ਨ ਸਕੀਮ ਤੁਰੰਤ ਬਹਾਲ ਕੀਤੀ ਜਾਵੇ, ਅਥਾਰਟੀ ਕੋਲ ਮੁਲਾਜਮਾਂ ਦੀ ਜਮ੍ਹਾਂ ਰਕਮ ਤੁਰੰਤ ਰਾਜ ਸਰਕਾਰਾਂ ਨੂੰ ਵਾਪਸ ਕੀਤੀ ਜਾਵੇ, ਹਰ ਪ੍ਰਕਾਰ ਦੇ ਕੱਚੇ ਮੁਲਾਜਮਾਂ,ਡੇਲੀਵੇਜ ਮੁਲਾਜਮਾਂ ਅਤੇ ਆਊਟਸੋਰਸ ਮੁਲਾਜਮਾਂ ਨੂੰ ਪੂਰੇ ਪੂਰੇ ਗਰੇਡਾਂ ਵਿੱਚ ਰੈਗੂਲਰ ਕਰਨ,ਕੇਂਦਰ ਅਤੇ ਰਾਜ ਸਰਕਾਰ ਦੇ ਵਿਭਾਗਾਂ ਦੀਆਂ ਖਾਲੀ ਪੋਸਟਾਂ ਤੁਰੰਤ ਭਰਨ ਲਈ, ਨਿੱਜੀਕਰਨ ਨੂੰ ਰੋਕਣ ਅਤੇ ਪਬਲਿਕ ਸੈਕਟਰ ਦੇ ਅਦਾਰਿਆਂ ਨੂੰ ਕੌਡੀਆਂ ਦੇ ਭਾਅ ਕਾਰਪੋਰੇਟ ਘਰਾਣਿਆਂ ਨੂੰ ਵੇਚਣ ਤੋਂ ਰੋਕਣ ਲਈ,ਮਾਣ ਭੱਤਾ ਮੁਲਾਜ਼ਮਾਂ ਨੂੰ ਘੱਟੋ ਘੱਟ ਉਜਰਤ ਦੇ ਘੇਰੇ ਵਿੱਚ ਲਿਆਉਣ ਲਈ, ਟਰੇਡ ਯੂਨੀਅਨਾਂ ਅਧਿਕਾਰਾਂ ਨੂੰ ਬਹਾਲ ਕਰਵਾਉਣ , ਲੇਬਰ ਕਾਨੂੰਨਾਂ ਵਿੱਚ ਕੀਤੀਆਂ ਸੋਧਾਂ ਨੂੰ ਤੁਰੰਤ ਰੱਦ ਕਰਵਾਉਣ, ਨਵੀਂ ਸਿੱਖਿਆ ਨੀਤੀ -2020 ਨੂੰ ਰੱਦ ਕਰਵਾਉਣ ਅਤੇ ਸਿੱਖਿਆ ਦੇ ਭਗਵੇਂਕਰਨ ਨੂੰ ਬੰਦ ਕਰਵਾਉਣ ਲਈ, ਅੱਠਵੇਂ ਕੇਂਦਰੀ ਪੇ ਕਮਿਸ਼ਨ ਦੀ ਸਥਾਪਨਾ ਕਰਵਾਉਣ ਲਈ, ਮਹਿੰਗਾਈ ਨੂੰ ਕੰਟਰੋਲ ਕਰਨ ਲਈ ਆਦਿ ਸਮੂਹਿਕ ਸਾਂਝੀਆਂ ਮੰਗਾਂ ਨੂੰ ਲੈ ਕੇ ਕੇਂਦਰ ਸਕਰਾਰ ਅਤੇ ਰਾਜ ਸਰਕਾਰ ਤੇ ਦਬਾਓ ਬਣਾਉਣ ਲਈ ਪੂਰੇ ਦੇਸ਼ ਵਿੱਚ ਕੌਮੀ ਵਿਰੋਧ ਦਿਵਸ ਮਨਾਇਆ ਜਾ ਰਿਹਾ ਹੈ। ਇਸ ਸਮੇਂ ਹੋਰਨਾਂ ਤੋਂ ਇਲਾਵਾ ਸੰਦੀਪ ਰਾਜੋਵਾਲ, ਕੁਲਦੀਪ ਸਿੰਘ ਕੌੜਾ, ਦਰਸ਼ਨ ਰਾਮ ਸਿਆਣ, ਰਾਜਿੰਦਰ ਕੁਮਾਰ,ਰਾਮ ਦੱਤ, ਧਰਮਿੰਦਰ ਕੁਮਾਰ,ਕਰਨ ਗੁਮਟਾਲੀ,ਵਿਵੇਕ ਕੁਮਾਰ ਰਾਜੋਵਾਲ, ਗਗਨਦੀਪ ਸਿੰਘ, ਕਿਰਨਜੀਤ ਕੌਰ,ਨੀਰਜ, ਦਲਜੀਤ ਕੌਰ, ਜਸਵੀਰ ਕੌਰ, ਸੁਰਜੀਤ ਕੌਰ,ਪ੍ਰਵੀਨ ਕੁਮਾਰੀ, ਲਖਵਿੰਦਰ ਕੌਰ,ਜੋਤੀ, ਸੁਰਿੰਦਰ ਆਦਿ ਸਾਥੀ ਹਾਜਰ ਹੋਏ।

# ਗੁਰਦੀਪ ਸਿੰਘ ਕੰਗ ਨੂੰ ਅਮੀਸ਼ਾ ਪਟੇਲ ਦੇ ਹੱਥੋਂ ਪ੍ਰਾਪਤ ਹੋਇਆ ਗਲੋਬਲ ਪ੍ਰਾਈਡ ਐਵਾਰਡ

**ਫਗਵਾੜਾ (ਡਾ. ਰਮਨ)**

ਫਗਵਾੜਾ ਦੇ ਉੱਘੇ ਸਮਾਜ ਸੇਵਕ ਅਤੇ ਐਂਟੀ ਕਰੱਪਸ਼ਨ ਫਾਊਂਡੇਸ਼ਨ ਆਫ ਇੰਡੀਆ ਦੇ ਸਟੇਟ ਡਾਇਰੈਕਟਰ ਗੁਰਦੀਪ ਸਿੰਘ ਕੰਗ ਨੂੰ ਫਾਊਂਡੇਸ਼ਨ ਵੱਲੋਂ ਹੋਟਲ ਦਿ ਰੁਤਬਾ, ਕਰਨਾਲ ਵਿਖੇ ਕਰਵਾਏ ਗਏ ਇਕ ਸ਼ਾਨਦਾਰ ਸਮਾਗਮ ਦੌਰਾਨ ਗਲੋਬਲ ਪ੍ਰਾਈਡ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਉਨ੍ਹਾਂ ਨੂੰ ਸਮਾਗਮ ਦੌਰਾਨ ਬਤੌਰ ਸੈਲੀਬ੍ਰਿਟੀ ਗੈਸਟ ਸ਼ਾਮਲ ਹੋਈ ਸਿਨੇ ਸਟਾਰ ਅਮੀਸ਼ਾ ਪਟੇਲ ਦੇ ਹੱਥੋਂ ਪ੍ਰਾਪਤ ਹੋਇਆ। ਇਸ ਦੌਰਾਨ ਫਾਊਂਡੇਸ਼ਨ ਦੇ ਕੌਮੀ ਪ੍ਰਧਾਨ ਨਰਿੰਦਰ ਅਰੋੜਾ ਨੇ ਗੁਰਦੀਪ ਸਿੰਘ ਕੰਗ ਵੱਲੋਂ ਸਮਾਜ ਸੇਵਾ ਅਤੇ ਭ੍ਰਿਸ਼ਟਾਚਾਰ ਵਿਰੁੱਧ ਆਮ ਲੋਕਾਂ ਨੂੰ ਜਾਗਰੂਕ ਕਰਨ ਦੀ ਮੁਹਿੰਮ 'ਚ ਪਾਏ ਜਾ ਰਹੇ ਯੋਗਦਾਨ ਜਾਣਕਾਰੀ ਦਿੱਤੀ।




ਕਰਨਾਲ 'ਚ ਆਯੋਜਿਤ ਪ੍ਰੋਗਰਾਮ 'ਚ ਸ਼ਾਮਲ ਹੋਏ ਸਨ। ਉਹ ਬਾਲੀਵੁੱਡ ਦੀ ਗਦਰ ਫੇਮ ਸਟਾਰ ਦੇ ਹੱਥੋਂ ਇਹ ਐਵਾਰਡ ਹਾਸਲ ਕਰਕੇ ਬੇਹੱਦ ਖੁਸ਼ੀ ਤੇ ਮਾਣ ਮਹਿਸੂਸ ਕਰਦੇ ਹਨ। ਅਮੀਸ਼ਾ ਪਟੇਲ ਨਾਲ ਮੁਲਾਕਾਤ ਹਮੇਸ਼ਾ ਯਾਦਗਾਰ ਰਹੇਗੀ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਉਹ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਅਤੇ ਲੋੜਵੰਦਾਂ ਦੀ ਮਦਦ ਕਰਨ ਦੇ ਉਪਰਾਲੇ ਹੋਰ ਵੀ ਤਨਦੇਹੀ ਨਾਲ ਕਰਨਗੇ। ਗੁਰਦੀਪ ਸਿੰਘ ਕੰਗ ਨੇ ਐਵਾਰਡ ਲਈ ਰਾਸ਼ਟਰੀ ਪ੍ਰਧਾਨ ਨਰਿੰਦਰ ਅਰੋੜਾ, ਰਣਜੋਤ ਸਿੰਘ ਇੰਟਰਨੈਸ਼ਨਲ ਚੀਫ ਡਾਇਰੈਕਟਰ ਸਮੇਤ ਸਮੁੱਚੀ ਟੀਮ ਦਾ ਧੰਨਵਾਦ ਵੀ ਕੀਤਾ। ਇਸ ਦੌਰਾਨ ਲਾਇਨਜ਼ ਇੰਟਰਨੈਸ਼ਨਲ 321-ਡੀ ਦੇ

ਗੁਰਦੀਪ ਸਿੰਘ ਕੰਗ ਦੀ ਸੇਵਾ ਭਾਵਨਾ ਤੋਂ ਪ੍ਰਭਾਵਿਤ ਹੋ ਕੇ ਅਮੀਸ਼ਾ ਪਟੇਲ ਨੇ ਕਿਹਾ ਕਿ ਬਿਮਾਰਾਂ ਦੀ ਸੇਵਾ ਅਤੇ ਲੋੜਵੰਦਾਂ ਦੀ ਮਦਦ ਕਰਨਾ ਸਭ ਤੋਂ ਵੱਡਾ ਪਰਉਪਕਾਰ ਹੈ ਜਿਸਦਾ ਮੌਕਾ ਭਾਗਾਂ ਨਾਲ ਹੀ ਮਿਲਦਾ ਹੈ। ਐਵਾਰਡ ਪ੍ਰਾਪਤ ਕਰਨ ਤੋਂ ਬਾਅਦ ਫਗਵਾੜਾ 'ਚ ਗੱਲਬਾਤ ਦੌਰਾਨ ਗੁਰਦੀਪ ਸਿੰਘ ਕੰਗ ਨੇ ਦੱਸਿਆ ਕਿ ਫਾਊਂਡੇਸ਼ਨ ਦੇ ਕੌਮੀ ਪ੍ਰਧਾਨ ਨਰਿੰਦਰ ਅਰੋੜਾ ਦੇ ਸੱਦੇ 'ਤੇ ਉਹ ਸਾਬਕਾ ਡਿਸਟ੍ਰਿਕਟ ਗਵਰਨਰ ਲਾਇਨ ਦਵਿੰਦਰਪਾਲ ਅਰੋੜਾ, ਪਰਮਜੀਤ ਸਿੰਘ ਦੂਆ ਨੈਸ਼ਨਲ ਪ੍ਰੈਜੀਡੇਂਟ ਵਿਜੀਲੈਂਸ ਸੈੱਲ, ਗਗਨਦੀਪ ਸਿੰਘ ਮਲਹੋਤਰਾ ਨੈਸ਼ਨਲ ਪ੍ਰਧਾਨ ਹਿਊਮਨ ਰਾਈਟਸ ਵਿੰਗ, ਆਸ਼ੂ ਕਰਵਲ, ਬਿੱਟੂ ਭਮਰਾ ਆਦਿ ਵੀ ਗੁਰਦੀਪ ਸਿੰਘ ਕੰਗ ਨੂੰ ਇਸ ਐਵਾਰਡ ਨਾਲ ਨਵਾਜੇ ਜਾਣ ਦੇ ਚਸ਼ਮਦੀਦ ਬਣੇ।

# ਰਾਕੇਸ਼ ਰਾਠੌਰ ਨੇ ਸੁਨੀਲ ਜਾਖੜ ਨੂੰ ਸੂਬਾ ਪ੍ਰਧਾਨ ਬਣਨ 'ਤੇ ਦਿੱਤੀ ਵਧਾਈ



**ਜਲੰਧਰ-(ਸ਼ੈਲੀ ਐਲਬਰਟ)**- ਜਲੰਧਰ ਦੇ ਸਾਬਕਾ ਮੇਅਰ ਅਤੇ ਭਾਜਪਾ ਪੰਜਾਬ ਪ੍ਰਦੇਸ਼ ਦੇ ਮੀਤ ਪ੍ਰਧਾਨ ਰਾਕੇਸ਼ ਰਾਠੌਰ ਨੇ ਸੁਨੀਲ ਜਾਖੜ ਨੂੰ ਭਾਜਪਾ ਪੰਜਾਬ ਪ੍ਰਦੇਸ਼ ਦਾ ਪ੍ਰਧਾਨ ਬਣਨ 'ਤੇ ਵਧਾਈ ਦਿੱਤੀ ਅਤੇ ਭਾਜਪਾ ਹਾਈਕਮਾਂਡ ਦਾ ਧੰਨਵਾਦ ਕੀਤਾ।ਰਾਕੇਸ਼ ਰਾਠੌਰ ਨੇ ਕਿਹਾ ਕਿ ਸੁਨੀਲ ਜਾਖੜ ਪੰਜਾਬ ਦੇ ਮਜ਼ਬੂਤ ਨੇਤਾ ਹਨ । ਉਨ੍ਹਾਂ ਦਾ ਪੰਜਾਬ ਦੀ ਰਾਜਨੀਤੀ ਵਿਚ ਕਾਫੀ ਪ੍ਰਭਾਵ ਅਤੇ ਚੰਗੀ ਪਕੜ ਹੈ, ਜਿਸ ਦਾ ਫਾਇਦਾ ਸੂਬੇ ਵਿਚ ਭਾਜਪਾ ਲਈ ਕਾਫੀ ਲਾਹੇਵੰਦ ਸਾਬਤ ਹੋਵੇਗਾ।ਜਾਖੜ ਨੂੰ ਸੂਬੇ ਦੀ ਰਾਜਨੀਤੀ 'ਚ ਕਾਫੀ ਤਜ਼ਰਬਾ ਹੈ ਅਤੇ ਸੂਬੇ ਦੇ ਹਰ ਭਾਈਚਾਰੇ ਦੇ ਲੋਕਾਂ ਨਾਲ ਉਨ੍ਹਾਂ ਦੀ ਚੰਗੀ ਸਾਂਝ ਹੈ, ਜਿਸ ਨਾਲ ਉਹ ਇਸ ਨੂੰ ਨਵੀਆਂ ਬੁਲੰਦੀਆਂ 'ਤੇ ਲੈ ਜਾਣਗੇ।

## ਜਾਖੜ ਪਾਰਟੀ ਨੂੰ ਨਵੀਂਆਂ ਉਚਾਈਆਂ 'ਤੇ ਲੈ ਕੇ ਜਾਣਗੇ : ਹਿੱਕੀ

**ਜਲੰਧਰ -(ਸ਼ੈਲੀ ਐਲਬਰਟ)**- ਜ਼ਿਲ੍ਹਾ ਭਾਜਪਾ ਦੇ ਜਨਰਲ ਸਕੱਤਰ ਅਸ਼ੋਕ ਸਰੀਨ ਹਿੱਕੀ (ਐਡਵੋਕੇਟ) ਨੇ ਰਾਸ਼ਟਰੀ ਭਾਜਪਾ ਲੀਡਰਸ਼ਿਪ ਵੱਲੋਂ ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਦੀ ਥਾਂ ਸੁਨੀਲ ਜਾਖੜ ਨੂੰ ਪੰਜਾਬ ਭਾਜਪਾ ਪ੍ਰਧਾਨ ਬਣਾਉਣ ਦੇ ਲਏ ਫੈਸਲੇ ਦਾ ਸਵਾਗਤ ਕੀਤਾ ਹੈ।



ਉਨ੍ਹਾਂ ਕਿਹਾ ਕਿ ਜਾਖੜ ਪਾਰਟੀ ਦੇ ਕੰਮ ਨੂੰ ਹੋਰ ਤੇਜ਼ ਕਰਨਗੇ ਅਤੇ ਇਸ ਨੂੰ ਨਵੀਆਂ ਬੁਲੰਦੀਆਂ 'ਤੇ ਲੈ ਕੇ ਜਾਣਗੇ । ਉਨ੍ਹਾਂ ਦਾ ਲੰਬਾ ਸਿਆਸੀ ਕੈਰੀਅਰ ਹੈ, ਜਿਸ ਦਾ ਭਾਜਪਾ ਜਥੇਬੰਦੀ ਅਤੇ ਪੰਜਾਬ ਦੇ ਲੋਕਾਂ ਨੂੰ ਯਕੀਨਨ ਫਾਇਦਾ ਹੋਵੇਗਾ।

# ਆਪ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਪ੍ਰਿੰਸੀਪਲ ਬੁੱਧ ਰਾਮ ਦਾ ਕੀਤਾ ਸਨਮਾਨ

**ਚੰਡੀਗੜ੍ਹ, (ਗੁਰਜੀਤ ਬਿੱਲਾ)**

ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਐਸ.ਸੀ ਵਿੰਗ ਦੇ ਅਹੁਦੇਦਾਰਾਂ ਵੱਲੋਂ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਪ੍ਰਿੰਸੀਪਲ ਬੁੱਧਰਾਮ ਦਾ ਚੰਡੀਗੜ੍ਹ ਸਥਿਤ ਮੁੱਖ ਪਾਰਟੀ ਦਫਤਰ ਵਿਖੇ ਵਿਸ਼ੇਸ਼ ਤੌਰ ਉੱਤੇ ਸਨਮਾਨ ਕੀਤਾ ਗਿਆ। ਇਸ ਦੌਰਾਨ ਪਾਰਟੀ ਅਹੁਦੇਦਾਰਾਂ ਨਾਲ ਮੀਟਿੰਗ ਕਰਕੇ ਆਮ ਆਦਮੀ ਪਾਰਟੀ ਨੂੰ ਪੰਜਾਬ ਭਰ ਵਿੱਚ ਹੋਰ ਮਜ਼ਬੂਤ ਕਰਨ ਲਈ ਭਵਿੱਖ ਦੀ ਰਣਨੀਤੀ 'ਤੇ ਗੰਭੀਰ ਚਰਚਾ ਵੀ ਕੀਤੀ ਗਈ। ਇਸ ਬੈਠਕ ਵਿਚ ਐਸ.ਸੀ ਵਿੰਗ ਦੇ ਸੂਬਾ ਪ੍ਰਧਾਨ ਅਮਰੀਕ ਸਿੰਘ ਬੰਗੜ, ਸੂਬਾ ਦੇ ਉਪ ਪ੍ਰਧਾਨ ਅਤੇ ਚੇਅਰਮੈਨ ਬਲਜਿੰਦਰ ਸਿੰਘ ਚੁੰਦਾ, ਸੂਬਾ ਜਨਰਲ ਸਕੱਤਰ ਅਤੇ ਚੇਅਰਮੈਨ ਜੱਸੀ ਸੋਹੀਆਂਵਾਲਾ,ਐਸ.ਸੀ ਵਿੰਗ ਦੇ ਸੂਬਾ ਉਪ ਪ੍ਰਧਾਨ ਜਸਵੀਰ ਸਿੰਘ ਜਲਾਲਪੁਰੀ, ਸੂਬਾ ਜਨਰਲ ਸਕੱਤਰ ਵਿੱਕੀ ਘਨੌਰ, ਸੂਬਾ ਜਨਰਲ ਸਕੱਤਰ ਹਰਮੀਤ ਸਿੰਘ ਝਿੱਬਰ ਅਤੇ ਸਮੂਹ ਜ਼ਿਲ੍ਹਾ ਐਸ.ਸੀ ਵਿੰਗ ਦੇ ਪ੍ਰਧਾਨ ਵੀ ਹਾਜਰ ਸਨ। ਬੈਠਕ ਦੌਰਾਨ ਪ੍ਰਿੰਸੀਪਲ ਬੁੱਧਰਾਮ ਨੇ ਕਿਹਾ ਕਿ ਆਮ ਆਦਮੀ ਪਾਰਟੀ (ਆਪ) ਹਰ ਉਸ ਇਨਸਾਨ ਦੀ ਪਾਰਟੀ ਹੈ ਜੋ ਹਰ ਇੱਕ ਨਾਗਰਿਕ ਲਈ ਆਰਥਿਕ ਤੇ ਸਮਾਜਿਕ ਬਰਾਬਰਤਾ, ਆਪਣੇ ਬੱਚਿਆਂ ਲਈ ਮੁਫਤ ਅਤੇ ਮਿਆਰੀ ਸਿੱਖਿਆ, ਰੁਜ਼ਗਾਰ, ਪਰਵਾਰ ਲਈ ਵਧੀਆ ਸਿਹਤ ਸਹੂਲਤਾਂ ਅਤੇ ਭ੍ਰਿਸ਼ਟਾਚਾਰ ਮੁਕਤ ਸਮਾਜ ਦੀ ਸਿਰਜਣਾ ਕਰਨੀ ਚਾਹੁੰਦਾ ਹੈ। 'ਆਪ ਪਰਵਾਰ ਵਿੱਚ ਸ਼ਮਿਲ ਹੋਣ ਦੀ ਮੁੱਢਲੀ ਸ਼ਰਤ ਹੀ ਇਹੋ ਹੈ ਕਿ ਤੁਸੀਂ ਪੰਜਾਬ ਲਈ ਸਮਰਪਿਤ ਹੋਵੋ ਅਤੇ ਇਮਾਨਦਾਰੀ ਤੁਹਾਡਾ ਗੁਣ ਹੋਵੇ!"



# ਮੇਹਲੀ ਵਿਖੇ 9 ਸਾਈਡ ਨਾਈਟ ਫੁੱਟਬਾਲ ਟੂਰਨਾਮੈਂਟ 13-14 ਤੇ 15 ਨੂੰ



**ਬਹਿਰਾਮ (ਅਵਤਾਰ ਕਲੇਰ)** ਯੂਥ ਫੁੱਟਬਾਲ ਸਪੋਰਟਸ ਕਲੱਬ ਮੇਹਲੀ ਵਲੋਂ 9 ਸਾਈਡ ਨਾਈਟ ਫੁੱਟਬਾਲ ਟੂਰਨਾਮੈਂਟ ਕਰਵਾਉਣ ਸਬੰਧੀ ਪਿੰਡ ਮੇਹਲੀ ਵਿਖੇ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਉਪਰੰਤ ਉਨ੍ਹਾਂ ਦੱਸਿਆ ਕਿ ਇਸ ਸਾਲ ਵੀ ਨਾਈਟ ਫੁੱਟਬਾਲ ਟੂਰਨਾਮੈਂਟ ਸਮੂਹ ਨਗਰ ਨਿਵਾਸੀਆਂ , ਐਨ ਆਰ ਆਈ .ਵੀਰਾਂ, ਅਤੇ ਯੂਥ ਫੁੱਟਬਾਲ ਸਪੋਰਟਸ ਕਲੱਬ ਮੇਹਲੀ ਦੇ ਸਹਿਯੋਗ ਨਾਲ 13, 14 ਅਤੇ 15 ਜੁਲਾਈ ਕਰਵਾਇਆ ਜਾ ਰਿਹਾ ਹੈ। ਟੂਰਨਾਮੈਂਟ ਦੌਰਾਨ ਓਪਨ ਟੀਮ ਦਾ ਪਹਿਲਾ ਇਨਾਮ 15000/- ਰੁਪਏ ਅਤੇ ਉੱਪ ਜੇਤੂ ਟੀਮ ਨੂੰ 11000/- ਰੁ: ਦਾ ਨਗਦ ਇਨਾਮ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਆ ਜਾਵੇਗਾ। ਇਸ ਮੌਕੇ ਕਮਲਜੀਤ ਸਿੰਘ ਪੰਚ, ਹਰਨੇਕ ਸਿੰਘ ਲਾਡੀ, ਪਰਿਮੰਦਰ ਸਿੰਘ ਨੰਬਰਦਾਰ, ਸੁਖਵਿੰਦਰ ਸਿੰਘ ਬਿੱਟੂ, ਪਰਮਜੀਤ ਸਿੰਘ ਪੰਮੀ, ਅਮਰਪ੍ਰੀਤ ਮੇਹਲੀ, ਮਨਪ੍ਰੀਤ ਮੇਹਲੀ, ਰਾਘਵ ਮੇਹਲੀ, ਪੀਤਾ ਮੇਹਲੀ, ਯੂਵੀ ਮੇਹਲੀ, ਹੈਰੀ ਮੇਹਲੀ, ਨੂਰ ਮੇਹਲੀ ਆਦਿ ਹਾਜਰ ਸਨ।

# ਰਾਜਪੁਰ-ਗਹੋਤ ਵਿਖੇ ਬਾਬਾ ਕਾਮੂਆਨਾ ਅਸਥਾਨ 'ਤੇ ਸਾਲਾਨਾ ਜੋੜ ਮੇਲਾ ਆਰੰਭ

**ਟਾਂਡਾ ਉੜਮੁੜ, (ਜਸਵਿੰਦਰ ਸੰਧੂ ,ਉਂਕਾਰ ਸਿੰਘ )**-ਪਿੰਡ ਰਾਜਪੁਰ-ਗਹੋਤ ਵਿਖੇ ਬਾਬਾ ਕਾਮੂਆਨਾ ਜੀ ਦੇ ਅਸਥਾਨ 'ਤੇ ਕਰੀਬ 1 ਮਹੀਨਾ ਚੱਲਣ ਵਾਲੇ ਸਾਲਾਨਾ ਜੋੜ ਮੇਲੇ ਦੌਰਾਨ ਪੰਜਵੀਂ ਲੜੀ ਅਤੇ ਤੀਸਰੇ ਐਤਵਾਰ ਦਾ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸਭ ਤੋਂ ਪਹਿਲਾਂ 1 ਜੁਲਾਈ ਤੋਂ ਸ਼ੁਰੂ ਕੀਤੀ ਗਈ 12 ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਦੇ ਭੋਗ ਪਾਏ ਗਏ, ਉਪਰੰਤ ਸਜਾਏ ਗਏ ਗੁਰਮਤਿ ਸਮਾਗਮ ਦੌਰਾਨ ਭਾਈ ਸੁਰਜੀਤ ਸਿੰਘ ਦਸਮੇਸ਼ ਨਗਰ ਟਾਂਡਾ ਤੇ ਭਾਈ ਸਤਨਾਮ ਸਿੰਘ ਧਨੋਆ ਦੇ ਰਾਗੀ ਜਥਿਆਂ ਨੇ ਸਮੂਹ ਸੰਗਤ ਨੂੰ ਗੁਰਬਾਣੀ ਕੀਰਤਨ ਅਤੇ ਗੁਰਮਤਿ ਵੀਚਾਰਾਂ ਰਾਹੀ ਨਿਹਾਲ ਕਰਦੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਨੂੰ ਮਨ ਵਿਚ ਵਸਾ ਕੇ ਆਪਣਾ ਜੀਵਨ ਸਫਲਾ ਕਰਨ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਭਾਈ ਸੁਰਜੀਤ ਸਿੰਘ ਨੇ ਕਿਹਾ ਕਿ ਸਾਨੂੰ ਮਨੁੱਖਾ ਜਨਮ ਸੇਵਾ ਤੇ ਸਿਮਰਨ ਕਰਨ ਵਾਸਤੇ ਪ੍ਰਾਪਤ ਹੋਇਆ ਹੈ ਪ੍ਰੰਤੂ ਅਸੀਂ ਮੋਹ ਮਾਇਆ ਦੇ ਜਾਲ ਵਿਚ ਫਸ ਕੇ ਆਪਣਾ ਮਨੁੱਖਾ ਜਨਮ ਅਵਾਈਂ ਗਵਾ ਰਹੇ ਹਾਂ। ਸਟੇਜ ਸਕੱਤਰ ਦੀ ਭੂਮਿਕਾ ਨਿਭਾ ਰਹੇ ਮਾਸਟਰ ਚਰਨਜੀਤ ਸਿੰਘ, ਕਮੇਟੀ ਪ੍ਰਧਾਨ ਕੈਪਟਨ ਗੁਰਜੀਤ ਸਿੰਘ ਨੇ ਕਿਹਾ ਕਿ ਪਹਿਲਾਂ ਇਹ ਸਮਾਗਮ 16 ਜੁਲਾਈ ਨੂੰ ਸਮਾਪਤ ਹੋਣੇ ਸਨ ਜਦ ਕਿ ਹੁਣ ਇਹ ਸਮਾਗਮ 19 ਜੁਲਾਈ ਨੂੰ ਸਮਾਪਤ ਹੋਣਗੇ। ਚੌਥੇ ਐਤਵਾਰ ਦਾ ਸਮਾਗਮ 9 ਜੁਲਾਈ ਨੂੰ ਹੋਵੇਗਾ। ਇਸ ਮੌਕੇ ਪ੍ਰਧਾਨ ਕੈਪਟਨ ਗੁਰਜੀਤ ਸਿੰਘ,



ਸੁਰਜੀਤ ਸਿੰਘ, ਰਣਜੀਤ ਸਿੰਘ, ਹਰਨਾਮ ਸਿੰਘ ,ਗੁਰਬਖਸ਼ ਸਿੰਘ, ਜਸਵੀਰ ਸਿੰਘ, ਗਿਆਨੀ ਜਗਦੀਸ਼ ਸਿੰਘ, ਜਸਵੀਰ ਸਿੰਘ, ਸਤਨਾਮ ਸਿੰਘ, ਮਾਸਟਰ ਗੁਰਮਿੰਦਰ ਸਿੰਘ, ਪਰਮਜੀਤ ਸਿੰਘ ਨਵਜੋਤ ਸੈਣੀ, ਸੁਰਜੀਤ ਸਿੰਘ,ਗੁਰਨਾਮ ਸਿੰਘ,ਮਾਸਟਰ ਗੁਰਪ੍ਰੀਤ ਸਿੰਘ, ਬਾਬਾ ਜਗਦੀਸ਼ ਸਿੰਘ, ਬਖਤਾਵਰ ਸਿੰਘ, ਅਮੀਰ ਸਿੰਘ, ਨੰਬਰਦਾਰ ਅਪਿੰਦਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜਰ ਸਨ।

# ਮੀਤ ਹੇਅਰ ਵੱਲੋਂ ਕ੍ਰਿਕਟਰ ਹਰਲੀਨ ਦਿਓਲ ਤੇ ਜੂਨੀਅਰ ਵਿਸ਼ਵ ਕੱਪ ਮੈਡਲ ਜੇਤੂ ਨਿਸ਼ਾਨੇਬਾਜ਼ਾਂ ਨਾਲ ਮੁਲਾਕਾਤ

**ਚੰਡੀਗੜ੍ਹ,(ਗੁਰਜੀਤ ਬਿੱਲਾ)**

ਪੰਜਾਬ ਦੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਵੱਲੋਂ ਆਪਣੀ ਰਿਹਾਇਸ਼ ਵਿਖੇ ਭਾਰਤੀ ਕ੍ਰਿਕਟਰ ਹਰਲੀਨ ਦਿਓਲ ਅਤੇ ਜੂਨੀਅਰ ਵਿਸ਼ਵ ਕੱਪ ਵਿੱਚ ਤਮਗ਼ਾ ਜਿੱਤ ਕੇ ਆਏ ਨਿਸ਼ਾਨੇਬਾਜ਼ਾਂ ਨਾਲ ਮੁਲਾਕਾਤ ਕੀਤੀ। ਭਾਰਤੀ ਮਹਿਲਾ ਕ੍ਰਿਕਟ ਟੀਮ ਦੇ ਬੱਲੇਬਾਜ਼ ਅਤੇ ਦੁਨੀਆਂ ਦੀਆਂ ਚੋਟੀ ਦੀਆਂ ਫੀਲਡਰਾਂ ਵਿੱਚੋਂ ਇਕ ਹਰਲੀਨ ਦਿਓਲ ਨੂੰ ਆਗਾਮੀ ਬੰਗਲਾਦੇਸ਼ ਦੌਰੇ ਲਈ ਸ਼ੁਭਕਾਮਨਾਵਾਂ ਦਿੰਦਿਆਂ ਮੀਤ ਹੇਅਰ ਨੇ ਕਿਹਾ ਕਿ ਪੰਜਾਬ ਲਈ ਮਾਣ ਵਾਲੀ ਗੱਲ ਹੈ ਕਿ ਪੁਰਸ਼ ਕ੍ਰਿਕਟ ਵਾਂਗ ਹੁਣ ਮਹਿਲਾ ਕ੍ਰਿਕਟ ਵਿੱਚ ਪੰਜਾਬ ਵੱਡੇ ਪੱਧਰ ਉਤੇ ਹਾਜ਼ਰੀ ਲਗਾ ਰਿਹਾ ਹੈ। ਹਰਲੀਨ ਦਿਓਲ ਤੇ ਕਪਤਾਨ ਹਰਮਨਪ੍ਰੀਤ ਕੌਰ ਨੇ ਪੰਜਾਬ ਦੇ ਨਾਮ ਰੌਸ਼ਨ ਕੀਤਾ ਹੈ। ਉਨ੍ਹਾਂ ਭਾਰਤੀ ਕ੍ਰਿਕਟਰ ਕੋਲੋਂ ਸਕੂਲੀ ਪੱਧਰ ਤੋਂ ਹੀ ਖੇਡਾਂ ਵਿੱਚ ਦਿਲਚਸਪੀ ਬਾਰੇ ਵੀ ਜਾਣਕਾਰੀ ਹਾਸਲ ਕੀਤੀ। ਇਸ ਮੌਕੇ ਹਰਲੀਨ ਦਿਓਲ ਵੱਲੋਂ ਖੇਡ ਮੰਤਰੀ ਨੂੰ ਕ੍ਰਿਕਟ ਬੱਲਾ ਵੀ ਭੇਂਟ ਕੀਤਾ ਗਿਆ। ਮੀਤ ਹੇਅਰ ਨੇ ਹਾਲ ਹੀ ਵਿੱਚ ਜਰਮਨੀ ਵਿਖੇ ਹੋਏ ਨਿਸ਼ਾਨੇਬਾਜ਼ੀ ਦੇ ਜੂਨੀਅਰ ਵਿਸ਼ਵ ਕੱਪ ਵਿੱਚ ਤਮਗ਼ੇ ਜਿੱਤ ਕੇ ਆਏ ਪੰਜਾਬ ਦੇ ਤਿੰਨ ਨਿਸ਼ਾਨੇਬਾਜ਼ ਨੂੰ ਵੀ ਮਿਲ ਕੇ ਵਧਾਈ ਦਿੱਤੀ। ਇਹ ਨਿਸ਼ਾਨੇਬਾਜ਼ ਸਪੋਰਟਸ ਪਿਸਟਲ ਵਿੱਚ ਸੋਨ ਤਮਗ਼ਾ ਜਿੱਤਣ ਵਾਲੇ ਅਮਨਪ੍ਰੀਤ ਸਿੰਘ, ਸਪੋਰਟਸ ਪਿਸਟਲ ਮਹਿਲਾ ਟੀਮ ਵਿੱਚ ਸੋਨ ਤਮਗ਼ਾ ਜਿੱਤਣ ਵਾਲੀ ਸਿਮਰਨਪ੍ਰੀਤ ਕੌਰ ਬਰਾੜ ਤੇ ਰੈਪਿਡ ਫਾਇਰ ਪਿਸਟਲ ਟੀਮ ਵਿੱਚ ਚਾਂਦੀ ਦਾ ਤਮਗ਼ਾ ਜਿੱਤਣ ਵਾਲੇ ਰਾਜਕੰਵਰ ਸੰਧੂ ਸਨ। ਉਨ੍ਹਾਂ ਨਾਲ ਭਾਰਤੀ ਜੂਨੀਅਰ ਨਿਸ਼ਾਨੇਬਾਜ਼ੀ ਟੀਮ ਦੇ ਕੋਚ ਅੰਕੁਸ਼ ਭਾਰਦਵਾਜ ਵੀ ਨਾਲ ਸਨ। ਖੇਡ ਮੰਤਰੀ ਨੇ ਜੇਤੂ ਨਿਸ਼ਾਨੇਬਾਜ਼ਾਂ ਨੂੰ ਮੁਬਾਰਕਬਾਦ ਦਿੰਦਿਆਂ ਭਵਿੱਖ ਦੇ ਮੁਕਾਬਲਿਆਂ ਲਈ ਸ਼ੁਭਕਾਮਨਾਵਾਂ ਵੀ ਦਿੱਤੀਆਂ। ਉਨ੍ਹਾਂ ਕਿਹਾ ਕਿ ਉਨਾਂ ਦੇਸ਼ ਅਤੇ ਪੰਜਾਬ ਦਾ ਨਾਮ ਰੌਸ਼ਨ ਕੀਤਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਪੰਜਾਬ ਨੂੰ ਖੇਡਾਂ ਦੇ ਖੇਤਰ ਵਿੱਚ ਦੇਸ਼ ਦਾ ਨੰਬਰ ਇਕ ਸੂਬਾ ਬਣਾਉਣ ਲਈ ਵਚਨਬੱਧ ਹੈ ਜਿਸ ਲਈ ਖੇਡ ਵਿਭਾਗ ਨਿਰੰਤਰ ਉਪਰਾਲੇ ਕਰ ਰਿਹਾ ਹੈ। ਬਹੁਤ ਹੀ ਜਲਦ ਹੀ ਪੰਜਾਬ ਦੀ ਨਵੀਂ ਖੇਡ ਨੀਤੀ ਲਾਗੂ ਕੀਤੀ ਜਾਵੇਗੀ ਜਿਸ ਨਾਲ ਪੰਜਾਬ ਵਿੱਚ ਖੇਡ ਪੱਖੀ ਮਾਹੌਲ ਸਿਰਜਿਆ ਜਾਵੇਗਾ। ਇਸ ਮੌਕੇ ਡਾਇਰੈਕਟਰ ਖੇਡਾਂ ਹਰਪ੍ਰੀਤ ਸਿੰਘ ਸੂਦਨ ਵੀ ਹਾਜਰ ਸਨ।



# ਨਰਸਿੰਗ ਦੀ ਵਿਦਿਆਰਥਣ ਅੰਕਿਤਾ ਨੇ ਕੀਤਾ ਪਹਿਲਾ ਸਥਾਨ ਹਾਸਲ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਬੀਤੇ ਦਿਨੀਂ ਪੰਜਾਬ ਨਰਸਿੰਗ ਰਜਿਸਟਰੇਸ਼ਨ ਕੌਂਸਲ ਵੱਲੋਂ ਏ. ਐਨ. ਐਮ ਭਾਗ ਪਹਿਲਾ ਦੇ ਨਤੀਜਿਆਂ ਦਾ ਐਲਾਨ ਕੀਤਾ ਗਿਆ, ਜਿਸ ਵਿੱਚ ਡਾਕਟਰ ਦਿਆਲ ਸਿੰਘ ਮੈਮੋਰੀਅਲ ਸਕੂਲ ਆਫ ਨਰਸਿੰਗ ਸ੍ਰੀ ਅਨੰਦਪੁਰ ਸਾਹਿਬ ਦੀ ਏ. ਐਨ. ਐਮ ਭਾਗ ਪਹਿਲਾ ਦੀ ਵਿਦਿਆਰਥਣ ਅੰਕਿਤਾ ਦੇਵੀ ਪੁੱਤਰੀ ਗੁਰਮੀਤ ਸਿੰਘ ਨੇ 800 ਵਿੱਚੋਂ 704 ਅੰਕ ਪ੍ਰਾਪਤ ਕਰਕੇ ਪੰਜਾਬ ਭਰ ਵਿੱਚੋਂ ਪਹਿਲਾਂ ਸਥਾਨ ਪ੍ਰਾਪਤ ਕੀਤਾ। ਵਰਣਨਯੋਗ ਹੈ ਕਿ ਏ. ਐਨ. ਐਮ ਭਾਗ ਪਹਿਲਾ ਵਿੱਚ ਕੁੱਲ 5915 ਵਿਦਿਆਰਥੀਆਂ ਨੇ ਹਿੱਸਾ ਲਿਆ ਸੀ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਨੀਲਮ ਸੇਠੀ ਨੇ ਵਿਦਿਆਰਥਣ ਨੂੰ ਵਧਾਈ ਦਿੱਤੀ ਅਤੇ ਉੱਜਵੱਲ ਭਵਿੱਖ ਦੀ ਕਾਮਨਾ ਕੀਤੀ। ਸਕੂਲ ਦੇ ਚੇਅਰਮੈਨ ਤੇਗਬੀਰ ਸਿੰਘ ਵਾਲੀਆ, ਡਾਇਰੈਕਟਰ ਜਸਵਿੰਦਰ ਕੌਰ ਵਾਲੀਆ, ਡਾਇਰੈਕਟਰ ਫਾਇਨੈਂਸ ਜਪਨੀਤ ਕੌਰ ਵਾਲੀਆ ਨੇ ਇਹਨਾਂ ਵਿਦਿਆਰਥਣ ਨੂੰ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ।



# ਨੈਸ਼ਨਲ ਕਿੱਕ ਬਾਕਸਿੰਗ ਚੈਂਪੀਅਨਸ਼ਿਪ ਦੌਰਾਨ ਖਿਡਾਰੀਆਂ ਨੇ ਦਿਖਾਇਆ ਜ਼ੋਰ

**ਫਗਵਾੜਾ ( ਡਾ. ਰਮਨ ਸ਼ਰਮਾ)**

ਨੈਸ਼ਨਲ ਕਿੱਕ ਬਾਕਸਿੰਗ ਚੈਂਪੀਅਨਸ਼ਿਪ 2023 ਵਿਚ ਵੱਖ-ਵੱਖ ਭਾਰ ਵਰਗਾਂ ਦੇ ਫਸਵੇਂ ਮੁਕਾਬਲੇ ਹੋਏ। 52 ਕਿਲੋ ਭਾਰ ਵਰਗ ਵਿਚ ਸਿੱਕਮ ਦੀ ਰਾਏ ਰੇਨੂਕਾ ਨੇ ਮਹਾਂਰਾਸ਼ਟਰ ਦੀ ਕਨਹੱਟ ਸਿਆਲੀ ਚੰਦਰਕਾਂਤ ਨੂੰ ਹਰਾਇਆ,ਜਦਕਿ 56 ਕਿਲੋ ਭਾਰ ਵਰਗ ਵਿਚ ਉੜੀਸਾ ਦੇ ਕੋਰਮ ਮੁਸਕਾਨ ਨੇ ਮਹਾਂਰਾਸ਼ਟਰ ਦੇ ਦੋਟੇ ਧਨਸ੍ਰੀ ਨੂੰ ਹਰਾਇਆ,65 ਕਿਲੋ ਭਾਰ ਵਰਗ ਵਿਚ ਆਸਾਮ ਰਾਇਫਲ ਦੇ ਜੋਥਨ ਪਾਰੀ ਵੈਰੋਨੀਕਾ ਨੇ ਮਹਾਂਰਾਸ਼ਟਰ ਦੇ ਰਾਜਹੰਸੀ ਸ਼ਰਵਾਨੀ ਨੂੰ ਮਾਤ ਦਿੱਤੀ। 65 ਕਿਲੋ ਭਾਰ ਵਰਗ ਵਿਚ ਹੀ ਹਰਿਆਣਾ ਦੀ ਕਾਦਿਆਨ ਤਨੀਸ਼ਾ ਨੇ ਪੰਜਾਬ ਦੀ ਮਿਹਕਪ੍ਰੀਤ ਕੌਰ ਨੂੰ ਹਰਾਇਆ,ਜਦਕਿ 70 ਕਿਲੋ ਭਾਰ ਵਰਗ ਵਿਚ ਯੂ.ਪੀ ਦੀ ਅੰਜਲੀ ਕੁਮਾਰੀ ਨੇ ਪੰਜਾਬ ਦੀ ਤਨੀਸ਼ਾ ਨੂੰ ਮਾਤ ਦਿੱਤੀ। 70 ਕਿਲੋ ਤੋਂ ਵੱਧ ਭਾਰ ਵਰਗ ਵਿਚ ਪੰਜਾਬ ਦੀ ਅਮਨਦੀਪ ਕੌਰ ਨੇ ਮਹਾਂਰਾਸ਼ਟਰ ਦੀ ਪ੍ਰਿਆ ਸਿੰਘ,54 ਕਿਲੋ ਭਾਰ ਵਰਗ ਵਿਚ ਮਹਾਂਰਾਸ਼ਟਰ ਦੇ ਸੰਤੋਸ਼ ਬਾਗ ਨੇ ਕੇਰਲਾ ਦੇ ਰੋਸ਼ਨਪੀ ਨੂੰ ਹਰਾਇਆ। ਇਸੇ ਤਰ੍ਹਾਂ 54 ਕਿਲੋ ਭਾਰ ਵਰਗ ਵਿਚ ਹੀ ਤ੍ਰਿਪੁਰਾ ਨੇ ਵਰਮ ਗੋਰ ਨੇ ਹਿਮਾਚਲ ਪ੍ਰਦੇਸ਼ ਦੇ ਰਾਹੁਲ ਅਤੇ 57 ਕਿਲੋ ਭਾਰ ਵਰਗ ਵਿਚ ਹਿਮਾਚਲ ਪ੍ਰਦੇਸ਼ ਦੇ ਅਕਸ਼ੈ ਨੇ ਆਸਾਮ ਦੇ ਵਿਸ਼ਨੂੰ ਅਤੇ 57 ਕਿਲੋ ਭਾਰ ਵਰਗ ਵਿਚ ਹੀ ਪੱਛਮੀ ਬੰਗਾਲ ਦੇ ਦੇਵਾਨਾਥ ਮੋਹਨ ਨੇ ਉੱਤਰ ਪ੍ਰਦੇਸ਼ ਦੇ ਵਲਧਨੀਆਵਿਵੇਕ ਨੂੰ ਹਰਾਇਆ। ਇਸ ਤੋਂ ਇਲਾਵਾ 60 ਕਿਲੋ ਭਾਰ ਵਰਗ ਵਿਚ ਮਹਾਂਰਾਸ਼ਟਰ ਦੇ ਵੇਦਾਂਤ ਨੇ ਉੱਤਰ ਪ੍ਰਦੇਸ਼ ਦੇ ਮੋਹਿਤ ਤਿਵਾੜੀ,ਪੱਛਮੀ ਬੰਗਾਲ ਦੇ ਬੀਰਬਲ ਸ਼ਰਮਾ ਨੇ ਤੇਲੰਗਾਨਾ ਦੇ ਚਿੰਤਾਪ੍ਰਵੀਨ ਨੂੰ ਹਰਾਇਆ। 63.5 ਕਿਲੋ ਭਾਰ ਵਰਗ ਵਿਚ ਮਹਾਂਰਾਸ਼ਟਰ ਦੇ ਸਤੀਸ਼ਨ ਨੇ ਚੰਡੀਗੜ੍ਹ ਦੇ ਨਵਦੀਪ ਸ਼ਰਮਾ,ਬਿਹਾਰ ਦੇ ਆਦਿੱਤਿਯਾ ਸ਼ਰਮਾ ਨੇ ਕੇਰਲਾ ਦੇ ਅਜਨਸ ਨੂੰ ਹਰਾਇਆ। 67 ਕਿਲੋ ਭਾਰ ਵਰਗ ਵਿਚ ਪੱਛਮੀ ਬੰਗਾਲ ਦੇ ਸ਼ੁਬਰਾ ਜਯੋਤੀ ਨੇ ਮਹਾਂਰਾਸ਼ਟਰ ਦੇ ਮੋਹਨਪਟਲੇ ਖੇਮਚੰਦ,ਜਦਕਿ 71 ਕਿਲੋ ਭਾਰ ਵਰਗ ਵਿਚ ਮਹਾਂਰਾਸ਼ਟਰ ਦੇ ਵਿਸ਼ਾਲ ਰਾਵ ਨੇ ਛੱਤੀਸਗੜ੍ਹ ਦੇ ਪ੍ਰਭਾਤ ਸਾਹੂ ਨੂੰ ਹਰਾਇਆ। 71 ਕਿਲੋ ਭਾਰ ਵਰਗ ਵਿਚ ਹੀ ਆਸਾਮ ਰਾਈਫਲ ਦੇ ਅਰੁਣ ਸਿੰਘ ਨੇ ਉੱਤਰਾਖੰਡ ਦੇ ਆਦਰਸ਼ ਕੁਮਾਰ ਨੂੰ ਹਰਾਇਆ। 75 ਕਿਲੋ ਭਾਰ ਵਰਗ ਵਿਚ ਐਚ.ਕੇ.ਏ ਦੇ ਕੁਲਵਿੰਦਰ ਸਿੰਘ ਨੂੰ ਐਚ.ਕੇ.ਏ ਦੇ ਹੀ ਤੀਕਾਰਾਮ ਨੂੰ ਹਰਾਇਆ। ਇਸੇ ਤਰ੍ਹਾਂ 75 ਕਿਲੋ ਭਾਰ ਵਰਗ ਵਿਚ ਛੱਤੀਗੜ੍ਹ ਦੇ ਚਾਂਦ ਸਾਹੂ ਨੇ ਰਾਜਸਥਾਨ ਦੇ ਮੋਨੂੰ ਮਾਲਾਵਟ ਨੂੰ ਹਰਾਇਆ।

91 ਕਿਲੋ ਭਾਰ ਵਰਗ ਵਿਚ ਤਾਮਿਲਨਾਡੂ ਦੇ ਅਰਜੁਨ ਪਰਸਾਨਾ ਨੇ ਮਹਾਂਰਾਸ਼ਟਰ ਦੇ ਧੀਰਜ ਨੂੰ ਮਾਤ ਦਿੱਤੀ। 48 ਕਿਲੋ ਭਾਰ ਵਰਗ ਵਿਚ ਸਿੱਕਮ ਦੀ ਦੀਕੀ ਸ਼ੀਰਪਾ ਨੇ ਛੱਤੀਸਗੜ੍ਹ ਦੀ ਨਗੀਤਾ ਯਾਦਵ,ਜਦਕਿ ਤ੍ਰਿਪੁਰਾ ਦੀ ਸਾਰਾਬਾਨੀ ਦਾਸ ਨੇ ਬਿਹਾਰ ਦੇ ਜਾਦੂਮਨੀ ਨੂੰ ਹਰਾਇਆ। ਇਸੇ ਤਰ੍ਹਾਂ 57 ਕਿਲੋ ਭਾਰ ਵਰਗ ਵਿਚ ਉੱਤਰ ਪ੍ਰਦੇਸ਼ ਦੇ ਆਦਿੱਤਿਯਾ ਨੇ ਗੁਜਰਾਤ ਦੇ ਅੰਸ਼ ਪਰਮਾਰ, ਅਰੁਣਾਂਚਲ ਪ੍ਰਦੇਸ਼ ਦੇ ਤਾਮਾ ਬੇਕ ਨੇ ਉੱਤਰ ਪ੍ਰਦੇਸ਼ ਦੇ ਮਿਹਫੂਜ ਖਾਨ,ਆਸਾਮ ਦੇ ਸ਼ੁਭਾਹਜੀਤ ਨੇ ਉੱਤਰਾਖੰਡ ਦੇ ਮਨੀਸ਼ ਕੁਮਾਰ ਨੂੰ ਹਰਾਇਆ। 65 ਕਿਲੋ ਭਾਰ ਵਰਗ ਵਿਚ ਐਚ.ਕੇ.ਏ ਦੀ ਭਾਵਨਾ ਨੇ ਮਹਾਂਰਾਸ਼ਟਰ ਦੀ ਭਾਵਨਾ ਮਲਾਨੀ,ਤਾਮਿਲਨਾਡੂ ਦੀ ਸ੍ਰੀਮਥਾ ਨੇ ਕੇਰਲਾ ਦੀ ਸੇਮਸਨ ਲੀਲੀਆ ਨੂੰ ਮਾਤ ਦਿੱਤੀ,ਜਦਕਿ 70 ਕਿਲੋ ਭਾਰ ਵਰਗ ਵਿਚ ਛੱਤੀਸਗੜ੍ਹ ਦੀ ਮਮਤਾ ਠਾਕੁਰ ਨੇ ਚੰਡੀਗੜ੍ਹ ਦੀ ਦੀਪਿਕਾ ਅਤੇ ਪੀ.ਐਨ ਦੀ ਫਲਕ ਬਿਦਾਨੀ ਨੇ ਚੰਡੀਗੜ੍ਹ ਦੀ ਗੁਰਲੀਨ ਕੌਰ ਅਤੇ ਗੁਜਰਾਤ ਦੀ ਰਾਕੇਸ਼ ਇਸ਼ਿਤਾ ਨੇ ਉੱਤਰਾਖੰਡ ਦੀ ਜਯੋਤੀ ਨੂੰ ਹਰਾਇਆ।




# ਮਨੁੱਖਤਾ ਦੀ ਸੇਵਾ 'ਚ ਡੀ ਸੀ ਤੇ ਰੈੱਡ ਕਰਾਸ ਦਾ ਅਹਿਮ ਯੋਗਦਾਨ : ਵਿਕਰਾਂਤ ਰਾਣਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**

ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਸੰਗਠਨ ਦੇ ਪੰਜਾਬ ਪ੍ਰਧਾਨ ਐਡਵੋਕੇਟ ਵਿਕਰਾਂਤ ਰਾਣਾ ਨੇ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਸ਼੍ਰੀਮਤੀ ਕੋਮਲ ਮਿੱਤਲ ਨਾਲ ਰਸਮੀ ਮੁਲਾਕਾਤ ਕਰਦਿਆਂ ਉਨ੍ਹਾਂ ਦਾ ਮਨੁੱਖਤਾ ਦੀ ਸੇਵਾ ਲਈ ਵਿਸ਼ੇਸ਼ ਧੰਨਵਾਦ ਕੀਤਾ। ਰਾਣਾ ਨੇ ਦੱਸਿਆ ਹੁਸ਼ਿਆਰਪੁਰ ਦੇ ਰਹਿਣ ਵਾਲੇ ਜਤਿੰਦਰ ਨਾਮੀ ਮਰੀਜ਼ ਨੂੰ ਰੈੱਡ ਕਰਾਸ ਸੁਸਾਇਟੀ ਦੁਆਰਾ ਵਿੱਤੀ ਅਤੇ ਡਾਕਟਰੀ ਸਹਾਇਤਾ ਪ੍ਰਦਾਨ ਕਰਨ ਵਿੱਚ ਵਡਮੁੱਲਾ ਯੋਗਦਾਨ ਪਾਇਆ ਹੈ। ਉਨ੍ਹਾਂ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਦੇ ਅਣਮੁੱਲੇ ਯਤਨਾਂ ਅਤੇ ਸਹਾਇਤਾ ਲਈ ਭਰਪੂਰ ਸ਼ਲਾਘਾ ਕੀਤੀ। ਰਾਣਾ ਨੇ ਕਿਹਾ ਕਿ ਹੁਸ਼ਿਆਰਪੁਰ ਜ਼ਿਲ੍ਹੇ ਦੇ ਵਸਨੀਕ ਸੱਚਮੁੱਚ ਖੁਸ਼ਕਿਸਮਤ ਹਨ ਕਿ ਉਨ੍ਹਾਂ ਨੂੰ ਮਨੁੱਖਤਾ ਦੀ ਸੇਵਾ ਕਰਨ ਵਾਲੇ ਡਿਪਟੀ ਕਮਿਸ਼ਨਰ ਮਿਲੇ ਹਨ। ਇਸ ਮੌਕੇ ਰੈੱਡ ਕਰਾਸ ਸੁਸਾਇਟੀ ਦੇ ਸਕੱਤਰ ਮੰਗੇਸ਼ ਸੂਦ, ਰਸ਼ਿਮ ਬੇਰੀ ਪ੍ਰਧਾਨ ਹੁਸ਼ਿਆਰਪੁਰ ਇੰਟਰਨੈਸ਼ਨਲ ਹਿਊਮਨ ਰਾਈਟਸ, ਭਾਵਨਾ ਕਪੂਰ ਆਦਿ ਹਾਜ਼ਰ ਸਨ।



# ਛੁੱਟੀਆਂ ਖਤਮ ਹੋਣ 'ਤੇ ਵੱਡੇ ਉਤਸ਼ਾਹ ਨਾਲ ਸਮਰ ਕੈਂਪਾਂ ਦੀ ਸ਼ੁਰੂਆਤ



**ਐੱਸ ਏ ਐੱਸ ਨਗਰ, (ਗੁਰਜੀਤ ਬਿੱਲਾ)**

ਪੰਜਾਬ ਸਰਕਾਰ ਦੇ ਸਕੂਲ ਸਿੱਖਿਆ ਵਿਭਾਗ ਵੱਲੋਂ ਨਿਵੇਕਲੀ ਤਰ੍ਹਾਂ ਦੇ ਸਮਰ ਕੈਂਪਾਂ ਦੇ ਦੂਜੇ ਦਿਨ ਜ਼ਿਲ੍ਹਾ ਮੁਹਾਲੀ ਦੇ ਸਮੂਹ ਸਰਕਾਰੀ ਮਿਡਲ ,ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਭਾਰੀ ਉਤਸ਼ਾਹ ਨਾਲ ਗਤੀਵਿਧੀਆਂ ਵਿੱਚ ਹਿੱਸਾ ਲਿਆ । ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਡਾ.ਗਿੰਨੀ ਦੁੱਗਲ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਅੰਗਰੇਜ ਸਿੰਘ ਵੱਲੋਂ ਸਾਂਝੇ ਤੌਰ 'ਤੇ ਦੱਸਿਆ ਕਿ ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ ਮਿਲੇ ਦਿਸ਼ਾ-ਨਿਰਦੇਸ਼ਾਂ ਤਹਿਤ ਜ਼ਿਲ੍ਹੇ ਦੇ ਸਮੂਹ ਸਰਕਾਰੀ ਸਕੂਲਾਂ ਵਿੱਚ ਸਮਰ ਕੈਂਪ ਮੌਕੇ ਬੱਚਿਆਂ ਨੇ ਵੱਡੇ ਉਤਸ਼ਾਹ ਨਾਲ ਭਾਗ ਲਿਆ। ਸਮੂਹ ਸਕੂਲ ਮੁਖੀਆਂ ਨੂੰ ਇਹਨਾਂ ਸਮਰ ਕੈਂਪਾਂ ਲਈ ਖਾਸ ਸਿਖਲਾਈ ਦੇ ਦਿੱਤੀ ਗਈ ਸੀ ਅਤੇ ਸਕੂਲ ਮੁਖੀਆਂ ਨੇ ਆਪਣੇ ਸਟਾਫ ਨਾਲ ਮੀਟਿੰਗ ਕਰਕੇ ਇਸਦੀ ਯੋਜਨਾਵਾਂ ਬਣਾ ਲਈਆਂ ਸਨ ਜਿਸ ਸਦਕਾ ਕੈਂਪਾਂ ਦੌਰਾਨ ਬਹੁਤ ਵਧੀਆ ਨਤੀਜੇ ਸਾਹਮਣੇ ਆ ਰਹੇ ਹਨ। ਉਹਨਾਂ ਦੱਸਿਆ ਕਿ ਵਿਭਾਗ ਵੱਲੋਂ ਹਫਤਾਵਾਰੀ ਗਤੀਵਿਧੀਆਂ ਦਾ ਸ਼ਡਿਊਲਡ ਦਿੱਤਾ ਹੈ,ਜਿਸ ਵਿੱਚ ਇੱਕ ਹਫਤੇ ਦੀਆਂ ਗਤੀਵਿਧੀਆਂ ਦਾ ਪੂਰਾ ਵੇਰਵਾ ਦਿੱਤਾ ਗਿਆ ਹੈ। ਇਸ ਮੌਕੇ ਸਮੂਹ ਸਕੂਲਾਂ ਵਿੱਚ ਸਮਰ ਕੈਂਪਾਂ ਦੀ ਤਸਵੀਰਾਂ ਅਤੇ ਵੀਡੀਓ ਵੀ ਸਕੂਲਾਂ ਦੇ ਸੋਸ਼ਲ ਮੀਡੀਆ 'ਤੇ ਸ਼ੇਅਰ ਕੀਤੀਆਂ ਗਈਆਂ ਹਨ। ਜ਼ਿਕਰਯੋਗ ਹੈ ਕਿ ਇਹ ਸਮਰ ਕੈਂਪ ਮਿਤੀ 03 ਜੁਲਾਈ ਤੋਂ 15 ਜੁਲਾਈ ਤੱਕ ਛੇਵੀਂ ਤੋਂ ਅੱਠਵੀਂ ਜਮਾਤਾਂ ਦੇ ਸਮੂਹ ਵਿਦਿਆਰਥੀਆਂ ਲਈ ਹਨ।

# ਪੰਜਾਬ ਸਰਕਾਰ ਦੇ ਹਰੇਕ ਖੇਤ 'ਚ ਨਹਿਰੀ ਪਾਣੀ ਪਹੁੰਚਾਉਣ ਦੇ ਫੈਸਲੇ ਦਾ ਕੀਤਾ ਸਵਾਗਤ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਰਿਟਾਇਰਡ ਐਗਰੀਕਲਚਰ ਟੈਕਨੋਕਰੇਟਸ ਐਸੋਸੀਏਸ਼ਨ ਦੀ ਮੀਟਿੰਗ ਹੋਈ। ਮੀਟਿੰਗ ਵਿੱਚ ਪਾਸ ਕੀਤੇ ਗਏ ਮਤੇ ਵਿੱਚ ਪੰਜਾਬ ਸਰਕਾਰ ਦੇ ਹਰੇਕ ਖੇਤ ਵਿੱਚ ਨਹਿਰੀ ਪਾਣੀ ਪਹੁੰਚਾਉਣ ਦੇ ਫੈਸਲੇ ਦਾ ਸਵਾਗਤ ਕੀਤਾ ਗਿਆ ਹੈ। ਨਹਿਰੀ ਖਾਲ ਖੇਤਾਂ ਵਿਚ ਹੋਏ ਰਲੇਵੇਂ 'ਚੋਂ ਬਾਹਰ ਕੱਢ ਕੇ ਨਹਿਰੀ ਪਾਣੀ ਨਾਲ ਧਰਤੀ ਹੇਠਲੇ ਪਾਣੀ ਦਾ ਬਚਾਅ ਹੋਏਗਾ। 1961 ਵਿੱਚ 7445 ਟਿਊਬਵੈਲ ਸਨ ਜੋ ਹੁਣ 15 ਲਖ ਤੋਂ ਵਧ ਗਏ ਹਨ। ਨਤੀਜੇ ਵਜੋਂ 100 ਮੀਟਰ ਡੂੰਘਾ ਪਾਣੀ ਖਤਮ ਹੋਣ ਕੰਢੇ ਹੈ। ਅੰਦਾਜ਼ਾ ਹੈ ਕਿ ਜੇਕਰ ਧਰਤੀ ਹੇਠਲੇ ਪਾਣੀ ਨੂੰ ਹੁਣ ਨਾ ਸਾਂਭਿਆ ਗਿਆ ਅਤੇ ਧਰਤੀ ਹੇਠਲੇ ਪਾਣੀ ਦੀ ਨਿਕਾਸੀ ਏਸੇ ਤਰ੍ਹਾਂ ਜਾਰੀ ਰਹੀ ਤਾਂ ਪੰਜਾਬ ਆਉਣ ਵਾਲੇ 20 ਸਾਲ ਬਾਅਦ ਰੇਗਿਸਤਾਨ ਬਣ ਸਕਦਾ ਹੈ। ਪੰਜਾਬ ਸਰਕਾਰ ਨੇ ਝੋਨੇ ਦੀ ਲਵਾਈ ਲਈ ਪੰਜਾਬ ਦੀ ਜੋਨ ਵੰਡ ਕਰਕੇ, ਸਿੱਧੀ ਬੀਜਾਈ ਨੂੰ ਉਤਸ਼ਾਹਿਤ ਕਰਨ ਲਈ 1500/ ਰੁਪਏ ਪ੍ਰਤੀ ਏਕੜ ਸਹਾਇਤਾ ਦੇਣ ਦੀ ਸਕੀਮ ਤਹਿਤ ਗੈਰ ਜਥੇਬੰਦ ਖੇਤੀ ਖੇਤਰ ਨੂੰ ਲੰਬੇ ਸਮੇਂ ਲਈ ਨੇਮਬਧ ਕਰਨ ਦੇ ਵਧੀਆ ਯਤਨ ਹਨ। ਟੈਕਨੋਕਰੇਟਸ ਨੇ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਧਰਤੀ ਦੀ ਉਪਜਾਊ ਸ਼ਕਤੀ ਕਾਇਮ ਕਰਨ ਅਤੇ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਤੇ ਸਾਂਭਣ ਲਈ ਸਾਂਝੇ ਯਤਨਾਂ ਦੇ ਮੋਹਰੀ ਬਣਨ। ਨਹਿਰੀ ਪਾਣੀ ਡਰੇਨਾਂ ਅਤੇ ਚੋਆਂ ਵਿੱਚ ਛਡਿਆ ਜਾਏ ਤਾਂ ਧਰਤੀ ਹੇਠਲਾ ਪਾਣੀ ਵਧ ਜਾਏਗਾ ਜਿਸ ਨਾਲ ਪੰਜਾਬ ਦਾ ਭਵਿਖ ਸੁਰਖਿਅਤ ਹੋਵੇਗਾ। ਇਸ ਮੌਕੇ ਮੀਟਿੰਗ ਵਿੱਚ ਪਾਸ ਕੀਤੇ ਗਏ ਮਤੇ ਵਿੱਚ ਮੰਗ ਕੀਤੀ ਹੈ ਕਿ ਤਨਖਾਹ ਦੁਹਰਾਈ ਦੇ ਬਕਾਏ ਦੀ ਅਦਾਇਗੀ ਤੁਰੰਤ ਕੀਤੀ ਜਾਵੇ ਅਤੇ ਮੁਲਾਜਮਾਂ ਅਤੇ ਪੈਨਸ਼ਨਰਾਂ ਦੀ 200 ਪ੍ਰਤੀ ਮਹੀਨਾ ਤਨਖਾਹ ਕਟੌਤੀ ਬੰਦ ਕੀਤੀ ਜਾਵੇ। ਇਸ ਮੀਟਿੰਗ ਵਿੱਚ ਡਾ: ਪਰਮਿੰਦਰ ਸਿੰਘ ਗਰੇਵਾਲ, ਡਾ: ਜਸਬੀਰ ਸਿੰਘ ਪਰਮਾਰ, ਡਾ: ਗੁਰਬਖਸ਼ ਸਿੰਘ ਸੰਧੂ, ਡਾ: ਅਸ਼ੋਕ ਕੁਮਾਰ ਚੌਧਰੀ, ਡਾ: ਦਵਿੰਦਰ ਸਿੰਘ, ਡਾ: ਨਰੇਸ਼ ਕੁਮਾਰ, ਡਾ: ਬਲਵਿੰਦਰ ਸਿੰਘ ਚੇਲਾ, ਡਾ: ਹਰੀ ਸੜੋਆ, ਸ੍ਰੀ ਦੀਪਕ ਆਦੀਆ, ਸ੍ਰੀ ਰੋਸ਼ਨਜੀਤ ਸਿੰਘ, ਡਾ: ਹਰਵਿੰਦਰ ਸਿੰਘ ਬਾਠ, ਡਾ: ਮਝੈਲ ਸਿੰਘ ਕਾਲਕਟ, ਡਾ: ਚਮਨ ਲਾਲ ਵਸ਼ਿਸ਼ਟ, ਡਾ: ਸੁਖਦੇਵ ਸਿੰਘ ਢਿਲੋਂ ਆਦਿ ਸ਼ਾਮਲ ਸਨ।

# ਏ ਜੀ ਆਈ ਫੁੱਟਸਲ ਗੋਲਡਨ ਲੀਗ ਟੂਰਨਾਮੈਂਟ ਸ਼ੁਰੂ

**ਜਲੰਧਰ (ਰਾਜੇਸ਼ ਥਾਪਾ )**

ਏਜੀਆਈ ਸਪੋਰਟਸ ਇੰਸਟੀਚਿਊਟ ਆਫ ਇੰਡੀਆ ਦੇ ਮੈਨੇਜਿੰਗ ਡਾਇਰੈਕਟਰ ਸੁਰਿੰਦਰ ਭਾਂਬਰੀ ਦੇ ਅਨੁਸਾਰ, ਏਜੀਆਈ ਸਪੋਰਟਸ ਇੰਸਟੀਚਿਊਟ ਆਫ ਇੰਡੀਆ, ਏਜੀਆਈ ਇਨਫਰਾ ਲਿਮਿਟਡ ਦੀ ਇੱਕ ਸਹਾਇਕ ਕੰਪਨੀ, 5 ਜੁਲਾਈ ਤੋਂ 10 ਜੁਲਾਈ 2023 ਤੱਕ ਜਲੰਧਰ ਹਾਈਟਸ 1 ਦੇ ਟੀ ਬਲਾਕ ਫੁਟਸਲ ਮੈਦਾਨ ਵਿੱਚ ਇੱਕ ਏਜੀਆਈ ਫੁਟਸਲ ਗੋਲਡਨ ਲੀਗ ਟੂਰਨਾਮੈਂਟ ਦਾ ਆਯੋਜਨ ਕਰੇਗੀ। ਫੁਟਸਲ ਇੱਕ 5 ਏ ਸਾਈਡ ਫੁੱਟਬਾਲ ਗੇਮ ਹੈ ਜੋ ਬਾਹਰ ਅਤੇ ਅੰਦਰ ਖੇਡੀ ਜਾਂਦੀ ਹੈ। ਭਾਂਬਰੀ ਨੇ ਕਿਹਾ ਕਿ ਫੀਫਾ ਅੰਤਰਰਾਸ਼ਟਰੀ ਫੁਟਬਾਲ ਫੈਡਰੇਸ਼ਨ ਅਤੇ ਇਸ ਦੇ ਸਾਰੇ 204 ਮਾਨਤਾ ਪ੍ਰਾਪਤ ਦੇਸ਼ ਇਸ 5 ਏ ਸਾਈਡ ਟੂਰਨਾਮੈਂਟ ਨੂੰ ਖੇਡਦੇ ਹਨ ਅਤੇ ਫੀਫਾ ਆਪਣਾ ਵਿਸ਼ਵ ਕੱਪ ਵੀ ਆਯੋਜਿਤ ਕਰਦਾ ਹੈ। ਇਸ ਏਜੀਆਈ ਫੁਟਸਲ ਗੋਲਡਨ ਲੀਗ ਟੂਰਨਾਮੈਂਟ ਵਿੱਚ ਪੰਜ ਫੁੱਟਸਾਲ ਟੀਮਾਂ ਭਾਗ ਲੈਣਗੀਆਂ। ਭਾਗ ਲੈਣ ਵਾਲੀਆਂ ਟੀਮਾਂ ਦੇ ਨਾਂਅ ਹਨ; ਜਲੰਧਰ ਹਾਈਟਸ 1, ਅਰਬਾਨਾ, ਸਮਾਰਟ ਹੋਮਜ, ਸਕਾਈ ਗਾਰਡਨ ਅਤੇ ਜਲੰਧਰ ਹਾਈਟਸ 2 ਇਹ ਮੈਚ ਰਾਊਂਡ ਰੌਬਿਨ ਫਾਰਮੈਟ ਵਿੱਚ ਖੇਡੇ ਜਾਣਗੇ। ਫੀਫਾ ਦੇ ਨਿਯਮਾਂ ਅਤੇ ਨਿਯਮਾਂ ਦੇ ਅਨੁਸਾਰ, ਮੈਚ 10 ਮਿੰਟ ਦੇ ਅੰਤਰਾਲ ਦੇ ਨਾਲ ਹਰ ਅੱਧ ਵਿੱਚ 20 ਮਿੰਟ ਦੀ ਮਿਆਦ ਦੇ ਨਾਲ ਖੇਡੇ ਜਾਣਗੇ। ਰਾਊਂਡ ਰੌਬਿਨ ਲੀਗ ਫਾਰਮੈਟ ਵਿੱਚ ਹਰ ਟੀਮ ਹਰ ਰੋਜ ਦੋ ਮੈਚ ਖੇਡੇਗੀ। ਏਜੀਆਈ ਇਨਫਰਾ ਲਿਮਟਿਡ ਦੇ ਮੈਨੇਜਿੰਗ ਡਾਇਰੈਕਟਰ ਸੁਖਦੇਵ ਸਿੰਘ ਅਨੁਸਾਰ, ਇਸ ਟੂਰਨਾਮੈਂਟ ਦਾ ਮੁੱਖ ਉਦੇਸ਼ ਫੁੱਟਬਾਲ ਦੇ ਆਉਣ ਵਾਲੇ ਨੌਜਵਾਨ ਖਿਡਾਰੀਆਂ ਦੀ ਪ੍ਰਤਿਭਾ ਨੂੰ ਉਜਾਗਰ ਕਰਨਾ ਹੈ। ਸੰਸਥਾ ਵੱਲੋਂ ਭਾਗ ਲੈਣ ਵਾਲੀਆਂ ਟੀਮਾਂ ਦੇ ਸਾਰੇ ਖਿਡਾਰੀਆਂ ਨੂੰ ਮੁਫਤ ਕਿੱਟਾਂ ਵੀ ਦਿੱਤੀਆਂ ਜਾਣਗੀਆਂ।



6-JULY-PAGE-10.qxd 7/5/2023 10:45 PM Page 1



# ਕੈਬਨਿਟ ਮੰਤਰੀ ਦੀ ਪ੍ਰੇਰਨਾ ਨਾਲ ਲੋਕਾਂ ਨੇ ਲਿਆ ਨਸ਼ਿਆਂ ਖਿਲਾਫ ਲੜਾਈ ਦਾ ਪ੍ਰਣ



**ਮਲੋਟ, ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ /ਪੂਜਾ )**- ਅੱਜ ਮਲੋਟ ਦੇ ਲੋਕਾਂ ਨੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਦੀ ਪ੍ਰੇਰਨਾ ਨਾਲ ਨਸ਼ਿਆਂ ਖਿਲਾਫ ਲੜਾਈ ਦਾ ਪ੍ਰਣ ਲਿਆ ਅਤੇ ਰੰਗਲੇ ਪੰਜਾਬ ਦੀ ਸਿਰਜਣਾ ਵਿਚ ਆਪਣੇ ਯੋਗਦਾਨ ਦਾ ਸੰਕਲਪ ਕੀਤਾ। ਇਸ ਮੌਕੇ ਕੈਬਨਿਟ ਮੰਤਰੀ ਡਾ: ਬਲਜੀਤ ਕੌਰ ਨੇ ਕਿਹਾ ਕਿ ਨਸ਼ੇ ਸਾਡੇ ਸਮਾਜ ਲਈ ਚੁਣੌਤੀ ਹਨ ਅਤੇ ਪੰਜਾਬ ਸਰਕਾਰ ਨਸ਼ਿਆਂ ਦੇ ਖਾਤਮੇ ਲਈ ਗੰਭੀਰ ਉਪਰਾਲੇ ਕਰ ਰਹੀ ਹੈ। ਪਰ ਇਸ ਲੜਾਈ ਵਿਚ ਜਿੱਤ ਲੋਕਾਂ ਦੀ ਸੰਪੂਰਨ ਭਾਗੀਦਾਰੀ ਬਿਨਾਂ ਸੰਭਵ ਨਹੀਂ ਹੈ। ਇਸ ਲਈ ਹੁਣ ਜਦ ਇਸ ਕਾਫਲੇ ਵਿਚ ਆਮ ਲੋਕ ਵੀ ਸਰਕਾਰ ਨਾਲ ਆ ਜੁੜੇ ਹਨ ਤਾਂ ਹੁਣ ਨਸ਼ੇ ਦਾ ਅੰਤ ਯਕੀਨੀ ਹੈ। ਕੈਬਨਿਟ ਮੰਤਰੀ ਜੋ ਕਿ ਸਿਆਸਤ ਵਿਚ ਆਉਣ ਤੋਂ ਪਹਿਲਾਂ ਖੁਦ ਇਕ ਡਾਕਟਰ ਸਨ, ਨੇ ਕਿਹਾ ਕਿ ਨਸ਼ਾ ਇਕ ਬਿਮਾਰੀ ਹੈ ਅਤੇ ਹੋਰ ਬਿਮਾਰੀਆਂ ਵਾਂਗ ਹੀ ਇਸ ਦਾ ਇਲਾਜ ਸੰਭਵ ਹੈ। ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ੇ ਤੋਂ ਪੀੜਤਾਂ ਦਾ ਇਲਾਜ ਮੁਫਤ ਕੀਤਾ ਜਾਂਦਾ ਹੈ ਅਤੇ ਇਲਾਜ ਕਰਵਾਉਣ ਵਾਲੇ ਦੀ ਪਹਿਚਾਣ ਵੀ ਪੂਰੀ ਤਰਾਂ ਗੁਪਤ ਰੱਖੀ ਜਾਂਦੀ ਹੈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜੋ ਬੱਚੇ ਨਸ਼ੇ ਤੋਂ ਪੀੜਤ ਹਨ ਉਨ੍ਹਾਂ ਦੇ ਇਲਾਜ ਲਈ ਸਰਕਾਰੀ ਹਸਪਤਾਲ ਦੇ ਨਸ਼ਾ ਮੁਕਤੀ ਕੇਂਦਰ ਤੱਕ ਲਿਆਂਦਾ ਜਾਵੇ। ਉਨ੍ਹਾਂ ਕਿਹਾ ਕਿ ਨਸ਼ੇ ਦੇ ਮਾੜੇ ਕੰਮ ਵਿਚ ਲੱਗੇ ਲੋਕਾਂ ਦੀ ਇਤਲਾਹ ਲੋਕ ਪੁਲਸ ਨੂੰ ਦੇਣ ਤਾਂ ਅਜਿਹੇ ਲੋਕਾਂ ਖਿਲਾਫ ਸਖਤ ਕਾਰਵਾਈ ਕਰਨ ਦੇ ਨਾਲ ਨਾਲ ਸੂਚਨਾ ਦੇਣ ਵਾਲੇ ਦੀ ਪਹਿਚਾਣ ਗੁਪਤ ਰੱਖੀ ਜਾਵੇਗੀ। ਕੈਬਨਿਟ ਮੰਤਰੀ ਦੀ ਅਗਵਾਈ ਵਿਚ ਵੱਡੀ ਗਿਣਤੀ ਵਿਚ ਲੋਕਾਂ ਨੇ ਉਤਸ਼ਾਹ ਨਾਲ ਨਸ਼ਿਆਂ ਖਿਲਾਫ ਇਸ ਸਹੁੰ ਚੁੱਕ ਸਮਾਗਮ ਵਿਚ ਸ਼ਿਰਕਤ ਕੀਤੀ। ਲੋਕਾਂ ਨੇ ਲਿਖਤੀ ਤੌਰ 'ਤੇ ਨਸ਼ੇ ਖਿਲਾਫ ਲੜਾਈ ਦਾ ਵਾਅਦਾ ਕੀਤਾ ਜਦ ਕਿ ਬਹੁਤ ਸਾਰੇ ਲੋਕਾਂ ਨੇ ਮੌਕੇ 'ਤੇ ਹੀ ਨਸ਼ਾ ਛੱਡਣ ਦਾ ਸੰਕਲਪ ਕੀਤਾ। ਇਸ ਮੌਕੇ ਡੀ ਐਸ ਪੀ ਬਲਕਾਰ ਸਿੰਘ, ਨਵਪ੍ਰੀਤ ਸਿੰਘ ਐਸ ਐਚ ਓ, ਸਤਗੁਰ ਦੇਵ ਸਿੰਘ ਪੱਪੀ, ਜਸਮੀਤ ਸਿੰਘ ਬਰਾੜ, ਜੋਨੀ, ਸੋਹਨ ਲਾਲ ਆਦਿ ਵੀ ਹਾਜ਼ਰ ਸਨ।

# ਕਤਲ ਮਾਮਲੇ 'ਚ ਕਿਰਾਏਦਾਰਾਂ ਨੂੰ ਗ੍ਰਿਫਤਾਰ ਕਰਕੇ ਅਦਾਲਤ 'ਚ ਕੀਤਾ ਪੇਸ਼

**ਬਰੇਟਾ (ਰੀਤਵਾਲ)**- ਕਿਰਾਏਦਾਰਾਂ ਵੱਲੋਂ ਮਾਲਕ ਪ੍ਰੇਮ ਕੁਮਾਰ ਵਾਸੀ ਬਰੇਟਾ ਦੇ ਕਤਲ ਮਾਮਲੇ ਵਿੱਚ ਐਸ.ਪੀ.ਡੀ. ਜਸਕੀਰਤ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਐਸ.ਐਚ.ਓ. ਬੂਟਾ ਸਿੰਘ ਵੱਲੋਂ ਮ੍ਰਿਤਕ ਪ੍ਰੇਮ ਕੁਮਾਰ ਦੀ ਪਤਨੀ ਚੀਨਾ ਦੇਵੀ ਦੇ ਬਿਆਨ 'ਤੇ 2 ਕਿਰਾਏਦਾਰਾਂ ਸਮੇਤ 4 ਵਿਅਕਤੀਆਂ ਵੱਲੋਂ ਘਰ ਅੰਦਰ ਦਾਖਲ ਹੋ ਕੇ ਉਸ ਦੇ ਪਤੀ ਨੂੰ ਗੋਲੀ ਮਾਰ ਕੇ ਕਤਲ ਕਰਨ ਦਾ ਮਾਮਲਾ ਦਰਜ ਕੀਤਾ ਗਿਆ ਸੀ। ਜਿਸ ਉਪਰੰਤ ਪੁਲਿਸ ਵੱਲੋਂ ਘਰ 'ਚ ਰਹਿਣ ਵਾਲੀ ਕਿਰਾਏਦਾਰ ਔਰਤ ਦਾ ਦੂਸਰੇ ਕਿਰਾਏਦਾਰ ਨਾਲ ਨਜਾਇਜਜ਼ ਸੰਬੰਧ ਸੀ ਜਿਸ ਕਾਰਨ ਪ੍ਰੇਮ ਕੁਮਾਰ ਨੇ ਆਪਣਾ ਘਰ ਖਾਲੀ ਕਰਵਾ ਲਿਆ ਸੀ ਜੋ ਆਪਣੇ ਘਰ 'ਚ ਅਜਿਹੇ ਵਰਤਾਰੇ ਦੇ ਖਿਲਾਫ ਸੀ। ਜਿਸ 'ਤੇ ਰੰਜਿਸ਼ ਰੱਖਦਿਆਂ ਕਿਰਾਏਦਾਰ ਔਰਤ ਮੰਜੂ ਰਾਣੀ ਨੇ ਕਿਰਾਏਦਾਰ ਸੁਰੇਸ਼ ਅਤੇ ਜਗਦੀਸ਼ ਕੁਮਾਰ ਨੂੰ ਹੱਲਾਸ਼ੇਰੀ ਦਿੰਦਿਆਂ ਪ੍ਰੇਮ ਕੁਮਾਰ ਦਾ ਗੋਲੀ ਮਾਰ ਕੇ ਕਤਲ ਕਰ ਦਿੱਤਾ ਸੀ। ਪੁਲਿਸ ਨੇ ਇਸ ਕਤਲ ਮਾਮਲੇ 'ਚ 2 ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ ਅਤੇ ਮੰਜੂ ਰਾਣੀ ਵਾਸੀ ਪਿੰਡ ਉਕਲਾਣਾ (ਹਰਿਆਣਾ) ਤੋਂ ਹੋਰ ਪੁੱਛ ਪੜਤਾਲ ਕੀਤੀ। ਜਿਸ ਉਪਰੰਤ ਪੁਲਿਸ ਨੇ ਕਾਰਵਾਈ ਅਧੀਨ ਟ੍ਰੇਸ ਕਰਦਿਆਂ ਵਾਰਦਾਤ ਵਿੱਚ ਵਰਤਿਆਂ ਗਿਆ ਮੋਟਰ ਸਾਈਕਲ ਬਰਾਮਦ ਕਰਕੇ ਕਿਰਾਏਦਾਰ ਸੁਰੇਸ਼ ਕੁਮਾਰ ਵਾਸੀ ਫਤਿਹਾਬਾਦ ਅਤੇ ਜਗਦੀਸ਼ ਕੁਮਾਰ ਵਾਸੀ ਜਲੰਪੁਰ ਫਤਿਹਾਬਾਦ, ਮੰਜੂ ਰਾਣੀ ਪਤਨੀ ਸੂਰਜ ਭਾਨ ਵਾਸੀ ਉਕਲਾਣਾ ਨੂੰ ਗ੍ਰਿਫਤਾਰ ਕਰ ਲਿਆ। ਦੋਸ਼ੀਆਨ ਜਗਦੀਸ਼ ਰਾਮ ਤੇ ਸਰੇਸ਼ ਕੁਮਾਰ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਸ ਰਿਮਾਂਡ ਹਾਸਲ ਕਰਦਿਆਂ ਬਾਕੀ ਦੋਸ਼ੀਆਨ ਦੇ ਟਿਕਾਣਿਆਂ ਅਤੇ ਵਰਤੇ ਗਏ ਅਸਲੇ ਸੰਬੰਧੀ ਪੁੱਛ ਪੜਤਾਲ ਕੀਤੀ ਜਾ ਰਹੀ ਹੈ।

# ਮੌਲਵੀਵਾਲਾ ਦੇ ਸ਼ਮਸ਼ਾਨਘਾਟ ਦੀ ਪਿੰਡ ਵਾਸੀਆਂ ਨੇ ਬਦਲੀ ਨੁਹਾਰ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**- ਪਿੰਡ ਮੌਲਵੀਵਾਲਾ ਦੇ ਵਾਸੀਆਂ ਵੱਲੋਂ ਪਿੰਡ ਦੇ ਵਿਦੇਸ਼ਾਂ ਵਿਚ ਰਹਿੰਦੇ ਨੌਜਵਾਨਾਂ ਦੇ ਸਹਿਯੋਗ ਨਾਲ ਪਿੰਡ ਦੇ ਸ਼ਮਸ਼ਾਨਘਾਟ ਨੂੰ ਸੁੰਦਰ ਦਿੱਖ ਦਿੱਤੇ ਜਾਣ ਮਗਰੋਂ ਵਿਧਾਨ ਸਭਾ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਸ਼ਮਸ਼ਾਨਘਾਟ ਦਾ ਦੌਰਾ ਕੀਤਾ। ਇਸ ਦੌਰਾਨ ਉਨ੍ਹਾਂ ਸ਼ਮਸ਼ਾਨਘਾਟ ਦੀਆਂ ਦੀਵਾਰਾਂ ਉੱਤੇ ਬਣਾਈਆਂ ਗਈਆਂ ਸ਼ਾਨਦਾਰ ਪੇਂਟਿੰਗ ਅਤੇ ਸਲੋਗਨਾਂ ਨੂੰ ਗਹੁ ਨਾਲ ਵਾਚਿਆ। ਇਸ ਦੌਰਾਨ ਪਰਵਾਸੀ ਪੰਜਾਬੀ ਸੁਖਦੇਵ ਸਿੰਘ ਬੈਲਜੀਅਮ ਵੀ ਉਹਨਾਂ ਦੇ ਨਾਲ ਸਨ। ਹਲਕਾ ਵਿਧਾਇਕ ਕੁਲਵੰਤ ਸਿੰਘ ਬਾਜੀਗਰ ਨੇ ਪਿੰਡ ਵਾਸੀਆਂ ਵੱਲੋਂ ਕੀਤੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪਿੰਡ ਵਿੱਚ ਸਾਰੇ ਧਰਮਾਂ ਅਤੇ ਜਾਤਾਂ ਦਾ ਇੱਕ ਸ਼ਮਸ਼ਾਨਘਾਟ ਹੋਣਾ ਜਿੱਥੇ ਆਪਣੇ ਆਪ ਵਿੱਚ ਮਿਸਾਲ ਹੈ ਉਥੇ ਇਹ ਜਾਤੀਵਾਦ ਦੀ ਭਾਵਨਾ ਨੂੰ ਖਤਮ ਕਰਦਾ ਹੈ। ਉਨ੍ਹਾਂ ਕਿਹਾ ਕਿ ਪਿੰਡ ਵਾਸੀਆਂ ਵੱਲੋਂ ਸ਼ਮਸ਼ਾਨਘਾਟ ਪ੍ਰਬੰਧਕ ਕਮੇਟੀ ਬਣਾ ਕੇ ਇਸ ਦੇ ਸੁੰਦਰੀਕਰਨ ਕਰਕੇ ਜੋ ਸੁਨੇਹਾ ਸਮਾਜ ਨੂੰ ਦਿੱਤਾ ਗਿਆ ਹੈ ਉਹ ਆਪਣੇ ਆਪ ਵਿੱਚ ਵਿਲੱਖਣ ਹੀ ਨਹੀਂ ਸਗੋਂ ਇਸ ਵਿਚ ਲਿਖੇ ਗਏ ਸਲੋਗਨ ਸਮਾਜ ਨੂੰ ਧੀ ਦੀ ਇੱਜ਼ਤ ਕਰਨ, ਵਾਤਾਵਰਨ ਨੂੰ ਬਚਾਉਣ ਲਈ ਰੁੱਖ ਲਗਾਉਣ, ਜ਼ਿੰਦਗੀ ਜਿਊਣ ਲਈ ਪਾਣੀ ਬਚਾਉਣ ਦੀ ਮਹੱਤਤਾ ਅਤੇ ਅਖੀਰਲੇ ਸਮੇਂ ਤੱਕ ਜਾਂਦਿਆਂ ਸਮਾਜ ਲਈ ਕੁੱਝ ਕਰਨ ਦੀ ਭਾਵਨਾ ਨੂੰ ਪ੍ਰਫੁੱਲਤ ਕਰਨ ਦੇ ਨਾਲ ਨਾਲ ਮਰਨ ਉਪਰੰਤ ਕੀਤੀਆਂ ਜਾਣ ਵਾਲੀਆਂ ਵਾਧੂ ਰਸਮਾਂ ਤੋਂ ਕਿਨਾਰਾ ਕਰਨ ਦਾ ਸੁਨੇਹਾ ਦਿੰਦੇ ਹਨ। ਉਹਨਾਂ ਕਿਹਾ ਕਿ ਮਰਨ ਉਪ੍ਰੰਤ ਉਨ੍ਹਾਂ ਦੀ ਰਸਮ ਵੇਲੇ ਅੰਗੀਠੇ ਵਿਚ ਬਚਦੀ ਸੁਆਹ ਆਪਣੇ ਖੇਤਾਂ ਵਿਚ ਪਾ ਕੇ ਮ੍ਰਿਤਕ ਪ੍ਰਾਣੀ ਦੀ ਯਾਦ ਵਿਚ ਇੱਕ ਰੁੱਖ ਲਗਾਉਣ ਦੇ ਸੁਨੇਹੇ ਨੇ ਉਨ੍ਹਾਂ ਨੂੰ ਬੇਹੱਦ ਪ੍ਰਭਾਵਿਤ ਕੀਤਾ ਹੈ। ਇਸ ਮੌਕੇ ਉਹਨਾਂ ਸ਼ਮਸਸ਼ਾਨਘਾਟ ਨੂੰ ਹੋਰ ਸੁੰਦਰ ਬਣਾਉਣ ਲਈ 3 ਲੱਖ ਰੁਪਏ ਦੀ ਗ੍ਰਾਂਟ ਦੇਣ ਦੇ ਨਾਲ ਨਾਲ ਇਸ ਨੂੰ ਹਲਕੇ ਤੇ ਹੋਰ ਪਿੰਡਾਂ ਲਈ ਮਾਡਲ ਬਣਾਏ ਜਾਣ ਦੀ ਗੱਲ ਕਰਦਿਆਂ ਸਭ ਤੋਂ ਪਹਿਲਾਂ ਆਪਣੇ ਪਿੰਡ ਤੋਂ ਇਸ ਦੀ ਸ਼ੁਰੂਆਤ ਕਰਨ ਦਾ ਐਲਾਨ ਕੀਤਾ। ਉਹਨਾਂ ਕਿਹਾ ਕਿ ਹੋਰ ਪਿੰਡਾਂ ਨੂੰ ਵੀ ਮੌਲਵੀਵਾਲਾ ਵਾਂਗ ਆਪਣੇ ਪੱਧਰ ਉੱਤੇ ਪਿੰਡਾਂ ਦੀ ਦਿੱਖ ਬਦਲਣ ਦੇ ਉਪਰਾਲੇ ਕਰਨੇ ਚਾਹੀਦੇ ਹਨ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪੁੱਜੇ ਪਰਵਾਸੀ ਪੰਜਾਬੀ ਸੁਖਦੇਵ ਸਿੰਘ ਬੈਲਜੀਅਮ ਨੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਆਪਣੇ ਵੱਲੋਂ ਇੱਕਵੰਜਾ ਹਜ਼ਾਰ ਰੁਪਏ ਦੀ ਸਹਾਇਤਾ ਰਾਸ਼ੀ ਸ਼ਮਸ਼ਾਨਘਾਟ ਪ੍ਰਬੰਧਕ ਕਮੇਟੀ ਨੂੰ ਦੇਣ ਦਾ ਐਲਾਨ ਕੀਤਾ।

ਕਮੇਟੀ ਦੇ ਪ੍ਰਧਾਨ ਗੁਰਮਖ ਸਿੰਘ ਠੇਕੇਦਾਰ ਨੇ ਆਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਬਿਨਾਂ ਕਿਸੇ ਸਰਕਾਰੀ ਮਦਦ ਤੋਂ ਪ੍ਰਬੰਧਕ ਕਮੇਟੀ ਵੱਲੋਂ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਘਰ ਰਹੇ ਦਰੱਖਤਾਂ ਦੀ ਅਹਿਮੀਅਤ ਨੂੰ ਦੇਖਦਿਆਂ ਹੋਇਆਂ ਅਗਲੇ ਦਿਨਾਂ ਵਿੱਚ ਅੰਤਿਮ ਸੰਸਕਾਰ ਕਰਨ ਲਈ ਆਧੁਨਿਕ ਤਕਨੀਕ ਨਾਲ ਲੈਸ ਭੱਠੀ ਲਗਾਈ ਜਾ ਰਹੀ ਹੈ।

## ਕਾਤਰਾਂ

### ਨੌਜਵਾਨ ਦੀ ਲਾਸ਼ ਟੋਹਾਣਾ ਨੇੜਿਓਂ ਨਹਿਰ 'ਚੋਂ ਬਰਾਮਦ



**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** ਚਾਰ ਦਿਨ ਪਹਿਲਾਂ ਲਾਪਤਾ ਹੋਏ ਸਰਹਿੰਦ ਨੇੜਲੇ ਪਿੰਡ ਭੱਲਮਾਜਰਾ ਦੇ ਵਸਨੀਕ 21 ਸਾਲਾ ਨੌਜਵਾਨ ਹਰਮਨਵੀਰ ਸਿੰਘ ਦੀ ਲਾਸ਼ ਟੋਹਾਣਾ (ਹਰਿਆਣਾ) ਨੇੜਿਓਂ ਲੰਘਦੀ ਨਹਿਰ 'ਚੋਂ ਬਰਾਮਦ ਹੋਣ ਦਾ ਸਮਾਚਾਰ ਹੈ। ਮ੍ਰਿਤਕ ਹਰਮਨਵੀਰ ਸਿੰਘ ਉਰਫ ਹਰਮਨ ਦੇ ਪਿਤਾ ਰਾਜਵਿੰਦਰ ਸਿੰਘ ਨੇ ਦੱਸਿਆ ਕਿ ਉਸ ਦਾ ਪੁੱਤਰ ਹਰਮਨਵੀਰ ਸਿੰਘ ਮੋਦੀ ਕਾਲਜ ਪਟਿਆਲਾ ਵਿਖੇ ਬੀ.ਏ. ਦੀ ਪੜ੍ਹਾਈ ਕਰ ਰਿਹਾ ਸੀ ਜੋ ਕਿ ਬੀਤੀ 30 ਜੂਨ ਨੂੰ ਮੋਦੀ ਕਾਲਜ ਵਿਖੇ ਬੀ.ਏ. ਦੂਸਰੇ ਸਾਲ ਦਾ ਅਖੀਰਲਾ ਇਮਤਿਹਾਨ ਦੇਣ ਲਈ ਗਿਆ ਸੀ ਜਿਸ ਨੇ ਇਮਤਿਹਾਨ ਦੇਣ ਤੋਂ ਬਾਅਦ ਉਸ ਨੂੰ ਫੋਨ ਕਰਕੇ ਦੱਸਿਆ ਕਿ ਉਹ ਘਰ ਕੁਝ ਦੇਰੀ ਨਾਲ ਆਵੇਗਾ ਪਰ ਉਹ ਘਰ ਵਾਪਸ ਨਹੀਂ ਪਰਤਿਆ ਤੇ ਉਸ ਦਾ ਮੋਬਾਈਲ ਫੋਨ ਵੀ ਬੰਦ ਆਉਣ ਲੱਗ ਪਿਆ। ਉਨ੍ਹਾਂ ਦੱਸਿਆ ਕਿ ਪੁਲਸ ਨੂੰ ਗੁੰਮਸ਼ੁਦਗੀ ਦੀ ਸੂਚਨਾ ਦਿੰਦੇ ਹੋਏ ਉਸ ਦਿਨ ਤੋਂ ਹੀ ਹਰਮਨਵੀਰ ਸਿੰਘ ਦੀ ਭਾਲ ਕੀਤੀ ਜਾ ਰਹੀ ਸੀ ਜਿਸ ਦੀ ਲਾਸ਼ ਅੱਜ ਨਹਿਰ 'ਚੋਂ ਬਰਾਮਦ ਹੋਈ ਹੈ। ਪੁਲਸ ਵੱਲੋਂ ਲਾਸ਼ ਦਾ ਪੋਸਟਮਾਰਟਮ ਕਰਵਾ ਕੇ ਵਾਰਿਸਾਂ ਦੇ ਹਵਾਲੇ ਕਰਨ ਉਪਰੰਤ ਮੌਤ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

### ਸਮਰ ਕੈਂਪ ਬੱਚਿਆਂ ਦੇ ਸਰਬਪੱਖੀ ਵਿਕਾਸ ਲਈ ਸਹਾਈ ਸਿੱਧ ਹੋਣਗੇ : ਅਸ਼ੋਕ ਕੁਮਾਰ

**ਮਾਨਸਾ, (ਆਤਮਾ ਸਿੰਘ ਪਮਾਰ)**-ਸਕੂਲ ਸਿੱਖਿਆ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਛੇਵੀਂ ਤੋਂ ਅੱਠਵੀਂ ਤੱਕ ਦੇ ਬੱਚਿਆਂ ਲਈ ਸਮਰ ਕੈਂਪਾਂ ਦਾ ਆਯੋਜਨ ਕੀਤਾ ਗਿਆ। ਇਸੇ ਲੜੀ ਤਹਿਤ ਜ਼ਿਲ੍ਹਾ ਮਾਨਸਾ ਦੇ 195 ਸਕੂਲਾਂ ਵਿੱਚ ਮਿਡਲ ਵਰਗ ਦੇ ਬੱਚਿਆਂ ਲਈ ਸਮਰ ਕੈਂਪ ਨਿਰਧਾਰਤ ਸਮਾਂ-ਸਾਰਣੀ ਤਿਆਰ ਕਰਕੇ ਸ਼ੁਰੂ ਕਰਵਾਇਆ ਗਿਆ ਹੈ। ਅਸ਼ੋਕ ਕੁਮਾਰ (ਸਟੇਟ ਐਵਾਰਡੀ) ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰ ਸਿੱ.) ਨੇ ਸਮਰ ਕੈਂਪ ਦੌਰਾਨ ਪਿੰਡ ਖਿਆਲਾ ਕਲਾਂ ਅਤੇ ਤਾਮਕੋਟ ਦੇ ਸਕੂਲਾਂ ਦਾ ਨਿਰੀਖਣ ਕੀਤਾ। ਉਨ੍ਹਾ ਕਿਹਾ ਕਿ ਆਧੁਨਿਕ ਤਕਨੀਕ ਨਾਲ ਸ਼ੁਰੂ ਹੋਏ ਸਮਰ ਕੈਂਪ ਬੱਚਿਆਂ ਦੇ ਸਰਬਪੱਖੀ ਵਿਕਾਸ ਲਈ ਸਹਾਈ ਸਿੱਧ ਹੋਣਗੇ। ਉਨ੍ਹਾ ਕਿਹਾ ਕਿ ਪਹਿਲੇ ਦਿਨ ਸਮਰ ਕੈਂਪ ਦੌਰਾਨ ਵਿਦਿਆਰਥੀਆਂ ਨੇ ਖੇਡ ਵਿਧੀ ਰਾਹੀਂ ਰੌਚਕ ਢੰਗ ਨਾਲ ਗਿਆਨ ਦੀ ਪ੍ਰਾਪਤੀ ਕੀਤੀ। ਸਿੱਖਿਆ ਅਧਿਕਾਰੀ ਨੇ ਕਿਹਾ ਕਿ ਸਮਰ ਕੈਂਪ ਵਿੱਚ ਰਸਮੀ ਪੜ੍ਹਾਈ ਤੋਂ ਹਟ ਕੇ ਨਿਵੇਕਲੇ ਢੰਗ ਨਾਲ ਸਿੱਖਿਆ ਗ੍ਰਹਿਣ ਕੀਤੀ। ਵਿਦਿਆਰਥੀਆਂ ਦੇ ਮਾਪਿਆਂ ਨੇ ਵੀ ਸਮਰ ਕੈਂਪ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਅਜਿਹੇ ਉਪਰਾਲੇ ਭਵਿੱਖ ਵਿੱਚ ਜਾਰੀ ਰਹਿਣੇ ਚਾਹੀਦੇ ਹਨ।

### ਬਾਬਾ ਖੇਤਰਪਾਲ ਮੰਦਰ ਸੁਸਾਇਟੀ ਦਾ ਕੀਤਾ ਧੰਨਵਾਦ

**ਫਰੀਦਕੋਟ (ਐਲਿਗਜੈਂਡਰ ਡਿਸੂਜਾ)** -ਸਥਾਨਕ ਚਹਿਲ ਰੋਡ ਦੇ ਨਾਲ ਬਾਈਪਾਸ 'ਤੇ ਹੋ ਰਹੀ ਸ੍ਰੀ ਸ਼ਾਮ ਪ੍ਰੇਮ ਧਾਮ ਦੀ ਉਸਾਰੀ ਲਈ ਸ੍ਰੀ ਬਾਬਾ ਖੇਤਰ ਪਾਲ ਮੰਦਰ ਚੈਰੀਟੇਬਲ ਸੁਸਾਇਟੀ ਨੇ 222000 ਦੀ ਰਾਸ਼ੀ ਦਾ ਚੈੱਕ ਦੇ ਕੇ ਸ੍ਰੀ ਖਾਟੂ ਸ਼ਾਮ ਸੇਵਾ ਸੰਪਤੀ ਨੂੰ ਸ੍ਰੀ ਸ਼ਾਮ ਪ੍ਰੇਮ ਧਾਮ (ਮੰਦਰ) ਦੀ ਉਸਾਰੀ ਲਈ ਯੋਗਦਾਨ ਪਾਇਆ। ਜਿੱਥੇ ਕਿ ਸ੍ਰੀ ਬਾਬਾ ਖੇਤਰਪਾਲ ਮੰਦਰ ਦੇ ਮੁੱਖ ਸੇਵਾਦਾਰ ਜੈਨੀਦਰ ਜੈਨ ਅਤੇ ਸਹਾਇਕ ਸੇਵਾਦਾਰ ਬਲਦੇਵ ਤੇਰੀਆਂ ਨੇ ਦੱਸਿਆ ਕਿ ਸਾਡੀ ਸੇਵਾ ਸੁਸਾਇਟੀ ਨੇ ਕੁਝ ਦਿਨ ਪਹਿਲਾਂ ਇੱਕ ਐਗਜੈਕਟਿਵ ਕਮੇਟੀ ਦੀ ਮੀਟਿੰਗ ਕਰਕੇ ਸਰਵ-ਸੰਮਤੀ ਨਾਲ ਪਾਸ ਕੀਤਾ ਕਿ ਫਰੀਦਕੋਟ ਸਹਿਰ ਵਿੱਚ ਹੋ ਰਹੀ ਸ੍ਰੀ ਸ਼ਾਮ ਪ੍ਰੇਮ ਧਾਮ ਮੰਦਰ ਦੀ ਉਸਾਰੀ ਲਈ 222000 ਰੁਪਏ ਦੀ ਰਾਸ਼ੀ ਦਿੱਤੀ ਜਾਵੇ। ਜਿੱਥੇ ਕਿ ਮੁੱਖ ਸੇਵਾਦਾਰ ਜੈਨਿੰਦਰ ਜੈਨ ਨੇ ਸ੍ਰੀ ਬਾਬਾ ਖੇਤਰ ਪਾਲ ਮੰਦਰ ਵੱਲੋਂ ਚੱਲ ਰਹੀਆਂ ਗਤੀਵਿਧੀਆਂ ਬਾਰੇ ਜਾਣੂ ਕਰਵਾਇਆ। ਸ੍ਰੀ ਖਾਟੂ ਸ਼ਾਮ ਸੇਵਾ ਸੰਮਤੀ ਵੱਲੋਂ ਡਾ. ਸੰਜੀਵ ਜੈਨ ਨੇ ਸ੍ਰੀ ਸ਼ਾਮ ਪ੍ਰੇਮ ਧਾਮ ਦੇ ਮੰਦਰ ਬਾਰੇ ਜਾਣੂ ਕਰਵਾਇਆ ਅਤੇ ਦੱਸਿਆ ਕਿ ਸਾਡੇ ਇਲਾਕੇ ਵਿੱਚ ਇਹ ਇੱਕੋ ਇੱਕ ਪਹਿਲਾ ਮੰਦਰ ਹੋਵੇਗਾ ਜੋ ਅਤਿ ਸੁੰਦਰ ਅਤੇ ਅਤਿ ਵਿਸ਼ਾਲ ਹੋਵੇਗਾ ਅਤੇ ਸ੍ਰੀ ਬਾਬਾ ਖੇਤਰਪਾਲ ਮੰਦਰ ਚੈਰੀਟੇਬਲ ਸੁਸਾਇਟੀ ਦਾ ਸ੍ਰੀ ਸ਼ਾਮ ਪ੍ਰੇਮ ਧਾਮ ਵਿੱਚ ਯੋਗਦਾਨ ਪਾਉਣ 'ਤੇ ਸ੍ਰੀ ਖਾਟੂ ਸ਼ਾਮ ਸੇਵਾ ਸੰਮਤੀ ਵੱਲੋਂ ਧੰਨਵਾਦ ਕੀਤਾ

# ਐੱਸ ਐੱਫ ਸੀ ਪਬਲਿਕ ਸਕੂਲ 'ਚ ਮਨਾਇਆ ਪਲਾਸਟਿਕ ਮੁਕਤ ਦਿਵਸ




**ਮੋਗਾ (ਅਮਰਜੀਤ ਬੱਬਰੀ)**- ਐਸ ਐਫ ਸੀ ਪਬਲਿਕ ਸਕੂਲ ਜਲਾਲਾਬਾਦ ਮੋਗਾ ਵਿਖੇ ਅੰਤਰਰਾਸ਼ਟਰੀ ਪਲਾਸਟਿਕ ਮੁਕਤ ਦਿਵਸ ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਨੂੰ ਪਲਾਸਟਿਕ ਦੇ ਲਿਫਾਫਿਆਂ ਅਤੇ ਬੈਗਾਂ ਦੇ ਉਪਯੋਗ ਦੇ ਮਾੜੇ ਅਸਰਾਂ ਬਾਰੇ ਜਾਣਕਾਰੀ ਦਿੱਤੀ ਗਈ। ਅਧਿਆਪਕਾਂ ਨੇ ਦੱਸਿਆ ਕਿ ਪਲਾਸਟਿਕ ਦੇ ਲਿਫਾਫਿਆਂ ਨੂੰ ਗਲਣ 'ਚ ਕਈ ਸਾਲ ਲੱਗ ਜਾਂਦੇ ਹਨ। ਮਿੱਟੀ 'ਚ ਵੀ ਪਲਾਸਟਿਕ ਨਹੀਂ ਗਲਦਾ ਅਤੇ ਇਹ ਧਰਤੀ 'ਚ ਪਾਣੀ ਸੋਖਣ ਦੀ ਯੋਗਤਾ ਨੂੰ ਪ੍ਰਭਾਵਿਤ ਕਰਦਾ ਹੈ। ਇਹ ਪੰਛੀਆਂ ਅਤੇ ਜਲ ਜੀਵਾਂ ਦੀ ਮੌਤ ਦਾ ਕਾਰਨ ਬਣਦਾ ਹੈ। ਪਲਾਸਟਿਕ 'ਚ ਪਾਇਆ ਜਾਣ ਵਾਲਾ ਰਸਾਇਣ ਮਨੁੱਖ ਲਈ ਵੀ ਹਾਨੀਕਾਰਕ ਹੈ ਅਤੇ ਕਈ ਬਿਮਾਰੀਆਂ ਦਾ ਕਾਰਨ ਬਣਦਾ ਹੈ । ਇਸ ਮੌਕੇ ਸਕੂਲ ਡਾਇਰੈਕਟਰ ਅਭਿਸ਼ੇਕ ਜਿੰਦ ਅਤੇ ਪ੍ਰਿੰਸੀਪਲ ਸ਼ੀਨਮ ਜਿੰਦਲ ਨੇ ਵੀ ਪਲਾਸਟਿਕ ਦੀ ਥਾਂ ਕੱਪੜੇ ਦੇ ਬੈਗ ਪ੍ਰਯੋਗ ਕਰਨ ਦੀ ਸਲਾਹ ਦਿੱਤੀ ਅਤੇ ਕਿਹਾ ਕਿ ਸਾਨੂੰ ਆਪਣੇ ਆਲੇ-ਦੁਆਲੇ ਦੀ ਰੱਖਿਆ ਲਈ ਯਤਨ ਕਰਦੇ ਰਹਿਣਾ ਚਾਹੀਦਾ ਹੈ। ਪਲਾਸਟਿਕ ਵਾਯੂਮੰਡਲ ਲਈ ਹਾਨੀਕਾਰਕ ਹੈ ਇਸ ਲਈ ਇਸ ਦੀ ਵਰਤੋਂ ਨਹੀਂ ਕਰਨੀ ਚਾਹੀਦੀ।

# ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ

**ਜਗਰਾਉਂ (ਅਮਿਤ ਖੰਨਾ)**-ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਰਜਿ. 133 ਜਗਰਾਉਂ ਦੀ ਮਹੀਨਾਵਾਰ ਮੀਟਿੰਗ ਸਥਾਨਕ ਗੁਰਦੁਆਰਾ ਰਾਮਗੜ੍ਹੀਆ ਵਿਖੇ ਮੀਟਿੰਗ ਹੋਈ। ਐਸੋਸੀਏਸ਼ਨ ਦੇ ਅਹੁਦੇਦਾਰਾਂ ਨੇ ਦੱਸਿਆ ਕਿ ਪ੍ਰਧਾਨ ਜਿੰਦਰਪਾਲ ਧੀਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਆਉਣ ਵਾਲੇ ਸਮੇਂ 'ਚ ਕਈ ਸਮਾਜ ਸੇਵੀ ਪ੍ਰੋਜੈਕਟ ਲਗਾਏਗੀ ਅਤੇ ਖਾਸ ਕਰਕੇ ਲੋਕਾਂ ਨੂੰ ਵਾਤਾਵਰਨ ਦੀ ਸੰਭਾਲ ਲਈ ਜਾਗਰੂਕ ਕਰੇਗੀ ਅਤੇ ਤਿੱਨ ਚਾਰ ਮਹੀਨੇ ਚੱਲਣ ਵਾਲੀ ਠੰਢੇ ਪਾਣੀ ਦੀ ਛਬੀਲ ਵੀ ਚਲ ਰਹੀ ਹੈ। ਇਸ ਮੌਕੇ ਸਰਪ੍ਰਸਤ ਕਸ਼ਮੀਰੀ ਲਾਲ, ਗੁਰਮੇਲ ਸਿੰਘ ਢੁੱਡੀਕੇ, ਕਰਮ ਸਿੰਘ ਜਗਦੇ, ਪ੍ਰੀਤਮ ਸਿੰਘ ਜੰਡੂ , ਸੁਖਪਾਲ ਖਹਿਰਾ, ਅਮਰਜੀਤ ਸਿੰਘ ਘਟੋੜੇ, ਮੰਗਲ ਸਿੰਘ ਸਿੱਧੂ, ਜਸਪਾਲ ਸਿੰਘ ਪਾਲੀ, ਰਾਜਿੰਦਰ ਮਠਾੜੂ, ਜਗਰੂਪ ਸਿੰਘ ਗੈਦੂ, ਬਹਾਦਰ ਸਿੰਘ ਕਮਾਲਪੁਰਾ, ਮਨਦੀਪ ਸਿੰਘ ਮਨੀ, ਧਰਮ ਸਿੰਘ ਰਾਜੂ, ਸੁਰਿੰਦਰ ਸਿੰਘ ਕਾਕਾ, ਸੁਖਵਿੰਦਰ ਸੀਹਰਾ, ਸੁਖਦੇਵ ਸਿੰਘ ਘਟੋੜੇ, ਸੁਦਾਗਰ ਸਿੰਘ ਕਲਸੀ, ਤਰਲੋਚਨ ਸਿੰਘ ਸੀਹਰਾ, ਜਗਦੀਸ਼ ਸਿੰਘ ਦੀਸ਼ਾ, ਬਲਜੀਤ ਸਿੰਘ, ਪਰਮਜੀਤ ਸਿੰਘ ਸੈਣੀ, ਨਿਰਮਲ ਸਿੰਘ ਨਿੰਮਾ, ਭੀਮ ਕੁਮਾਰ, ਸੋਨੀ ਸਿੰਘ, ਅਮਰਦੀਪ ਸਿੰਘ, ਰਾਜਵਿੰਦਰ ਸਿੰਘ ਰਾਜਾ, ਕੁਲਦੀਪ ਸਿੰਘ ਬਿੱਟੂ, ਪੱਪੂ ਯਾਦਵ, ਅੰਮ੍ਰਿਤਪਾਲ ਸਿੰਘ, ਸਤਨਾਮ ਸਿੰਘ, ਸੰਤੋਸ਼ ਯਾਦਵ, ਜਸਵਿੰਦਰ ਸਿੰਘ ਮਠਾੜੂ ਆਦਿ ਹਾਜ਼ਰ ਸਨ।

# ਨਾਰਦਨ ਜ਼ੋਨ ਇੰਸ਼ੋਰੈਂਸ ਇੰਪਲਾਈਜ਼ ਐਸੋਸੀਏਸ਼ਨ ਦੀ ਜਨਰਲ ਬਾਡੀ ਮੀਟਿੰਗ



**ਮੁਕਤਸਰ (ਸ਼ਮਿੰਦਰਪਾਲ /ਪੂਜਾ)**-ਸ੍ਰੀ ਮੁਕਤਸਰ ਸਾਹਿਬ ਦੇ ਰੇਲਵੇ ਰੋਡ ਸਥਿਤ ਐਲ ਆਈ ਸੀ ਦਫਤਰ ਵਿਖੇ ਮੰਗਲਵਾਰ ਨੂੰ ਨਾਰਦਨ ਜ਼ੋਨ ਇੰਸ਼ੋਰੈਂਸ ਇੰਪਲਾਈਜ਼ ਐਸੋਸੀਏਸ਼ਨ ਦੀ ਜਨਰਲ ਬਾਡੀ ਮੀਟਿੰਗ ਹੋਈ। ਜਿਸ 'ਚ ਜਲੰਧਰ ਤੋਂ ਡਵੀਜ਼ਨਲ ਪ੍ਰਧਾਨ ਕਾਮਰੇਡ ਵੇਦ ਕੁਮਾਰ ਤੇ ਡਵੀਜ਼ਨਲ ਜਵਾਇੰਟ ਸੈਕਟਰੀ ਕਾਮਰੇਡ ਅਸ਼ੋਕ ਭਗਤ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਦੌਰਾਨ ਉਨ੍ਹਾਂ ਸਟਾਫ ਮੈਂਬਰਾਂ ਨਾਲ ਵੱਖ-ਵੱਖ ਮੁੱਦਿਆਂ 'ਤੇ ਚਰਚਾ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਡਵੀਜ਼ਨਲ ਪ੍ਰਧਾਨ ਵੇਦ ਕੁਮਾਰ ਨੇ ਦੱਸਿਆ ਕਿ ਕਲੇਮ ਸੈਟਲਮੈਂਟ ਮਾਮਲੇ 'ਚ ਐਲ ਆਈ ਸੀ ਵਰਲਡ 'ਚ ਪਹਿਲੇ ਸਥਾਨ 'ਤੇ ਹੈ। ਉਹ ਸਰਕਾਰ ਤੋਂ ਮੰਗ ਕਰਦੇ ਨੇ ਕਿ ਲੋਕ ਜਿਹੜੀਆਂ ਪ੍ਰੀਮੀਅਮ ਕਿਸ਼ਤਾਂ ਭਰਦੇ ਹਨ, ਉਸ ਤੇ ਜੀ ਐਸ ਟੀ ਖਤਮ ਕੀਤਾ ਜਾਵੇ, ਕਿਉਂਕਿ ਸਰਕਾਰ 18 ਪ੍ਰਤੀਸ਼ਤ ਜੀ ਐਸ ਟੀ ਲੈ ਰਹੀ ਹੈ। ਜਦਕਿ ਪਾਲਿਸੀ ਹੋਲਡਰ ਜਦੋਂ ਸੋਸ਼ਲ ਸਕਿਉਰਟੀ ਪ੍ਰਚੇਜ਼ ਕਰਦੇ ਹਨ ਤਾਂ ਫਿਰ ਜੀ ਐਸ ਟੀ ਕਿਸ ਗੱਲ ਦਾ। ਐਲ ਆਈ ਸੀ 'ਚ ਜੀ ਐਸ ਟੀ ਦਰ ਖਤਮ ਕੀਤੀ ਜਾਵੇ ਤਾਂ ਜੋ ਲੋਕ ਸੋਸ਼ਲ ਸਕਿਉਰਟੀ ਪ੍ਰਚੇਜ਼ ਕਰ ਸਕਣ। ਉਨ੍ਹਾਂ ਕਿਹਾ ਕਿ ਐਲ ਆਈ ਸੀ ਵਿੱਚ ਨਵੀਂ ਭਰਤੀ ਦੀ ਵੀ ਬਹੁਤ ਲੋੜ ਹੈ। ਸਰਕਾਰ ਨੂੰ ਚਾਹੀਦਾ ਕਿ ਨਵੀਂ ਭਰਤੀ ਕਰੇ ਤਾਂ ਜੋ ਨੌਜਵਾਨਾਂ ਨੂੰ ਰੁਜ਼ਗਾਰ ਮਿਲ ਸਕੇ। ਉਨ੍ਹਾਂ ਕਿਹਾ ਕਿ ਪੰਜਾਬ ਦਾ ਨੌਜਵਾਨ ਨਸ਼ਿਆਂ ਵੱਲ ਜਾ ਰਿਹਾ ਹੈ ਇਸ ਦਾ ਕਾਰਨ ਬੇਰੁਜ਼ਗਾਰੀ ਹੈ। ਜੇਕਰ ਨੌਜਵਾਨਾਂ ਕੋਲ ਰੁਜ਼ਗਾਰ ਹੋਵੇਗਾ ਤਾਂ ਉਨ੍ਹਾਂ ਦਾ ਭਵਿੱਖ ਸੁਨਹਿਰਾ ਹੋਵੇਗਾ। ਮੀਟਿੰਗ ਦੌਰਾਨ ਨਿੱਜੀਕਰਨ ਦਾ ਵਿਰੋਧ ਵੀ ਕੀਤਾ ਗਿਆ। ਇਸ ਮੌਕੇ ਸ਼ਾਖਾ ਪ੍ਰਧਾਨ ਵੀਨਾ ਬਾਂਸਲ, ਸੈਕਟਰੀ ਆਕਾਸ਼ ਗੁਪਤਾ, ਪ੍ਰਿਅੰਕਾ, ਗੀਤਿਕਾ, ਸੋਨੀਆ, ਸ਼ੈਫਾਲੀ, ਪ੍ਰੋਮਿਲਾ ਗਿਰਧਰ, ਪੂਨਮ, ਰਾਜਨ ਲੂਣਾ, ਰਾਜੇਸ਼ ਗਿਰਧਰ, ਸੁਨੀਲ, ਬੋਗਰ ਸਿੰਘ, ਰਜਿੰਦਰ, ਸਿਮਰ ਸਮੇਤ ਸਮੂਹ ਸਟਾਫ ਮੌਜੂਦ ਸਨ।

# 2 ਲੱਖ ਰੁਪਏ ਰਿਸ਼ਵਤ ਲੈਂਦਾ ਐੱਸ ਡੀ ਓ ਕਾਬੂ

**ਫਤਹਿਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)** -ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਤਹਿਤ ਅੱਜ ਬੀ.ਡੀ.ਪੀ.ਓ. ਦਫ਼ਤਰ ਫ਼ਤਹਿਗੜ੍ਹ ਸਾਹਿਬ ਵਿਖੇ ਤਾਇਨਾਤ ਐਸ.ਡੀ.ਓ. ਪੰਚਾਇਤੀ ਰਾਜ ਅਮਰਜੀਤ ਕੁਮਾਰ ਨੂੰ ਫੰਡਾਂ ਦੀ ਵਰਤੋਂ ਸੰਬੰਧੀ ਸਰਟੀਫਿਕੇਟ (ਯੂ.ਸੀ.) ਜਾਰੀ ਕਰਨ ਬਦਲੇ 2 ਲੱਖ ਰੁਪਏ ਰਿਸ਼ਵਤ ਲੈਣ ਦੇ ਦੋਸ਼ ਹੇਠ ਕਾਬੂ ਕੀਤਾ ਹੈ। ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਤਹਿਸੀਲ ਰਾਜਪੁਰਾ ਦੇ ਪਿੰਡ ਬਸੰਤਪੁਰਾ ਦੇ ਵਾਸੀ ਗੁਰਮੀਤ ਸਿੰਘ ਦੀ ਸ਼ਿਕਾਇਤ 'ਤੇ ਉਕਤ ਐਸ.ਡੀ.ਓ. ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਥਾਣਾ ਵਿਜੀਲੈਂਸ ਬਿਊਰੋ, ਪਟਿਆਲਾ ਰੇਂਜ ਵਿਖੇ ਸ਼ਿਕਾਇਤ ਦਰਜ ਕਰਵਾਈ ਕਿ ਉਕਤ ਐਸ.ਡੀ.ਓ. ਨੇ ਉਸ ਦੇ ਪਿੰਡ ਵਿੱਚ ਕਰਵਾਏ ਗਏ ਵਿਕਾਸ ਕਾਰਜਾਂ ਬਾਰੇ ਫੰਡਾਂ ਦੀ ਵਰਤੋਂ ਸੰਬੰਧੀ ਸਰਟੀਫਿਕੇਟ ਜਾਰੀ ਕਰਨ ਬਦਲੇ 5 ਲੱਖ ਰੁਪਏ ਰਿਸ਼ਵਤ ਮੰਗੀ ਸੀ। ਬੁਲਾਰੇ ਨੇ ਦੱਸਿਆ ਕਿ ਮੁਢਲੀ ਜਾਂਚ ਉਪਰੰਤ ਵਿਜੀਲੈਂਸ ਬਿਊਰੋ ਦੀ ਟੀਮ ਨੇ ਟਰੈਪ ਲਗਾ ਕੇ ਉਕਤ ਐਸ.ਡੀ.ਓ. ਨੂੰ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ ਰਿਸ਼ਵਤ ਦੀ ਪਹਿਲੀ ਕਿਸ਼ਤ ਵਜੋਂ 2 ਲੱਖ ਰੁਪਏ ਲੈਂਦਿਆਂ ਮੌਕੇ ਉੱਤੇ ਕਾਬੂ ਕਰ ਲਿਆ। ਇਸ ਸਬੰਧੀ ਐਸ.ਡੀ.ਓ. ਅਮਰਜੀਤ ਕੁਮਾਰ ਖਿਲਾਫ਼ ਥਾਣਾ ਵਿਜੀਲੈਂਸ ਬਿਊਰੋ, ਪਟਿਆਲਾ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਦਿੱਤੀ ਗਈ ਹੈ।

# ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਪੰਜਾਬ ਦੇ ਲੋਕ ਬਾਗੋਬਾਗ : ਆਗੂ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਲੋਕਾਂ ਨੂੰ ਸਾਫ਼ ਸੁਥਰਾ ਤੇ ਭ੍ਰਿਸ਼ਟਾਚਾਰ ਰਹਿਤ ਪ੍ਰਸ਼ਾਸਨ ਮਿਲ ਰਿਹਾ ਹੈ, ਜਿਸ ਤੋਂ ਪੰਜਾਬ ਦੇ ਲੋਕ ਬਾਗੋਬਾਗ ਨਜ਼ਰ ਆ ਰਹੇ ਹਨ। ਉਕਤ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਪ੍ਰਧਾਨ ਰਵੀ ਮੌੜ, ਕੁਲਜੀਤ ਸਿੰਘ ਲੱਖਾ ਚੰਨੂੰਵਾਲਾ, ਸਰਬਣ ਸਿੰਘ ਮਾੜੀ ਮੁਸਤਫ਼ਾ, ਡਾ. ਬਲਤੇਜ ਸਿੰਘ, ਬਿੱਲਾ ਡੈਮਰੂ ਨੇ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਸੱਤਾ ਵਿੱਚ ਆਉਣ ਤੋਂ ਬਾਅਦ ਪੰਜਾਬ ਦੇ ਲੋਕਾਂ ਦੇ ਬਿਜਲੀ ਦੇ ਬਿੱਲ ਜ਼ੀਰੋ ਆ ਰਹੇ ਹਨ, ਜਿਸ ਨਾਲ ਆਮ ਲੋਕਾਂ ਦੀਆਂ ਜੇਬਾਂ ਤੋਂ ਵੱਡਾ ਬੋਝ ਹਲਕਾ ਹੋਇਆ ਹੋਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਕਹਿਣੀ ਤੇ ਕਥਨੀ ਦੇ ਪੱਕੇ ਹਨ ਅਤੇ ਉਨ੍ਹਾਂ ਵੱਲੋਂ ਆਪਣੇ ਸਾਰੇ ਵਾਅਦੇ ਇੱਕ ਇੱਕ ਕਰਕੇ ਪੂਰੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਮਹਿਜ ਥੋੜ੍ਹਾ ਸਮਾਂ ਹੋਇਆ ਹੈ ਅਤੇ ਇਸ ਤੋਂ ਘੱਟ ਸਮੇਂ ਅੰਦਰ ਹੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਅਨੇਕਾਂ ਵਾਅਦੇ ਪੂਰੇ ਕੀਤੇ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਹਲਕਾ ਬਾਘਾ ਪੁਰਾਣਾ ਦੇ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਦੀ ਰਹਿਨਮਾਈ ਹੇਠ ਵੀ ਵਿਕਾਸ ਕਾਰਜਾਂ ਦੇ ਕੰਮ ਚੱਲ ਰਹੇ ਹਨ। ਇਸ ਮੌਕੇ ਪ੍ਰਧਾਨ ਰਵੀ ਮੌੜ, ਕੁਲਜੀਤ ਸਿੰਘ ਲੱਖਾ ਚੰਨੂੰਵਾਲਾ, ਸਰਬਣ ਸਿੰਘ ਮਾੜੀ ਮੁਸਤਫ਼ਾ ਨੇ ਇਹ ਵੀ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਜੋ ਚੋਣਾਂ ਵਿੱਚ ਪੰਜਾਬ ਦੇ ਲੋਕਾਂ ਨਾਲ ਵਾਅਦੇ ਕੀਤੇ ਸਨ, ਉਸ ਨੂੰ ਇੱਕ-ਇੱਕ ਕਰਕੇ ਪੂਰਾ ਕੀਤਾ ਜਾ ਰਿਹਾ ਹੈ। ਇਸ ਦੇ ਚੱਲਦੇ ਮੋਗਾ ਦੇ ਕੋਟਕਪੂਰਾ ਰੋਡ 'ਤੇ ਚੰਦ ਪੁਰਾਣਾ ਟੋਲ ਪਲਾਜਾ ਨੂੰ 5 ਜੁਲਾਈ ਨੂੰ ਬੰਦ ਕਰਵਾਉਣਗੇ। ਉਨ੍ਹਾ ਕਿਹਾ ਕਿ ਚੰਦ ਪੁਰਾਣਾ ਟੋਲ ਪਲਾਜਾ ਦੀ ਮਿਆਦ ਖਤਮ ਹੋ ਚੁੱਕੀ ਹੈ। ਮੁੱਖ ਮੰਤਰੀ ਦੇ ਧਿਆਨ ਵਿੱਚ ਮਾਮਲਾ ਆਉਣ ਉਪਰੰਤ ਉਨ੍ਹਾਂ ਵੱਲੋਂ ਕਾਰਵਾਈ ਕਰਦੇ ਹੋਏ ਇਸ ਟੋਲ ਪਲਾਜਾ ਨੂੰ ਬੰਦ ਕਰਵਾਉਣ ਦਾ ਫੈਸਲਾ ਲਿਆ ਹੈ। ਟੋਲ ਪਲਾਜਾ ਬੰਦ ਹੋਣ ਨਾਲ ਹੁਣ ਲੋਕਾਂ ਨੂੰ ਕਾਫੀ ਰਾਹਤ ਮਿਲੇਗੀ। ਇਸ ਮੌਕੇ ਹੋਰ ਪਾਰਟੀ ਆਗੂ ਤੇ ਵਰਕਰ ਹਾਜ਼ਰ ਸਨ।

# ਸੋਨਾ ਦੁੱਗਣਾ ਕਰਨ ਵਾਲੇ ਗਰੋਹ ਦਾ ਪਰਦਾ ਫਾਸ਼



**ਜਗਰਾਉਂ (ਅਮਿਤ ਖੰਨਾ)** ਸੀ.ਆਈ.ਏ ਸਟਾਫ ਪੁਲਸ ਨੇ ਸੋਨਾ ਦੁੱਗਣਾ ਕਰਨ ਦਾ ਲਾਲਚ ਦੇ ਕੇ ਧੋਖਾਧੜੀ ਕਰਨ ਵਾਲੇ ਗਰੋਹ ਵਿੱਚ ਸ਼ਾਮਲ 1 ਔਰਤ ਅਤੇ ਉਸ ਦੇ ਦੋ ਸਾਥੀਆਂ ਨੂੰ ਗ੍ਰਿਫਤਾਰ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ। ਜਾਣਕਾਰੀ ਸਾਂਝੀ ਕਰਦਿਆਂ ਡੀ.ਐਸ.ਪੀ ਦਲਬੀਰ ਸਿੰਘ ਨੇ ਦੱਸਿਆ ਕਿ ਗੁਰਨਾਮ ਸਿੰਘ ਵਾਸੀ ਕੱਚਾ ਕਿਲਾ ਵੱਲੋਂ 18 ਦਸੰਬਰ 2022 ਨੂੰ ਥਾਣਾ ਸਿਟੀ ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਦੱਸਿਆ ਸੀ ਕਿ ਕੁਝ ਅਣਪਛਾਤੇ ਵਿਅਕਤੀਆਂ ਨੇ ਉਸ ਨੂੰ ਅਤੇ ਉਸ ਦੀ ਘਰਵਾਲੀ ਨੂੰ ਮਹਾਪੁਰਸ਼ ਬਣ ਸੋਨਾ ਦੁੱਗਣਾ ਕਰਨ ਦੇ ਝਾਂਸੇ ਵਿੱਚ ਲੈ ਕੇ ਉਹਨਾਂ ਨਾਲ 28 ਤੋਲੇ ਸੋਨੇ ਦੀ ਠੱਗੀ ਮਾਰੀ ਹੈ। ਡੀ.ਐਸ.ਪੀ ਦਲਬੀਰ ਸਿੰਘ ਨੇ ਦੱਸਿਆ ਕਿ ਇਸ ਮਾਮਲੇ ਵਿਚ ਸੀ.ਆਈ.ਏ ਸਟਾਫ ਪੁਲਸ ਦੇ ਇੰਸਪੈਕਟਰ ਹੀਰਾ ਸਿੰਘ ਨੇ ਜਾਂਚ ਕਰਦਿਆਂ ਇਸ ਧੋਖਾਧੜੀ ਦੇ ਮਾਮਲੇ ਨੂੰ ਸੁਲਝਾਉਂਦਿਆਂ ਧੋਖਾਧੜੀ ਦੇ ਇਸ ਮਾਮਲੇ ਵਿੱਚ ਸ਼ਾਮਲ ਦੋਸ਼ੀਆਂ ਵਿਚੋਂ 3 ਨੂੰ ਗ੍ਰਿਫਤਾਰ ਕਰ ਲਿਆ ਹੈ ਜਿਨ੍ਹਾਂ ਵਿਚੋਂ 1 ਔਰਤ ਜਿਸ ਦਾ ਨਾਮ ਪਰਮਜੀਤ ਕੌਰ ਪਤਨੀ ਮਨਜਿੰਦਰ ਸਿੰਘ ਵਾਸੀ ਮੁਹੱਲਾ ਰਾਮਪੁਰ ਨੇੜੇ ਸ਼ੇਰਪੁਰ ਫਾਟਕ ਦਾਣਾ ਮੰਡੀ ਜਗਰਾਉਂ, ਅਸ਼ੋਕ ਕੁਮਾਰ ਪੁੱਤਰ ਜੰਗ ਸਿੰਘ ਸਲੇਮਪੁਰ ਥਾਣਾ ਸਿੱਧਵਾਂ ਬੇਟ ਅਤੇ ਇਨ੍ਹਾਂ ਦੇ ਇਕ ਹੋਰ ਸਾਥੀ ਨੂੰ ਗ੍ਰਿਫਤਾਰ ਕਰ ਲਿਆ ਹੈ। ਉਹਨਾਂ ਦੱਸਿਆ ਕਿ ਫੜੀ ਗਈ ਔਰਤ ਪਰਮਜੀਤ ਕੌਰ ਉਪਰ ਪਹਿਲਾਂ ਵੀ ਧੋਖਾਧੜੀ ਕਰਨ ਦੀਆਂ ਧਾਰਾਵਾਂ ਦੇ ਅਧੀਨ ਇਕ ਮੁਕੱਦਮਾ ਦਰਜ ਹੈ ਅਤੇ ਪੁਲਸ ਨੇ ਇਨ੍ਹਾਂ ਪਾਸੋਂ 2 ਜੌੜੇ ਸੋਨੇ ਦੀਆਂ ਬਾਲੀਆਂ ਬਰਾਮਦ ਕੀਤੀਆਂ ਹਨ।

ਡੀ.ਐੱਸ.ਪੀ ਦਲਬੀਰ ਸਿੰਘ ਨੇ ਦੱਸਿਆ ਕੀ ਦੋਸ਼ੀਆਂ ਨੇ ਆਪਣਾ ਜੁਰਮ ਕਬੂਲ ਕਰ ਲਿਆ ਹੈ ਕਿ ਉਹਨਾਂ ਨੇ ਗੁਰਨਾਮ ਸਿੰਘ ਅਤੇ ਉਸ ਦੀ ਪਤਨੀ ਨੂੰ ਆਪਣੀਆਂ ਗੱਲਾਂ ਵਿੱਚ ਫਸਾ ਕੇ ਉਨ੍ਹਾਂ ਨਾਲ 28 ਤੋਲੇ ਸੋਨੇ ਦੀ ਧੋਖਾਧੜੀ ਕੀਤੀ ਸੀ ਅਤੇ ਸੋਨਾ ਉਹਨਾਂ ਨੇ ਜਗਰਾਉਂ ਦੇ ਹੀ ਕਿਸੇ ਸੁਨਿਆਰੇ ਨੂੰ ਵੇਚਿਆ ਹੈ ਜਿਸ ਦੀ ਜਾਂਚ ਚੱਲ ਰਹੀ ਹੈ ਤੇ ਜਲਦ ਹੀ ਚੋਰੀ ਦਾ ਸੋਨਾ ਖਰੀਦਣ ਵਾਲਾ ਸੁਨਿਆਰਾ ਵੀ ਪੁਲਸ ਵੱਲੋਂ ਕਾਬੂ ਕਰ ਲਿਆ ਜਾਵੇਗਾ

# ਸਿਵਲ ਹਸਪਤਾਲ 'ਚ ਨੈਸ਼ਨਲ ਵੈਕਟਰ ਬੋਰਨ ਡਿਜ਼ੀਜ਼ ਕੰਟਰੋਲ ਪ੍ਰੋਗਰਾਮ ਸੰਬੰਧੀ ਵਰਕਸ਼ਾਪ



**ਨਾਭਾ (ਵਰਿੰਦਰ ਵਰਮਾ)**-ਸਿਵਲ ਸਰਜਨ ਪਟਿਆਲਾ ਡਾ. ਰਮਿੰਦਰ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਸਿਵਲ ਹਸਪਤਾਲ ਨਾਭਾ ਦੇ ਸੀਨੀਅਰ ਮੈਡੀਕਲ ਅਫਸਰ ਡਾ. ਸੰਜੇ ਗੋਇਲ ਦੀ ਰਹਿਨੁਮਾਈ ਹੇਠ ਸਿਵਲ ਹਸਪਤਾਲ ਨਾਭਾ ਵਿਖੇ ਨੈਸ਼ਨਲ ਵੈਕਟਰ ਬੋਰਡ ਡਿਜ਼ੀਜ਼ ਕੰਟਰੋਲ ਪ੍ਰੋਗਰਾਮ ਸੰਬੰਧੀ ਸੈਂਸੇਟਾਈਜੇਸ਼ਨ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਡਾ. ਅਨੁਮੇਹਾ ਭੱਲਾ, ਮੈਡੀਕਲ ਸਪੈਸ਼ਲਿਸਟ ਇਕੱਤਰ ਆਸ਼ਾ ਵਰਕਰਜ਼ ਅਤੇ ਏ ਐਨ ਐਮਜ਼ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜਕਲ੍ਹ ਬਰਸਾਤ ਦਾ ਮੌਸਮ ਚੱਲ ਰਿਹਾ ਹੈ, ਜਿਸ ਵਿੱਚ ਡੇਂਗੂ ਅਤੇ ਮਲੇਰੀਆ ਹਰ ਸਾਲ ਸਾਡੇ ਸਮਾਜ ਨੂੰ ਬਹੁਤ ਪ੍ਰਭਾਵਿਤ ਕਰਦੇ ਹਨ। ਉਨ੍ਹਾ ਕਿਹਾ ਕਿ ਮਲੇਰੀਆ ਦਾ ਮੱਛਰ ਰਾਤ ਵੇਲੇ ਕੱਟਦਾ ਹੈ ਅਤੇ ਡੇਂਗੂ ਦਾ ਮੱਛਰ ਦਿਨ ਵੇਲੇ ਕੱਟਦਾ ਹੈ। ਮੱਛਰ ਕਿਸੇ ਡੇਂਗੂ ਜਾਂ ਮਲੇਰੀਆ ਤੋਂ ਪ੍ਰਭਾਵਿਤ ਵਿਅਕਤੀ ਨੂੰ ਕੱਟਣ ਤੋਂ ਬਾਅਦ ਕਿਸੇ ਤੰਦਰੁਸਤ ਵਿਅਕਤੀ ਨੂੰ ਕੱਟਦਾ ਹੈ ਤਾਂ ਉਸ ਨੂੰ ਵੀ ਉਪਰੋਕਤ ਬਿਮਾਰੀਆਂ ਆਪਣੀ ਲਪੇਟ 'ਚ ਲੈ ਸਕਦੀਆਂ ਹਨ। ਮਲੇਰੀਆ ਬੁਖਾਰ ਦੇ ਲੱਛਣਾਂ 'ਚ ਠੰਢ ਅਤੇ ਕਾਂਬੇ ਨਾਲ ਬੁਖਾਰ, ਸਿਰਦਰਦ ਹੋਣਾ, ਪਸੀਨਾ ਆਉਣ ਤੋਂ ਬਾਅਦ ਬੁਖਾਰ ਦਾ ਉਤਰ ਜਾਣਾ ਅਤੇ ਕਮਜ਼ੋਰੀ ਮਹਿਸੂਸ ਕਰਨਾ, ਜਦੋਂ ਕਿ ਡੇਂਗੂ ਬੁਖਾਰ 'ਚ ਸਿਰਦਰਦ, ਤੇਜ਼ ਬੁਖਾਰ, ਮਾਸਪੇਸ਼ੀਆਂ 'ਚ ਦਰਦ, ਚਮੜੀ 'ਤੇ ਦਾਣੇ, ਅੱਖਾਂ ਦੇ ਪਿਛਲੇ ਹਿੱਸੇ 'ਚ ਦਰਦ, ਮਸੂੜਿਆਂ ਅਤੇ ਨੱਕ ਚੋਂ ਖੂਨ ਦਾ ਵਗਣਾ ਆਦਿ ਲੱਛਣ ਸ਼ਾਮਲ ਹਨ। ਨੇੜੇ ਦੇ ਸਰਕਾਰੀ ਸਿਹਤ ਕੇਂਦਰ 'ਚ ਟੈਸਟ ਅਤੇ ਇਲਾਜ ਕਰਵਾਉਣਾ ਚਾਹੀਦਾ ਹੈ ਜੋ ਕਿ ਸਰਕਾਰ ਵੱਲੋਂ ਬਿਲਕੁੱਲ ਮੁਫਤ ਕੀਤਾ ਜਾਂਦਾ ਹੈ। ਸਿਹਤ ਸੁਪਰਵਾਈਜ਼ਰ ਸਤਪਾਲ ਸਿੰਘ ਨੇ ਡੇਂਗੂ ਅਤੇ ਮਲੇਰੀਆਂ ਤੋਂ ਬਚਾਓ ਦੇ ਤਰੀਕਿਆਂ ਬਾਰੇ ਦੱਸਦਿਆ ਕਿਹਾ ਕਿ ਕੂਲਰਾਂ, ਗਮਲਿਆਂ ਅਤੇ ਫਰਿਜਾਂ ਦੀਆਂ ਟ੍ਰੇਆਂ ਵਿੱਚ ਖੜ੍ਹੇ ਪਾਣੀ ਨੂੰ ਹਫਤੇ ਵਿੱਚ ਇੱਕ ਵਾਰ ਜ਼ਰੂਰ ਸਾਫ ਕਰੋ ਅਤੇ ਸੁਕਾਓ, ਕੱਪੜੇ ਅਜਿਹੇ ਪੈਹਨੋ ਜਿਸ ਨਾਲ ਸਰੀਰ ਢਕਿਆ ਰਹੇ ਤਾਂ ਕਿ ਮੱਛਰ ਨਾ ਕੱਟ ਸਕੇ, ਸੌਣ ਵੇਲੇ ਮੱਛਰਦਾਨੀ, ਮੱਛਰ ਭਜਾਉਣ ਵਾਲੀਆਂ ਕਰੀਮਾਂ, ਤੇਲ ਆਦਿ ਦਾ ਇਸਤੇਮਾਲ ਕਰੋ, ਛੱਤਾਂ 'ਤੇ ਰੱਖੀਆਂ ਪਾਣੀ ਦੀਆਂ ਟੈਂਕੀਆਂ ਦੇ ਢੱਕਣਾਂ ਨੂੰ ਚੰਗੀ ਤਰ੍ਹਾਂ ਬੰਦ ਕਰੋ, ਟੁੱਟੇ ਬਰਤਨਾਂ, ਡਰੰਮਾਂ ਅਤੇ ਟਾਇਰਾਂ ਆਦਿ ਨੂੰ ਖੁੱਲ੍ਹੇ ਵਿੱਚ ਨਾ ਰੱਖੋ, ਪਾਣੀ ਜਾਂ ਤਰਲ ਚੀਜ਼ਾਂ ਜ਼ਿਆਦਾ ਪੀਓ ਅਤੇ ਅਰਾਮ ਕਰੋ। ਇਸ ਸਮੇਂ ਹੋਰਨਾਂ ਤੋਂ ਇਲਾਵਾ ਰਾਣੀ ਐਲ ਐਚ ਵੀ, ਸਮੂਹ ਏ.ਐਨ.ਐਮਜ਼ ਅਤੇ ਆਸ਼ਾ ਵਰਕਰਜ਼ ਹਾਜ਼ਰ ਸਨ।


## ਉੱਤਰ ਰੇਲਵੇ

G20 | ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

### ਈ-ਟੈਂਡਰ ਸੂਚਨਾ

ਸੀਨੀਅਰ ਡਵੀਜਨ ਸਾਕੇਤ ਅਤੇ ਦੂਰਸੰਚਾਰ ਇੰਜੀਨੀਅਰ, ਉੱਤਰ ਰੇਲਵੇ, ਫਿਰੋਜ਼ਪੁਰ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਟੈਂਡਰ ਨੰ: 433-ਸਿਗ/ਟੀ-12/23-24 ਈ-ਟੈਂਡਰਿੰਗ ਦੁਆਰਾ ਤੋਂ ਮਿਤੀ 14-07-2023 ਨੂੰ 15.00 ਵਜੇ ਤਕ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ । ਟੈਂਡਰਕਰਤਾ ਅਪਣੀ ਟੈਂਡਰਾਂ ਅਸਲੀ/ਸੰਸ਼ੋਧਿਤ ਨਿਸ਼ਚਿਤ ਕੀਤੇ ਗਏ ਸਮੇਂ ਅਤੇ ਮਿਤੀ ਤਕ ਜ਼ਰੂਰ ਜਮਾਂ ਕਰਵਾਏ । ਇਸ ਟੈਂਡਰ ਦੇ ਤਹਿਤ ਮੈਨੂਅਲ ਟੈਂਡਰ ਵਰਜਿਤ ਹੈ ਅਤੇ ਜੇਕਰ ਕੋਈ ਮੈਨੂਅਲ ਟੈਂਡਰ ਪ੍ਰਾਪਤ ਹੋਵੇਗੀ ਤਾਂ ਉਹ ਮਾਨਯ ਨਹੀਂ ਹੋਵੇਗੀ । ਠੇਕੇਦਾਰ ਦੁਵਾਰਾ ਟੈਂਡਰ ਡਾਕਯੂਮੈਂਟ ਦੀ ਕੀਮਤ ਅਤੇ ਬਿਆਨਾ ਰਾਸ਼ੀ ਜੋਕਿ ਇਸ ਟੈਂਡਰ ਦੇ ਲਈ ਮਾਨਯ ਹੈ ਉਹ ਕੇਵਲ ਆਈਆਰਈਪੀਐਸ ਪੋਰਟਲ ਜਿਸ ਤਰ੍ਹਾਂ ਕਿ ਨੇਟ ਬੈਂਕਿੰਗ, ਡੇਬਿਟ ਕਾਰਡ, ਕ੍ਰੇਡਿਟ ਆਦਿ ਦੁਵਾਰਾ ਹੀ ਸਵੀਕਾਰ ਕੀਤੀ ਜਾਵੇਗੀ ਇਸਦੇ ਅਤਿਰਿਕਤ ਡਿਮਾਂਡ ਡਰਾਫਟ, ਬੈਂਕਰ ਚੈਂਕ, ਡਿਪੋਜਿਟ ਰਸੀਦ, ਐਫਡੀਆਰ ਆਦਿ ਦੇ ਦੁਵਾਰਾ ਜਮਾਂ ਕਰਵਾਈ ਗਈ ਰਾਸ਼ੀ ਮਾਨਯ ਹੋਵੇਗੀ ।

| | | | |
|---|---|---|---|
| ਕੰਮ ਦਾ ਨਾਮ | 1) ਫਿਰੋਜ਼ਪੁਰ ਡਵੀਜਨ ਦੇ ਅੰਤਰਗਤ ਕਸ਼ਮੀਰ ਘਾਟੀ ਵਿਚ ਅਭਿਯੁਕਤਾ ਨੂੰ ਰੱਖਣਾ ਅਤੇ ਪੁਛਤਾਛ ਦੇ ਉਦੇਸ਼ਯ ਤੋਂ ਪ੍ਰਦਾਨ ਕੀਤੀ ਗਈ ਜਗ੍ਹਾਂ ਉਤੇ ਕਵਰੇਜ ਵਾਲ 16 ਆਰਪੀਐਫ / ਚੋਕੀਆਂ ਉਤੇ ਸੀਸੀਟੀਵੀ ਨਿਗਰਾਨੀ ਪ੍ਰਣਾਲੀ ਦਾ ਪ੍ਰਾਵਧਾਨ । 2) ਫਿਰੋਜ਼ਪੁਰ ਡਵੀਜਨ ਦੇ 8 ਸਟੇਸ਼ਨਾਂ ਉਤੇ ਸਿਗਨਲਿੰਗ ਗਿਯਰ ਦੇ ਪ੍ਰਤੀਸਥਾਪਨ ਦੇ ਸਬੰਧ ਵਿਚ 6 - ਕਵਾਡ ਕੇਬਲ ਦਾ ਪ੍ਰਾਵਧਾਨ | | |
| ਟਾਇਪ ਆਫ ਟੈਂਡਰ | ਖੁਲੀ, ਈ-ਟੈਂਡਰਿੰਗ | ਟੈਂਡਰ ਪਾਉਣ ਦਾ ਸਿਸਟਮ | ਸਿੰਗਲ ਪੈਕੇਟ ਸਿਸਟਮ |
| ਟੈਂਡਰ ਬੰਦ ਕਰਨ ਦੀ ਮਿਤੀ ਅਤੇ ਸਮਾਂ | 1)14/07/2023 15:00<br>2)17/07/2023 15:00 | ਟੈਂਡਰ ਦੀ ਅਪਲੋਡ ਕਰਨ ਦੀ ਮਿਤੀ ਅਤੇ ਸਮਾਂ | 1)22/06/2023 17:49<br>1)23/06/2023 14:43 |
| ਟੈਂਡਰ ਪ੍ਰੀ ਬਿਡ ਚਾਹੀਦੀ | ਨਹੀਂ | ਟੈਂਡਰ ਪ੍ਰੀ ਬਿਡ ਦੇ ਬਾਰੇ ਵਿਚ ਜਾਣਕਾਰੀ ਦੀ ਮਿਤੀ ਅਤੇ ਸਮਾਂ | ਮਾਨਯ ਨਹੀਂ ਹੈ |
| ਅਨੁਮਾਨਿਤ ਕੀਮਤ | 1) ਰੁ: 39204933/13<br>2) ਰੁ: 23790663/66 | ਟੈਂਡਰਿੰਗ ਸੈਕਸ਼ਨ | ਟੇਲੀਕਾਮ |
| ਟੈਂਡਰ ਪਾਉਣ ਦਾ ਤਰੀਕਾ | ਟੈਂਡਰ ਦੇ ਲਈ ਏਕਲ ਰੇਟ | ਬਿਡਿੰਗ ਯੂਨਿਟ | ਉਪਰ/ਹੇਠਾ/ਪਾਰ |
| ਬਿਆਨਾ ਰਾਸ਼ੀ | 1) ਰੁ: 346000/-<br>2) ਰੁ: 269000/- | ਟੈਂਡਰ ਦੀ ਵੈਧਤਾ ਅਤੇ ਦਿਨ | 60 ਦਿਨ |
| ਟੈਂਡਰ ਡਾਕਯੂਮੈਂਟ ਦੀ ਕੀਮਤ | ਰੁ: 0/- | ਕੰਮ ਪੂਰਾ ਕਰਨ ਦਾ ਸਮਾਂ | 1) 04 ਮਹੀਨੇ<br>2) 11 ਮਹੀਨੇ |
| ਬਿਡਿੰਗ ਸ਼ੁਰੂ ਦੀ ਮਿਤੀ ਆਈਆਰਈਪੀਐਸ | 1) 30/06/2023<br>2) 03/07/2023 | | |

ਟੈਂਡਰ ਸੂਚਨਾ ਨੰ:- 433-ਸਿਗ/ਟੀ/1/12/23-24 ਬੰਦ ਹੋਣ ਦੀ ਮਿਤੀ/ ਸਮਾਂ:- 14-07-2023 ਨੂੰ 15:00 ਵਜੇ

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 2041/23


# ਮੋਗਾ 'ਚ ਹੁਣ ਆਮ ਆਦਮੀ ਪਾਰਟੀ ਦਾ ਮੇਅਰ ਹੋਊਗਾ : ਡਾ. ਅਰੋੜਾ



**ਮੋਗਾ (ਅਮਰਜੀਤ ਬੱਬਰੀ)**-ਪੰਜਾਬ ਦੇ ਇਤਿਹਾਸ 'ਚ ਪਹਿਲੀ ਵਾਰ ਮੋਗੇ ਸ਼ਹਿਰ ਨੂੰ ਰੂਲਿੰਗ ਪਾਰਟੀ ਦਾ ਮੇਅਰ ਮਿਲਣ ਜਾ ਰਿਹਾ ਹੈ। ਇਹ ਵਿਚਾਰ ਮੋਗਾ ਹਲਕੇ ਤੋਂ ਆਮ ਆਦਮੀ ਪਾਰਟੀ ਦੀ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਅੱਜ ਮੋਗਾ ਦੇ ਨਗਰ ਨਿਗਮ ਹਾਲ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਗਟ ਕੀਤੇ। ਵਿਧਾਇਕ ਡਾ. ਅਰੋੜਾ ਨੇ ਕਿਹਾ ਕਿ ਧੰਨਵਾਦ ਕਰਦੀ ਹਾਂ ਹਲਕਾ ਧਰਮਕੋਟ ਤੋਂ ਮੇਰੇ ਸਾਥੀ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਅਤੇ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਹਰਮਨਜੀਤ ਸਿੰਘ ਬਰਾੜ ਦਾ ਜਿਨ੍ਹਾਂ ਨੇ ਮੇਰੇ ਨਾਲ ਮਿਲ ਕੇ ਇਕ ਟੀਮ ਦੀ ਤਰ੍ਹਾਂ ਕੰਮ ਕੀਤਾ, ਜਿਸ ਦੀ ਮਿਹਨਤ ਸਦਕਾ ਅੱਜ ਸਾਡੇ ਮੋਗਾ 'ਚ 50 ਕੌਂਸਲਰ ਸਹਿਬਾਨਾਂ ਵਿਚੋਂ 41ਕੌਂਸਲਰ ਸਹਿਬਾਨਾਂ ਨੇ ਆਮ ਆਦਮੀ ਪਾਰਟੀ ਦੇ ਹੱਕ ਦੇ 'ਚ ਕਾਂਗਰਸ ਦੀ ਮੇਰ ਨਿਤਿਕਾ ਭੱਲਾ ਨੂੰ ਕੁਰਸੀ ਤੋਂ ਲਾਂਭੇ ਕਰਨ ਲਈ ਹੱਕ ਦਾ ਨਾਅਰਾ ਲਾਇਆ। ਡਾ. ਅਰੋੜਾ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਅਤੇ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਦਾ ਧੰਨਵਾਦ ਕਰਦੀ ਹਾਂ ਜਿਨ੍ਹਾਂ ਤੋਂ ਸਾਨੂੰ ਚੰਗੇ ਕੰਮ ਕਰਨ ਦੀ ਪ੍ਰੇਰਨਾ ਮਿਲਦੀ ਹੈ। ਸਾਰੇ ਕੌਂਸਲਰਾਂ ਸਾਹਿਬਾਨਾਂ ਅਤੇ ਆਮ ਆਦਮੀ ਪਾਰਟੀ ਦੇ ਪਰਵਾਰ ਨੂੰ ਬਹੁਤ ਬਹੁਤ ਵਧਾਈਆਂ।

# ਸਿਹਤ ਵਿਭਾਗ ਵੱਲੋਂ ਵਿਸ਼ਵ ਅਬਾਦੀ ਪੰਦਰਵਾੜੇ ਤਹਿਤ ਜ਼ਿਲ੍ਹਾ ਪੱਧਰੀ ਬੈਠਕ



**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ /ਪੂਜਾ)**-ਸਿਹਤ ਵਿਭਾਗ ਵੱਲੋਂ ਡਾ. ਪ੍ਰਭਜੀਤ ਸਿੰਘ ਸਿਵਲ ਸਰਜਨ ਸ੍ਰੀ ਮੁਕਤਸਰ ਸਾਹਿਬ ਦੀ ਯੋਗ ਅਗਵਾਈ ਹੇਠ ਵਿਸ਼ਵ ਅਬਾਦੀ ਪੰਦਰਵਾੜੇ ਨਾਲ ਸੰਬੰਧਤ ਜ਼ਿਲ੍ਹੇ ਦਾ ਸਾਰੇ ਫੀਲਡ ਸਟਾਫ ਦੀ ਇਕ ਜ਼ਿਲ੍ਹਾ ਪੱਧਰੀ ਬੈਠਕ ਦਫਤਰ ਸਿਵਲ ਸਰਜਨ ਸ੍ਰੀ ਮੁਕਤਸਰ ਸਾਹਿਬ ਵਿਖੇ ਕੀਤੀ ਗਈ, ਜਿਸ ਵਿਚ ਸਮੂਹ ਪ੍ਰੋਗਰਾਮ ਅਫਸਰਾਂ, ਜ਼ਿਲ੍ਹੇ ਦੇ ਸਮੂਹ ਸੀਨੀਅਰ ਮੈਡੀਕਲ ਅਫਸਰਾਂ, ਬੀ ਈ ਈ, ਹੈਲਥ ਸੁਪਰਵਾਈਜ਼ਰ, ਬੀ ਐਸ ਏ ਅਤੇ ਸੂਚਨਾ ਸਹਾਇਕਾਂ ਨੇ ਭਾਗ ਲਿਆ । ਇਸ ਮੌਕੇ ਡਾ. ਪ੍ਰਭਜੀਤ ਸਿੰਘ ਸਿਵਲ ਸਰਜਨ ਵੱਲੋਂ ਸਾਰੇ ਹੀ ਅਧਿਕਾਰੀਆਂ ਅਤੇ ਫੀਲਡ ਸਟਾਫ ਨੂੰ ਆਪਣੇ-ਆਪਣੇ ਏਰੀਏ ਦੇ ਲੋਕਾਂ ਨੂੰ ਫੈਮਲੀ ਪਲੈਨਿੰਗ ਦੇ ਪੱਕੇ ਸਾਧਨਾਂ ਜਿਵੇਂ ਕਿ ਨਲਬੰਦੀ ਅਤੇ ਨਸਬੰਦੀ ਕਰਾਉਣ ਲਈ ਪ੍ਰੇਰਿਤ ਕਰਨ ਲਈ ਕਿਹਾ ਗਿਆ। ਉਨ੍ਹਾ ਕਿਹਾ ਕਿ ਸਿਹਤ ਵਿਭਾਗ ਵੱਲੋਂ 28 ਜੂਨ ਤੋਂ 10 ਜੁਲਾਈ ਤੱਕ ਦੰਪਤੀ ਸੰਪਰਕ ਪੰਦਰਵਾੜਾ ਮਨਾਇਆ ਜਾ ਰਿਹਾ ਹੈ, ਜਿਸ ਤਹਿਤ ਯੋਗ ਜੋੜਿਆਂ ਤੱਕ ਪਹੁੰਚ ਕਰਕੇ ਉਨ੍ਹਾਂ ਨੂੰ ਪਰਵਾਰ ਨਿਯੋਜਨ ਦੇ ਸਾਧਨ ਅਪਣਾਉਣ ਲਈ ਪ੍ਰੇਰਿਤ ਕੀਤਾ ਜਾਵੇਗਾ ਅਤੇ 11 ਜੁਲਾਈ ਤੋਂ 24 ਜੁਲਾਈ ਤੱਕ ਅਬਾਦੀ ਸਥਿਰਤਾ ਪੰਦਰਵਾੜਾ ਮਨਾਇਆ ਜਾਵੇਗਾ ਜਿਸ ਤਹਿਤ ਵਿਸ਼ੇਸ਼ ਕੈਂਪ ਲਗਾ ਕੇ ਲੋਕਾਂ ਨੂੰ ਪਰਵਾਰ ਨਿਯੋਜਨ ਸੇਵਾਵਾਂ ਮੁਹੱਈਆ ਕਰਵਾਈਆਂ ਜਾਣਗੀਆਂ ।ਉਨ੍ਹਾ ਕਿਹਾ ਕਿ ਫੈਮਿਲੀ ਪਲੈਨਿੰਗ ਰਾਹੀਂ ਵਧਦੀ ਹੋਈ ਅਬਾਦੀ ਨੂੰ ਸਥਿਰ ਰੱਖਿਆ ਜਾ ਸਕਦਾ ਹੈ। ਜਿੱਥੇ ਇਸ ਨਾਲ ਪਰਵਾਰ ਆਰਥਕ ਤੌਰ 'ਤੇ ਮਜ਼ਬੂਤ ਹੋਣਗੇ ਉੱਥੇ ਹੀ ਦੇਸ਼ ਦੇ ਕੁਦਰਤੀ ਸਾਧਨਾਂ ਦੀ ਵੀ ਸੰਭਾਲ ਹੋਵੇਗੀ।

ਇਸ ਦੇ ਨਾਲ ਮਾਵਾਂ ਅਤੇ ਬੱਚਿਆਂ ਦੀ ਸਿਹਤ ਵੀ ਠੀਕ ਰਹੇਗੀ ਤੇ ਮਾਵਾਂ ਦੀ ਮੌਤ ਦਰ ਅਤੇ ਬੱਚਿਆਂ ਦੀ ਮੌਤ ਦਰ 'ਚ ਕਮੀ ਆਵੇਗੀ। ਉਨ੍ਹਾ ਕਿਹਾ ਕਿ ਅੱਜ ਸਾਡੇ ਕੋਲ ਦੁਨੀਆ ਦੀ ਵਸੋਂ ਯੋਗ ਜ਼ਮੀਨ ਦਾ ਸਿਰਫ਼ 2% ਹੈ ਅਤੇ ਸਾਡੇ ਦੇਸ਼ ਦੀ ਅਬਾਦੀ ਦੁਨੀਆ ਦਾ 20% ਹੈ। ਇਸੇ ਤਰ੍ਹਾਂ ਪੀਣ ਯੋਗ ਪਾਣੀ ਸਾਡੇ ਕੋਲ ਸਿਰਫ਼ 4% ਹੈ ਤੇ ਅਬਾਦੀ 20%, ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਸਾਡੀ ਹਾਲਤ ਕਿਸ ਤਰ੍ਹਾਂ ਦੀ ਹੈ ਤੇ ਭਵਿੱਖ ਵਿਚ ਕਿਸ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਣਾ ਹੈ। ਉਨ੍ਹਾ ਕਿਹਾ ਕਿ ਅੱਜ ਬੇਰੋਜ਼ਗਾਰੀ, ਅਨਪੜ੍ਹਤਾ, ਕੁਪੋਸ਼ਣ, ਗ਼ਰੀਬੀ, ਕੱਟੜਤਾ ਆਦਿ ਹਰ ਸਮੱਸਿਆ ਦਾ ਮੂਲ ਕਾਰਨ ਵਧਦੀ ਜਾ ਰਹੀ ਅਬਾਦੀ ਹੈ। ਇਸ ਕਰਕੇ ਅਬਾਦੀ ਨੂੰ ਕੰਟਰੋਲ ਕਰਨ ਲਈ ਸਾਨੂੰ ਸਾਰਿਆਂ ਨੂੰ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਉਨ੍ਹਾ ਕਿਹਾ ਕਿ ਦੰਪਤੀ ਸੰਪਰਕ ਪੰਦਰਵਾੜਾ ਤਹਿਤ ਮਿਤੀ 28 ਜੂਨ ਤੋਂ 10 ਜੁਲਾਈ ਤੱਕ ਜਾਗਰੂਕਤਾ ਕੈਂਪ ਲਗਾਏ ਜਾਣਗੇ ਅਤੇ 11 ਜੁਲਾਈ ਤੋਂ 24 ਜੁਲਾਈ ਤੱਕ ਨਸਬੰਦੀ ਤੇ ਨਲਬੰਦੀ ਆਪ੍ਰੇਸ਼ਨ ਲਈ ਵਿਸ਼ੇਸ਼ ਕੈਂਪ ਲਗਾਏ ਜਾਣਗੇ। ਯੋਗ ਜੋੜਿਆਂ ਨੂੰ ਪਰਵਾਰ ਨਿਯੋਜਨ ਨਾਲ ਸੰਬੰਧਤ ਤਰੀਕੇ ਜਿਵੇਂ ਅੰਤਰਾ, ਛਾਇਆ, ਪੀ.ਪੀ.ਆਈ.ਯੂ.ਸੀ.ਡੀ ਅਤੇ ਨਲਬੰਦੀ/ ਨਸਬੰਦੀ ਆਦਿ ਤਰੀਕੇ ਉਪਲਬਧ ਕਰਵਾਏ ਜਾਣਗੇ ਤੇ ਕਿਸੇ ਵੀ ਕਿਸਮ ਦੀ ਪਰਵਾਰ ਨਿਯੋਜਨ ਸੰਬੰਧੀ ਸਲਾਹ ਅਤੇ ਸੇਵਾਵਾਂ ਲਈ ਨੇੜੇ ਦੇ ਸਿਹਤ ਕੇਂਦਰ, ਹਸਪਤਾਲ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਇਸ ਮੌਕੇ ਡਾ. ਬੰਦਨਾ ਬਾਂਸਲ ਜ਼ਿਲ੍ਹਾ ਟੀਕਾਕਰਨ ਅਫਸਰ, ਡਾ. ਦੁਪਿੰਦਰ ਕੁਮਾਰ ਜ਼ਿਲ੍ਹਾ ਸਿਹਤ ਅਫਸਰ, ਡਾ. ਵਰੁਣ ਵਰਮਾ ਜ਼ਿਲ੍ਹਾ ਐਪੀਡੀਮੋਲੋਜਿਸਟ, ਸੁਖਮੰਦਰ ਸਿੰਘ ਜ਼ਿਲ੍ਹਾ ਮਾਸ ਮੀਡੀਆ ਅਫਸਰ, ਦੀਪਕ ਕੁਮਾਰ ਡੀ ਪੀ ਐਮ, ਸੁਰਿੰਦਰ ਸਿੰਘ ਐਮ ਈ ਓ ਅਤੇ ਵੱਖ ਵੱਖ ਸਿਹਤ ਸੰਸਥਾਵਾਂ ਦਾ ਸਿਹਤ ਸਟਾਫ ਹਾਜ਼ਰ ਸੀ।

# ਸਿੱਖਿਆ ਵਿਭਾਗ ਦੇ ਕੱਚੇ ਦਫਤਰੀ ਮੁਲਾਜ਼ਮ ਅੱਜ ਸ਼ੁਰੂ ਕਰਨਗੇ ਕਲਮਛੋੜ ਹੜਤਾਲ

## ਰੈਗੂਲਰ ਕਰਨ ਦੇ ਨਾਂਅ 'ਤੇ 'ਆਪ' ਸਰਕਾਰ ਕਰ ਰਹੀ ਝੂਠਾ ਪ੍ਰਚਾਰ: ਖੋਖਰ



ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਸਰਵ ਸਿੱਖਿਆ ਅਭਿਆਨ ਦਫਤਰੀ ਕਰਮਚਾਰੀ ਯੂਨੀਅਨ ਦੇ ਆਗੂ ਸਤਨਾਮ ਸਿੰਘ, ਤਰਸੇਮ ਲਾਲ, ਵਿਕਾਸ ਖੋਖਰ ਅਤੇ ਸੋਨੀਆ ਕੁਮਾਰੀ (ਸਾਰੇ ਬਲਾਕ ਪ੍ਰਾਇਮਰੀ ਸਿੱਖਿਆ ਦਫਤਰ ਧਾਰੀਵਾਲ -2 ਦੇ ਕਰਮਚਾਰੀ) ਨੇ ਕਿਹਾ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਵਲੋਂ ਸਿੱਖਿਆ ਵਿਭਾਗ ਦੇ ਕੱਚੇ ਮੁਲਾਜ਼ਮਾਂ ਨੂੰ ਬਿਨਾਂ ਪੇ ਸਕੇਲ, ਸੀ.ਐਸ.ਆਰ ਅਤੇ ਪੈਨਸ਼ਨਰੀ ਲਾਭ ਦੇਣ ਦੇ ਰੈਗੂਲਰ ਕਰਨ ਦਾ ਕੀਤਾ ਜਾ ਰਿਹਾ ਪ੍ਰਚਾਰ ਕੋਰਾ ਝੂਠ ਹੈ। ਉਨ੍ਹਾਂ ਦੱਸਿਆ 7 ਅਕਤੂਬਰ 2022 ਨੂੰ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਬੈਂਸ ਨੇ ਕੱਚੇ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਸਬੰਧੀ ਪਾਲਿਸੀ ਜਾਰੀ ਕਰਦਿਆਂ ਕਿਹਾ ਸੀ ਪੱਕੇ ਹੋਣ ਤੇ ਇਨ੍ਹਾਂ ਮੁਲਾਜ਼ਮਾਂ ਨੂੰ ਰੈਗੂਲਰ ਮੁਲਾਜ਼ਮਾਂ ਵਾਲੇ ਸਾਰੇ ਲਾਭ ਮਿਲਣਗੇ ਪਰ ਹੁਣ ਰੈਗੂਲਰ ਕਰਨ ਦੇ ਨਾਂ 'ਤੇ ਧੋਖਾ ਕਰਨ ਦੀ ਸੱਚਾਈ ਸਾਹਮਣੇ ਆਉਣ ਤੇ ਕੱਚੇ ਮੁਲਾਜ਼ਮਾਂ ਦੇ ਹੋਸ਼ ਉਡ ਗਏ। ਉਨ੍ਹਾਂ ਕਿਹਾ ਅਕਾਲੀ ਦਲ ਅਤੇ ਕਾਂਗਰਸ ਦੀਆਂ ਤੱਤਕਾਲੀ ਸਰਕਾਰਾਂ ਨੇ ਕੱਚੇ ਮੁਲਾਜ਼ਮਾਂ ਦੀ ਜਵਾਨੀ ਰੋਲ ਦਿੱਤੀ ਤੇ ਹੁਣ 'ਆਪ' ਦੀ ਸਰਕਾਰ ਵੀ ਕੱਚੇ ਮੁਲਾਜ਼ਮਾਂ ਦਾ ਭਵਿੱਖ ਰੋਲਣ ਤੇ ਤੁਲੀ ਹੋਈ ਹੈ। ਆਗੂਆਂ ਦੱਸਿਆ ਸਿੱਖਿਆ ਬਲਾਕਾਂ ਵਿੱਚ ਕੰਮ ਕਰਦੇ ਦਫਤਰੀ ਮੁਲਾਜ਼ਮਾਂ ਦੀ ਸਤੰਬਰ 2020 ਤੋਂ ਬਿਨਾਂ ਵਜ੍ਹਾ ਲਗਭਗ 5 ਹਜ਼ਾਰ ਰੁਪਏ ਤਨਖਾਹ 'ਚੋਂ ਕਟੌਤੀ ਕੀਤੀ ਜਾ ਰਹੀ ਹੈ। ਮਿਡ ਡੇ ਮੀਲ ਦਫਤਰੀ ਕਰਮਚਾਰੀਆਂ ਦੀ ਤਨਖਾਹ ਦੇ ਵਾਧੇ ਤੇ 2019 ਤੋਂ ਰੋਕ ਲਾਈ ਹੋਈ ਹੈ। ਆਗੂਆਂ ਕਿਹਾ ਮੁੱਖ ਮੰਤਰੀ ਭਗਵੰਤ ਮਾਨ ਨੇ ਪਿਛਲੇ ਦਿਨੀਂ ਲਾਈਵ ਹੋ ਕੇ ਸਰਵ ਸਿੱਖਿਆ ਅਭਿਆਨ ਦੇ ਕੁੱਝ ਕਰਮਚਾਰੀਆਂ ਦੀਆਂ ਤਨਖਾਹਾਂ 'ਚ ਵਾਧਾ ਕਰਨ ਦੀ ਗੱਲ ਆਖੀ, ਪਰ ਦਫਤਰੀ ਕਰਮਚਾਰੀਆਂ ਸਬੰਧੀ ਕੋਈ ਜ਼ਿਕਰ ਨਹੀਂ ਕੀਤਾ। ਪਿਛਲੇ ਲੰਮੇ ਸਮੇਂ ਸਿੱਖਿਆ ਵਿਭਾਗ ਵਿੱਚ ਸੇਵਾਵਾਂ ਨਿਭਾ ਰਹੇ ਕਰਮਚਾਰੀਆਂ ਨੂੰ ਪੱਕਾ ਨਾ ਕਰਕੇ ਮਾਨ ਸਰਕਾਰ ਕੱਚੇ ਮੁਲਾਜ਼ਮਾਂ ਨਾਲ ਵਾਅਦਾ ਖਿਲਾਫੀ ਕਰ ਰਹੀ। ਇਸ ਦੇ ਰੋਸ ਵਜੋਂ ਸਿੱਖਿਆ ਵਿਭਾਗ ਦੇ ਦਫਤਰੀ ਕੱਚੇ ਮੁਲਾਜ਼ਮ 6 ਜੁਲਾਈ ਤੋਂ ਕਲਮ ਛੋੜ ਹੜਤਾਲ ਕਰਨਗੇ। ਬਲਾਕ ਪ੍ਰਾਇਮਰੀ ਸਿੱਖਿਆ ਦਫਤਰ ਧਾਰੀਵਾਲ -2 ਦੇ ਸਰਵ ਸਿੱਖਿਆ ਅਭਿਆਨ ਤਹਿਤ ਕੰਮ ਕਰਦੇ ਕੱਚੇ ਮੁਲਾਜ਼ਮਾਂ ਵਲੋਂ ਹੜਤਾਲ ਸਬੰਧੀ ਬੀਪੀਈਓ ਭਾਰਤ ਰਤਨ ਨੂੰ ਅਲਟੀਮੇਟਮ ਦਿੱਤਾ ਗਿਆ।

ਦੂਜੇ ਪਾਸੇ ਐਲੀਮੈਂਟਰੀ ਟੀਚਰਜ ਯੂਨੀਅਨ ਜ਼ਿਲ੍ਹਾ ਗੁਰਦਾਸਪੁਰ ਦੇ ਜਨਰਲ ਸਕੱਤਰ ਅਸ਼ਵਨੀ ਫੱਜੂਪੁਰ ਨੇ ਜ਼ਾਰੀ ਪ੍ਰੈੱਸ ਬਿਆਨ ਵਿੱਚ ਕਿਹਾ ਕਿ ਐਲੀਮੈਂਟਰੀ ਟੀਚਰਜ਼ ਯੂਨੀਅਨ ਵੀ ਇਨ੍ਹਾਂ ਕੱਚੇ ਮੁਲਾਜ਼ਮਾਂ ਦੀ ਪੁਰਜ਼ੋਰ ਹਮਾਇਤ ਕਰਦੀ ਹੈ ਅਤੇ ਮੰਗ ਕਰਦੀ ਹੈ ਕਿ ਸਰਵ ਸਿੱਖਿਆ ਅਭਿਆਨ ਤਹਿਤ ਸਿੱਖਿਆ ਵਿਭਾਗ ਵਿੱਚ ਸਕੂਲਾਂ ਅਤੇ ਦਫਤਰਾਂ ਵਿੱਚ ਕੰਮ ਕਰਦੇ ਸਾਰੇ ਮੁਲਾਜ਼ਮਾਂ ਨੂੰ ਪੱਕੇ ਕੀਤੇ ਜਾਣ ਅਤੇ ਪੇ ਸਕੇਲ ਭੱਤੇ, ਸੀਐਸਆਰ ਅਤੇ ਪੈਨਸ਼ਨਰੀ ਲਾਭ ਦਿੱਤੇ ਜਾਣ।

# ਡਾ: ਹਰਸ਼ਰਨ ਕੌਰ ਚੈਰੀਟੇਬਲ ਟਰੱਸਟ ਨੇ ਹੋਣਹਾਰ ਵਿਦਿਆਰਥਣਾਂ ਨੂੰ ਵਜ਼ੀਫੇ ਦਿੱਤੇ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਦੀਆਂ ਹੋਣਹਾਰ ਵਿਦਿਆਰਥਣਾਂ ਕਿਰਨਦੀਪ ਕੌਰ, ਪਲਕਦੀਪ ਕੌਰ, ਹਰਮਨਦੀਪ ਕੌਰ, ਜਸਨਪ੍ਰੀਤ ਕੌਰ, ਦਮਨਪ੍ਰੀਤ ਕੌਰ ਨੂੰ ਡਾ. ਹਰਸ਼ਰਨ ਕੌਰ ਚੈਰੀਟੇਬਲ ਟਰੱਸਟ ਵੱਲੋਂ ਲੋੜੀਂਦੇ ਵਜ਼ੀਫੇ ਦਿੱਤੇ ਗਏ। ਇਸ ਸਬੰਧੀ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਅਤੇ ਪ੍ਰਿੰਸੀਪਲ ਕਿਰਨ ਕੇਸਰ ਨੇ ਦੱਸਿਆ ਕਿ ਇਨਾਂ ਬੱਚਿਆਂ ਨੂੰ ਇਹ ਵਜ਼ੀਫੇ ਇਨ੍ਹਾਂ ਦੀ ਪੜ੍ਹਾਈ ਵਿੱਚ ਚੰਗੀ ਕਾਰਗੁਜ਼ਾਰੀ ਨੂੰ ਮੁੱਖ ਰੱਖਦਿਆਂ ਹੋਇਆਂ ਟਰੱਸਟ ਵਲੋਂ ਦਿੱਤੇ ਗਏ ਹਨ ਅਤੇ ਉਨ੍ਹਾਂ ਇਹ ਵੀ ਦੱਸਿਆ ਕਿ ਇਹ ਵਿੱਤੀ ਸਹਾਇਤਾ ਇਨ੍ਹਾਂ ਵਿਦਿਆਰਥਣਾਂ ਦੀ ਉੱਚ ਪੱਧਰੀ ਸਿੱਖਿਆ ਤੱਕ ਦਿੱਤੀ ਜਾਏਗੀ। ਸੰਸਥਾ ਦੇ ਪ੍ਰਿੰਸੀਪਲ ਕਿਰਨ ਕੇਸਰ ਨੇ ਡਾ. ਹਰਸ਼ਰਨ ਕੌਰ ਚੈਰੀਟੇਬਲ ਟਰੱਸਟ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਅਜਿਹੀਆਂ ਸ਼ਖਸੀਅਤਾਂ ਸਮਾਜ ਵਿੱਚ ਲੋੜਵੰਦ ਬੱਚਿਆਂ ਦੀ ਵਿੱਤੀ ਸਹਾਇਤਾ ਕਰਕੇ ਸਿੱਖਿਆ ਦੇ ਪੱਧਰ ਨੂੰ ਉੱਚਾ ਰੱਖਣ ਵਿੱਚ ਮਦਦ ਕਰਦੀਆਂ ਹਨ ਅਤੇ ਹੋਣਹਾਰ ਤੇ ਲੋੜਵੰਦ ਬੱਚਿਆਂ ਦੇ ਵਿੱਦਿਆ ਪ੍ਰਾਪਤ ਕਰਨ ਦੇ ਸੁਪਨੇ ਪੂਰੇ ਕਰਨ ਵਿੱਚ ਸਹਾਇਤਾ ਕਰਦੀਆਂ ਹਨ।

# ਆਬਾਦਕਾਰ ਕਿਸਾਨਾਂ/ਮਜ਼ਦੂਰਾਂ ਨੂੰ ਪੱਕੇ ਮਾਲਕੀ ਹੱਕ ਦੇਵੇ ਸਰਕਾਰ: ਹਰਜੀਤ ਲੀਲ੍ਹ ਕਲਾਂ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ੋਨ ਬਾਬਾ ਮੱਕਾ ਸਾਹਿਬ ਦੀ ਮੀਟਿੰਗ ਜ਼ਿਲ੍ਹਾ ਮੀਤ ਪ੍ਰਧਾਨ ਤੇ ਜ਼ੋਨ ਪ੍ਰਧਾਨ ਹਰਜੀਤ ਸਿੰਘ ਲੀਲ੍ਹ ਕਲਾਂ ਦੀ ਅਗਵਾਈ ਵਿੱਚ ਪਿੰਡ ਕੋਟਲਾ ਮੂਸਾ ਵਿੱਚ ਹੋਈ ਜਿਸ ਵਿੱਚ ਵੱਖ-ਵੱਖ ਮੁੱਦਿਆਂ 'ਤੇ ਵਿਚਾਰ ਚਰਚਾ ਕੀਤੀ ਗਈ। ਇਸ ਮੌਕੇ ਮੀਟਿੰਗ ਵਿੱਚ ਜੱਥੇਬੰਦਕ ਢਾਂਚੇ ਨੂੰ ਮਜ਼ਬੂਤ ਕਰਨ ਲਈ ਖੁੱਲ੍ਹ ਕੇ ਵਿਚਾਰ ਚਰਚਾ ਕੀਤੀ ਗਈ। 15 ਜੁਲਾਈ ਨੂੰ ਮੌਜੂਦਾ ਸਮੇਂ ਅੰਦਰ ਮੱਕੀ ਅਤੇ ਮੂੰਗੀ ਦੀ ਫਸਲ ਸਰਕਾਰ ਵੱਲੋਂ ਤਹਿ ਕੀਤੀ ਐਮਐੱਸਪੀ 2090 ਅਤੇ 8558 ਰੁਪਏ ਦੇ ਹਿਸਾਬ ਨਾਲ ਖਰੀਦੀ ਜਾਵੇ ਅਤੇ ਕੇਰਲ ਸਰਕਾਰ ਦੀ ਤਰਜ਼ 'ਤੇ ਤੇਲ, ਬੀਜਾਂ, ਦਾਲਾਂ ਅਤੇ ਸਬਜ਼ੀਆਂ ਦੀ ਖਰੀਦ ਲਈ ਐਮਐੱਸਪੀ ਗਰੰਟੀ ਕਾਨੂੰਨ ਬਣਾਇਆ ਜਾਵੇ, ਆਬਾਦਕਾਰ ਕਿਸਾਨਾਂ/ਮਜ਼ਦੂਰਾਂ ਦੀਆਂ ਜ਼ਮੀਨਾਂ ਤੇ ਹਮਲੇ ਰੋਕ ਕੇ ਪੱਕੇ ਮਾਲਕੀ ਹੱਕ ਦਿੱਤੇ ਜਾਣ, ਪੰਜਾਬ ਸਰਕਾਰ ਵਾਅਦੇ ਅਨੁਸਾਰ ਭਾਰਤ ਮਾਲਾ ਪ੍ਰੋਜੈਕਟ ਅਧੀਨ ਸੜਕ ਮਾਰਗਾਂ ਲਈ ਜ਼ਮੀਨਾਂ ਯੋਗ ਮੁਆਵਜ਼ਾ ਦੇਣ ਤੋਂ ਬਾਅਦ ਹੀ ਐਕਵਾਇਰ ਕੀਤੀਆਂ ਜਾਣ, ਬਿਜਲੀ ਸਬੰਧੀ ਮੁਸ਼ਕਲਾਂ ਖਾਸ ਕਰਕੇ ਪ੍ਰੀਪੇਡ ਮੀਟਰ ਦੀ ਨੀਤੀ ਵਾਪਿਸ ਲੈਣ ਅਤੇ ਕਾਮਿਆਂ ਦੀ ਭਰਤੀ ਆਦਿ ਮਸਲਿਆਂ ਨੂੰ ਲੈ ਕੇ ਪੰਜਾਬ ਭਰ ਦੇ ਡੀ ਸੀ ਦਫਤਰਾਂ 'ਤੇ ਧਰਨੇ ਦਿੱਤੇ ਜਾਣਗੇ। ਉਨ੍ਹਾਂ ਕਿਹਾ ਕਿ ਜੇ ਭਗਵੰਤ ਮਾਨ ਸਰਕਾਰ ਮੰਗਾਂ 'ਤੇ ਗੌਰ ਨਹੀਂ ਕਰਦੀ ਤਾਂ 16 ਜੁਲਾਈ ਨੂੰ ਰੇਲ ਰੋਕੋ ਧਰਨਾ ਲਗਾਇਆ ਜਾਵੇਗਾ।

ਜ਼ੋਨ ਦੀਆਂ ਪਿੰਡ ਪੱਧਰੀ ਮੀਟਿੰਗਾਂ ਲੱਗ ਰਹੀਆਂ ਹਨ ਜਿਸ ਵਿੱਚ ਜ਼ੋਨ ਦੀ ਕੋਰ ਕਮੇਟੀ ਦੇ ਪ੍ਰਧਾਨ ਹਰਜੀਤ ਸਿੰਘ ਲੀਲ੍ਹ ਕਲਾਂ, ਖਜਾਨਚੀ ਬਲਵਿੰਦਰ ਸਿੰਘ ਕੋਟਲਾ ਮੂਸਾ, ਸਹਾਇਕ ਖਜਾਨਚੀ ਗੁਰਮੇਜ ਸਿੰਘ ਥਿੰਦ, ਪ੍ਰੈੱਸ ਸਕੱਤਰ ਵਰਿੰਦਰ ਸਿੰਘ ਧੰਨੇ, ਪ੍ਰਚਾਰਕ ਸਕੱਤਰ ਬਲਬੀਰ ਸਿੰਘ ਭੈਣੀਆਂ, ਸੁਰਜੀਤ ਸਿੰਘ ਭੈਣੀਆਂ, ਕਰਤਾਰ ਸਿੰਘ ਲੀਲ੍ਹ ਕਲਾਂ, ਨਿਰਮਲ ਸਿੰਘ ਕੋਟਲਾ ਮੂਸਾ, ਗੁਰਮੇਜ ਸਿੰਘ ਕੋਟਲਾ ਮੂਸਾ ਆਦਿ ਹਾਜ਼ਰ ਸਨ।

# ਡਿਪਟੀ ਕਮਿਸ਼ਨਰ ਨੇ ਸਰਕਾਰੀ ਗਊਸ਼ਾਲਾ ਕਲਾਨੌਰ ਦੇ ਪ੍ਰਬੰਧਾਂ ਦਾ ਲਿਆ ਜਾਇਜ਼ਾ



ਗੁਰਦਾਸਪੁਰ (ਜਨਕ ਮਹਾਜਨ)- ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਨੇ ਸਰਕਾਰੀ ਗਊਸ਼ਾਲਾ ਕਲਾਨੌਰ ਦੇ ਪ੍ਰਬੰਧਾਂ ਦਾ ਜਾਇਜ਼ਾ ਲੈਂਦਿਆਂ ਜ਼ਿਲ੍ਹੇ ਦੀਆਂ ਸਮੂਹ ਨਗਰ ਕੌਂਸਲਾਂ ਅਤੇ ਨਗਰ ਨਿਗਮ ਬਟਾਲਾ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਉਹ ਆਪਣੇ ਅਧਿਕਾਰ ਖੇਤਰਾਂ ਵਿਚੋਂ ਗਊ ਸੈੱਸ ਨੂੰ ਇਕੱਠਾ ਕਰਕੇ ਸਮੇਂ ਸਿਰ ਜਮ੍ਹਾਂ ਕਰਵਾਉਣ ਤਾਂ ਜੋ ਗਊਸ਼ਾਲਾ ਵਿਚ ਗਊ ਵੰਸ਼ ਦੀ ਸੇਵਾ ਤੇ ਬਿਹਤਰੀ ਲਈ ਇਸ ਨੂੰ ਖਰਚ ਕੀਤਾ ਜਾ ਸਕੇ। ਸਥਾਨਕ ਪੰਚਾਇਤ ਭਵਨ ਵਿਖੇ ਸਰਕਾਰੀ ਗਊਸ਼ਾਲਾ ਕਲਾਨੌਰ ਦੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਜ਼ਿਲ੍ਹਾ ਪਸ਼ੂ ਭਲਾਈ ਸੁਸਾਇਟੀ ਦੇ ਮੈਂਬਰ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਸ਼ੂ ਅਗਰਵਾਲ ਨੇ ਕਿਹਾ ਕਿ ਸਰਕਾਰੀ ਗਊਸ਼ਾਲਾ ਕਲਾਨੌਰ ਵਿੱਚ ਗਊ ਵੰਸ਼ ਦੀ ਸਹੂਲਤ ਲਈ ਬਣਾਏ ਗਏ ਨਵੇਂ ਸ਼ੈੱਡ ਵਿੱਚ ਫ਼ਰਸ਼ ਦਾ ਕੰਮ ਵੀ ਜਲਦ ਮੁਕੰਮਲ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਗਊ ਵੰਸ਼ ਦੀ ਸੇਵਾ ਲਈ ਪੂਰੀ ਤਰਾਂ ਵਚਨਬੱਧ ਹੈ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਸਮਾਜ ਸੇਵੀ ਸੰਸਥਾਵਾਂ ਅਤੇ ਗਊ ਵੰਸ਼ ਦੀ ਸੇਵਾ ਕਰਨ ਵਾਲੀਆਂ ਜਥੇਬੰਦੀਆਂ ਦੇ ਨੁਮਾਇੰਦਿਆਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਗਊ ਵੰਸ਼ ਦੀ ਕੀਤੀ ਜਾ ਰਹੀ ਸੇਵਾ ਵਿਚ ਆਪਣਾ ਸਹਿਯੋਗ ਕਰਨ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਰਵਿੰਦਰਪਾਲ ਸਿੰਘ ਸੰਧੂ, ਪਸ਼ੂ ਪਾਲਣ ਵਿਭਾਗ ਦੇ ਡਿਪਟੀ ਡਾਇਰੈਕਟਰ ਡਾ. ਸ਼ਾਮ ਸਿੰਘ, ਡਾ. ਹਰਪ੍ਰੀਤ ਸਿੰਘ ਢਿਲੋਂ, ਮੁੱਖ ਖੇਤੀਬਾੜੀ ਅਫ਼ਸਰ ਡਾ. ਕ੍ਰਿਪਾਲ ਸਿੰਘ ਢਿਲੋਂ, ਈ. ਓ. ਅਰੁਨ ਕੁਮਾਰ, ਨਗਰ ਨਿਗਮ ਬਟਾਲਾ ਦੇ ਸੁਪਰਡੈਂਟ ਨਿਰਮਲ ਸਿੰਘ, ਅਮਰਪਾਲ ਸਿੰਘ ਤੋਂ ਇਲਾਵਾ ਜ਼ਿਲ੍ਹਾ ਪਸ਼ੂ ਭਲਾਈ ਸੁਸਾਇਟੀ ਦੇ ਹੋਰ ਮੈਂਬਰ ਵੀ ਹਾਜ਼ਰ ਸਨ।

# ਗੁਰੂ ਗੋਬਿੰਦ ਸਿੰਘ ਮਾਡਰਨ ਸਕੂਲ ਬਖਤਪੁਰ ਦਾ ਹਰੇਕ ਵਿਦਿਆਰਥੀ ਇੱਕ ਪੌਦਾ ਲਗਾਵੇਗਾ: ਕਲੇਰ/ਚਾਹਲ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਆਪਣਾ ਪੰਜਾਬ ਫਾਊਂਡੇਸ਼ਨ ਅਤੇ ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲਜ਼ ਐਂਡ ਐਸੋਸੀਏਸ਼ਨਜ਼ ਆਫ਼ ਪੰਜਾਬ ਵੱਲੋਂ ਵਾਤਾਵਰਣ ਦੀ ਸੰਭਾਲ ਨੂੰ ਲੈ ਕੇ ਕੀਤੇ ਜਾਂਦੇ ਉਪਰਾਲਿਆਂ ਦੀ ਲਗਾਤਾਰਤਾ ਵਿੱਚ ਇਸ ਵਾਰ 27 ਜੁਲਾਈ ਨੂੰ ਮਿਸ਼ਨ ਹਰਿਆਲੀ ਦਿਵਸ ਮਨਾਇਆ ਜਾਵੇਗਾ। ਆਪਣਾ ਪੰਜਾਬ ਫਾਊਂਡੇਸ਼ਨ ਦੇ ਫਾਊਂਡਰ ਡਾ: ਜਗਜੀਤ ਸਿੰਘ ਧੂਰੀ ਦੀ ਅਗਵਾਈ ਹੇਠ ਸਾਲ 2022 ਵਿੱਚ 12 ਸਤੰਬਰ ਨੂੰ ਪੰਜਾਬ ਦੇ ਸਕੂਲਾਂ ਦੇ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਵੱਲੋਂ ਪੰਜ ਲੱਖ ਅਠਾਹਠ ਹਜ਼ਾਰ ਪੌਦੇ ਲਗਾ ਕੇ ਆਪਣੀ ਕਿਸਮ ਦਾ ਇੱਕ ਵਿਸ਼ਵ ਰਿਕਾਰਡ ਬਣਾਇਆ ਗਿਆ ਸੀ ਅਤੇ ਇਸ ਵਾਰ ਮਿਸ਼ਨ ਹਰਿਆਲੀ 2023 ਤਹਿਤ ਫਾਊਂਡੇਸ਼ਨ ਵੱਲੋਂ ਸਕੂਲੀ ਬੱਚਿਆਂ ਹੱਥੋਂ ਇੱਕ ਦਿਨ ਵਿਚ ਸੱਤ ਲੱਖ ਪੌਦੇ ਲਗਾਉਣ ਦਾ ਟੀਚਾ ਮਿਥਿਆ ਗਿਆ ਹੈ। ਇਸ ਸਬੰਧੀ ਗੁਰੂ ਗੋਬਿੰਦ ਸਿੰਘ ਮਾਡਰਨ ਸਕੂਲ ਬਖਤਪੁਰ ਦੇ ਚੇਅਰਮੈਨ ਡਾ: ਮਹਿੰਦਰਪਾਲ ਸਿੰਘ ਕਲੇਰ ਅਤੇ ਪ੍ਰਿੰਸੀਪਲ ਮੇਜਰ ਸਿੰਘ ਚਾਹਲ ਨੇ ਸਾਂਝੇ ਤੌਰ 'ਤੇ ਦੱਸਿਆ ਕਿ 17 ਜੁਲਾਈ ਨੂੰ ਉਨ੍ਹਾਂ ਦੇ ਸਕੂਲ ਦੇ ਵਿਦਿਆਰਥੀਆਂ ਵੱਲੋਂ ਇਸ ਸਾਲ ਬਣਾਏ ਜਾਣ ਵਾਲੇ ਵਿਸ਼ਵ ਰਿਕਾਰਡ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ ਜਾਵੇਗਾ। ਹਰ ਇੱਕ ਵਿਦਿਆਰਥੀ ਆਪਣੇ ਮਾਤਾ-ਪਿਤਾ ਅਤੇ ਅਧਿਆਪਕਾਂ ਦੀ ਸਹਾਇਤਾ ਨਾਲ ਇੱਕ ਪੌਦਾ ਲਗਾਵੇਗਾ ਅਤੇ ਉਸ ਨੂੰ ਪਾਲਣ ਤੇ ਵੱਡਾ ਕਰਨ ਦੀ ਜ਼ਿੰਮੇਵਾਰੀ ਵੀ ਚੁੱਕੇਗਾ। ਇਸ ਦਿਨ ਆਪਣਾ ਪੰਜਾਬ ਫਾਊਂਡੇਸ਼ਨ ਅਤੇ ਫੇਡਰੇਸ਼ਨ ਵੱਲੋਂ ਇੱਕ ਨਿਵੇਕਲਾ ਵਿਸ਼ਵ ਰਿਕਾਰਡ ਬਣਾਇਆ ਜਾਵੇਗਾ ਜਿਸ ਤਹਿਤ ਬੱਚੇ ਵੱਡੀ ਗਿਣਤੀ ਵਿੱਚ ਹਰੇ ਰੰਗ ਦੀਆਂ ਪੱਗਾਂ ਜਾਂ ਪਟਕੇ ਬੰਨ ਕੇ ਹਿਊਮਨ ਟਰੀ ਬਣਾਉਣਗੇ। ਇਹ ਹਿਊਮਨ ਟਰੀ ਹਰ ਜ਼ਿਲ੍ਹਾ ਪੱਧਰ ਤੇ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਮਿਲ ਕੇ ਬਣਾਏ ਜਾਣਗੇ। ਇਸ ਗਤੀਵਿਧੀ ਰਾਹੀਂ ਜਿੱਥੇ ਵਿਦਿਆਰਥੀ ਵਾਤਾਵਰਣ ਦੀ ਸੰਭਾਲ ਲਈ ਸੁਨੇਹਾ ਦੇਣਗੇ, ਉਸ ਦੇ ਨਾਲ ਨਾਲ ਉਹ ਆਪਸ ਵਿੱਚ ਮਿਲਵਰਤਨ ਨਾਲ ਕੰਮ ਕਰਨ ਦੀ ਭਾਵਨਾ ਵੀ ਸਿੱਖਣਗੇ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਗੁਰੂ ਗੋਬਿੰਦ ਸਿੰਘ ਮਾਡਰਨ ਸਕੂਲ ਬਖਤਪੁਰ ਹਮੇਸ਼ਾ ਆਪਣਾ ਪੰਜਾਬ ਫਾਊਂਡੇਸ਼ਨ ਅਤੇ ਫੈਡਰੇਸ਼ਨ ਦੇ ਸੱਦੇ ਤੇ ਸਿਹਤ, ਸਿੱਖਿਆ ਅਤੇ ਵਾਤਾਵਾਰਣ ਦੀ ਸੰਭਾਲ ਦੀਆਂ ਗਤੀਵਿਧੀਆਂ ਵਿੱਚ ਵੱਧ-ਚੜ੍ਹ ਕੇ ਭਾਗ ਲੈਂਦਾ ਹੈ।

# ਪਿੰਡ ਕਲਸ ਨੂੰ ਵੀ ਆਧੁਨਿਕ ਸਹੂਲਤਾਂ ਨਾਲ ਕਰਾਂਗੇ ਲੈਸ: ਡਾ. ਸੋਹਲ



ਤਰਨ ਤਾਰਨ, ਸਰਾਏ ਅਮਾਨਤ ਖਾਂ : (ਸਾਗਰਦੀਪ ਸਿੰਘ ਅਰੋੜਾ/ਮੱਖਣ ਮਨੋਜ)-ਤਰਨਤਾਰਨ ਦੇ ਵਿਧਾਇਕ ਡਾਕਟਰ ਕਸ਼ਮੀਰ ਸਿੰਘ ਸੋਹਲ ਵਲੋਂ ਪਿੰਡ-ਪਿੰਡ ਗਲੀ-ਗਲੀ ਪ੍ਰੋਗਰਾਮ ਤਹਿਤ ਪਿੰਡ ਕਲਸ ਦਾ ਦੌਰਾ ਕੀਤਾ ਗਿਆ ਅਤੇ ਪਿੰਡ ਵਾਸੀਆਂ ਨੂੰ ਦਰਪੇਸ਼ ਮੁਸਕਲਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ।

ਪਿੰਡ ਦੀ ਪੰਚਾਇਤ ਅਤੇ ਆਪ ਵਲੰਟੀਅਰਾਂ ਵੱਲੋਂ ਗਲੀਆਂ, ਨਾਲੀਆਂ ਅਤੇ ਛੱਪੜਾਂ ਦੀ ਸਫਾਈ ਸਬੰਧੀ ਲੋਕਾਂ ਨੂੰ ਆ ਰਹੀਆਂ ਪਰੇਸ਼ਾਨੀਆਂ ਬਾਰੇ ਦੱਸਿਆ ਗਿਆ। ਨਾਲ ਹੀ ਵਿਧਾਇਕ ਸੋਹਲ ਵੱਲੋਂ ਪਿੰਡ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦਾ ਜਾਇਜ਼ਾ ਲਿਆ ਗਿਆ ਅਤੇ ਕਿਹਾ ਕਿ ਪਿੰਡਾਂ ਵਿੱਚ ਗੈਰ-ਮਿਆਰੀ ਅਤੇ ਗ਼ੈਰ-ਤਕਨੀਕੀ ਚੱਲ ਰਹੇ ਵਿਕਾਸ ਕਾਰਜਾਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਿਨ੍ਹਾਂ ਅਧਿਕਾਰੀਆਂ ਅਤੇ ਆਗੂਆਂ ਵੱਲੋਂ ਸਰਕਾਰੀ ਪੈਸੇ ਨੂੰ ਖੁਰਦ-ਬੁਰਦ ਕੀਤਾ ਗਿਆ ਹੈ ਉਨ੍ਹਾਂ ਖਿਲਾਫ ਕਾਨੂੰਨੀ ਕਾਰਵਾਈ ਵੀ ਕੀਤੀ ਜਾਵੇਗੀ। ਵਿਧਾਇਕ ਡਾਕਟਰ ਸੋਹਲ ਨੇ ਪਿੰਡ ਵਾਸੀਆਂ ਦੀਆਂ ਮੰਗਾਂ ਨੂੰ ਧਿਆਨ ਨਾਲ ਸੁਣਿਆ ਅਤੇ ਇਨ੍ਹਾਂ ਦੇ ਜਲਦੀ ਹੱਲ ਕਰਨ ਦਾ ਭਰੋਸਾ ਦਿੱਤਾ। ਡਾਕਟਰ ਸੋਹਲ ਨੇ ਕਿਹਾ ਕਿ ਉਹ ਹਲਕੇ ਦੇ ਪਿੰਡਾਂ ਨੂੰ ਸਾਰੀਆਂ ਆਧੁਨਿਕ ਸਹੂਲਤਾਂ ਪ੍ਰਦਾਨ ਕਰਨ ਲਈ ਵਚਨਬੱਧ ਹਨ ਅਤੇ ਵਿਕਾਸ ਕਾਰਜਾਂ ਲਈ ਲੋੜੀਂਦੇ ਫੰਡਾਂ ਦੀ ਕੋਈ ਘਾਟ ਨਹੀਂ ਆਉਣ ਦਿੱਤੀ ਜਾਵੇਗੀ।

# ਲੋਕ ਇਨਸਾਫ ਪ੍ਰੈੱਸ ਕਲੱਬ ਪੰਜਾਬ ਦੀ ਟੀਮ ਐੱਸ ਪੀ ਡੀ ਦਿਹਾਤੀ ਯੁਵਰਾਜ ਸਿੰਘ ਨੂੰ ਮਿਲੀ



ਗਹਿਰੀ ਮੰਡੀ (ਮਨਜੀਤ ਸਿੰਘ ਭੰਗੂ)-ਲੋਕ ਇਨਸਾਫ ਪ੍ਰੈੱਸ ਕਲੱਬ ਪੰਜਾਬ ਦੀ ਟੀਮ ਨੇ ਐੱਸਪੀਡੀ ਯੁਵਰਾਜ ਸਿੰਘ ਅੰਮ੍ਰਿਤਸਰ ਨਾਲ ਮੁਲਾਕਾਤ ਕੀਤੀ ਤੇ ਉਨ੍ਹਾਂ ਦੀ ਚੰਗੀ ਕਾਰਗੁਜ਼ਾਰੀ ਲਈ ਸਨਮਾਨਤ ਵੀ ਕੀਤਾ। ਪੰਜਾਬ ਪ੍ਰਧਾਨ ਜੀਵਨ ਸ਼ਰਮਾ ਨੇ ਕਿਹਾ ਕੇ ਯੁਵਰਾਜ ਸਿੰਘ ਬੁਹਤ ਹੀ ਚੰਗੇ ਅਫਸਰ ਹਨ ਅਤੇ ਹਰ ਇੱਕ ਦੀ ਗਲ ਬੁਹਤ ਧਿਆਨ ਨਾਲ ਸੁਣਦੇ ਹਨ ਤੇ ਉਸ ਦਾ ਤੁਰੰਤ ਹੱਲ ਕਰਦੇ ਹਨ।

ਪੰਜਾਬ ਸੈਕਟਰੀ ਮਨਜੀਤ ਸਿੰਘ ਨੇ ਯੁਵਰਾਜ ਸਿੰਘ ਨਾਲ ਵਧ ਰਹੇ ਨਸ਼ਿਆ ਦੀ ਰੋਕਥਾਮ ਲਈ ਗੱਲਬਾਤ ਕੀਤੀ। ਉਨ੍ਹਾਂ ਕਿਹਾ ਕਿ ਅਸੀਂ ਬੁਹਤ ਹੀ ਗੰਭੀਰਤਾ ਨਾਲ ਇਸ 'ਤੇ ਕੰਮ ਕਰ ਰਹੇ ਹਾਂ ਤੇ ਅਸੀਂ ਇੱਕ ਸਪੈਸ਼ਲ ਟੀਮ ਲਗਾਈ ਹੋਈ ਹੈ ਜਿਹੜੀ ਕਿ ਆਪਣੀ ਪੂਰੀ ਜ਼ਿੰਮੇਵਾਰੀ ਨਾਲ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪਬਲਿਕ ਨੂੰ ਵੀ ਪ੍ਰਸ਼ਾਸਨ ਦਾ ਸਾਥ ਦੇਣ ਦੀ ਲੋੜ ਹੈ ਤਾਂ ਕਿ ਨਸ਼ਿਆਂ 'ਤੇ ਜਲਦੀ ਠੱਲ੍ਹ ਪਾਈ ਜਾਵੇ। ਵਿਕਰਮਜੀਤ ਸਿੰਘ ਇੰਚਾਰਜ ਅੰਮ੍ਰਿਤਸਰ ਤੇ ਬਾਬਾ ਬਕਾਲਾ ਸੋਨੂੰ ਨੇ ਵੀ ਪਬਲਿਕ ਨੂੰ ਆ ਰਹੀਆਂ ਮੁਸ਼ਕਲਾਂ ਬਾਰੇ ਜਾਣਕਾਰੀ ਦਿੱਤੀ। ਯੁਵਰਾਜ ਸਿੰਘ ਨੇ ਭਰੋਸਾ ਦਿੰਦਿਆਂ ਕਿਹਾ ਕਿ ਜਦ ਵੀ ਕੋਈ ਮੁਸ਼ਕਲ ਆਉਂਦੀ ਹੈ ਤਾਂ ਤੁਸੀਂ ਮੇਰੇ ਨਾਲ ਗੱਲਬਾਤ ਕਰ ਸਕਦੇ ਹੋ।

# ਐੱਸਐੱਮਓ ਮੀਆਂਵਿੰਡ ਦੀ ਯੋਗ ਅਗਵਾਈ ਹੇਠ ਦਸਤ ਰੋਕੂ ਪੰਦਰਵਾੜਾ ਪ੍ਰੋਗਰਾਮ ਸ਼ੁਰੂ



ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)- ਸਿਵਲ ਸਰਜਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਡਾਕਟਰ ਰਵਿੰਦਰਪਾਲ ਕੌਰ ਜ਼ਿਲ੍ਹਾ ਟੀਕਾਕਰਨ ਅਫਸਰ ਤਰਨ ਤਾਰਨ ਤੇ ਡਾਕਟਰ ਸਲਿੰਦਰ ਸਿੰਘ ਐਸਐਮਓ ਮੀਆਂਵਿੰਡ ਦੀ ਯੋਗ ਅਗਵਾਈ ਹੇਠ ਦਸਤ ਰੋਕੂ ਪੰਦਰਵਾੜਾ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ ਇਸ ਮੌਕੇ ਡਾਕਟਰ ਸਲਿੰਦਰ ਸਿੰਘ ਐਸਐਮਓ ਮੀਆਂਵਿੰਡ ਨੇ ਦੱਸਿਆ ਕਿ ਹਰ ਸਾਲ ਜੁਲਾਈ ਮਹੀਨੇ ਵਿੱਚ ਦਸਤ ਰੋਕੂ ਪੰਦਰਵਾੜਾ ਮਨਾਇਆ ਜਾਂਦਾ ਹੈ ਜਿਸ 'ਚ ਛੋਟੇ ਬੱਚਿਆਂ ਨੂੰ ਓਆਰਐਸ ਅਤੇ ਜ਼ਿੰਕ ਦੀਆਂ ਗੋਲੀਆਂ ਵੰਡੀਆਂ ਜਾਂਦੀਆਂ ਹਨ ਤਾਂ ਜੋ ਬਰਸਾਤ ਦੇ ਮੌਸਮ ਵਿੱਚ ਦਸਤ ਲੱਗਣ ਨਾਲ ਬੱਚਿਆਂ 'ਚ ਹੋਣ ਵਾਲੀਆਂ ਮੌਤਾਂ ਨੂੰ ਰੋਕਿਆ ਜਾ ਸਕੇ। ਇਸ ਮੌਕੇ ਤੇਜਿੰਦਰ ਸਿੰਘ ਬੀਈਈ ਨੇ ਦੱਸਿਆ ਕਿ ਪੀਣ ਵਾਲੇ ਪਾਣੀ ਨੂੰ ਉਬਾਲ ਕੇ ਪੀਣਾ ਚਾਹੀਦਾ ਹੈ ਖਾਣਾ ਖਾਣ ਤੋਂ ਪਹਿਲਾਂ ਹੱਥਾਂ ਨੂੰ ਸਾਬਣ ਨਾਲ ਧੋਣਾ ਚਾਹੀਦਾ ਹੈ। ਫਲ ਸਬਜ਼ੀਆਂ ਧੋ ਕੇ ਵਰਤਣੇ ਚਾਹੀਦੇ ਹਨ ਦਸਤ ਲੱਗਣ ਤੇ ਬੱਚੇ ਨੂੰ ਤੁਰੰਤ ਓਆਰਐਸ ਦਾ ਘੋਲ ਅਤੇ ਜ਼ਿੰਕ ਦੀਆਂ ਗੋਲੀਆਂ ਦੇਣੀਆਂ ਸ਼ੁਰੂ ਕਰਨੀਆਂ ਚਾਹੀਦੀਆਂ ਹਨ। ਸਾਰੇ ਸਿਹਤ ਕੇਂਦਰਾਂ ਵਿੱਚ ਓਆਰਐਸ ਅਤੇ ਜ਼ਿੰਕ ਦੀਆਂ ਗੋਲੀਆਂ ਮੁਫਤ ਮਿਲਦੀਆਂ ਹਨ। ਇਸ ਮੌਕੇ ਪਰਮਜੀਤ ਕੌਰ ਐਲਐਚਵੀ, ਸਰਬਜੀਤ ਕੌਰ ਐਲਐਚਵੀ, ਹਰਜੀਤ ਕੌਰ ਐਲਐਚਵੀ, ਪਰਮਬੀਰ ਕੌਰ ਐਲਐਚਵੀ, ਇੰਦਰਜੀਤ ਕੌਰ ਏਐਨਐਮ ਅਤੇ ਆਸ਼ਾ ਫੈਸਿਲੀਟੇਟਰ, ਵਰਕਰਾਂ ਹਾਜ਼ਰ ਸਨ।

# ਲੰਬੜਦਾਰ ਯੂਨੀਅਨ ਗੁਰਦਾਸਪੁਰ ਦੀ ਮੀਟਿੰਗ ਹੋਈ

ਗੁਰਦਾਸਪੁਰ (ਜਨਕ ਮਹਾਜਨ)- ਲੰਬੜਦਾਰ ਯੂਨੀਅਨ ਗੁਰਦਾਸਪੁਰ ਦੀ ਮੀਟਿੰਗ ਹੋਈ ਜਿਸ ਵਿਚ ਸਾਰੀਆਂ ਤਹਿਸੀਲਾਂ ਦੇ ਮੈਂਬਰ ਸਾਹਿਬਾਨ ਨੇ ਵਿਚਾਰ-ਵਟਾਂਦਰਾ ਕੀਤਾ। ਇਸ ਮੌਕੇ ਉਨ੍ਹਾਂ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਕਿ ਮਾਣਭੱਤਾ 5 ਹਜ਼ਾਰ ਰੁਪਏ ਕੀਤਾ ਜਾਵੇ, ਬੱਸਾਂ ਵਿਚ ਪਾਸ ਦੀ ਸਹੂਲਤ ਦਿੱਤੀ ਜਾਵੇ, ਟੋਲ ਪਲਾਜ਼ਾ ਮੁਫ਼ਤ ਕੀਤਾ ਜਾਵੇ, ਐਸਡੀਐਮ. ਸਾਹਿਬ ਨਾਲ 6 ਮਹੀਨਿਆਂ ਵਿਚ ਇਕ ਮੀਟਿੰਗ ਕਰਵਾਈ ਜਾਵੇ। ਮੀਟਿੰਗ ਵਿਚ ਫੈਸਲਾ ਕੀਤਾ ਗਿਆ ਕਿ ਇਕ ਵਫ਼ਦ ਮੁੱਖ ਮੰਤਰੀ ਪੰਜਾਬ ਜਦੋਂ ਗੁਰਦਾਸਪੁਰ ਆਉਣ ਉਨ੍ਹਾਂ ਨਾਲ ਇਸ ਮਸਲਿਆਂ ਸਬੰਧੀ ਮਿਲੇ। ਇਸ ਮੌਕੇ ਪ੍ਰਧਾਨ ਬਲਰਾਜ ਸਿੰਘ, ਯਸ਼ਪਾਲ ਸ਼ਰਮਾ, ਤਰਸੇਮ ਸਿੰਘ, ਜਗੀਰ ਸਿੰਘ, ਪਿਆਰਾ ਸਿੰਘ, ਅਮ੍ਰਿੰਤਪਾਲ ਗੁਨੋਪੁਰ, ਥੜ੍ਹਾ ਰਾਮ, ਕੰਵਲਜੀਤ ਸਿੰਘ ਆਦਿ ਹਾਜ਼ਰ ਸਨ।


## ਕੋਰੋਮੰਡਲ ਇੰਟਰਨੈਸ਼ਨਲ ਲਿਮਿਟੇਡ

ਰਜਿਸਟਰਡ ਦਫ਼ਤਰ: ਕੋਰੋਮੰਡਲ ਹਾਊਸ, 1-2-10, ਸਰਦਾਰ ਪਟੇਲ ਰੋਡ ਸਿਕੰਦਰਾਬਾਦ 500003 ਤੇਲੰਗਾਨਾ, ਭਾਰਤ, CIN: L2410TG1961PLC000892

ਮਿਤੀ 24 ਅਕਤੂਬਰ 2015 ਦੇ ਆਰਡਰ ਨੰਬਰ S.O. 2900 (E) ਦੀ ਪਾਲਣਾ ਕਰਦੇ ਹੋਏ, S.O. 4120 (E) ਇਸਦੀ ਸੋਧ 30 ਦਸੰਬਰ 2017 ਅਤੇ S.O. 2021 (E) ਮਿਤੀ 22 ਜੂਨ 2020, ਖੇਤੀਬਾੜੀ ਸਹਿਕਾਰਿਤਾ ਅਤੇ ਕਿਸਾਨ ਭਲਾਈ ਮੰਤਰਾਲੇ, ਭਾਰਤ ਸਰਕਾਰ ਦੁਆਰਾ ਜਾਰੀ ਕਿੱਤਾ ਗਿਆ ਹੈ। ਕੋਰੋਮੰਡਲ ਇੰਟਰਨੈਸ਼ਨਲ ਲਿਮਿਟੇਡ ਸੂਚਿਤ ਕਰਦਾ ਹੈ ਕੀ ਇਹ ਹੇਠ ਦਿੱਤੀਆਂ ਗਈਆਂ ਵਿਸ਼ੇਸ਼ਤਾਵਾਂ ਦੇ ਅਨੁਸਾਰ ਖਾਦ ਗ੍ਰੇਡਾਂ ਦੇ 100% ਪਾਣੀ ਵਿਚ ਘੁਲਣਸ਼ੀਲ ਮਿਸ਼ਰਣ ਬਨਾਉਣ (ਪਲਾਂਟ:- ਕੋਰੋਮੰਡਲ ਇੰਟਰਨੈਸ਼ਨਲ ਲਿਮਿਟੇਡ, ਬੀਚ ਰੋਡ, ਵਲਕਾਪੁਡੀ (V) ਕਾਕੀਨਾੜਾ, ਆਂਧਰਾ ਪਰਦੇਸ਼) ਅਤੇ ਪੰਜਾਬ ਰਾਜ ਵਿੱਚ ਵੇਚਣ ਦਾ ਇਰਾਦਾ ਰਖਦਾ ਹੈ।

**(1) ਨ:ਪੀ:ਕੇ 19:19:19,** ਨਾਈਟ੍ਰੋਜਨ N-19%, , ਫਾਸਫੋਰਸ $P_2O_5$-19%, ਪੋਟਾਸ਼ੀਅਮ $K_2O$-19% **(2) ਨ:ਪੀ:ਕੇ:ਸ 19:19:19:3,** ਨਾਈਟ੍ਰੋਜਨ N-19%, , ਫਾਸਫੋਰਸ $P_2O_5$-19%, ਪੋਟਾਸ਼ੀਅਮ $K_2O$-19%, ਸਲਫਰ S-3%, **(3) ਨ:ਪੀ:ਕੇ 16:8:24,** ਨਾਈਟ੍ਰੋਜਨ N-16%, , ਫਾਸਫੋਰਸ $P_2O_5$-8%, ਪੋਟਾਸ਼ੀਅਮ $K_2O$-24%, **(4) ਨ:ਪੀ:ਕੇ:ਸ 16:8:24:4.5,** ਨਾਈਟ੍ਰੋਜਨ N-16%, , ਫਾਸਫੋਰਸ $P_2O_5$-8%, ਪੋਟਾਸ਼ੀਅਮ $K_2O$-24%, ਸਲਫਰ S-4.5%, **(5) ਨ:ਪੀ:ਕੇ:ਸ 21:12:16:2,** ਨਾਈਟ੍ਰੋਜਨ N-21%, , ਫਾਸਫੋਰਸ $P_2O_5$-12%, ਪੋਟਾਸ਼ੀਅਮ $K_2O$-16%, ਸਲਫਰ S-2%, **(6) ਨ:ਪੀ:ਕੇ:ਸ 21:12:16:2.5,** ਨਾਈਟ੍ਰੋਜਨ N-21%, , ਫਾਸਫੋਰਸ $P_2O_5$-12%, ਪੋਟਾਸ਼ੀਅਮ $K_2O$-16%, ਸਲਫਰ S-2.5%, **(7) ਨ:ਪੀ:ਕੇ:ਸ 14:5:32:2,** ਨਾਈਟ੍ਰੋਜਨ N-14%, , ਫਾਸਫੋਰਸ $P_2O_5$-5%, ਪੋਟਾਸ਼ੀਅਮ $K_2O$-32%, ਸਲਫਰ S-2%, **(8) ਨ:ਪੀ:ਕੇ:ਸ 14:5:32:4,** ਨਾਈਟ੍ਰੋਜਨ N-14%, , ਫਾਸਫੋਰਸ $P_2O_5$-5%, ਪੋਟਾਸ਼ੀਅਮ $K_2O$-32%, ਸਲਫਰ S-4%, **(9) ਨ:ਪੀ:ਕੇ 10:5:36,** ਨਾਈਟ੍ਰੋਜਨ N-10%, , ਫਾਸਫੋਰਸ $P_2O_5$-5%, ਪੋਟਾਸ਼ੀਅਮ $K_2O$-36% **(10) ਨ:ਪੀ:ਕੇ:ਸ 10:5:36:3.5,** ਨਾਈਟ੍ਰੋਜਨ N-10%, , ਫਾਸਫੋਰਸ $P_2O_5$-5%, ਪੋਟਾਸ਼ੀਅਮ $K_2O$-36%, ਸਲਫਰ S-5%, **(11) ਨ:ਪੀ:ਕੇ:ਸ 8:14:27:4,** ਨਾਈਟ੍ਰੋਜਨ N-8%, , ਫਾਸਫੋਰਸ $P_2O_5$-14%, ਪੋਟਾਸ਼ੀਅਮ $K_2O$-27%, ਸਲਫਰ S-4%, **(12) ਨ:ਪੀ:ਕੇ:ਸ 8:14:27:5,** ਨਾਈਟ੍ਰੋਜਨ N-8%, , ਫਾਸਫੋਰਸ $P_2O_5$-14%, ਪੋਟਾਸ਼ੀਅਮ $K_2O$-27%, ਸਲਫਰ S-5%, **(13) ਨ:ਪੀ:ਕੇ 10:7:35,** ਨਾਈਟ੍ਰੋਜਨ N-10%, , ਫਾਸਫੋਰਸ $P_2O_5$-7%, ਪੋਟਾਸ਼ੀਅਮ $K_2O$-35% **(14) ਨ:ਪੀ:ਕੇ:ਸ 10:7:35:3.5,** ਨਾਈਟ੍ਰੋਜਨ N-10%, , ਫਾਸਫੋਰਸ $P_2O_5$-7%, ਪੋਟਾਸ਼ੀਅਮ $K_2O$-35%, ਸਲਫਰ S-5% **(15) ਨ:ਪੀ:ਕੇ:ਜ਼ਨ:ਬੀ 12:0:35:1:0.3,** ਨਾਈਟ੍ਰੋਜਨ N-12%, , ਫਾਸਫੋਰਸ $P_2O_5$-0%, ਪੋਟਾਸ਼ੀਅਮ $K_2O$-35%, ਜ਼ਿੰਕ Zn-1%, ਬੋਰਾਨ B-0.3% **(16) ਨ:ਪੀ:ਕੇ:ਸ:ਜ਼ਨ:ਬੀ 12:0:35:2.5:1:0.3,** ਨਾਈਟ੍ਰੋਜਨ N-12%, , ਫਾਸਫੋਰਸ $P_2O_5$-0%, ਪੋਟਾਸ਼ੀਅਮ $K_2O$-35%, ਸਲਫਰ S-2.5%, ਜ਼ਿੰਕ Zn-1%, ਬੋਰਾਨ B-0.3% **(17) ਨ:ਪੀ:ਕੇ:ਸ 8:14:31:4,** ਨਾਈਟ੍ਰੋਜਨ N-8%, , ਫਾਸਫੋਰਸ $P_2O_5$-14%, ਪੋਟਾਸ਼ੀਅਮ $K_2O$-31%, ਸਲਫਰ S-4% **(18) ਨ:ਪੀ:ਕੇ:ਸ 8:14:31:5,** ਨਾਈਟ੍ਰੋਜਨ N-8%, , ਫਾਸਫੋਰਸ $P_2O_5$-14%, ਪੋਟਾਸ਼ੀਅਮ $K_2O$-31%, ਸਲਫਰ S-5% **(19) ਨ:ਪੀ:ਕੇ:ਸ 10:8:34:2,** ਨਾਈਟ੍ਰੋਜਨ N-10%, , ਫਾਸਫੋਰਸ $P_2O_5$-8%, ਪੋਟਾਸ਼ੀਅਮ $K_2O$-34%, ਸਲਫਰ S-2% **(20) ਨ:ਪੀ:ਕੇ:ਸ 10:8:34:3.5,** ਨਾਈਟ੍ਰੋਜਨ N-10%, , ਫਾਸਫੋਰਸ $P_2O_5$-8%, ਪੋਟਾਸ਼ੀਅਮ $K_2O$-34%, ਸਲਫਰ S-3.5% **(21) ਨ:ਪੀ:ਕੇ 13:40:13,** ਨਾਈਟ੍ਰੋਜਨ N-13%, , ਫਾਸਫੋਰਸ $P_2O_5$-40%, ਪੋਟਾਸ਼ੀਅਮ $K_2O$-13% **(22) ਨ:ਪੀ:ਕੇ 13:12:26,** ਨਾਈਟ੍ਰੋਜਨ N-13%, , ਫਾਸਫੋਰਸ $P_2O_5$-12%, ਪੋਟਾਸ਼ੀਅਮ $K_2O$-26% **(23) ਨ:ਪੀ:ਕੇ:ਐਮਗਓ:ਸ 10:28:16:3:2,** ਨਾਈਟ੍ਰੋਜਨ N-10%, , ਫਾਸਫੋਰਸ $P_2O_5$-28%, ਪੋਟਾਸ਼ੀਅਮ $K_2O$-16%, , ਮੈਗਨੀਸ਼ੀਅਮ Mgo-3, ਸਲਫਰ S-2% **(24) ਨ:ਪੀ:ਕੇ:ਐਮਗ:ਸ 10:28:16:2:2,** ਨਾਈਟ੍ਰੋਜਨ N-10%, , ਫਾਸਫੋਰਸ $P_2O_5$-28%, ਪੋਟਾਸ਼ੀਅਮ $K_2O$-16%, , ਮੈਗਨੀਸ਼ੀਅਮ Mgo-2, ਸਲਫਰ S-2% **(25) ਨ:ਪੀ:ਕੇ:ਸ 12:0:38:2,** ਨਾਈਟ੍ਰੋਜਨ N-12%, , ਫਾਸਫੋਰਸ $P_2O_5$-0%, ਪੋਟਾਸ਼ੀਅਮ $K_2O$-38%, ਸਲਫਰ S-2% **(26) ਨ:ਪੀ:ਕੇ:ਸ 13:26:13:3,** ਨਾਈਟ੍ਰੋਜਨ N-13%, , ਫਾਸਫੋਰਸ $P_2O_5$-26%, ਪੋਟਾਸ਼ੀਅਮ $K_2O$-13%, ਸਲਫਰ S-3% **(27) ਨ:ਪੀ:ਕੇ:ਸ 9:31:16:2,** ਨਾਈਟ੍ਰੋਜਨ N-9%, , ਫਾਸਫੋਰਸ $P_2O_5$-31%, ਪੋਟਾਸ਼ੀਅਮ $K_2O$-16%, ਸਲਫਰ S-2% **(28) ਨ:ਪੀ:ਕੇ:ਸ 10:0:35:4,** ਨਾਈਟ੍ਰੋਜਨ N-10%, , ਫਾਸਫੋਰਸ $P_2O_5$-0%, ਪੋਟਾਸ਼ੀਅਮ $K_2O$-35%, ਸਲਫਰ S-4% **(29) ਨ:ਪੀ:ਕੇ 11:0:37,** ਨਾਈਟ੍ਰੋਜਨ N-11%, , ਫਾਸਫੋਰਸ $P_2O_5$-0%, ਪੋਟਾਸ਼ੀਅਮ $K_2O$-37% **(30) ਨ:ਪੀ:ਕੇ 10:5:36,** ਨਾਈਟ੍ਰੋਜਨ N-10%, , ਫਾਸਫੋਰਸ $P_2O_5$-5%, ਪੋਟਾਸ਼ੀਅਮ $K_2O$-36% **(31) ਨ:ਪੀ:ਕੇ 12:26:20,** ਨਾਈਟ੍ਰੋਜਨ N-12%, , ਫਾਸਫੋਰਸ $P_2O_5$-26%, ਪੋਟਾਸ਼ੀਅਮ $K_2O$-20% **(32) ਨ:ਪੀ:ਕੇ:ਸ 0:5:26:13,** ਨਾਈਟ੍ਰੋਜਨ N-0%, , ਫਾਸਫੋਰਸ $P_2O_5$-5%, ਪੋਟਾਸ਼ੀਅਮ $K_2O$-26%, ਸਲਫਰ S-13% **(33) ਨ:ਪੀ:ਕੇ:ਸ 5:11:35:5,** ਨਾਈਟ੍ਰੋਜਨ N-5%, , ਫਾਸਫੋਰਸ $P_2O_5$-11%, ਪੋਟਾਸ਼ੀਅਮ $K_2O$-35%, ਸਲਫਰ S-5% **(34) ਨ:ਪੀ:ਕੇ:ਸ 12:19:17:6,** ਨਾਈਟ੍ਰੋਜਨ N-12%, , ਫਾਸਫੋਰਸ $P_2O_5$-19%, ਪੋਟਾਸ਼ੀਅਮ $K_2O$-17%, ਸਲਫਰ S-6% **(35) ਨ:ਪੀ:ਕੇ:ਸ 5:39:19:5,** ਨਾਈਟ੍ਰੋਜਨ N-5%, , ਫਾਸਫੋਰਸ $P_2O_5$-39%, ਪੋਟਾਸ਼ੀਅਮ $K_2O$-19%, ਸਲਫਰ S-5% **(36) ਨ:ਪੀ:ਕੇ:ਸ 14:14:19:7,** ਨਾਈਟ੍ਰੋਜਨ N-14%, , ਫਾਸਫੋਰਸ $P_2O_5$-14%, ਪੋਟਾਸ਼ੀਅਮ $K_2O$-19%, ਸਲਫਰ S-7% **(37) ਨ:ਪੀ:ਕੇ:ਸ 16:24:7:8,** ਨਾਈਟ੍ਰੋਜਨ N-16%, , ਫਾਸਫੋਰਸ $P_2O_5$-24%, ਪੋਟਾਸ਼ੀਅਮ $K_2O$-7%, ਸਲਫਰ S-8% **(38) ਨ:ਪੀ:ਕੇ:ਸ 5:9:32:5,** ਨਾਈਟ੍ਰੋਜਨ N-5%, , ਫਾਸਫੋਰਸ $P_2O_5$-9%, ਪੋਟਾਸ਼ੀਅਮ $K_2O$-32%, ਸਲਫਰ S-5% **(39) ਨ:ਪੀ:ਕੇ:ਸ 10:29:14:2,** ਨਾਈਟ੍ਰੋਜਨ N-10%, , ਫਾਸਫੋਰਸ $P_2O_5$-29%, ਪੋਟਾਸ਼ੀਅਮ $K_2O$-14%, ਸਲਫਰ S-2% **(40) ਨ:ਪੀ:ਕੇ:ਸ 11:21:21:3,** ਨਾਈਟ੍ਰੋਜਨ N-11%, , ਫਾਸਫੋਰਸ $P_2O_5$-21%, ਪੋਟਾਸ਼ੀਅਮ $K_2O$-21%, ਸਲਫਰ S-3% **(41) ਨ:ਪੀ:ਕੇ:ਸ 5:15:34:6,** ਨਾਈਟ੍ਰੋਜਨ N-5%, , ਫਾਸਫੋਰਸ $P_2O_5$-15%, ਪੋਟਾਸ਼ੀਅਮ $K_2O$-34%, ਸਲਫਰ S-6% **(42) ਨ:ਪੀ:ਕੇ:ਸ 5:5:41:8,** ਨਾਈਟ੍ਰੋਜਨ N-5%, , ਫਾਸਫੋਰਸ $P_2O_5$-5%, ਪੋਟਾਸ਼ੀਅਮ $K_2O$-41%, ਸਲਫਰ S-8% **(43) ਨ:ਪੀ:ਕੇ:ਸ 6:0:31:7,** ਨਾਈਟ੍ਰੋਜਨ N-6%, ਫਾਸਫੋਰਸ $P_2O_5$-0%, ਪੋਟਾਸ਼ੀਅਮ $K_2O$-31%, ਸਲਫਰ S-7% **(44) ਨ:ਪੀ:ਕੇ:ਸ 5:9:29:2,** ਨਾਈਟ੍ਰੋਜਨ N-5%, , ਫਾਸਫੋਰਸ $P_2O_5$-9%, ਪੋਟਾਸ਼ੀਅਮ $K_2O$-29%, ਸਲਫਰ S-2% **(45) ਨ:ਪੀ:ਕੇ:ਸ 5:0:29:12,** ਨਾਈਟ੍ਰੋਜਨ N-5%, , ਫਾਸਫੋਰਸ $P_2O_5$-0%, ਪੋਟਾਸ਼ੀਅਮ $K_2O$-29%, ਸਲਫਰ S-12% **(46) ਨ:ਪੀ:ਕੇ:ਸ 5:0:31:10,** ਨਾਈਟ੍ਰੋਜਨ N-5%, , ਫਾਸਫੋਰਸ $P_2O_5$-0%, ਪੋਟਾਸ਼ੀਅਮ $K_2O$-31%, ਸਲਫਰ S-10% **(47) ਨ:ਪੀ:ਕੇ 18:18:18,** ਨਾਈਟ੍ਰੋਜਨ N-18%, , ਫਾਸਫੋਰਸ $P_2O_5$-18%, ਪੋਟਾਸ਼ੀਅਮ $K_2O$-18% **(48) ਨ:ਪੀ:ਕੇ 28:28:0,** ਨਾਈਟ੍ਰੋਜਨ N-28%, , ਫਾਸਫੋਰਸ $P_2O_5$-28%, ਪੋਟਾਸ਼ੀਅਮ $K_2O$-28% **(49) ਨ:ਪੀ:ਕੇ 24:24:0,** ਨਾਈਟ੍ਰੋਜਨ N-24%, , ਫਾਸਫੋਰਸ $P_2O_5$-24%, ਪੋਟਾਸ਼ੀਅਮ $K_2O$-0%

ਉਪਰੋਕਤ ਸਾਰੀਆਂ ਗ੍ਰੇਡਾਂ ਵਿੱਚ, (ੳ) ਨਮੀ ਦਾ ਵਜ਼ਨ ਪ੍ਰਤੀਸ਼ਤ ਵਿੱਚ, ਵੱਧ ਤੋਂ ਵੱਧ: 0.5% (ਅ) ਕੁੱਲ ਕਲੋਰਾਈਡ ਦਾ ਵਜ਼ਨ ਪ੍ਰਤੀਸ਼ਤ ਵਿੱਚ, ਵੱਧ ਤੋਂ ਵੱਧ: 1.5% (ੲ) ਸੋਡੀਅਮ (Nacl) ਦਾ ਵਜ਼ਨ ਪ੍ਰਤੀਸ਼ਤ ਵਿੱਚ, ਵੱਧ ਤੋਂ ਵੱਧ: 0.5% (ਸ) ਪਾਣੀ ਵਿੱਚ ਘੁਲਣਸ਼ੀਲ ਪਦਾਰਥ ਦਾ ਵਜ਼ਨ ਪ੍ਰਤੀਸ਼ਤ ਵਿੱਚ, ਵੱਧ ਤੋਂ ਵੱਧ: 0.5% (ਹ) ਲੈਡ (Pb) ਦਾ ਵਜ਼ਨ ਪ੍ਰਤੀਸ਼ਤ ਵਿੱਚ, ਵੱਧ ਤੋਂ ਵੱਧ: 0.003% (ਕ) ਕੈਡਮੀਅਮ (Cd) ਦਾ ਵਜ਼ਨ ਪ੍ਰਤੀਸ਼ਤ ਵਿੱਚ, ਵੱਧ ਤੋਂ ਵੱਧ: 0.0025% (ਖ) ਆਰਸੈਨਿਕ (As) ਦਾ ਵਜ਼ਨ ਪ੍ਰਤੀਸ਼ਤ ਵਿੱਚ ਵੱਧ ਤੋਂ ਵੱਧ: 0.01%

ਈਮੇਲ : mail@coromandel.murugappa.com
ਵੈੱਬ : www.coromandel.biz
ਟੈਲੀਫੋਨ : 91-40-27842034/27847212, ਫੈਕਸ : 91-40-27844117


# ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਵੱਲੋਂ 9 ਕੇਸਾਂ ਦਾ ਨਿਪਟਾਰਾ



ਗੁਰਦਾਸਪੁਰ (ਜਨਕ ਮਹਾਜਨ)-ਸ਼੍ਰੀ ਰਜਿੰਦਰ ਅਗਰਵਾਲ ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੁਮਿੱਤ ਭੱਲਾ, ਸਿਵਲ ਜੱਜ (ਸੀਨੀਅਰ ਡਵੀਜ਼ਨ)/ਸੀ.ਜੇ.ਐਮ.-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਵਲੋਂ ਕੇਂਦਰੀ ਜੇਲ ਗੁਰਦਾਸਪੁਰ ਵਿਚ ਸਪੈਸ਼ਲ ਕੈਂਪ ਕੋਰਟ ਲਗਾਈ ਗਈ।

ਇਸ ਕੈਂਪ ਕੋਰਟ ਦੌਰਾਨ ਸੁਮਿੱਤ ਭੱਲਾ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਦੁਆਰਾ 9 ਕੇਸਾਂ ਦਾ ਨਿਪਟਾਰਾ ਕੀਤਾ ਗਿਆ। ਇਸ ਕੈਂਪ ਕੋਰਟ ਵਿੱਚ ਅਦਾਲਤਾਂ ਵਿੱਚ ਚੱਲ ਰਹੇ ਛੋਟੇ ਕੇਸਾਂ ਦਾ ਨਿਪਟਾਰਾ ਕੀਤਾ ਗਿਆ ਅਤੇ ਸੁਮਿੱਤ ਭੱਲਾ ਦੁਆਰਾ ਹਵਾਲਾਤੀਆਂ ਨੂੰ ਸੇਧ ਦਿੱਤੀ ਗਈ ਕਿ ਉਹ ਚੰਗਾ ਕਿੱਤਾ ਅਪਨਾਉਣ ਤੇ ਦੁਬਾਰਾ ਕੋਈ ਵੀ ਗੈਰ-ਕਾਨੂੰਨੀ ਕੰਮ ਨਾ ਕਰਨ।

# ਲਾਰਡਜ਼ ਮਾਰਕ ਇੰਡਸਟਰੀਜ਼ ਵੱਲੋਂ ਲਾਰਡਜ਼ ਮਾਰਕ ਮਾਈਕ੍ਰੋਬਾਇਓਟੈਕ ਜਾਰੀ

ਲੁਧਿਆਣਾ:ਲਾਰਡਜ਼ ਮਾਰਕ ਇੰਡਸਟਰੀਜ਼ ਜੋ ਕਿ ਇੱਕ ਪ੍ਰਮੁੱਖ ਵਿਭਿੰਨ ਵਪਾਰਕ ਸਮੂਹ ਹੈ, ਨੇ ਆਪਣੀ ਪਹਿਲੀ ਆਨਲਾਈਨ ਲੈਬ ਨਾਲ ਭਾਰਤ ਵਿੱਚ ਜੀਨੋਮ ਟੈਸਟਿੰਗ ਨੂੰ ਚੈਂਪੀਅਨ ਬਣਾਉਣ ਲਈ ਇੱਕ ਨਵੀਂ ਪੂਰੀ ਮਲਕੀਅਤ ਵਾਲੀ ਸਹਾਇਕ ਕੰਪਨੀ ਲਾਰਡਜ ਮਾਰਕ ਮਾਈਕ੍ਰੋਬਾਇਓਟੈਕ ਲਾਂਚ ਕੀਤੀ ਹੈ। ਲਾਰਡਜ਼ ਮਾਰਕ ਇੰਡਸਟਰੀਜ਼ ਦੁਆਰਾ ਕਾਰੋਬਾਰ ਵਿੱਚ ਉੱਤਮਤਾ ਦੇ 25 ਸਾਲਾਂ ਦੇ ਸਫਲਤਾਪੂਰਵਕ ਸੰਪੂਰਨ ਹੋਣ 'ਤੇ ਜਸ਼ਨਾਂ ਦੇ ਹਿੱਸੇ ਵਜੋਂ ਨਵੀਂ ਸਹਾਇਕ ਕੰਪਨੀ ਦੀ ਸਥਾਪਨਾ ਕੀਤੀ ਗਈ ਹੈ।

ਇਸ ਮੌਕੇ ਗੱਲ ਕਰਦਿਆਂ ਸਚਿਦਾਨ ਅਤੇ ਉਪਾਧਿਆਏ, ਲਾਰਡਸ ਮਾਰਕ ਇੰਡਸਟਰੀਜ ਦੇ ਸੰਸਥਾਪਕ ਨੇ ਕਿਹਾ ਕਿ ਜੀਨੋਮ ਟੈਸਟਿੰਗ ਭਾਰਤ ਵਿੱਚ ਸਿਹਤ ਸੰਭਾਲ ਵਿੱਚ ਕ੍ਰਾਂਤੀ ਲਿਆਉਣ ਦੀ ਸਮਰੱਥਾ ਵਾਲਾ ਇੱਕ ਦਿਲਚਸਪ ਨਵਾਂ ਖੇਤਰ ਹੈ।

ਇਸ ਸੰਦਰਭ ਵਿੱਚ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਇਸ ਨਵੀਂ ਸਹਾਇਕ ਕੰਪਨੀ ਦੀ ਸ਼ੁਰੂਆਤ ਲਾਰਡਜ਼ ਮਾਰਕ ਇੰਡਸਟਰੀਜ਼ ਦੁਆਰਾ ਕਾਰੋਬਾਰ ਵਿੱਚ ਉੱਤਮਤਾ ਦੇ 25 ਸਾਲ ਪੂਰੇ ਹੋਣ ਦੇ ਨਾਲ ਮੇਲ ਖਾਂਦੀ ਹੈ।

# ਸ੍ਰੀ ਗੁਰੂ ਅਰਜਨ ਦੇਵ ਸਰਕਾਰੀ ਕਾਲਜ ਤਰਨਤਾਰਨ ਦੇ ਪਾੜ੍ਹੇ ਛਾਏ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਗੁਰੂ ਨਾਨਕ ਦੇਵ ਯੂਨੀਵਰਸਿਟੀ ਵਲੋਂ ਬੀਸੀਏ ਸਮੈਸਟਰ ਛੇਵੇਂ ਦੀਆਂ ਪ੍ਰੀਖਿਆਵਾਂ ਮਈ 2023 ਦੇ ਨਤੀਜੇ ਐਲਾਨੇ ਗਏ ਜਿਸ ਵਿੱਚ ਸ੍ਰੀ ਗੁਰੂ ਅਰਜਨ ਦੇਵ ਸਰਕਾਰੀ ਕਾਲਜ ਤਰਨਤਾਰਨ ਦਾ ਨਤੀਜਾ 100 ਪ੍ਰਤੀਸ਼ਤ ਰਿਹਾ। ਕਾਲਜ ਦੇ ਵਿਦਿਆਰਥੀਆਂ ਰਣਜੀਤ ਕੌਰ ਨੇ 85 ਪ੍ਰਤੀਸ਼ਤ ਅੰਕ, ਜਸਵਿੰਦਰ ਕੌਰ ਨੇ 82 ਪ੍ਰਤੀਸ਼ਤ, ਰੁਪਿੰਦਰ ਕੌਰ, ਸੰਜਨਾ ਪੁਰੀ ਤੇ ਗੁਰਪ੍ਰੀਤ ਕੌਰ ਨੇ 81 ਪ੍ਰਤੀਸ਼ਤ, ਕਰਨਬੀਰ ਸਿੰਘ ਨੇ 79 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਆਪਣੇ ਪਰਿਵਾਰ ਅਤੇ ਕਾਲਜ ਦਾ ਨਾਮ ਰੌਸ਼ਨ ਕੀਤਾ।

ਕਾਲਜ ਪ੍ਰਿੰਸੀਪਲ ਜੋਤੀ ਬਾਲਾ ਵਲੋਂ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ ਗਈ ਅਤੇ ਭਵਿੱਖ ਵਿੱਚ ਹੋਰ ਮਿਹਨਤ ਕਰਕੇ ਵਧੀਆ ਨੌਕਰੀਆਂ ਪ੍ਰਾਪਤ ਲਈ ਪ੍ਰੇਰਿਤ ਕੀਤਾ ਗਿਆ।

ਵਿਦਿਆਰਥੀਆਂ ਵਲੋਂ ਆਪਣੇ ਵਿਸ਼ੇ ਦੇ ਅਧਿਆਪਕਾਂ ਪ੍ਰਭਜੋਤ ਕੌਰ ਸੂਦ, ਜਸਜੀਤ ਸਿੰਘ ਅਤੇ ਪ੍ਰੀਤਇੰਦਰ ਸਿੰਘ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ।

ਇਸ ਮੌਕੇ ਕਾਲਜ ਦੇ ਪ੍ਰੋ. ਰਮਨਦੀਪ ਕੌਰ, ਪ੍ਰੋ. ਰਿਤੂ ਅਤੇ ਤਰਨਜੀਤ ਕੌਰ ਹਾਜ਼ਰ ਸਨ।

# ਠੇਕਾ ਆਧਾਰਤ ਸਿਹਤ ਮੁਲਾਜ਼ਮਾਂ ਦੀ ਭੁੱਖ ਹੜਤਾਲ ਤੀਜੇ ਦਿਨ ਵੀ ਜਾਰੀ



ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)- ਸਿਵਲ ਹਸਪਤਾਲ ਪੱਟੀ ਵਿਖੇ ਤਾਲਮੇਲ ਕਮੇਟੀ ਪੈਰਾਮੈਡੀਕਲ ਅਤੇ ਹੈਲਥ ਇੰਪਲਾਈਜ਼ ਪੰਜਾਬ ਵੱਲੋਂ ਸਿਵਲ ਹਸਪਤਾਲ ਪੱਟੀ ਵਿਖੇ ਤੀਸਰੇ ਦਿਨ ਬਲਜੀਤ ਕੌਰ, ਗੁਰਜੀਤ ਕੌਰ, ਰਾਜ ਕੌਰ, ਕਾਲਾ ਰਾਮ ਪਿਛਲੇ 7, 8 ਮਹੀਨਿਆਂ ਤੋਂ ਰੁਕੀਆਂ ਤਨਖਾਹਾਂ ਲੈਣ ਲਈ ਭੁੱਖ ਹੜਤਾਲ 'ਤੇ ਬੈਠੇ ਹੋਏ ਹਨ। ਇਹ ਕਰਮਚਾਰੀ ਆਊਟਸੋਰਸਿੰਗ ਠੇਕਾ ਅਧਾਰਿਤ ਪਿਛਲੇ ਲੰਮੇ ਸਮੇਂ ਤੋਂ ਸਫਾਈ ਸੇਵਕ ਦਾ ਕੰਮ ਕਰਦੇ ਆ ਰਹੇ ਹਨ। ਉਨ੍ਹਾਂ ਦੱਸਿਆ ਕਿ ਤਨਖਾਹਾਂ ਨਾ ਮਿਲਣ ਕਾਰਨ ਘਰਾਂ ਦਾ ਰਾਸ਼ਨ ਉਧਾਰ ਲੈ ਕੇ ਅੱਕ ਚੁੱਕੇ ਹਨ। ਹੁਣ ਤਾਂ ਦੁਕਾਨਦਾਰ ਵੀ ਉਧਾਰ ਨਹੀਂ ਦਿੰਦੇ। ਜੇਕਰ ਇਹ ਹੀ ਹਾਲ ਰਿਹਾ ਤਾਂ ਬੱਚਿਆਂ ਦੀਆਂ ਫੀਸਾਂ ਵੀ ਨਹੀਂ ਭਰੀਆਂ ਜਾਣੀਆਂ। ਇਨ੍ਹਾਂ ਮੁਲਾਜ਼ਮਾਂ ਨੂੰ ਡੀਸੀ ਰੇਟ ਮੁਤਾਬਕ ਤਨਖਾਹ ਨਹੀਂ ਦਿੱਤੀ ਜਾ ਰਹੀ। ਪ੍ਰਤੀ ਮਹੀਨਾ ਤਨਖਾਹ ਸੱਤ ਹਜ਼ਾਰ ਰੁਪਏ ਮਿਲ ਰਹੀ ਹੈ, ਬਾਕੀ ਪੈਸੇ ਠੇਕੇਦਾਰ ਦਾ ਕਰਿੰਦਾ ਉਨ੍ਹਾਂ ਸਫਾਈ ਸੇਵਕਾਂ ਤੋਂ ਲੈ ਲੈਂਦਾ ਹੈ। ਬੈਂਕ ਦੀਆਂ ਕਾਪੀਆਂ ਵੀ ਆਪਣੇ ਕੋਲ ਰੱਖਦਾ ਹੈ। ਸਫਾਈ ਸੇਵਕਾਂ ਨੂੰ ਨੌਕਰੀ ਤੋਂ ਵੀ ਜਵਾਬ ਦਿੱਤਾ ਹੋਇਆ। ਉਨ੍ਹਾਂ ਤਨਖਾਹਾਂ ਦੀ ਪ੍ਰਾਪਤੀ ਅਤੇ ਨੌਕਰੀਆਂ ਤੋਂ ਕੱਢੇ ਮੁਲਾਜ਼ਮ ਬਹਾਲ ਕੀਤੇ ਜਾਣ ਤੱਕ ਸੰਘਰਸ਼ ਜਾਰੀ ਰੱਖਣ ਦੀ ਚਿਤਾਵਨੀ ਦਿੱਤੀ।

ਇਸ ਰੈਲੀ ਨੂੰ ਜ਼ਿਲਾ ਕਨਵੀਨਰ ਤਾਲਮੇਲ ਕਮੇਟੀ ਪੈਰਾ ਮੈਡੀਕਲ ਅਤੇ ਹੈਲਥ ਇੰਪਲਾਈਜ਼ ਸਰਬਜੀਤ ਸਿੰਘ ਪੰਜਾਬ ਸੁਬਾਰਡੀਨੇਟ ਸਰਵਸਿਜ਼ ਫੈਡਰੇਸ਼ਨ ਦੇ ਪ੍ਰਧਾਨ ਜੋਗਾ ਸਿੰਘ, ਸੁਖਜਿੰਦਰ ਸਿੰਘ, ਰਾਜ ਸਿੰਘ, ਇਸਤਰੀ ਮੁਕਤੀ ਮੋਰਚਾ ਦੇ ਜ਼ਿਲ੍ਹਾ ਸਕੱਤਰ ਨਰਿੰਦਰ ਕੌਰ, ਪੰਜਾਬ ਨਿਰਮਾਣ ਮਜ਼ਦੂਰ ਯੂਨੀਅਨ ਦੇ ਜ਼ਿਲਾ ਕਨਵੀਨਰ ਧਰਮ ਸਿੰਘ ਪੱਟੀ, ਗੁਰਵਿੰਦਰ ਸਿੰਘ, ਓਮ ਪ੍ਰਕਾਸ਼, ਮਨਜੀਤ ਕੌਰ, ਅਮਨਦੀਪ ਸਿੰਘ, ਪਵਨ ਅਤੇ ਸੰਦੀਪ ਜੋਸ਼ੀ ਆਦਿ ਹਾਜ਼ਰ ਸਨ।

# ਚੋਰਾਂ ਤੋਂ ਸਾਮਾਨ ਬਰਾਮਦ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਇੰਸ: ਕਰਨੈਲ ਸਿੰਘ ਮੁੱਖ ਅਫਸਰ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਦੀ ਨਿਗਰਾਨੀ ਹੇਠ ਏ ਐਸ ਆਈ ਸੰਜੀਵ ਸਿੱਧੂ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਨੇ ਸਮੇਤ ਸਾਥੀ ਕ੍ਰਮਚਾਰੀਆਂ ਗਸ਼ਤ ਦੇ ਦੌਰਾਨ ਵਰਿੰਦਰਜੀਤ ਸਿੰਘ, ਉਰਫ ਸਾਬੀ ਪੁੱਤਰ ਸਵਰਨ ਸਿੰਘ ਵਾਸੀ ਬਸੀ ਜਾਨਾ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਅਤੇ ਕੁਲਵਿੰਦਰ ਸਿੰਘ ਉਰਫ ਕਿੰਦਰ ਪੁੱਤਰ ਅਵਤਾਰ ਸਿੰਘ ਵਾਸੀ ਪਿੰਡ ਮੁੰਡੀਆ ਰੰਗੜਾ ਥਾਣਾ ਬੁਲੋਵਾਲ ਜ਼ਿਲ੍ਹਾ ਹੁਸ਼ਿਆਰਪੁਰ ਨੂੰ ਕਾਬੂ ਕਰਕੇ, ਇਨ੍ਹਾਂ ਪਾਸੋਂ ਚੋਰੀ ਸ਼ੁਦਾ 7 ਟਾਇਰ ਸਮੇਤ ਰਿੰਮ ਅਤੇ 2 ਬਰੇਕ ਡਰੱਮ ਬਰਾਮਦ ਕੀਤੇ ਜੋ ਇਨ੍ਹਾਂ ਨੇ ਕ੍ਰਿਸ਼ਨਾ ਟਰਸਪੋਰਟ ਕੰਪਨੀ ਟਾਂਡਾ ਰੋਡ ਹਰਦੋਖਾਨਪੁਰ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਤੋਂ ਚੋਰੀ ਕੀਤੇ ਸਨ। ਜਿਸ ਸਬੰਧੀ ਟਰੱਕ ਮਾਲਕ ਪ੍ਰੇਮ ਕੁਮਾਰ ਪੁੱਤਰ ਭੀਮ ਸੈਨ ਵਾਸੀ 9/67 ਨਿਊ ਵਿਜੇ ਨਗਰ ਨਜਦੀਕ ਫੁੱਟਬਾਲ ਚੌਕ ਜਲੰਧਰ ਸਿਟੀ ਥਾਣਾ ਡਵੀਜਨ ਨੰਬਰ 4 ਜਲੰਧਰ ਦੇ ਬਿਆਨ 'ਤੇ ਪਹਿਲਾਂ ਹੀ ਮੁੱਕਦਮਾ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਦਰਜ ਕੀਤਾ ਗਿਆ ਹੈ।

# ਜ਼ਿਲ੍ਹਾ ਸੇਵਾਵਾਂ ਅਥਾਰਟੀ ਵੱਲੋਂ ਵੱਖ-ਵੱਖ ਅਫ਼ਸਰਾਂ ਨਾਲ ਮੀਟਿੰਗ



ਤਰਨ ਤਾਰਨ (ਪ੍ਰਿਤਪਾਲ ਸਿੰਘ)- ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਪ੍ਰਿਆ ਸੂਦ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪ੍ਰਤਿਮਾ ਅਰੋੜਾ ਚੀਫ਼ ਜ_ ਡ ਿਸ਼ ੀ ਅ ਲ ਮੈਜਿਸਟ੍ਰੇਟ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਦੀ ਅਗਵਾਈ ਹੇਠ ਜ਼ਿਲ੍ਹਾ ਕਚਹਿਰੀਆਂ ਤਰਨ ਤਾਰਨ ਵਿਖੇ ਜ਼ਿਲ੍ਹਾ ਤਰਨ ਤਾਰਨ ਦੇ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ, ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ, ਜ਼ਿਲ੍ਹਾ ਸਿੱਖਿਆ ਅਫ਼ਸਰ, ਬਾਲ ਵਿਕਾਸ ਅਤੇ ਪ੍ਰੋਗਰਾਮ ਅਫ਼ਸਰ ਨਾਲ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਦੀ ਪਬਲੀਸਿਟੀ ਕਿਵੇਂ ਵੱਧ ਤੋਂ ਵੱਧ ਕੀਤੀ ਜਾ ਸਕਦੀ ਹੈ ਇਸ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਸਭ ਨੇ ਆਪਣੇ ਸੁਝਾਅ ਦਿੱਤੇ। ਮਾਨਯੋਗ ਜੱਜ ਸਾਹਿਬ ਨੇ ਦੱਸਿਆ ਕਿ ਨਾਲਸਾ ਦੀਆਂ ਸਕੀਮਾਂ ਜਿਵੇਂ ਪੰਜਾਬ ਦੇ ਅਪਰਾਧ ਪੀੜਤਾਂ ਅਤੇ ਉਨਾਂ 'ਤੇ ਨਿਰਭਰਾਂ ਲਈ ਮੁਆਵਜ਼ਾ ਸਕੀਮ, 2011, ਸੜਕ ਦੁਰਘਟਨਾ ਦੇ ਪੀੜਤਾਂ ਦੀ ਮਦਦ, ਲੋਕ ਅਦਾਲਤਾਂ, ਮੀਡੀਏਸ਼ਨ ਸੈਂਟਰਾਂ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਵੱਲੋਂ ਮੁਫਤ ਕਾਨੂੰਨੀ ਸਹਾਇਤਾ, ਵਿਕਲਾਂਗ ਵਿਅਕਤੀ ਅਧਿਕਾਰ ਐਕਟ, ਬੱਚਿਆਂ ਨੂੰ ਸਰੀਰਕ ਸ਼ੋਸ਼ਣ ਨੂੰ ਬਚਾਉਣ ਲਈ 2012, ਬਾਰੇ ਵੱਧ ਤੋਂ ਵੱਧ ਪਬਲੀਸਿਟੀ ਕਰਨ ਲਈ ਪ੍ਰੇਰਿਤ ਕੀਤਾ ਗਿਆ। ਇਸ ਤੋਂ ਇਲਾਵਾ 09 ਸਤੰਬਰ ਨੂੰ ਨੈਸ਼ਨਲ ਲੋਕ ਅਦਾਲਤ ਲੱਗਣੀ ਹੈ, ਜਿਸ ਦੀ ਪਬਲੀਸਿਟੀ ਅਤੇ ਉਸ ਵਿੱਚ ਵੱਧ ਤੋਂ ਵੱਧ ਕੇਸਾਂ ਦਾ ਨਿਪਟਾਰਾ ਕਿਵੇਂ ਹੋ ਸਕਦਾ ਹੈ, ਇਸ ਬਾਰੇ ਵੀ ਚਰਚਾ ਕੀਤੀ ਗਈ। ਅੰਤ ਵਿੱਚ ਪ੍ਰਤਿਮਾ ਅਰੋੜਾ, ਚੀਫ਼ ਜੁਡੀਸ਼ੀਅਲ ਮੈਜਿਸਟਰੇਟ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਨੇ ਮੀਟਿੰਗ ਵਿੱਚ ਆਏ ਮੈਂਬਰਾਂ ਦਾ ਧੰਨਵਾਦ ਕੀਤਾ।

# ਭਾਰੀ ਮੀਂਹ ਕਿਸਾਨਾਂ ਨੇ ਝੋਨੇ ਦੀ ਫਸਲ ਵਾਸਤੇ ਲਾਭਕਾਰੀ ਦੱਸਿਆ



**ਫਿਲੌਰ (ਨਿਰਮਲ)**

ਇਲਾਕੇ ਵਿੱਚ 5-6 ਘੰਟੇ ਲਗਾਤਾਰ ਵਰਖਾ ਹੋਈ। ਜਿਸ ਕਾਰਨ ਲੋਕਾਂ ਨੂੰ ਗਰਮੀ ਤੋਂ ਰਾਹਤ ਮਿਲੀ। ਕਿਸਾਨ ਆਗੂ ਹਰਜੀਤ ਸਿੰਘ ਢੇਸੀ ਨੇ ਦੱਸਿਆ ਕਿ ਇਹ ਵਰਖਾ ਝੋਨੇ ਦੀ ਫਸਲ ਵਾਸਤੇ ਬਹੁਤ ਲਾਭਕਾਰੀ ਹੈ। ਬਿਜਲੀ, ਡੀਜਲ ਦੀ ਬੱਚਤ ਹੋਈ ਹੈ। ਮੀਂਹ ਕਾਰਨ ਕਿਸਾਨਾਂ ਨੂੰ ਭਾਰੀ ਰਾਹਤ ਮਿਲੀ ਹੈ। ਸ਼ਹਿਰ ਦੀਆਂ ਸੜਕਾਂ ਪਾਣੀ ਨਾਲ ਭਰ ਗਈਆਂ, ਸੀਵਰੇਜ ਬਹੁਤ ਛੋਟਾ ਹੈ,ਜੋ ਅੱਜ ਤੋਂ 25-30 ਸਾਲ ਪਹਿਲਾਂ ਪਾਇਆ ਗਿਆ ਸੀ ਉਸ ਵੇਲੇ ਘਰਾਂ ਵਿੱਚ ਨਲਕੇ ਹੀ ਹੁੰਦੇ ਸਨ। ਆਬਾਦੀ ਘੱਟ ਸੀ,ਅੱਜ ਘਰਾਂ ਵਿੱਚ ਵਾਟਰ ਸਪਲਾਈ ਹੈ। ਸੀਵਰੇਜ ਦਾ ਪਾਣੀ ਬਰਸਾਤੀ ਪਾਣੀ ਸੜਕਾਂ ਗਲੀਆਂ ਵਿੱਚ ਖੜਾ ਹੋ ਜਾਂਦਾ ਹੈ। ਲੋਕ ਲਾਂਘਾ ਔਖਾ ਹੋ ਜਾਂਦਾ ਹੈ। ਆਵਾਜਾਈ ਵਿੱਚ ਵਿਘਨ ਪੈ ਜਾਂਦਾ ਹੈ। ਨੇੜਲੇ ਪਿੰਡਾਂ ਅਕਲਪੁਰ, ਮੁਠੱਡਾ, ਨਗਰ, ਛਿਛੋਵਾਲ, ਸੈਫਾਬਾਦ, ਗੰਨਾ ਪਿੰਡ, ਰਾਮਗੜ੍ਹ ਨੰਗਲ, ਜਗਤਪੁਰਾ ਆਦਿ ਤੋਂ ਵੀ ਮੀਂਹ ਦੇ ਸਮਾਚਾਰ ਮਿਲੇ ਹਨ।

# 3 ਮੋਟਰਸਾਈਕਲ ਚੋਰ ਗ੍ਰਿਫਤਾਰ



**ਟਾਂਡਾ ਉੜਮੁੜ, (ਜਸਵਿੰਦਰ ਸੰਧੂ , ਉਂਕਾਰ ਸਿੰਘ)**

ਟਾਂਡਾ ਪੁਲਸ ਨੇ ਮੋਟਰਸਾਈਕਲ ਚੋਰੀ ਕਰਨ ਵਾਲੇ 3 ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਹੈ। ਐਸ.ਆਈ ਪਰਵਿੰਦਰ ਸਿੰਘ, ਮੁੱਖ ਅਫਸਰ, ਥਾਣਾ ਟਾਂਡਾ ਨੇ ਦੱਸਿਆ ਕਿ ਕੁਲਵੰਤ ਸਿੰਘ ਡੀ.ਐਸ.ਪੀ ਟਾਂਡਾ ਦੀ ਅਗਵਾਈ ਹੇਠ ਏ.ਐਸ.ਆਈ ਰਾਜੇਸ਼ ਕੁਮਾਰ, ਇੰਚਾਰਜ ਚੌਕੀ ਸਰਾਂ, ਥਾਣਾ ਟਾਂਡਾ ਸਮੇਤ ਪੁਲਸ ਪਾਰਟੀ ਨੇ ਮੋਟਰਸਾਈਕਲ ਚੋਰੀ ਕਰਨ ਵਾਲੇ 3 ਵਿਅਕਤੀਆਂ ਨੂੰ ਕਾਬੂ ਕਰਕੇ ਉਹਨਾਂ ਪਾਸੋਂ ਚੋਰੀ ਸ਼ੁਦਾ ਮੋਟਰਸਾਈਕਲ ਨੰਬਰੀ PB08-AW-0147 ਬ੍ਰਾਮਦ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਅਮਨਦੀਪ ਸਿੰਘ ਪੁੱਤਰ ਚਮਨ ਲਾਲ ਧਮੂਲੀ ਥਾਣਾ ਭੋਗਪੁਰ, ਜ਼ਿਲ੍ਹਾ ਜਲੰਧਰ, ਗੁਰਦੀਪ ਸਿੰਘ ਪੁੱਤਰ ਧਰਮ ਸਿੰਘ ਵਾਸੀ ਅਹੀਆਪੁਰ, ਥਾਣਾ ਟਾਂਡਾ ਅਤੇ ਅਜੇ ਕੁਮਾਰ ਪੁੱਤਰ ਮੰਗਤ ਰਾਮ ਵਾਸੀ ਘੋੜੇਵਾਹਾ ਹੋਈ ਹੈ। ਟਾਂਡਾ ਪੁਲਸ ਨੇ ਇਨ੍ਹਾਂ ਖਿਲਾਫ ਮੁਕੱਦਮਾ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਸਿੱਖਿਆ ਮੰਤਰੀ ਵੱਲੋਂ ਸਮਰ ਕੈਂਪ ਦਾ ਅਚਨਚੇਤ ਦੌਰਾ

**ਮੋਹਾਲੀ, (ਗੁਰਜੀਤ ਬਿੱਲਾ)**

ਪੰਜਾਬ ਦੇ ਸਕੂਲ ਅਤੇ ਉੱਚ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਇੱਥੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਸੂਬੇ ਦੇ ਸਰਕਾਰੀ ਸਕੂਲਾਂ ਨੂੰ ਨਿੱਜੀ ਸਕੂਲਾਂ ਦੇ ਬਰਾਬਰ ਲਿਆਉਣ ਦੀ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ। ਉਨ੍ਹਾਂ ਸਰਕਾਰੀ ਸਮਾਰਟ ਪ੍ਰਾਇਮਰੀ ਸਕੂਲ ਅਤੇ ਸਰਕਾਰੀ ਸਮਾਰਟ ਮਿਡਲ ਸਕੂਲ, ਫੇਜ-2, ਮੋਹਾਲੀ ਦੇ ਅਚਨਚੇਤ ਦੌਰੇ ਦੌਰਾਨ ਸਕੂਲਾਂ ਵਿੱਚ ਚੱਲ ਰਹੇ ਸਮਰ ਕੈਂਪਾਂ ਦਾ ਜਾਇਜ਼ਾ ਲਿਆ ਅਤੇ ਵਿਦਿਆਰਥੀਆਂ ਵੱਲੋਂ ਸਿੱਖੀਆਂ ਜਾ ਰਹੀਆਂ ਗਤੀਵਿਧੀਆਂ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ। ਸਕੂਲ ਕੰਪਲੈਕਸ ਵੱਖ-ਵੱਖ ਜਮਾਤਾਂ ਦੇ ਵਿਦਿਆਰਥੀਆਂ ਨਾਲ ਗੱਲਬਾਤ ਕਰਦੇ ਹੋਏ, ਉਨ੍ਹਾਂ ਨੇ ਬੱਚਿਆਂ ਨੂੰ ਗਤੀਵਿਧੀਆਂ ਰਾਹੀਂ ਸਿੱਖਣ ਬਾਰੇ ਅਤੇ ਉਨ੍ਹਾਂ ਵੱਲੋਂ ਗਰਮੀਆਂ ਦੀਆਂ ਛੁੱਟੀਆਂ ਕਿਸ ਤਰ੍ਹਾਂ ਬਿਤਾਈਆਂ ਗਈਆਂ, ਬਾਰੇ ਪੁੱਛਿਆ। ਉਨ੍ਹਾਂ ਨੂੰ ਇਹ ਦੇਖ ਕੇ ਬਹੁਤ ਜ਼ਿਆਦਾ ਖੁਸ਼ੀ ਹੋਈ ਕਿ ਨਿੱਕੇ ਵਿਦਿਆਰਥੀਆਂ ਦੀ ਸਮਰ ਕੈਂਪਾਂ ਵਿੱਚ ਡੂੰਘੀ ਦਿਲਚਸਪੀ ਹੈ ਅਤੇ ਉਹ ਨਵੀਆਂ ਚੀਜਾਂ ਸਿੱਖਣ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਸਕੂਲ ਸਿੱਖਿਆ ਵਿਭਾਗ ਵੱਲੋਂ ਪ੍ਰੀ-ਪ੍ਰਾਇਮਰੀ ਤੋਂ ਮਿਡਲ ਤੱਕ ਦੇ ਵਿਦਿਆਰਥੀਆਂ ਲਈ 3 ਤੋਂ 15 ਜੁਲਾਈ ਤੱਕ ਸਮਰ ਕੈਂਪ ਸ਼ੁਰੂ ਕੀਤੇ ਗਏ ਹਨ ਤਾਂ ਜੋ ਗਤੀਵਿਧੀਆਂ ਅਤੇ ਹੋਰ ਤਰੀਕਿਆਂ ਨਾਲ ਸਿੱਖਣ ਦੀ ਭਾਵਨਾ ਨੂੰ ਉਤਸ਼ਾਹਿਤ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਦੇ ਅਧਿਆਪਕ ਸਿੱਖਣ ਦੀਆਂ ਤਕਨੀਕਾਂ ਨੂੰ ਹੋਰ ਵਿਕਸਿਤ ਕਰਨ ਲਈ ਆਪਣੀ ਪੂਰੀ ਕੋਸ਼ਿਸ਼ ਕਰ ਰਹੇ ਹਨ ਅਤੇ ਪਾਠਕ੍ਰਮ ਨੂੰ ਵਧੇਰੇ ਦਿਲਚਸਪ ਬਣਾਉਣ ਲਈ ਨਵੇਂ ਤਰੀਕੇ ਅਪਣਾਏ ਜਾ ਰਹੇ ਹਨ। ਉਨ੍ਹਾਂ ਕਿਹਾ, ਸਮਰ ਕੈਂਪਾਂ ਵਿੱਚ, ਵਿਦਿਆਰਥੀਆਂ ਨੂੰ ਬੌਧਿਕ ਗਤੀਵਿਧੀਆਂ, ਸਿਹਤ ਸੰਭਾਲ, ਖੇਡਾਂ, ਕਲਾ, ਬੁਨਿਆਦੀ ਕਦਰਾਂ-ਕੀਮਤਾਂ, ਗਣਿਤ, ਵਾਤਾਵਰਣ ਸਿੱਖਿਆ ਅਤੇ ਭਾਸ਼ਾ ਦੇ ਹੁਨਰ ਨਾਲ ਸਬੰਧਤ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ।



# ਸੁਸ਼ੀਲ ਰਿੰਕੂ ਨੇ ਆਦਮਪੁਰ ਰੋਡ ਦੀ ਪ੍ਰਗਤੀ ਦਾ ਲਿਆ ਜਾਇਜ਼ਾ



**ਜਲੰਧਰ (ਸ਼ੈਲੀ ਐਲਬਰਟ)**

ਲੋਕ ਸਭਾ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਨੇ ਜਲੰਧਰ-ਹੁਸ਼ਿਆਰਪੁਰ ਸੜਕ ਦੇ ਨਿਰਮਾਣ ਕਾਰਜ ਦੀ ਪ੍ਰਗਤੀ ਦਾ ਜਾਇਜ਼ਾ ਲੈਂਦਿਆਂ ਅਧਿਕਾਰੀਆਂ ਨੂੰ ਸਾਰਾ ਕੰਮ ਮਿੱਥੇ ਸਮੇਂ ਅੰਦਰ ਮੁਕੰਮਲ ਕਰਨ ਦੀਆਂ ਹਦਾਇਤਾਂ ਦਿੱਤੀਆਂ ਤਾਂ ਜੋ ਇਸ ਸੜਕ ਤੇ ਆਉਣ-ਜਾਣ ਵਾਲੇ ਲੋਕਾਂ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।ਆਦਮਪੁਰ ਵਿਖੇ ਦੁਕਾਨਦਾਰਾਂ ਨਾਲ ਗੱਲਬਾਤ ਕਰਦਿਆਂ ਸੰਸਦ ਮੈਂਬਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਇਸ ਸ਼ਹਿਰ ਦੇ ਸਰਵਪੱਖੀ ਵਿਕਾਸ ਲਈ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਵੱਲੋਂ ਖੁਦ ਮਈ ਮਹੀਨੇ 13.74 ਕਰੋੜ ਰੁਪਏ ਦੀ ਲਾਗਤ ਨਾਲ ਇਸ ਸੜਕ ਦੇ ਨਿਰਮਾਣ ਦਾ ਕੰਮ ਸ਼ੁਰੂ ਕਰਵਾਇਆ ਗਿਆ ਸੀ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਭਰੋਸਾ ਦਿਵਾਇਆ ਕਿ ਇਸ ਪ੍ਰਾਜੈਕਟ ਨੂੰ ਸਮਾਂਬੱਧ ਢੰਗ ਨਾਲ ਪੂਰਾ ਕੀਤਾ ਜਾਵੇਗਾ, ਜਿਸ ਸਬੰਧੀ ਸਬੰਧਤ ਅਧਿਕਾਰੀਆਂ ਨੂੰ ਪਹਿਲਾਂ ਹੀ ਜ਼ਰੂਰੀ ਹਦਾਇਤਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ। ਅਧਿਕਾਰੀਆਂ ਨੂੰ ਇਸ ਸੜਕ ਦੇ ਨਿਰਮਾਣ ਵਿੱਚ ਮਿਆਰ ਅਤੇ ਗੁਣਵੱਤਾ ਨੂੰ ਯਕੀਨੀ ਬਣਾਉਣ ਦੀਆਂ ਹਦਾਇਤਾਂ ਦਿੰਦਿਆਂ ਮੈਂਬਰ ਪਾਰਲੀਮੈਂਟ ਨੇ ਕਿਹਾ ਸੜਕ ਦੀ ਗੁਣਵੱਤਾ ਨਾਲ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਸਹਿਣ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਇਸ ਪ੍ਰਾਜੈਕਟ ਦੀ ਰੋਜ਼ਾਨਾ ਦੇ ਆਧਾਰ 'ਤੇ ਨਿਗਰਾਨੀ ਕੀਤੀ ਜਾ ਰਹੀ ਹੈ। ਉਨ੍ਹਾਂ ਅੱਗੇ ਦੱਸਿਆ ਕਿ ਆਦਮਪੁਰ ਵਿਖੇ ਅਧੂਰੇ ਪਏ ਫਲਾਈਓਵਰ ਦਾ ਕੰਮ ਵੀ ਜਲਦ ਹੀ ਸ਼ੁਰੂ ਹੋ ਜਾਵੇਗਾ ਕਿਉਂਕਿ ਇਸ ਸਬੰਧੀ ਲੋੜੀਂਦੀ ਪ੍ਰਵਾਨਗੀ ਸਰਕਾਰ ਵੱਲੋਂ ਪਹਿਲਾਂ ਹੀ ਦਿੱਤੀ ਜਾ ਚੁੱਕੀ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਪੰਜਾਬ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਨਾਸਿਰ ਹਸਨ ਸਲਮਾਨੀ, ਸੀਨੀਅਰ ਆਗੂ ਜੀਤ ਲਾਲ ਭੱਟੀ, ਮਾਰਕੀਟ ਕਮੇਟੀ ਆਦਮਪੁਰ ਦੇ ਚੇਅਰਮੈਨ ਪਰਮਜੀਤ ਸਿੰਘ, ਇੰਦਰਜੀਤ ਸਿੰਘ ਸੱਤੋਵਾਲੀ, ਹਨਿੰਦਰ ਸਿੰਘ, ਕੁਲਵਿੰਦਰ ਸਾਬੀ, ਮੰਗਾ ਸਿੰਘ, ਰਾਕੇਸ਼ ਕਪੂਰ, ਅਜੈ ਕੁਮਾਰ, ਅਕਾਸ਼ਦੀਪ ਆਸ਼ੂ ਅਤੇ ਰਾਣਜੀਤ ਸਿੰਘ ਆਦਿ ਵੀ ਮੌਜੂਦ ਸਨ।

# ਕੱਚੇ ਅਧਿਆਪਕਾਂ 'ਤੇ ਲਾਠੀਚਾਰਜ ਦੇ ਵਿਰੋਧ 'ਚ ਸਰਕਾਰ ਦਾ ਪੁਤਲਾ ਫੂਕਿਆ



**ਹੁਸ਼ਿਆਰਪੁਰ, (ਬਲਵੀਰ ਸੈਣੀ)**

ਪੰਜਾਬ ਸਰਕਾਰ ਵੱਲੋਂ ਗਲਤ ਪ੍ਰਚਾਰੇ ਜਾ ਰਹੇ ਕਿ ਪੰਜਾਬ ਦੇ ਸਕੂਲਾਂ ਵਿਚ ਪਿਛਲੇ ਕਈ ਦਹਾਕਿਆਂ ਤੋਂ ਕੰਮ ਕਰ ਰਹੇ 8736 ਕੱਚੇ ਅਧਿਆਪਕਾਂ ਨੂੰ ਪੱਕਾ ਕਰ ਦਿੱਤਾ ਗਿਆ ਹੈ। ਜਦੋਂ ਆਪਣੇ ਹੱਕਾਂ ਲਈ ਇਹ ਅਧਿਆਪਕ ਸੰਗਰੂਰ ਵਿਖੇ ਮੁੱਖ ਮੰਤਰੀ ਦੇ ਘਰ ਵੱਲ ਨੂੰ ਸ਼ਾਂਤੀ ਪੂਰਵਕ ਜਾ ਰਹੇ ਸਨ ਤਾਂ ਉਨ੍ਹਾਂ ਤੇ ਪੁਲਸ ਪ੍ਰਸ਼ਾਸਨ ਵਲੋਂ ਅੰਨ੍ਹਾ ਤਸ਼ੱਦਦ ਕੀਤਾ ਗਿਆ। ਜਿਸ ਵਿੱਚ ਅਨੇਕਾਂ ਪੁਰਸ਼ ਅਤੇ ਇਸਤਰੀ ਅਧਿਆਪਕ ਗੰਭੀਰ ਰੂਪ ਵਿਚ ਫੱਟੜ ਹੋ ਗਏ। ਇਸ ਘਟਨਾ ਦੇ ਵਿਰੋਧ ਵਿੱਚ ਪੂਰੇ ਪੰਜਾਬ ਵਿੱਚ ਜ਼ਿਲ੍ਹਾ ਹੈਡਕੁਆਰਟਰਾਂ 'ਤੇ ਪੰਜਾਬ ਦੇ ਸਮੂਹ ਮੁਲਾਜ਼ਮਾਂ ਵੱਲੋਂ ਕੱਚੇ ਅਧਿਆਪਕਾਂ ਦੀ ਹਮਾਇਤ ਤੇ ਪੰਜਾਬ ਸਰਕਾਰ ਦੇ ਪੁਤਲੇ ਫੂਕੇ ਗਏ। ਇਸੇ ਲੜੀ ਤਹਿਤ ਤਹਿਸੀਲ ਹੁਸ਼ਿਆਰਪੁਰ ਦੇ ਮੁਲਾਜ਼ਮਾਂ ਵਲੋਂ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਸਤੀਸ਼ ਰਾਣਾ ਅਤੇ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਹੁਸ਼ਿਆਰਪੁਰ ਦੇ ਜ਼ਿਲ੍ਹਾ ਪ੍ਰਧਾਨ ਅਮਨਦੀਪ ਸ਼ਰਮਾ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ਗਿਆ। ਇਸ ਮੌਕੇ ਸੀਟੂ ਦੇ ਜ਼ਿਲ੍ਹਾ ਪ੍ਰਧਾਨ ਸਾਥੀ ਕਮਲਜੀਤ ਸਿੰਘ, ਪੰਜਾਬ ਰੋਡਵੇਜ਼ ਤੋਂ ਰਜਿੰਦਰ ਸਿੰਘ, ਜਸਵੀਰ ਸਿੰਘ, ਪ.ਸ.ਸ.ਫ. ਤਹਿਸੀਲ ਹੁਸ਼ਿਆਰਪੁਰ ਦੇ ਪ੍ਰਧਾਨ ਰਾਜ ਕੁਮਾਰ, ਜਨਰਲ ਸਕੱਤਰ ਰਕੇਸ਼ ਕੁਮਾਰ ਮਹਿਲਾਂਵਾਲੀ, ਜ਼ਿਲ੍ਹਾ ਪ੍ਰੈਸ ਸਕੱਤਰ ਵਿਕਾਸ ਸ਼ਰਮਾ, ਪੈਨਸ਼ਨਰ ਆਗੂ ਮਨਜੀਤ ਸਿੰਘ ਸੈਣੀ, ਬਲਵੀਰ ਸਿੰਘ ਸੈਣੀ, ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਵੱਲੋਂ ਜ਼ਿਲ੍ਹਾ ਕਨਵੀਨਰ ਸੰਜੀਵ ਧੂਤ, ਪ੍ਰਿੰਸ ਗੜ੍ਹਦੀਵਾਲਾ, ਦਵਿੰਦਰ ਹੁਸ਼ਿਆਰਪੁਰ, ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਹੁਸ਼ਿਆਰਪੁਰ ਦੇ ਆਗੂ ਲੈਕਚਰਾਰ ਅਮਰ ਸਿੰਘ, ਪ੍ਰਿਤਪਾਲ ਸਿੰਘ, ਅਨੁਪਮ ਰਤਨ, ਸੁਸ਼ੀਲ ਕੁਮਾਰ, ਨਰਿੰਦਰ ਮੰਗਲ, ਸਰਵਜੀਤ ਸਿੰਘ, ਗੁਰਚਰਨ ਸਿੰਘ, ਸੰਦੀਪ ਕੁਮਾਰ, ਕਮਲਜੀਤ ਸਿੰਘ, ਪ੍ਰਦੀਪ ਕੁਮਾਰ, ਸੁਰਿੰਦਰ ਪਾਲ, ਗੁਰਮੇਲ ਸਿੰਘ, ਅਮਰਜੀਤ ਸਿੰਘ, ਸੁਖਜਿੰਦਰ ਸਿੰਘ, ਜਸਵੰਤ ਸਿੰਘ, ਸਰਦਾਰਾ ਸਿੰਘ ਸਮੇਤ ਅਨੇਕਾਂ ਅਧਿਆਪਿਕਾਵਾਂ ਵੀ ਸ਼ਾਮਲ ਸਨ।

# ਬਹੁਜਨ ਕ੍ਰਾਂਤੀ ਮੰਚ ਵੱਲੋਂ ਧਰਨਾ ਨਿਰੰਤਰ ਜਾਰੀ

**ਹੁਸ਼ਿਆਰਪੁਰ (ਓ ਪੀ ਰਾਣਾ )**-ਬਹੁਜਨ ਕ੍ਰਾਂਤੀ ਮੰਚ ਪੰਜਾਬ ਹੁਸ਼ਿਆਰਪੁਰ ਦੇ ਕਨਵੀਨਰ ਅਨਿਲ ਕੁਮਾਰ ਬਾਘਾ ਵੱਲੋਂ ਹਮਖਿਆਲੀ ਜਥੇਬੰਦੀਆਂ ਦੇ ਸਹਿਯੋਗ ਨਾਲ ਮਿੰਨੀ ਸਕੱਤਰੇਤ ਹੁਸ਼ਿਆਰਪੁਰ ਸਾਹਮਣੇ ਲਗਾਏ ਗਏ ਧਰਨੇ ਦੇ ਤੀਸਰੇ ਦਿਨ ਬੇਗਮਪੁਰਾ ਟਾਇਗਰ ਫੋਰਸ ਦੇ ਕੌਮੀ ਚੇਅਰਮੈਨ ਤਰਸੇਮ ਦੀਵਾਨਾ ਦੀ ਅਗਵਾਈ ਹੇਠ ਵੱਡੀ ਗਿਣਤੀ ਵਿੱਚ ਫੋਰਸ ਦੇ ਮੈਂਬਰਾਂ ਅਤੇ ਅਹੁਦੇਦਾਰਾਂ ਨੇ ਸ਼ਿਰਕਤ ਕੀਤੀ, ਜਿਸ ਵਿੱਚ ਫੋਰਸ ਦੇ ਪੰਜਾਬ ਪ੍ਰਧਾਨ ਵੀਰਪਾਲ ਠਰੋਲੀ, ਦੋਆਬਾ ਪ੍ਰਧਾਨ ਨੇਕੂ ਅਜਨੋਹਾ, ਜ਼ਿਲ੍ਹਾ ਪ੍ਰਧਾਨ ਹੈਪੀ ਫਤਹਿਗੜ੍ਹ, ਜ਼ਿਲ੍ਹਾ ਇੰਚਾਰਜ ਚਰਨਜੀਤ ਡਾਡਾ, ਬਲਾਕ 2 ਪ੍ਰਧਾਨ ਸਤੀਸ਼ ਸ਼ੇਰਗੜ੍ਹ ਵੀ ਸ਼ਾਮਿਲ ਹੋਏ। ਆਗੂਆਂ ਨੇ ਕਿਹਾ ਕਿ ਸਰਕਾਰਾਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਨੂੰ ਇੰਨ-ਬਿੰਨ ਲਾਗੂ ਕਰਨ ਅਤੇ ਐਸਸੀ ਬੀਸੀ ਵਿਦਿਆਰਥੀਆਂ ਦੀਆਂ ਰੋਕੀਆਂ ਡਿਗਰੀਆਂ ਤੇ ਨਤੀਜੇ ਜਾਰੀ ਕਰਨ ਅਤੇ ਸਵਰਨ ਜਾਤੀ ਦੇ ਲੋਕਾਂ ਵੱਲੋਂ ਅਨੁਸੂਚਿਤ ਜਾਤੀ ਦੇ ਜਾਰੀ ਸ਼ਡਿਊਲ ਕਾਸਟ ਸਰਟੀਫਿਕੇਟ ਬਣਾ ਕੇ ਲਾਭ ਲੈ ਰਹੇ ਰਿਜ਼ਰਵੇਸ਼ਨ ਚੋਰਾਂ ਖਿਲਾਫ ਕਾਨੂੰਨੀ ਕਾਰਵਾਈ ਕਰਨ, ਕੇਂਦਰ ਅਤੇ ਪੰਜਾਬ ਸਰਕਾਰ ਵੱਲੋਂ ਬਜਟ ਤਿਆਰ ਕਰਨ ਸਮੇਂ ਐਸਸੀ-ਐਸਟੀ ਸਬ ਪਲਾਨ ਜਨਤਕ ਕਰਨ ਆਦਿ ਮੰਗਾਂ ਨੂੰ ਲੈ ਕੇ ਚੱਲ ਰਿਹਾ ਧਰਨਾ ਚੌਥੇ ਦਿਨ ਵਿੱਚ ਦਾਖਲ ਹੋ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੀਡੀਆ ਇੰਚਾਰਜ ਚੰਦਰ ਪਾਲ ਹੈਪੀ ,ਮਨਪ੍ਰੀਤ ਕੋਹਲੀ,ਅਜੈ ਕੁਮਾਰ,ਵਿੱਕੀ ਸਿੰਘ,ਗੁਰਪ੍ਰੀਤ ਕੁਮਾਰ,ਸਨੀ ਸੀਣਾ ,ਭਿੰਦਾ ਸੀਣਾ ,ਅਮਨਦੀਪ ,ਸਤੀਸ਼ ਕੁਮਾਰ ਸ਼ੇਰਗੜ੍ਹ, ਚਰਨਜੀਤ ਸਿੰਘ, ਰਾਮ ਜੀ, ,ਪੰਮਾ ਡਾਡਾ, ਗੋਗਾ ਮਾਂਝੀ ,ਰਾਜ ਕੁਮਾਰ ਬੱਧਣ ,ਅਵਿਨਾਸ਼ ਸਿੰਘ ,ਅਮਨਦੀਪ ਸਿੰਘ, ਚਰਨਜੀਤ ਸਿੰਘ, ਨਰੇਸ਼ ਕੁਮਾਰ ਸ਼ਹਿਰੀ ਪ੍ਰਧਾਨ, ਬਾਲੀ , ਕਮਲਜੀਤ ਡਾਡਾ ਸਮੇਤ ਫੋਰਸ ਦੇ ਹੋਰ ਅਹੁਦੇਦਾਰ ਤੇ ਮੈਂਬਰ ਹਾਜ਼ਰ ਸਨ।

# ਜ਼ਿਲ੍ਹੇ 'ਚ ਮਗਨਰੇਗਾ ਅਧੀਨ 1.26 ਲੱਖ ਦਿਹਾੜੀਆਂ ਦਾ ਰੁਜਗਾਰ ਦਿੱਤਾ : ਡਿਪਟੀ ਕਮਿਸ਼ਨਰ

**ਐੱਸ.ਏ.ਐੱਸ.ਨਗਰ, (ਗੁਰਜੀਤ ਬਿੱਲਾ)-** ਡਿਪਟੀ ਕਮਿਸ਼ਰ ਸ੍ਰੀਮਤੀ ਆਸ਼ਿਕਾ ਜੈਨ ਨੇ ਦੱਸਿਆ ਕਿ ਮਗਨਰੇਗਾ ਸਕੀਮ ਲੋਕਾਂ ਨੂੰ ਰੋਜਗਾਰ ਦੇਣ ਵਿੱਚ ਅਹਿਮ ਰੋਲ ਅਦਾ ਕਰ ਰਹੀ ਹੈ ਤੇ ਵਿੱਤੀ ਵਰ੍ਹੇ 2023-2024 ਦੌਰਾਨ ਹੁਣ ਤੱਕ ਜ਼ਿਲ੍ਹੇ ਵਿੱਚ ਮਗਨਰੇਗਾ ਸਕੀਮ ਅਧੀਨ 1.26 ਲੱਖ ਦਿਹਾੜੀਆਂ ਦਾ ਰੁਜਗਾਰ ਦਿੱਤਾ ਗਿਆ ਹੈ ਜਦਕਿ 480.59 ਲੱਖ ਖਰਚੇ ਗਏ ਹਨ। ਵਿੱਤੀ ਸਾਲ 2022-23 ਦੌਰਾਨ ਕੁੱਲ 32,302 ਜੌਬ ਕਾਰਡ ਧਾਰਕ ਸਨ ਤੇ 4.18 ਲੱਖ ਦਿਹਾੜੀਆਂ ਦਾ ਰੋਜਗਾਰ ਦੇ ਕੇ 2,260.35 ਲੱਖ ਖਰਚੇ ਗਏ ਸਨ। ਇਸ ਮਾਲੀ ਸਾਲ 'ਚ ਜ਼ਿਲ੍ਹੇ 'ਚ ਇਸ ਵੇਲੇ 31,858 ਮਨਰੇਗਾ ਕਾਮੇ ਰਜਿਸਟ੍ਰਡ ਹਨ। ਜ਼ਿਲ੍ਹੇ ਵਿੱਚ ਸਾਂਝਾ ਜਲ ਤਲਾਬ (ਅੰਮ੍ਰਿਤ ਸਰੋਵਰਾਂ) ਦੇ 34 ਪ੍ਰੋਜੈਕਟ ਜਾਰੀ ਹਨ ਤੇ 41 ਪੂਰੇ ਹੋ ਚੁੱਕੇ ਹਨ। ਇਸ ਤੋਂ ਇਲਾਵਾ 22 ਖੇਡ ਮੈਦਾਨਾਂ ਦਾ ਕੰਮ ਜਾਰੀ ਹੈ ਤੇ 7 ਦਾ ਕੰਮ ਪੂਰਾ ਹੋ ਗਿਆ ਹੈ। ਇਸੇ ਤਰ੍ਹਾਂ 60 ਸਕਰੀਨਿੰਗ ਚੈਂਬਰ ਬਣ ਚੁੱਕੇ ਹਨ ਤੇ 28 ਬਾਬਤ ਕੰਮ ਜਾਰੀ ਹੈ। ਸੌਲਿਡ ਵੇਸਟ ਮੈਨੇਜਮੈਂਟ ਸਬੰਧੀ 18 ਪ੍ਰੋਜੈਕਟ ਪੂਰੇ ਹੋ ਗਏ ਹਨ ਤੇ 48 ਸਬੰਧੀ ਕੰਮ ਜੰਗੀ ਪੱਧਰ ਉੱਤੇ ਜਾਰੀ ਹੈ। ਜ਼ਿਲ੍ਹੇ 'ਚ 05 ਪਾਰਕਾਂ ਦਾ ਕੰਮ ਚੱਲ ਰਿਹਾ ਹੈ ਤੇ 08 ਪਾਰਕ ਬਣ ਕੇ ਤਿਆਰ ਹੋ ਗਏ ਹਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਧਰਤੀ ਹੇਠਲੇ ਪਾਣੀ ਦੇ ਦਿਨੋਂ ਦਿਨ ਡਿੱਗ ਰਹੇ ਪੱਧਰ ਨੂੰ ਬਚਾਉਣ ਲਈ ਮਗਨਰੇਗਾ ਤਹਿਤ ਸਾਂਝਾ ਜਲ ਤਲਾਬਾਂ ਦਾ ਨਿਰਮਾਣ ਕੀਤਾ ਜਾ ਰਿਹਾ ਹੈ, ਜਿਸ ਨਾਲ ਕੁਦਰਤੀ ਸੋਮਿਆਂ ਦੀ ਸੰਭਾਲ ਵਿੱਚ ਅਹਿਮ ਯੋਗਦਾਨ ਪਾਇਆ ਜਾ ਸਕੇਗਾ।

# ਡੇਰਾ ਬਾਬਾ ਦੁੱਧਾਧਾਰੀ ਫਰਾਲਾ ਵਿਖੇ ਸਾਲਾਨਾ ਮੇਲਾ ਮਨਾਇਆ



**ਬਹਿਰਾਮ (ਅਵਤਾਰ ਕਲੇਰ)** ਡੇਰਾ ਬਾਬਾ ਦੁੱਧਾਧਾਰੀ ਮਹੰਤ ਗੁਰਬਚਨ ਦਾਸ ਨਗਰ (ਫਰਾਲਾ) ਵਿਖੇ ਮਹੰਤ ਗੁਰੂ ਗੁਰਬਚਨ ਦਾਸ , ਸੰਤ ਬਾਬਾ ਪਿਰਥੀ ਦਾਸ , ਸੰਤ ਬਾਬਾ ਧਿਆਨ ਦਾਸ ਦੀ ਸਾਲਾਨਾ ਬਰਸੀ ਸਮਾਗਮ ਗੱਦੀ ਨਸ਼ੀਨ ਸੰਤ ਪ੍ਰੇਮ ਦਾਸ ਦੀ ਰਹਿਨੁਮਾਈ ਹੇਠ ਮਨਾਇਆ ਗਿਆ । ਸੰਤ ਪ੍ਰੀਤਮ ਦਾਸ ਸੰਗਤਪੁਰ, ਸੰਤ ਸੁਰਿੰਦਰ ਦਾਸ ਅਟਾਰੀ ਤੇ ਸੰਤ ਪ੍ਰੇਮ ਦਾਸ ਨੇ ਸੰਗਤਾਂ ਨੂੰ ਕੀਰਤਨ ਅਤੇ ਪ੍ਰਵਚਨਾਂ ਨਾਲ ਨਿਹਾਲ ਕੀਤਾ। ਵੱਖ ਵੱਖ ਦਰਬਾਰਾਂ ਤੋਂ ਸੰਤ ਮਹਾਂਪੁਰਸ਼ਾਂ ਨੇ ਸ਼ਿਰਕਤ ਕੀਤੀ । ਠੰਡਾ ਮਿੱਠਾ ਜਲ ਅਤੇ ਲੰਗਰ ਅਤੁੱਟ ਵਰਤਾਇਆ ਗਿਆ। ਕਲਾਕਾਰਾਂ ਨੇ ਧਾਰਮਿਕ ਪ੍ਰੋਗਰਾਮ ਪੇਸ਼ ਕੀਤਾ । ਇਸ ਮੌਕੇ ਸਰਪੰਚ ਮਨਜੀਤ ਕੌਰ , ਮਹਿੰਦਰ ਪਾਲ ਪੰਚ , ਡਾ. ਸੁਰਿੰਦਰ ਪਾਲ ਲੱਧੜ , ਗੁਰਦੇਵ ਸਿੰਘ ਫਰਾਲਾ , ਨੰਦ ਲਾਲ ਚੁੰਬਰ , ਠਾਣੇਦਾਰ ਪਰਮਜੀਤ ਬਾਹੜੋਵਾਲ , ਹਰਬੰਸ ਸਿੰਘ ਕਲੇਰ ਲੁਧਿਆਣਾ , ਸੁਨੀਲ , ਨਰੇਸ਼ , ਅਵਤਾਰ ਚੰਦ , ਸੱਤਿਆ ਪੰਚ , ਬਰਿੰਜ ਲਾਲ , ਜਸਵਿੰਦਰ ਕੁਮਾਰ ਆਦਿ ਹਾਜਰ ਸਨ।

# ਇੱਕ ਰੋਜ਼ਾ ਫੀਲਡ ਕੈਂਪ ਲਗਾਇਆ

**ਫਗਵਾੜਾ (ਜਸਵਿੰਦਰ ਢੱਡਾ)** ਉਪ ਮੰਡਲ ਹਦੀਆਬਾਦ ਫਗਵਾੜਾ ਵਿਖੇ ਵਧੀਕ ਨਿਗਰਾਨ ਇੰਜੀਨੀਅਰ, ਫਗਵਾੜਾ ਇੰਜੀਨੀਅਰ ਹਰਦੀਪ ਕੁਮਾਰ ਦੇ ਨਿਰਦੇਸ਼ਾਂ ਅਨੁਸਾਰ ਉਪ ਮੰਡਲ ਅਫਸਰ ਹਦੀਆਬਾਦ ਅਸ਼ੋਕ ਕੁਮਾਰ ਦੀ ਹਾਜਰੀ ਵਿੱਚ ਬੀਤੇ ਦਿਨੀ ਇੱਕ ਰੋਜਾਨਾ ਫੀਲਡ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਯੈਂਡ ਕੇ ਸੀ ਇੰਜੀਨੀਅਰ ਬੀ ਐਸ ਬਾਗੀ ਜਲੰਧਰ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ । ਉਹਨਾਂ ਨੇ ਸੇਫਟੀ, ਮੁੱਢਲੀ, ਸਹਾਇਤਾ, ਆਰਥਿੰਗ, ਟੀਮ ਵਰਕ, ਖਪਤਕਾਰਾਂ ਨੂੰ ਨਿਰਵਿਘਨ ਸਪਲਾਈ, ਹਾਦਸਿਆਂ ਤੋਂ ਬਚਾਉ ਪੱਖ ਆਦਿ ਬਾਰੇ ਵਿਸਥਾਰ ਪੂਰਵਕ ਦੱਸਿਆ। ਜਿਸ ਵਿੱਚ ਸੀ ਐਚ ਬੀ ਕਾਮੇ, ਰੈਗੂਲਰ ਕਾਮੇ ਹਾਜਰ ਹੋਏ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਮੁਲਾਜਮ ਯੂਨਾਈਟਿਡ ਆਰਗੇਨਾਈਜੇਸ਼ਨ ਦੇ ਸੂਬਾ ਆਗੂ ਸੁਖਦੀਪ ਲਾਲ, ਸਰਪੰਚ ਦਰਵੇਸ਼ ਪਿੰਡ ਅਤੇ ਸੁਖਵਿੰਦਰ ਸਿੰਘ ਭਾਰਤੀ ਕਿਸਾਨ ਯੂਨੀਅਨ ਦੋਆਬਾ ਆਦਿ ਦੇ ਮੈਂਬਰ ਹਾਜਰ ਸਨ।

# ਮਹਿਲਾਵਾਂ 'ਤੇ ਅਣਮਨੁੱਖੀ ਤਸ਼ੱਦਦ ਕਰਨ ਵਾਲੇ ਪੁਲਸ ਕਰਮਚਾਰੀਆਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇ : ਡੱਲੇਵਾਲ, ਭੋਜਰਾਜ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਸੰਯੁਕਤ ਕਿਸਾਨ ਮੋਰਚਾ ਗੈਰ-ਰਾਜਨੀਤਕ ਪੰਜਾਬ ਦੇ ਆਗੂ ਜਗਜੀਤ ਸਿੰਘ ਡੱਲੇਵਾਲ, ਗੁਰਿੰਦਰ ਸਿੰਘ ਭੰਗੂ, ਬਲਦੇਵ ਸਿੰਘ ਸਿਰਸਾ, ਸੁਖਦੇਵ ਸਿੰਘ ਭੋਜਰਾਜ, ਬਾਬਾ ਕਵਲਜੀਤ ਸਿੰਘ ਪੰਡੋਰੀ ਆਦਿ ਕਿਸਾਨ ਆਗੂਆਂ ਸਾਂਝੇ ਪ੍ਰੈੱਸ ਬਿਆਨ ਰਾਹੀਂ ਪੰਜਾਬ ਪੁਲਸ ਦੇ ਡਾਇਰੈਕਟਰ ਜਨਰਲ ਗੌਰਵ ਯਾਦਵ ਤੋਂ ਪੁਰਜ਼ੋਰ ਮੰਗ ਕੀਤੀ ਕਿ ਭੁਚੋ ਮੰਡੀ ਦੇ ਨਜ਼ਦੀਕ ਗਿੱਦੜ ਪਿੰਡ ਵਿਖੇ ਖਰਾਬ ਹੋਈਆਂ ਫਸਲਾਂ ਦਾ ਮੁਆਵਜ਼ਾ ਲੈਣ ਲਈ ਸੜਕ ਤੇ ਬੈਠੇ ਬੀ ਕੇ ਯੂ ਸਿੱਧੂਪੁਰ, ਬੀਕੇਯੂ ਉਗਰਾਹਾਂ, ਬੀਕੇਯੂ ਡਕੌਂਦਾ ਨਾਲ ਸਬੰਧਤ ਕਿਸਾਨਾਂ, ਬਜ਼ੁਰਗਾਂ ਅਤੇ ਔਰਤਾਂ ਉੱਤੇ ਅਣਮਨੁੱਖੀ ਤਸ਼ੱਦਦ ਕਰਨ ਵਾਲੇ ਪੁਲੀਸ ਕਰਮੀਆਂ ਉੱਤੇ ਤੁਰੰਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਆਗੂਆਂ ਕਿਹਾ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਵੀ ਨਰਿੰਦਰ ਮੋਦੀ ਦੀਆਂ ਲੀਹਾਂ ਤੇ ਚਲਦੇ ਹੋਇਆਂ ਕਿਸਾਨ ਵਿਰੋਧੀ ਫੈਸਲੇ ਲੈ ਰਹੀ ਹੈ। ਕਈ ਵਾਰ ਮੀਟਿੰਗਾਂ 'ਚ ਕਿਸਾਨਾਂ ਦੀਆਂ ਮੰਗਾਂ ਮੰਨ ਕੇ ਅੱਜ ਤੱਕ ਲਾਗੂ ਨਹੀਂ ਕੀਤੀਆਂ। ਜਦੋਂ ਰੋਸ ਵਜੋਂ ਕਿਸਾਨ ਧਰਨੇ ਲਗਾਉਂਦੇ ਹਨ ਤਾਂ ਭਗਵੰਤ ਮਾਨ ਸ਼ਾਂਤਮਈ ਢੰਗ ਨਾਲ ਧਰਨਾ ਦੇ ਰਹੇ ਕਿਸਾਨਾਂ ਵਿਰੁੱਧ ਨਾਦਰਸ਼ਾਹੀ ਫੁਰਮਾਨ ਜਾਰੀ ਕਰਕੇ ਕਿਸਾਨਾਂ ਅਤੇ ਔਰਤਾਂ ਤੇ ਅਣਮਨੁੱਖੀ ਤਸੱਦਦ ਕਰਦੇ ਹਨ, ਜੋ ਅਤਿ ਨਿੰਦਣਯੋਗ ਹੈ। ਕਿਸਾਨ ਆਗੂ ਡੱਲੇਵਾਲ ਨੇ ਕਿਹਾ ਗਿੱਦੜ ਪਿੰਡ ਦੇ ਲੋਕਾਂ ਦੀਆਂ ਮੁਸ਼ਕਲਾਂ ਦੀ ਤਰ੍ਹਾਂ ਪੰਜਾਬ ਦੇ ਹਰ ਪਿੰਡ ਦੀ ਇਹੋ ਦਸਾ ਹੈ। ਭਗਵੰਤ ਮਾਨ ਨੇ ਪਿੰਡਾਂ ਵਿੱਚ ਜਾ ਕੇ ਕਿਸਾਨਾਂ ਨੂੰ ਖਰਾਬ ਫਸਲਾਂ ਦਾ ਮੁਆਵਜ਼ਾ ਤੁਰੰਤ ਦੇਣ ਦਾ ਐਲਾਨ ਕੀਤਾ ਸੀ ਪਰ ਹੁਣ ਮਾਨ ਆਪਣੇ ਫੈਸਲੇ ਤੋਂ ਮੁੱਕਰ ਰਿਹਾ ਹੈ। ਸੂਬੇ ਵਿੱਚ ਹੋਈਆਂ ਗਿਰਦਾਵਰੀਆਂ ਮੁਤਾਬਕ ਖਰਾਬ ਫਸਲਾਂ ਦਾ ਮੁਆਵਜਾ ਸਰਕਾਰ ਵੱਲੋਂ ਲੋਕਾਂ ਨਾਲ ਕੀਤੇ ਵਾਅਦਿਆਂ ਅਨੁਸਾਰ ਤੁਰੰਤ ਜਾਰੀ ਕਰਨਾ ਚਾਹੀਦਾ ਹੈ। ਕਿਸਾਨ ਆਗੂ ਗੁਰਿੰਦਰ ਸਿੰਘ ਭੰਗੂ ਨੇ ਕਿਹਾ ਕਿ ਪਿਛਲੇ ਦਿਨੀਂ ਪਾਵਰਕੌਮ ਦੇ ਮੁੱਖ ਦਫਤਰ ਪਟਿਆਲਾ ਵਿਖੇ ਸਰਕਾਰ ਵੱਲੋਂ ਮੰਨੀਆਂ ਮੰਗਾਂ ਲਾਗੂ ਕਰਵਾਉਣ ਵਾਸਤੇ ਮਰਨ ਵਰਤ ਤੇ ਬੈਠੇ ਆਗੂਆਂ ਤੇ ਸਮੂਹ ਧਰਨਾਕਾਰੀਆਂ 'ਤੇ ਅੰਮ੍ਰਿਤ ਵੇਲੇ ਨਿਤਨੇਮ ਕਰਦੇ ਸਮੇਂ ਪੁਲਸ ਨੇ ਗਾਲਾਂ ਕੱਢਦੇ ਹੋਏ ਹਮਲਾ ਕੀਤਾ। ਸਬ-ਇੰਸਪੈਕਟਰ ਸਣੇ ਕੁੱਝ ਪੁਲਸ ਕਰਮੀਆਂ ਨੇ ਲੋਕਾਂ ਉੱਤੇ ਡਾਂਗਾਂ ਵਰ੍ਹਾਈਆਂ ਅਤੇ ਮਰਨ ਵਰਤ ਉੱਤੇ ਬੈਠੇ ਅੰਮ੍ਰਿਤਧਾਰੀ ਆਗੂ ਸੁਖਦੇਵ ਸਿੰਘ ਭੋਜਰਾਜ ਸਮੇਤ ਕੁਝ ਹੋਰ ਆਗੂਆਂ ਦੀਆਂ ਦਸਤਾਰਾਂ ਉਤਾਰੀਆਂ ਅਤੇ ਕਕਾਰਾਂ ਦੀ ਬੇਅਦਬੀ ਕੀਤੀ ਸੀ। ਇਸ ਦੀ ਸ਼ਿਕਾਇਤ ਏਡੀਜੀਪੀ ਜਸਕਰਨ ਸਿੰਘ ਨੂੰ ਕੀਤੀ ਸੀ ਪਰ ਹਾਲਾਂ ਤੱਕ ਦੋਸ਼ੀਆਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ। ਕਿਸਾਨ ਮੋਰਚੇ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿਸਾਨਾਂ ਦੀਆਂ ਮੰਗਾਂ ਤੁਰੰਤ ਪੂਰੀਆਂ ਕੀਤੀਆਂ ਜਾਣ ਅਤੇ ਦੋਹਾਂ ਥਾਵਾਂ ਤੇ ਧਾਰਮਿਕ, ਮਨੁੱਖੀ ਅਧਿਕਾਰਾਂ ਅਤੇ ਸੰਵਿਧਾਨ ਦੀ ਉਲੰਘਣਾ ਕਰਨ ਵਾਲੇ ਦੋਸੀਆਂ ਉੱਤੇ ਤੁਰੰਤ ਕਾਨੂੰਨੀ ਕਾਰਵਾਈ ਕੀਤੀ ਜਾਵੇ ਨਹੀਂ ਤਾਂ ਇਹ ਲੜਾਈ ਵੱਡੀ ਪੱਧਰ 'ਤੇ ਛਿੜੇਗੀ।





# ਗੁਰੂ ਹਰਿਕ੍ਰਿਸ਼ਨ ਸਕੂਲ 'ਚ ਅਧਿਆਪਕਾਂ ਲਈ ਸੈਮੀਨਾਰ



**ਸੁਲਤਾਨਪੁਰ ਲੋਧੀ, (ਹਨੀ)**

ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਖੇ ਪ੍ਰਿੰਸੀਪਲ ਰੈਨੂੰ ਅਰੋੜਾ ਦੀ ਅਗਵਾਈ ਹੇਠ ਰੀਸੋਰਸ ਪਰਸਨ ਮੇਜਰ ਪ੍ਰਿਆ ਜਿੰਗਨ ਵੱਲੋਂ "ਅਧਿਆਪਨ ਅਤੇ ਪ੍ਰਭਾਵਸ਼ਾਲੀ ਪਾਠ ਯੋਜਨਾ ਵਿੱਚ ਕਹਾਣੀ ਸੁਣਾਉਣਾ" ਵਿਸ਼ੇ 'ਤੇ ਅਧਿਆਪਕਾਂ ਲਈ ਸੈਮੀਨਾਰ ਕਰਵਾਇਆ ਗਿਆ। ਜਿਸ ਵਿਚ ਮੇਜ਼ਬਾਨ ਸਕੂਲ ਤੋਂ ਇਲਾਵਾ ਆਰ ਸੀ ਐੱਫ ਦੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦੇ ਸਟਾਫ ਮੈਂਬਰਾਂ ਵੀ ਸ਼ਿਰਕਤ ਕੀਤੀ। ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਡਾਇਰੈਕਟਰ ਸਕੂਲ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸਾਸ਼ਕ ਇੰਜੀਨੀਅਰ ਨਿਮਰਤਾ ਕੌਰ ਸੈਮੀਨਾਰ ਦੇ ਪ੍ਰਧਾਨਗੀ ਮੰਡਲ ਵਿਚ ਸ਼ਾਮਲ ਹੋਏ । ਮੇਜਰ ਪ੍ਰਿਆ ਜਿੰਗਨ ਵੱਲੋਂ ਅਧਿਆਪਕਾਂ ਨੂੰ ਅਧਿਆਪਨ ਦੌਰਾਨ ਵੱਖ-ਵੱਖ ਵਿਸ਼ਿਆਂ ਨੂੰ ਸਟੋਰੀ ਦੁਆਰਾ ਕਿਵੇਂ ਦਿਲਚਸਪ ਬਣਾਉਣਾ ਹੈ ਬਾਰੇ ਜਾਣਕਾਰੀ ਦਿੱਤੀ। ਉਹਨਾਂ ਨੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਅਧਿਆਪਕ ਹੀ ਬੱਚਿਆਂ ਦੇ ਮਨੋਵਿਗਿਆਨ ਨੂੰ ਵਧੀਆ ਤਰੀਕੇ ਨਾਲ ਸਮਝ ਸਕਦੇ ਹਨ, ਇਸ ਲਈ ਅਧਿਆਪਕਾਂ ਵੱਲੋ ਬੱਚਿਆਂ ਦੇ ਮਨੋਵਿਗਿਆਨ ਨੂੰ ਸਮਝ ਕੇ ਪੜ੍ਹਾਈ ਕਰਾਉਣੀ ਚਾਹੀਦੀ ਹੈ।। ਅਧਿਆਪਕਾਂ ਵੱਲੋਂ ਪੜਾਉਂਦੇ ਸਮੇਂ ਆਉਣ ਵਾਲੀਆਂ ਮੁਸ਼ਕਲਾਂ ਸਬੰਧੀ ਪੁੱਛੇ ਸਵਾਲਾਂ ਦੇ ਜਵਾਬ ਮੇਜਰ ਜਿੰਗਨ ਵੱਲੋਂ ਬਹੁਤ ਹੀ ਸਹਿਜਤਾ ਤੇ ਸਰਲਤਾ ਨਾਲ ਦਿੱਤੇ ਗਏ। ਇਸ ਮੌਕੇ ਪ੍ਰਬਦੀਪ ਕੌਰ ਮੌਂਗਾ ਪ੍ਰਿੰਸੀਪਲ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਆਰ.ਸੀ.ਐੱਫ, ਮੈਡਮ ਨਰਿੰਦਰ ਪੱਤੜ, ਰਜਨੀ ਅਰੋੜਾ, ਮਨਜਿੰਦਰ ਸਿੰਘ,ਅਨੀਤਾ ਸਹਿਗਲ, ਸੁਮਨ ਸ਼ਰਮਾ, ਪਰਮਿੰਦਰ ਕੌਰ, ਦਲਜੀਤ ਕੌਰ,ਲਵਿਤਾ, ਨੀਲਮ, ਅਮਨਦੀਪ, ਸੁਨੀਤਾ ਗੁਜਰਾਲ, ਕਰਨਜੀਤ, ਸ਼ੀਲਾ ਸ਼ਰਮਾ, ਸੀਮਾ, ਨੀਤੂ , ਨਵਰੀਤ ਕੌਰ, ਅੰਬਿਕਾ, ਸਬਨਮ ਆਦਿ ਸਟਾਫ ਮੈਂਬਰ ਹਾਜਰ ਸਨ।

# ਇਲੈਕਟ੍ਰਿਕ ਕਾਰ, ਮਿਗ 29, ਰਾਕੇਟ ਤੇ ਟੈਲੀਫੋਨ ਐਕਸਚੇਂਜ ਪ੍ਰੋਜੈਕਟ ਨੇ ਕੈਂਪਸ ਨੂੰ ਬਣਾਇਆ ਸ਼ਾਨਦਾਰ



**ਜਲੰਧਰ, (ਇਕਬਾਲ ਸਿੰਘ ਉੱਭੀ)**

ਸੇਂਟ ਸੋਲਜਰ ਇੰਸਟੀਚਿਊਟ ਆਫ ਇੰਜਨੀਅਰਿੰਗ ਐਂਡ ਟੈਕਨੀਕਲ ਦੇ ਵਿਦਿਆਰਥੀ ਕੈਂਪਸ ਨੂੰ ਜੋੜਨ ਵਾਲਾ ਟੈਲੀਫੋਨ ਐਕਸਚੇਂਜ, ਸੋਲਰ ਪਾਵਰ, ਮੇਡ ਇਨ ਇੰਡੀਆ ਦਾ ਲੋਗੋ, ਇਲੈਕਟ੍ਰਿਕ ਕਾਰ, ਮਿਗ 29, ਜੀਐਲਐਸਵੀ ਰਾਕੇਟ ਵਰਗੇ ਵੱਖ-ਵੱਖ ਮਾਡਲ ਬਣਾ ਕੇ ਜਿੱਥੇ ਆਪਣੇ ਕਾਲਜ ਨੂੰ ਸ਼ਾਨਦਾਰ ਬਣਾ ਰਹੇ ਹਨ ਨਾਲ ਹੀ ਆਪਣੇ ਆਪ ਨੂੰ ਬਹੁ-ਰਾਸ਼ਟਰੀ ਅਤੇ ਰਾਸ਼ਟਰੀ ਕੰਪਨੀਆਂ ਵਿੱਚ ਪਲੇਸਮੈਂਟ ਲਈ ਤਿਆਰ ਕਰਦੇ ਹਨ। ਕੈਂਪਸ ਬਾਰੇ ਜਾਣਕਾਰੀ ਦਿੰਦਿਆਂ ਚੇਅਰਮੈਨ ਅਨਿਲ ਚੋਪੜਾ ਨੇ ਦੱਸਿਆ ਕਿ ਸੰਸਥਾ ਨੇ ਮਕੈਨੀਕਲ, ਸਿਵਲ ਇੰਜੀਨੀਅਰਿੰਗ, ਕੰਪਿਊਟਰ ਸਾਇੰਸ ਇੰਜੀਨੀਅਰਿੰਗ, ਇਲੈਕਟ੍ਰੀਕਲ ਇੰਜੀਨੀਅਰਿੰਗ, ਇਲੈਕਟ੍ਰੋਨਿਕਸ ਅਤੇ ਕਮਿਊਨੀਕੇਸ਼ਨ ਇੰਜੀਨੀਅਰਿੰਗ, ਆਟੋਮੋਬਾਈਲ ਇੰਜੀਨੀਅਰਿੰਗ, ਟੂਲ ਇੰਜੀਨੀਅਰਿੰਗ, ਕੰਪਿਊਟਰ ਸਾਇੰਸ ਇੰਜੀਨੀਅਰਿੰਗ ਵਿਚ ਐਮ.ਟੈੱਕ, ਮਕੈਨੀਕਲ ਅਤੇ ਐਮਬੀਏ ਆਦਿ ਦੇ ਸਾਰੇ ਵਿਦਿਆਰਥੀਆਂ ਨੂੰ ਚੰਗੇ ਭਵਿੱਖ ਦੇ ਇੰਜੀਨੀਅਰ ਬਣਨ ਲਈ ਵਿਸ਼ੇਸ਼ ਪ੍ਰੈਕਟੀਕਲ ਸਿਖਲਾਈ ਦਿੱਤੀ ਜਾਂਦੀ ਹੈ। ਜਿਸ ਵਿੱਚ ਯੋਗ ਅਧਿਆਪਕਾਂ ਦੀ ਅਗਵਾਈ ਵਿੱਚ ਸਮੂਹ ਵਿਦਿਆਰਥੀਆਂ ਨੂੰ ਇੱਕ-ਇੱਕ ਪ੍ਰੋਜੈਕਟ ਦਿੱਤਾ ਜਾਂਦਾ ਹੈ। ਇਸ ਤਹਿਤ ਵਿਦਿਆਰਥੀਆਂ ਨੇ ਬਹੁਤ ਸਾਰੇ ਸ਼ਾਨਦਾਰ ਪ੍ਰੋਜੈਕਟ ਤਿਆਰ ਕੀਤੇ ਹਨ ਅਤੇ ਵਿਦਿਆਰਥੀ 3-4 ਮਾਡਲਾਂ 'ਤੇ ਕੰਮ ਕਰ ਰਹੇ ਹਨ। ਇਨ੍ਹਾਂ ਸਾਰੇ ਕੰਮਾਂ ਦੀ ਦੇਖ ਰੇਖ ਪ੍ਰਿੰਸੀਪਲ ਡਾ: ਗੁਰਪ੍ਰੀਤ ਸਿੰਘ ਸੈਣੀ ਕਰ ਰਹੇ ਹਨ। ਉਨ੍ਹਾਂ ਮਾਣ ਮਹਿਸੂਸ ਕਰਦਿਆਂ ਕਿਹਾ ਕਿ ਵਿਦਿਆਰਥੀਆਂ ਦੀ ਪੜ੍ਹਾਈ ਅਤੇ ਪ੍ਰੈਕਟੀਕਲ ਸਿਖਲਾਈ ਨੂੰ ਮੁੱਖ ਰੱਖਦਿਆਂ ਸੇਂਟ ਸੋਲਜਰ ਦੇ ਵਿਦਿਆਰਥੀ ਰਾਸ਼ਟਰੀ ਅਤੇ ਬਹੁ-ਰਾਸ਼ਟਰੀ ਕੰਪਨੀਆਂ ਵਿੱਚ ਪਲੇਸਮੈਂਟ ਪ੍ਰਾਪਤ ਕਰ ਰਹੇ ਹਨ।



ਕੁਲਦੀਪ ਰਾਜ ਰੀਡਰ ਐਸ. ਪੀ. ਡੀ. ਜ਼ਿਲ੍ਹਾ ਜਲੰਧਰ ਨੂੰ, ਏ ਐਸ ਆਈ ਤੋਂ ਸਬ ਇੰਸਪੈਕਟਰ ਬਣਨ 'ਤੇ ਸਟਾਰ ਲਗਾਉਂਦੇ ਹੋਏ ਮਨਪ੍ਰੀਤ ਸਿੰਘ ਢਿੱਲੋਂ ਐਸ ਪੀ ਡੀ ਜ਼ਿਲ੍ਹਾ ਜਲੰਧਰ ਦਿਹਾਤੀ, ਨਾਲ ਖੜੇ ਤਰਸੇਮ ਮਸੀਹ ਡੀ ਐਸ ਪੀ ਡੀ ਦਿਹਾਤੀ ਜਲੰਧਰ।

(ਫੋਟੋ ਤੇ ਵੇਰਵਾ : ਬਾਲ ਕ੍ਰਿਸ਼ਨ ਬਾਲੀ, ਨੂਰਮਹਿਲ)

# ਮੇਹਰ ਚੰਦ ਪਾਲੀਟੈਕਨਿਕ ਬਣਿਆ 'ਮੋਸਟ ਟਰੱਸਟੇਡ ਪਾਲੀਟੈਕਨਿਕ ਕਾਲਜ ਆਫ ਡਿਕੇਡ'



**ਜਲੰਧਰ (ਸ਼ੈਲੀ ਐਲਬਰਟ)** - ਮੇਹਰ ਚੰਦ ਪੌਲੀਟੈਕਨਿਕ ਕਾਲਜ ਜਲੰਧਰ ਨੂੰ ਉੱਤਰ ਭਾਰਤ ਦੇ ' ਮੋਸਟ ਟਰੱਸਟੇਡ ਪੌਲੀਟੈਕਨਿਕ ਕਾਲਜ ਆਫ ਡਿਕੇਡ' ਦਾ ਐਵਾਰਡ ਦਿੱਤਾ ਜਾ ਰਿਹਾ ਹੈ । ਇਹ ਐਵਾਰਡ ਐਮੀਨੈਂਟ ਰਿਸਰਚ ਟੀਮ ਮੁੰਬਈ ਵਲੋਂ ਦਿੱਤਾ ਜਾ ਰਿਹਾ ਹੈ। ਇਹ ਐਵਾਰਡ ਦਿੱਲੀ ਦੇ ਬਲੂ ਰੈਡੀਸਨ ਹੋਟਲ ਵਿੱਚ 30 ਜੁਲਾਈ 2023 ਨੂੰ ਦਿੱਤਾ ਜਾਵੇਗਾ , ਜਿਸ ਨੂੰ ਕਾਲਜ ਦੇ ਪ੍ਰਿੰਸੀਪਲ ਡਾ. ਜਗਰੂਪ ਸਿੰਘ ਪ੍ਰਾਪਤ ਕਰਨਗੇ। ਪ੍ਰਿੰਸੀਪਲ ਨੇ ਦੱਸਿਆ ਕਿ ਇਹ ਐਵਾਰਡ ਅਕਾਦਮਿਕ , ਰਿਸਰਚ , ਸਾਹਿਤਕ , ਖੇਡ , ਸਭਿਆਚਾਰਕ ਅਤੇ ਹੋਰ ਸਹਿ ਪਾਠਕ੍ਰਮ ਗਤੀਵਿਧੀਆ ਅਤੇ ਪਲੇਸਮੈਂਟ ਅਤੇ ਉਦਮਿੱਕ ਖੇਤਰ ਵਿੱਚ ਮਾਣ ਮੱਤੀਆਂ ਪ੍ਰਾਪਤੀਆਂ ਕਰਕੇ ਦਿੱਤਾ ਜਾ ਰਿਹਾ ਹੈ । ਉਹਨਾਂ ਕਿਹਾ ਕਿ ਅਗਲੇ ਸਾਲ 2024 ਨੂੰ ਕਾਲਜ ਵੱਲੋਂ ਸਥਾਪਨਾ ਦੇ 70 ਸਾਲ ਪੂਰੇ ਹੋਣ 'ਤੇ ਪਲੈਟੀਨਮ ਜੁਬਲੀ ਮਨਾਈ ਜਾ ਰਹੀ ਹੈ।

# ਸਰਕਾਰੀ ਆਦਰਸ਼ ਸਕੂਲ 'ਚ 15 ਤੱਕ ਲਗਾਏ ਜਾ ਰਹੇ ਹਨ ਸਿਰਜਣਾਤਮਕ 'ਸਮਰ ਕੈਂਪ'



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**

ਪੰਜਾਬ ਸਰਕਾਰ ਵੱਲੋਂ ਨਿਵੇਕਲਾ ਉਪਰਾਲਾ ਸ਼ੁਰੂ ਕੀਤਾ ਗਿਆ ਹੈ ਜਿਸ ਤਹਿਤ 15 ਜੁਲਾਈ ਤੱਕ ਬੱਚਿਆਂ ਵਿੱਚ ਸਿਰਜਣਾਤਮਕ ਅਤੇ ਕਲਾਤਮਿਕ ਗੁਣ ਪੈਦਾ ਕਰਨ ਲਈ 'ਸਮਰ ਕੈਂਪ' ਲਾਏ ਜਾ ਰਹੇ ਹਨ। ਸਰਕਾਰੀ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਵਿੱਚ ਸਮਰ ਕੈਂਪ ਦੇ ਤੀਜੇ ਦਿਨ ਚਿੱਤਰਕਲਾ, ਪੇਟਿੰਗ, ਅਕ੍ਰਿਤੀਆਂ ਅਤੇ ਸੁੰਦਰ ਲਿਖਾਈ ਦੇ ਮੁਕਾਬਲੇ ਕਰਵਾਏ ਗਏ। ਸਕੂਲਾਂ ਵਿੱਚ ਚੱਲ ਰਹੇ ਸਮਰ ਕੈਂਪਾਂ ਦੇ ਤੀਜੇ ਦਿਨ ਪੁੱਜੇ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਪ੍ਰੇਮ ਮਿੱਤਲ ਵੱਲੋਂ ਕੈਂਪ ਦਾ ਨਿਰੀਖਣ ਕੀਤਾ ਗਿਆ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਤੋਂ ਕਲਾਤਮਕ ਤੇ ਸਿਰਜਣਾਤਮਕ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ ਤੇ ਅਧਿਆਪਕ ਬਹੁਤ ਹੀ ਵਧੀਆ ਢੰਗ ਨਾਲ ਬੱਚਿਆਂ ਨੂੰ ਸਿਖਾ ਰਹੇ ਹਨ। ਉਪ ਜ਼ਿਲ੍ਹਾ ਸਿੱਖਿਆ ਅਫਸਰ ਸੁਰਿੰਦਰਪਾਲ ਸਿੰਘ ਨੇ ਦੱਸਿਆ ਕਿ ਇਹ ਪੰਜਾਬ ਸਰਕਾਰ ਦਾ ਇਕ ਵਧੀਆ ਉਪਰਾਲਾ ਹੈ, ਇਸ ਨਾਲ ਬੱਚਿਆਂ ਵਿੱਚ ਹੱਥੀ ਕੁਝ ਸਿੱਖਣ ਦੀ ਪ੍ਰੇਰਨਾ ਪੈਦਾ ਹੋਵੇਗੀ, ਉਥੇ ਉਹਨਾਂ ਵਿੱਚ ਪੜ੍ਹਨ ਪ੍ਰਤੀ ਵੀ ਰੁਚੀ ਵਿਕਸਿਤ ਹੋਵੇਗੀ। ਪ੍ਰਿੰ.ਅਵਤਾਰ ਸਿੰਘ ਨੇ ਦੱਸਿਆ ਕਿ ਸਮਰ ਕੈਂਪਾਂ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਸਕੂਲ ਦੇ ਮਾਹੌਲ ਵਿੱਚ ਰਚਣ ਮਿਚਣ ਦੇ ਮੌਕੇ ਦੇਣਾ, ਬੱਚਿਆਂ ਨੂੰ ਰੌਚਕਮਈ ਢੰਗ ਨਾਲ ਸਿੱਖਣ ਲਈ ਤਿਆਰ ਕਰਨਾ, ਖੇਡ ਖੇਡ ਵਿੱਚ ਵੱਖ ਵੱਖ ਤਰ੍ਹਾਂ ਦੇ ਹੁਨਰ ਦਾ ਵਿਕਾਸ ਕਰਨਾ, ਵਿਦਿਆਰਥੀ, ਅਧਿਆਪਕ ਤੇ ਮਾਪਿਆਂ ਦੇ ਸਬੰਧ ਨੂੰ ਮਜਬੂਤ ਕਰਨਾ, ਬੱਚੇ ਦਾ ਆਤਮ ਵਿਸ਼ਵਾਸ ਵਧਾਉਣਾ, ਵਿਦਿਆਰਥੀਆਂ ਦਾ ਸਮਾਜਿਕ, ਭਾਵਨਾਤਮਕ, ਸਰੀਰਕ ਅਤੇ ਸਿਰਜਣਾਤਮਕ ਵਿਕਾਸ ਕਰਨਾ ਹੈ । ਇਸ ਮੌਕੇ ਲੈਕਚਰਾਰ ਚਰਨਜੀਤ ਸਿੰਘ, ਤਪਿੰਦਰ ਕੌਰ, ਬਲਜੀਤ ਕੌਰ, ਗੁਰਪ੍ਰੀਤ ਕੌਰ,ਮਨਿੰਦਰ ਕੌਰ, ਬਲਕਾਰ ਸਿੰਘ, ਮੁਕੇਸ਼ ਕੁਮਾਰ,ਗੁਰਚਰਨ ਸਿੰਘ,ਅਜਵਿੰਦਰ ਕੌਰ,ਰਾਜਵੀਰ ਕੌਰ, ਸੁਖਵਿੰਦਰ ਕੌਰ, ਗੁਰਮੇਲ ਸਿੰਘ, ਅਮ੍ਰਿਤਪਾਲ ਸਿੰਘ, ਵਰੁਣ ਕੁਮਾਰ, ਅਮਰਜੀਤ ਸਿੰਘ, ਰਮਾ ਰਾਣੀ, ਸੀਮਾ ਰਾਣੀ, ਰਜਨੀ, ਗੁਰਪ੍ਰੀਤ ਕੌਰ, ਸ਼ਰਨਜੀਤ ਕੌਰ ਹਾਜ਼ਰ ਸਨ।

# ਸਾਰਗ ਸਮਾਰਟ ਸਕੂਲ ਬੈਂਕ ਰੋਡ ਵਿਖੇ ਸਮਰ ਕੈਂਪ ਸ਼ੁਰੂ



**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੋਬੀ)**

ਸਾਰਗ ਸਮਾਰਟ ਸਕੂਲ ਬੈਂਕ ਰੋਡ ਸ੍ਰੀ ਚਮਕੌਰ ਸਾਹਿਬ ਵਿੱਚ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਉਨ੍ਹਾਂ 'ਚ ਛੁਪੀਆਂ ਕਲਾਵਾਂ ਨੂੰ ਉਭਾਰਨ ਵਾਸਤੇ ਤਿੰਨ ਰੋਜ਼ਾ ਸਮਰ ਕੈਂਪ ਤੋਂ ਸ਼ੁਰੂ ਹੋ ਗਿਆ। ਉਦਘਾਟਨ ਸਾਰਗ ਐਜੂਕੇਸਨ ਸੁਸਾਇਟੀ ਦੇ ਸਲਾਹਕਾਰ ਧਰਮਜੀਤ ਸਿੰਘ ਘਟੌੜਾ ਅਤੇ ਪ੍ਰਧਾਨ ਅਮਰਜੀਤ ਸਿੰਘ ਨੇ ਕੀਤਾ। ਉਨ੍ਹਾਂ ਕੈਂਪ ਦੇ ਪਹਿਲੇ ਦਿਨ ਸਕੂਲ ਸਟਾਫ ਮੈਡਮ ਗੁਰਿੰਦਰ ਕੌਰ, ਪਰਮਜੀਤ ਕੌਰ , ਸੁਖਵਿੰਦਰ ਅਤੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਕੂਲ ਪ੍ਰਬੰਧਕਾਂ ਵੱਲੋਂ ਇਹ ਸਮਰ ਕੈਂਪ ਛੁੱਟੀਆਂ ਤੋਂ ਬਾਅਦ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਸਕੂਲ ਦੇ ਮਾਹੌਲ ਵਿੱਚ ਰਚਣ ਮਿਚਣ ਲਈ ਪ੍ਰੇਰਿਤ ਕਰਦਾ ਹੈ। ਵਿਦਿਆਰਥੀਆਂ ਨੂੰ ਸਿਹਤ ਸੰਭਾਲ ਸੰਬੰਧੀ ਯੋਗਾ,ਕਸਰਤ,ਡਰਾਇੰਗ ਅਤੇ ਮੌਲਿਕ ਕਦਰਾਂ-ਕੀਮਤਾਂ ਸੰਬੰਧੀ ਗਤੀਵਿਧੀਆਂ ਕਰਵਾਈਆਂ ਗਈਆਂ। ਸਕੂਲ ਮੁੱਖ ਅਧਿਆਪਕ ਰਜਿੰਦਰ ਕੌਰ ਨੇ ਬੱਚਿਆਂ ਨੂੰ ਸਮਰ ਕੈਂਪ ਵਿੱਚ ਵਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਸਕੂਲ ਵਿੱਚ ਇਹ ਕੈਂਪ 5 ਜੁਲਾਈ ਤੋਂ 7 ਜੁਲਾਈ ਤੱਕ ਲਗਾਇਆ ਜਾ ਰਿਹਾ ਹੈ। ਅਜਿਹੇ ਕੈਂਪਾਂ ਵਿੱਚ ਵਿਦਿਆਰਥੀਆਂ ਦੀ ਸ਼ਮੂਲੀਅਤ ਨਾਲ ਉਨ੍ਹਾਂ ਵਿੱਚ ਆਤਮ-ਵਿਸ਼ਵਾਸ ਵੱਧਦਾ ਹੈ ਅਤੇ ਸਮਾਜਿਕ,ਭਾਵਨਾਤਮਕ,ਸਰੀਰਕ ਅਤੇ ਸਿਰਜਨਾਤਮਿਕ ਵਿਕਾਸ ਹੋਵੇਗਾ।

# ਸ਼ਰਧਾ ਨਾਲ ਸਮਾਪਤ ਹੋਇਆ ਸ੍ਰੀਮਦ ਭਾਗਵਤ ਕਥਾ ਗਿਆਨ ਯੱਗ

**ਮੋਹਾਲੀ (ਗੁਰਜੀਤ ਬਿੱਲਾ)**— ਮੁਹਾਲੀ ਦੇ ਫੇਜ-10 ਸਥਿਤ ਵਿਸ਼ਾਲ ਮੰਦਿਰ ਸ੍ਰੀ ਦੁਰਗਾ ਮੰਦਰ ਵਿਖੇ ਚੱਲ ਰਹੀ ਸੰਗੀਤਮਈ ਸ੍ਰੀ ਮਦ ਭਾਗਵਤ ਕਥਾ ਦੇ ਆਖਰੀ ਦਿਨ ਪੰਜਾਬ ਦੇ ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਆਪਣੇ ਸਮਰਥਕਾਂ ਅਤੇ ਹੋਰ ਪਤਵੰਤਿਆਂ ਸਮੇਤ ਪਹੁੰਚ ਕੇ ਮੱਥਾ ਟੇਕਿਆ। ਸ੍ਰੀਮਦ ਭਾਗਵਤ ਕਥਾ ਦੇ ਆਖਰੀ ਦਿਨ ਸ਼ਰਧਾਲੂਆਂ ਦੀ ਭਾਰੀ ਭੀੜ ਇਕੱਠੀ ਹੋਈ। ਇਸ ਦੌਰਾਨ ਮੰਦਰ ਕਮੇਟੀ ਦੇ ਪ੍ਰਧਾਨ ਰਾਜੇਸ਼ ਕੁਮਾਰ ਸ਼ਰਮਾ, ਜੇ.ਪੀ.ਟੋਖੀ, ਜੁਗਿੰਦਰਪਾਲ ਗੋਇਲ, ਜਸਵਿੰਦਰ ਸ਼ਰਮਾ ਅਤੇ ਮੰਦਰ ਦੇ ਮੁੱਖ ਪੁਜਾਰੀ ਅਤੇ ਅਚਾਰੀਆ ਦੁਰਗਾ ਪ੍ਰਸਾਦ ਨੇ ਆਏ ਮਹਿਮਾਨਾਂ ਨੂੰ ਮਾਤਾ ਦੀ ਚੁੰਨੀ ਅਤੇ ਸਿਮਰਤੀ ਚਿੰਨ੍ਹ ਭੇਂਟ ਕਰਕੇ ਉਨ੍ਹਾਂ ਦਾ ਸਵਾਗਤ ਕੀਤਾ। ਕਥਾ ਦੀ ਸਮਾਪਤੀ ਮੌਕੇ ਸੰਗਤਾਂ ਨੇ ਬੜੀ ਸ਼ਰਧਾ ਭਾਵਨਾ ਨਾਲ ਸਵੇਰੇ ਵਿਸ਼ੇਸ਼ ਹਵਨ ਅਤੇ ਆਹੂਤੀ ਪ੍ਰੋਗਰਾਮ 'ਚ ਹਿੱਸਾ ਲਿਆ।

